20-JUNE-PAGE-1.qxd 6/19/2023 9:26 PM Page 1


ਮੰਗਲਵਾਰ, 20 ਜੂਨ, 2023

6 ਹਾੜ੍ਹ { ਨਾਨਕਸ਼ਾਹੀ 555 / ਬਿਕਰਮੀ 2080 }

ਜਿਲਦ/VOL. : 72

ਅੰਕ/NO. : 19

# ਨਵਾਂ ਜ਼ਮਾਨਾ

DAILY NAWAN ZAMANA • TUESDAY, 20 JUNE, 2023 ਜਲੰਧਰ

**'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ**

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

You Tube nawan zamana TV

ਕੀਮਤ/PRICE : 5.00 ਰੁਪਏ Regd. No : Pb/JL-123/2021-23, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12


# ਗੁਰਬਾਣੀ ਪ੍ਰਸਾਰਨ ਨੂੰ 'ਅਜੋਕੇ ਮਸੰਦਾਂ' ਤੋਂ ਮੁਕਤ ਕਰਾਉਣ ਲਈ ਬਿੱਲ ਅੱਜ

**ਚੰਡੀਗੜ੍ਹ (ਗੁਰਜੀਤ ਬਿੱਲਾ)**

ਪੰਜਾਬ ਮੰਤਰੀ ਮੰਡਲ ਨੇ ਸੋਮਵਾਰ ਕਿਹਾ ਕਿ ਸਿੱਖ ਗੁਰਦੁਆਰਾ (ਸੋਧ) ਐਕਟ-2023 ਪਵਿੱਤਰ ਗੁਰਬਾਣੀ ਦਾ ਮੁਫਤ ਪ੍ਰਸਾਰਨ ਕਰਨ ਲਈ 'ਅਜੋਕੇ ਸਮੇਂ ਦੇ ਮਸੰਦਾਂ' ਦੇ ਕੰਟਰੋਲ ਤੋਂ ਮੁਕਤ ਕਰਨ ਲਈ ਰਾਹ ਪੱਧਰਾ ਕਰੇਗਾ।



ਮੰਤਰੀ ਮੰਡਲ ਦੀ ਮੀਟਿੰਗ ਤੋਂ ਬਾਅਦ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਦੱਸਿਆ ਕਿ ਮੰਤਰੀ ਮੰਡਲ ਨੇ 'ਦਾ ਸਿੱਖ ਗੁਰਦੁਆਰਾ ਐਕਟ-1925' ਵਿਚ ਸੋਧ ਕਰਨ ਅਤੇ ਇਸ ਵਿਚ ਧਾਰਾ 125-ਏ ਸ਼ਾਮਲ ਕਰਨ ਦੀ ਪ੍ਰਵਾਨਗੀ ਦੇ ਦਿੱਤੀ ਹੈ, ਜਿਸ ਨਾਲ ਸ੍ਰੀ ਹਰਿਮੰਦਰ ਸਾਹਿਬ ਤੋਂ ਪਾਵਨ ਗੁਰਬਾਣੀ ਦਾ ਪ੍ਰਸਾਰਨ ਮੁਫਤ ਕਰਨ ਨੂੰ ਯਕੀਨੀ ਬਣਾਉਣ ਦੀ ਜ਼ਿੰਮੇਵਾਰੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੋਢਿਆਂ ਉਤੇ ਪਵੇਗੀ। ਉਨ੍ਹਾ ਕਿਹਾ ਕਿ ਇਸ ਸੋਧ ਦਾ ਮਕਸਦ ਇਹ ਯਕੀਨੀ ਬਣਾਉਣਾ ਹੈ ਕਿ ਬਿਨਾਂ ਕਿਸੇ ਅਦਾਇਗੀ ਦੇ ਸਮੁੱਚੀ ਮਾਨਵਤਾ ਗੁਰਬਾਣੀ ਕੀਰਤਨ ਸਰਵਣ ਕਰੇ ਅਤੇ ਗੁਰਬਾਣੀ ਦਾ ਲਾਈਵ ਪ੍ਰਸਾਰਨ ਦੇਖ ਸਕੇ। ਇਸ ਕਦਮ ਨਾਲ ਪਵਿੱਤਰ ਗੁਰਬਾਣੀ ਦਾ ਕਿਸੇ ਵੀ ਢੰਗ ਨਾਲ ਵਪਾਰੀਕਰਨ ਨਹੀਂ ਹੋਵੇਗਾ। ਮੁੱਖ ਮੰਤਰੀ ਨੇ ਕਿਹਾ ਕਿ ਇਹ ਐਕਟ ਸਿੱਖ ਗੁਰਦੁਆਰਾ (ਸੋਧ) ਐਕਟ-2023 ਦੇ ਨਾਂਅ ਹੇਠ ਹੋਵੇਗਾ, ਜੋ ਸਰਕਾਰੀ ਗਜ਼ਟ ਵਿਚ ਪ੍ਰਕਾਸ਼ਤ ਹੋਣ ਦੀ ਤਰੀਕ ਤੋਂ ਲਾਗੂ ਹੋਵੇਗਾ। ਉਨ੍ਹਾ ਕਿਹਾ ਕਿ ਗੁਰਬਾਣੀ ਦੇ ਮੁਫਤ ਪ੍ਰਸਾਰਨ ਲਈ ਧਾਰਾ-125 ਤੋਂ ਬਾਅਦ ਸਿੱਖ ਗੁਰਦੁਆਰਾ ਐਕਟ-1925 ਵਿਚ ਧਾਰਾ-125-ਏ ਵੀ ਦਰਜ ਕੀਤੀ ਜਾਵੇਗੀ। ਇਸ ਐਕਟ ਵਿੱਚ ਇਹ ਵਿਵਸਥਾ ਹੋਵੇਗੀ ਕਿ ਮਹਾਨ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਦੇ ਪਾਸਾਰ ਲਈ ਬੋਰਡ ਦੀ ਡਿਊਟੀ (ਸ਼੍ਰੋਮਣੀ ਕਮੇਟੀ) ਸ੍ਰੀ ਹਰਿਮੰਦਰ ਸਾਹਿਬ ਤੋਂ ਪਵਿੱਤਰ ਗੁਰਬਾਣੀ ਦਾ ਲਾਈਵ ਪ੍ਰਸਾਰਨ (ਆਡੀਓ ਜਾਂ ਆਡੀਓ ਦੇ ਨਾਲ-ਨਾਲ ਵੀਡੀਓ) ਸਾਰੇ ਮੀਡੀਆ ਘਰਾਣਿਆਂ, ਆਊਟਲੈੱਟਸ, ਪਲੇਟਫਾਰਮ, ਚੈਨਲਾਂ ਆਦਿ ਜੋ ਵੀ ਚਾਹੁੰਦਾ ਹੋਵੇ, ਨੂੰ ਮੁਹੱਈਆ ਕਰਵਾਉਣ ਲਈ ਹੋਵੇਗੀ। ਇਸ ਐਕਟ ਵਿਚ ਇਹ ਵਿਵਸਥਾ ਵੀ ਹੋਵੇਗੀ ਕਿ ਪ੍ਰਸਾਰਨ ਦੌਰਾਨ ਕਿਸੇ ਵੀ ਕੀਮਤ ਉਤੇ ਇਸ਼ਤਿਹਾਰਬਾਜ਼ੀ/ ਵਪਾਰੀਕਰਨ/ ਵਿਗਾੜ ਨਾ ਹੋਵੇ। ਮੁੱਖ ਮੰਤਰੀ ਨੇ ਕਿਹਾ ਕਿ ਇਕ ਨਿਮਾਣੇ ਤੇ ਸ਼ਰਧਾਵਾਨ ਸਿੱਖ ਵਜੋਂ ਉਹ ਦੁਨੀਆ ਭਰ ਵਿਚ ਗੁਰਬਾਣੀ ਦੇ ਮੁਫਤ ਪ੍ਰਸਾਰਨ ਲਈ ਜ਼ੋਰਦਾਰ ਢੰਗ ਨਾਲ ਆਵਾਜ਼ ਬੁਲੰਦ ਕਰਨਗੇ। ਭਗਵੰਤ ਮਾਨ ਨੇ ਹੈਰਾਨੀ ਜ਼ਾਹਰ ਕਰਦਿਆਂ ਕਿਹਾ ਕਿ ਇਕ ਵਿਸ਼ੇਸ਼ ਚੈਨਲ ਵੱਲੋਂ ਗੁਰਬਾਣੀ ਦੇ ਪ੍ਰਸਾਰਨ ਉਤੇ ਕੰਟਰੋਲ ਕੀਤੇ ਹੋਣ ਦੀ ਮੁਖਾਲਫਤ ਕਰਨ ਨਾਲ ਪੰਥ ਉਤੇ ਹਮਲਾ ਕਿਵੇਂ ਆਖਿਆ ਜਾ ਸਕਦਾ ਹੈ। ਉਨ੍ਹਾ ਕਿਹਾ ਕਿ ਪ੍ਰਸਾਰਨ ਦੇ ਹੱਕ ਇਕ ਚੈਨਲ ਤੱਕ ਸੀਮਤ ਰੱਖਣਾ ਪੂਰੀ ਤਰ੍ਹਾਂ ਅਨਿਆਂਪੂਰਨ ਹੈ। ਉਨ੍ਹਾ ਕਿਹਾ ਕਿ ਇਸ ਕਦਮ ਦਾ ਉਦੇਸ਼ ਸਰਕਾਰ ਦੇ ਕਿਸੇ ਵਿਸ਼ੇਸ਼ ਚੈਨਲ ਜਾਂ ਪ੍ਰਾਈਵੇਟ ਤੌਰ ਉਤੇ ਕਿਸੇ ਵਿਅਕਤੀ ਨੂੰ ਦੇਣ ਦਾ ਨਹੀਂ, ਸਗੋਂ ਇਸ ਦਾ ਮਨੋਰਥ ਦੁਨੀਆ ਦੇ ਕੋਨੇ-ਕੋਨੇ ਵਿਚ ਗੁਰਬਾਣੀ ਦਾ ਸੰਦੇਸ਼ ਫੈਲਾਉਣਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਇਹ ਸੋਧ ਕਰਨ ਲਈ ਸਮਰੱਥ ਹੈ, ਕਿਉਂਕਿ ਸੁਪਰੀਮ ਕੋਰਟ ਪਹਿਲਾਂ ਹੀ ਫੈਸਲਾ ਦੇ ਚੁੱਕੀ ਹੈ ਕਿ ਇਹ ਐਕਟ ਅੰਤਰ-ਰਾਜੀ ਐਕਟ ਨਹੀਂ ਹੈ। ਉਨ੍ਹਾ ਕਿਹਾ ਕਿ ਸ਼੍ਰੋਮਣੀ ਕਮੇਟੀ ਦੇ ਮਾਮਲਿਆਂ ਵਿੱਚ ਲੰਮੇ ਸਮੇਂ ਤੋਂ ਇੱਕ ਹੀ ਪਰਵਾਰ ਦਾ ਦਬਦਬਾ ਰਿਹਾ ਹੈ, ਜਿਸ ਕਾਰਨ ਸਿੱਖ ਪੰਥ ਦਾ ਨਾ ਪੂਰਿਆ ਜਾਣ ਵਾਲਾ ਨੁਕਸਾਨ ਹੋਇਆ ਹੈ। ਭਗਵੰਤ ਮਾਨ ਨੇ ਕਿਹਾ ਕਿ ਗੰਦੀ ਖੇਡ ਖੇਡਦੇ ਹੋਏ ਇਸ ਪਰਵਾਰ ਨੇ ਆਪਣੇ ਚਹੇਤੇ ਚੈਨਲ ਨੂੰ ਗੁਰਬਾਣੀ ਦੇ ਪ੍ਰਸਾਰਨ ਦਾ ਵਿਸ਼ੇਸ਼ ਅਧਿਕਾਰ ਦੇ ਕੇ ਸਿੱਖਾਂ ਦੀਆਂ ਧਾਰਮਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦੀ ਕੋਸ਼ਿਸ਼ ਕੀਤੀ ਹੈ, ਜਦਕਿ ਐਕਟ ਵਿੱਚ ਸ਼ਬਦ ਟੈਲੀਕਾਸਟ ਜਾਂ ਪ੍ਰਸਾਰਨ ਦਾ ਕੋਈ ਜ਼ਿਕਰ ਨਹੀਂ। ਮੁੱਖ ਮੰਤਰੀ ਨੇ ਕਿਹਾ ਕਿ ਕਿਉਂ ਜੋ ਲੋਕ ਸ੍ਰੀ ਹਰਿਮੰਦਰ ਸਾਹਿਬ ਤੋਂ ਗੁਰਬਾਣੀ ਸਰਵਣ ਕਰਨਾ ਚਾਹੁੰਦੇ ਹਨ, ਇਸ ਲਈ ਉਨ੍ਹਾ ਨੂੰ ਇਸ ਚੈਨਲ ਲਈ ਅਦਾਇਗੀ ਕਰਨੀ ਪੈਂਦੀ ਹੈ। ਹਾਲਾਂਕਿ ਉਨ੍ਹਾ ਕਿਹਾ ਕਿ ਇਸ ਚੈਨਲ ਦਾ ਪੈਕੇਜ ਹੋਰ ਚੈਨਲਾਂ ਦੇ ਨਾਲ ਦਿੱਤਾ ਗਿਆ ਹੈ, ਜੋ ਬਹੁਤ ਮਹਿੰਗਾ ਹੈ ਅਤੇ ਆਮ ਆਦਮੀ ਇਸ ਦਾ ਬੋਝ ਨਹੀਂ ਸਹਿਣ ਕਰ ਸਕਦਾ।

ਭਗਵੰਤ ਮਾਨ ਨੇ ਅਫਸੋਸ ਜ਼ਾਹਰ ਕੀਤਾ ਕਿ ਸਿੱਖ ਗੁਰਦੁਆਰਾ ਐਕਟ-1925 ਰਾਹੀਂ ਬਣਾਈ ਗਈ ਸ਼੍ਰੋਮਣੀ ਕਮੇਟੀ ਨੂੰ ਗੁਰਬਾਣੀ ਦਾ ਪ੍ਰਚਾਰ ਕਰਨ ਦਾ ਜ਼ਿੰਮਾ ਸੌਂਪਿਆ ਗਿਆ ਸੀ, ਪਰ ਇਸ ਨੇ ਇਕ ਪਰਵਾਰ ਦਾ ਹੱਥਠੋਕਾ ਬਣ ਕੇ ਆਪਣਾ ਫਰਜ਼ ਭੁਲਾ ਦਿੱਤਾ। ਮੁੱਖ ਮੰਤਰੀ ਨੇ ਕਿਹਾ ਕਿ 11 ਸਾਲ ਬੀਤ ਚੁੱਕੇ ਹਨ ਅਤੇ ਅਜੇ ਤੱਕ ਸੂਬੇ ਵਿੱਚ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਨਹੀਂ ਹੋਈਆਂ। ਉਨ੍ਹਾ ਕਿਹਾ ਕਿ ਕਿੰਨੀ ਹੈਰਾਨੀ ਦੀ ਗੱਲ ਹੈ ਕਿ ਸ਼੍ਰੋਮਣੀ ਕਮੇਟੀ ਦੇ ਕਾਰਜਕਾਰੀ ਪ੍ਰਧਾਨ ਸ੍ਰੀ ਅਕਾਲ ਤਖਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਨੂੰ ਸਿਰਫ ਇਸ ਲਈ ਹਟਾ ਰਹੇ ਹਨ, ਕਿਉਂਕਿ ਉਹ ਉਸ ਪਰਵਾਰ ਦੇ ਰਾਹ 'ਤੇ ਨਹੀਂ ਚੱਲ ਰਹੇ। ਮਾਨ ਨੇ ਸਪੱਸ਼ਟ ਸ਼ਬਦਾਂ ਵਿਚ ਕਿਹਾ ਕਿ ਇਹ ਐਕਟ ਪੰਥ 'ਤੇ ਕੋਈ ਹਮਲਾ ਨਹੀਂ, ਸਗੋਂ ਇਹ ਪਵਿੱਤਰ ਗੁਰਬਾਣੀ ਦਾ ਵਿਸ਼ਵ ਭਰ ਵਿਚ ਮੁਫਤ ਪ੍ਰਸਾਰਨ ਯਕੀਨੀ ਬਣਾਉਣ ਲਈ ਇਕ ਨਿਮਾਣਾ ਜਿਹਾ ਉਪਰਾਲਾ ਹੈ।

## ਬਾਦਲ, ਕੌਰ ਸਿੰਘ, ਮੰਗਲ ਢਿੱਲੋਂ ਤੇ ਹੋਰਨਾਂ ਨੂੰ ਸ਼ਰਧਾਂਜਲੀ

**ਚੰਡੀਗੜ੍ਹ (ਗੁਰਜੀਤ ਬਿੱਲਾ)**

ਵਿਧਾਨ ਸਭਾ ਨੇ ਸਿਆਸੀ ਹਸਤੀਆਂ, ਸੁਤੰਤਰਤਾ ਸੰਗਰਾਮੀ, ਸ਼ਹੀਦ, ਖਿਡਾਰੀ ਤੇ ਓਡੀਸ਼ਾ ਰੇਲ ਹਾਦਸੇ ਵਿੱਚ ਜਾਨਾਂ ਗਵਾਉਣ ਵਾਲਿਆਂ ਨੂੰ ਸ਼ਰਧਾਂਜਲੀ ਭੇਟ ਕੀਤੀ। 16ਵੀਂ ਵਿਧਾਨ ਸਭਾ ਦੇ ਚੌਥੇ ਸੈਸ਼ਨ ਦੀ ਬੈਠਕ ਦੌਰਾਨ ਸਦਨ ਨੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੋਂ ਇਲਾਵਾ ਸਾਬਕਾ ਮੰਤਰੀ ਚੌਧਰੀ ਸਵਰਨਾ ਰਾਮ, ਸਾਬਕਾ ਡਿਪਟੀ ਸਪੀਕਰ ਜਸਵੰਤ ਸਿੰਘ, ਸਾਬਕਾ ਵਿਧਾਇਕ ਰੁਮਾਲ ਚੰਦ, ਸੁਤੰਤਰਤਾ ਸੰਗਰਾਮੀ ਉਜਾਗਰ ਸਿੰਘ, ਸ਼ਹੀਦ ਮਨਦੀਪ ਸਿੰਘ ਹਵਲਦਾਰ, ਸ਼ਹੀਦ ਕੁਲਵੰਤ ਸਿੰਘ ਚੜ੍ਹਿੱਕ, ਸ਼ਹੀਦ ਸਿਪਾਹੀ ਹਰਕ੍ਰਿਸ਼ਨ ਸਿੰਘ ਤੇ ਸ਼ਹੀਦ ਸਿਪਾਹੀ ਸੇਵਕ ਸਿੰਘ, ਉੱਘੇ ਖਿਡਾਰੀ ਕੌਰ ਸਿੰਘ ਤੇ ਕਿਰਨ ਅਜੀਤ ਪਾਲ ਸਿੰਘ, ਪ੍ਰਸਿੱਧ ਅਦਾਕਾਰ ਮੰਗਲ ਢਿੱਲੋਂ ਅਤੇ ਸ਼ਹੀਦ ਨਾਇਬ ਸੂਬੇਦਾਰ ਬਲਬੀਰ ਸਿੰਘ ਰਾਣਾ ਨੂੰ ਸ਼ਰਧਾਂਜਲੀ ਭੇਟ ਕੀਤੀ। ਸ਼ਰਧਾਂਜਲੀ ਭੇਟ ਕਰਨ ਤੋਂ ਬਾਅਦ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਸਬੰਧਤ ਪਰਵਾਰਾਂ ਨੂੰ ਸਦਨ ਵੱਲੋਂ ਸ਼ੋਕ ਸੁਨੇਹੇ ਭੇਜਣ ਬਾਰੇ ਮਤਾ ਲਿਆਂਦਾ, ਜਿਸ ਨੂੰ ਸਰਬਸੰਮਤੀ ਨਾਲ ਸਵੀਕਾਰ ਕਰ ਲਿਆ ਗਿਆ।

## ਸਹਾਇਕ ਪ੍ਰੋਫੈਸਰਾਂ ਦੀਆਂ 320 ਵਾਧੂ ਅਸਾਮੀਆਂ ਸਿਰਜਣ ਦੀ ਪ੍ਰਵਾਨਗੀ

**ਚੰਡੀਗੜ੍ਹ (ਗੁਰਜੀਤ ਬਿੱਲਾ)**

ਕਿਫ਼ਾਇਤੀ ਤੇ ਮਿਆਰੀ ਉੱਚ ਸਿੱਖਿਆ ਤੱਕ ਸੂਬੇ ਦੇ ਨੌਜਵਾਨਾਂ ਦੀ ਪਹੁੰਚ ਵਧਾਉਣ ਦੇ ਉਦੇਸ਼ ਨਾਲ ਕੀਤੇ ਇਕ ਮਿਸਾਲੀ ਫੈਸਲੇ ਵਿੱਚ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਕੈਬਨਿਟ ਨੇ ਸੋਮਵਾਰ ਪੰਜਾਬ ਦੇ 16 ਨਵੇਂ ਸਰਕਾਰੀ ਕਾਲਜਾਂ ਵਿੱਚ ਸਹਾਇਕ ਪ੍ਰੋਫੈਸਰਾਂ ਦੀਆਂ 320 ਆਸਾਮੀਆਂ ਸਿਰਜਣ ਨੂੰ ਪ੍ਰਵਾਨਗੀ ਦੇ ਦਿੱਤੀ।

ਇਸ ਸੰਬੰਧੀ ਫੈਸਲਾ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਮੰਤਰੀ ਮੰਡਲ ਦੀ ਮੀਟਿੰਗ ਦੌਰਾਨ ਲਿਆ ਗਿਆ। ਮੁੱਖ ਮੰਤਰੀ ਦਫ਼ਤਰ ਦੇ ਬੁਲਾਰੇ ਨੇ ਦੱਸਿਆ ਕਿ ਇਹ ਕਾਲਜ 2021-22 ਵਿੱਚ ਸ਼ੁਰੂ ਕੀਤੇ ਗਏ ਸਨ। ਕੈਬਨਿਟ ਨੇ ਇਨ੍ਹਾਂ ਕਾਲਜਾਂ ਲਈ ਲਾਇਬ੍ਰੇਰੀ ਰਿਸਟੋਰਰ ਦੀਆਂ 16 ਅਤੇ ਲੈਬ ਅਟੈਂਡੈਂਟਾਂ ਦੀਆਂ 64 ਆਸਾਮੀਆਂ ਕਾਇਮ ਕਰਨ ਦੀ ਵੀ ਮਨਜ਼ੂਰੀ ਦੇ ਦਿੱਤੀ। ਇਸ ਫੈਸਲੇ ਨਾਲ ਇਨ੍ਹਾਂ ਨਵੇਂ ਖੁੱਲ੍ਹੇ ਕਾਲਜਾਂ ਵਿੱਚ ਲੋੜੀਂਦੇ ਪ੍ਰੋਫੈਸਰਾਂ ਤੇ ਹੋਰ ਸਟਾਫ਼ ਦੀ ਤਾਇਨਾਤੀ ਯਕੀਨੀ ਬਣੇਗੀ, ਜਿਸ ਨਾਲ ਨਵੇਂ ਕਾਲਜਾਂ ਦੀ ਕਾਰਜਪ੍ਰਣਾਲੀ ਸੁਚਾਰੂ ਤਰੀਕੇ ਨਾਲ ਚੱਲਣੀ ਯਕੀਨੀ ਬਣੇਗੀ, ਜਿਸ ਦਾ ਵਿਦਿਆਰਥੀਆਂ ਨੂੰ ਲਾਭ ਹੋਵੇਗਾ।

ਕੈਬਨਿਟ ਨੇ ਇੰਡੀਅਨ ਸਟੈਂਪ ਐਕਟ 1899 ਦੇ ਸ਼ਡਿਊਲ 1-ਏ ਵਿੱਚ ਇੰਦਰਾਜ਼ ਨੰਬਰ 48 ਵਿੱਚ ਸੋਧ ਨੂੰ ਵੀ ਮਨਜ਼ੂਰੀ ਦੇ ਦਿੱਤੀ, ਜਿਸ ਨਾਲ ਹੁਣ ਖ਼ੂਨ ਦੇ ਰਿਸ਼ਤਿਆਂ ਤੋਂ ਬਾਹਰ ਪ੍ਰਾਪਰਟੀ ਲਈ ਪਾਵਰ ਆਫ਼ ਅਟਾਰਨੀ ਜਾਰੀ ਕਰਨ ਲਈ ਲਗਦੇ ਕੁਲੈਕਟਰ ਰੇਟ ਜਾਂ ਤੈਅ ਰਾਸ਼ੀ ਦੇ 2 ਫੀਸਦੀ ਦੀ ਸਟੈਂਪ ਡਿਊਟੀ ਲਾਗੂ ਕਰ ਦਿੱਤੀ ਹੈ। ਇਹ ਡਿਊਟੀ ਪਰਵਾਰਕ ਮੈਂਬਰਾਂ (ਜਿਵੇਂ ਕਿ ਪਤੀ/ ਪਤਨੀ, ਬੱਚੇ, ਮਾਪੇ, ਭੈਣ/ਭਰਾ, ਦਾਦਾ/ਦਾਦੀ ਤੇ ਪੋਤਾ/ਪੋਤੀ) ਤੋਂ ਇਲਾਵਾ ਕਿਸੇ ਵਿਅਕਤੀ ਨੂੰ ਪਾਵਰ ਆਫ਼ ਅਟਾਰਨੀ ਦੇਣ ਉਤੇ ਲਾਗੂ ਹੋਵੇਗੀ, ਜਿਸ ਨਾਲ ਉਹ ਅਚੱਲ ਜਾਇਦਾਦ ਦੀ ਵੇਚ-ਵੱਟ ਲਈ ਅਧਿਕਾਰਤ ਹੋਣਗੇ। ਇਸ ਕਦਮ ਦਾ ਮੰਤਵ ਪਾਵਰ ਆਫ਼ ਅਟਾਰਨੀ ਦੀ ਦੁਰਵਰਤੋਂ ਅਤੇ ਲੋਕਾਂ ਨਾਲ ਧੋਖਾਧੜੀ ਨੂੰ ਰੋਕਣਾ ਹੈ। ਕੈਬਨਿਟ ਨੇ ਸਰਕਾਰੀ ਕਾਲਜਾਂ ਵਿੱਚ 645 ਸਹਾਇਕ ਪ੍ਰੋਫੈਸਰਾਂ ਦੀ ਸਿੱਧੀ ਭਰਤੀ ਲਈ ਉਮਰ ਹੱਦ 37 ਸਾਲ ਤੋਂ 45 ਸਾਲ ਕਰਨ ਦੀ ਪ੍ਰਵਾਨਗੀ ਦੇ ਦਿੱਤੀ। ਇਸ ਨਾਲ ਸੂਬੇ ਦੇ ਸਾਰੇ ਸਰਕਾਰੀ ਕਾਲਜਾਂ ਵਿੱਚ ਰੈਗੂਲਰ ਸਹਾਇਕ ਪ੍ਰੋਫੈਸਰਾਂ ਤਾਇਨਾਤ ਕਰਨ ਵਿੱਚ ਮਦਦ ਮਿਲੇਗੀ। ਇਸ ਤੋਂ ਇਲਾਵਾ ਵੱਖ-ਵੱਖ ਕਾਲਜਾਂ ਵਿੱਚ ਪਹਿਲਾਂ ਹੀ ਨਾਨ-ਰੈਗੂਲਰ ਸ਼੍ਰੇਣੀ ਵਿੱਚ ਕੰਮ ਕਰਨ ਵਾਲਿਆਂ ਨੂੰ ਪੀ ਪੀ ਐੱਸ ਸੀ. ਰਾਹੀਂ ਸਹਾਇਕ ਪ੍ਰੋਫੈਸਰਾਂ ਦੀਆਂ ਰੈਗੂਲਰ ਆਸਾਮੀਆਂ ਉਤੇ ਸਿੱਧੀ ਭਰਤੀ ਲਈ ਬਿਨੈ ਕਰਨ ਦਾ ਮੌਕਾ ਮਿਲੇਗਾ। ਇਸ ਨਾਲ ਵਿਦਿਆਰਥੀਆਂ ਦੀ ਮਿਆਰੀ ਉੱਚ ਸਿੱਖਿਆ ਤੱਕ ਪਹੁੰਚ ਯਕੀਨੀ ਬਣਨ ਦੇ ਨਾਲ-ਨਾਲ ਤਜਰਬੇਕਾਰ ਬਿਨੈਕਾਰਾਂ, ਜਿਨ੍ਹਾਂ ਕੋਲ ਤਸੱਲੀਬਖ਼ਸ਼ ਅਕਾਦਮਿਕ ਯੋਗਦਾਨ ਹੋਵੇਗਾ, ਦਾ ਇਕ ਵੱਡਾ ਪੂਲ ਚੋਣ ਲਈ ਉਪਲਬਧ ਹੋਵੇਗਾ। ਅੰਮ੍ਰਿਤਸਰ ਤੇ ਪਟਿਆਲਾ ਦੇ ਸਰਕਾਰੀ ਡੈਂਟਲ ਕਾਲਜਾਂ ਤੇ ਹਸਪਤਾਲਾਂ ਦੇ ਵੱਖ-ਵੱਖ ਵਿਭਾਗਾਂ ਵਿੱਚ ਟੀਚਿੰਗ ਫੈਕਲਟੀ ਦੀ ਘਾਟ ਦਾ ਨੋਟਿਸ ਲੈਂਦਿਆਂ ਕੈਬਨਿਟ ਨੇ ਪੰਜਾਬ ਡੈਂਟਲ ਐਜੂਕੇਸ਼ਨ ਸਰਵਿਸ (ਗਰੁੱਪ ਏ) ਰੂਲਜ਼ 2016 ਦੀ ਧਾਰਾ 8 ਦੀ ਉਪ ਧਾਰਾ 4 ਵਿੱਚ ਦਰਜ ਕਰਨ ਲਈ ਚੌਥੀ ਸੋਧ ਨੂੰ ਪ੍ਰਵਾਨਗੀ ਦੇ ਦਿੱਤੀ। ਇਸ ਨਾਲ ਪੰਜਾਬ ਸਰਕਾਰ ਵੱਲੋਂ ਪੰਜਾਬ ਮੈਡੀਕਲ ਸਿੱਖਿਆ ਸਰਵਿਸ (ਗਰੁੱਪ ਏ) ਵਿੱਚ ਕੀਤੀ ਸੋਧ ਦੀ ਤਰਜ਼ ਉਤੇ ਤਰੱਕੀ ਰਾਹੀਂ ਪੰਜਾਬ ਸਿਵਲ ਡੈਂਟਲ ਸਰਵਿਸਿਜ਼ ਤੋਂ ਸਹਾਇਕ ਪ੍ਰੋਫੈਸਰਾਂ ਦੀ ਆਸਾਮੀ ਭਰਨ ਲਈ ਉਮਰ ਹੱਦ 37+8=45 ਹੋ ਜਾਵੇਗੀ, ਜਿਸ ਨਾਲ ਸਹਾਇਕ ਪ੍ਰੋਫੈਸਰ ਤੋਂ ਐਸੋਸੀਏਟ ਪ੍ਰੋਫੈਸਰ ਤੇ ਪ੍ਰੋਫੈਸਰ ਦੀਆਂ ਆਸਾਮੀਆਂ ਲਈ ਯੋਗ ਉਮੀਦਵਾਰ ਉਪਲੱਬਧ ਹੋਣੇ ਯਕੀਨੀ ਬਣਨਗੇ। ਉਮਰ ਹੱਦ 45 ਸਾਲ ਤੈਅ ਹੋਣ ਨਾਲ ਇਸ ਫੈਸਲੇ ਨਾਲ ਜਿੱਥੇ ਡੈਂਟਲ ਵਿਦਿਆਰਥੀਆਂ ਲਈ ਮਿਆਰੀ ਸਿੱਖਿਆ ਯਕੀਨੀ ਬਣੇਗੀ, ਉੱਥੇ ਲੋਕਾਂ ਨੂੰ ਬਿਹਤਰ ਸਿਹਤ ਸਹੂਲਤਾਂ ਮੁਹੱਈਆ ਹੋਣਗੀਆਂ। ਪੰਜਾਬ ਕੈਬਨਿਟ ਨੇ ਅਕਾਦਮਿਕ ਸੈਸ਼ਨ 2023-24 ਤੋਂ ਕੰਮ ਲਈ ਅੰਗਰੇਜ਼ੀ ਵਿੱਚ ਸੰਚਾਰ ਦੀ ਯੋਗਤਾ ਵਧਾਉਣ ਵਾਸਤੇ ਉੱਚ ਸਿੱਖਿਆ ਵਿਭਾਗ ਦੀ ਅਗਵਾਈ ਹੇਠ ਸਰਕਾਰੀ ਕਾਲਜਾਂ ਦੇ ਵਿਦਿਆਰਥੀਆਂ ਲਈ ਸਿਖਲਾਈ ਕੋਰਸ ਸ਼ੁਰੂ ਕਰਨ ਲਈ ਬ੍ਰਿਟਿਸ਼ ਕੌਂਸਲ ਨਾਲ ਸਮਝੌਤਾ ਸਹੀਬੱਧ ਕਰਨ ਲਈ ਉੱਚ ਸਿੱਖਿਆ ਵਿਭਾਗ ਨੂੰ ਪ੍ਰਵਾਨਗੀ ਦੇ ਦਿੱਤੀ ਹੈ। ਇਸ ਫੈਸਲੇ ਤਹਿਤ ਮੁੱਢਲੇ ਪੜਾਅ ਵਿੱਚ ਪੰਜ ਹਜ਼ਾਰ ਵਿਦਿਆਰਥੀ ਕਵਰ ਹੋਣਗੇ। ਇਸ ਆਨਲਾਈਨ ਸਿਖਲਾਈ ਕੋਰਸ ਨਾਲ ਵਿਦਿਆਰਥੀਆਂ ਦਾ ਪੇਸ਼ੇਵਰ ਹਾਲਾਤ ਵਿੱਚ ਅੰਗਰੇਜ਼ੀ ਭਾਸ਼ਾ ਵਿੱਚ ਸੰਚਾਰ ਕਰਨ ਦਾ ਭਰੋਸਾ ਵਧੇਗਾ। ਇਸ ਨਾਲ ਨਾ ਸਿਰਫ਼ ਵਿਦਿਆਰਥੀਆਂ ਦਾ ਸਵੈ-ਵਿਸ਼ਵਾਸ ਵਧੇਗਾ, ਸਗੋਂ ਵਿਦਿਆਰਥੀ ਪ੍ਰਾਈਵੇਟ ਤੇ ਸਰਕਾਰੀ ਖੇਤਰ ਵਿੱਚ ਨੌਕਰੀਆਂ ਹਾਸਲ ਕਰਨ ਦੇ ਵੱਧ ਯੋਗ ਹੋ ਸਕਣਗੇ ਅਤੇ ਉਨ੍ਹਾਂ ਵਿੱਚ ਉੱਦਮੀਆਂ ਵਜੋਂ ਸੰਚਾਰ ਕਰਨ ਦੀ ਯੋਗਤਾ ਵੀ ਵਧੇਗੀ। ਕੈਬਨਿਟ ਨੇ ਪੰਜਾਬ ਐਫੀਲੀਏਟਿਡ ਕਾਲਜਿਜ਼ (ਸਕਿਉਰਿਟੀ ਆਫ਼ ਸਰਵਿਸ ਆਫ਼ ਇੰਪਲਾਈਜ਼), ਐਕਟ 1974 ਵਿੱਚ ਸੋਧ ਕਰਨ ਦੀ ਵੀ ਮਨਜ਼ੂਰੀ ਦੇ ਦਿੱਤੀ। ਇਸ ਨਾਲ ਪੰਜਾਬ ਐਜੂਕੇਸ਼ਨਲ ਟ੍ਰਿਬਿਊਨਲ ਨੂੰ ਆਪਣੇ ਫੈਸਲੇ ਲਾਗੂ ਕਰਵਾਉਣ ਲਈ ਵੱਧ ਅਖ਼ਤਿਆਰ ਮਿਲਣਗੇ। ਇਸ ਤੋਂ ਇਲਾਵਾ ਟ੍ਰਿਬਿਊਨਲ ਦਾ ਕੋਰਮ ਪ੍ਰਭਾਸ਼ਤ ਹੋਵੇਗਾ ਅਤੇ ਟ੍ਰਿਬਿਊਨਲ ਵੱਲੋਂ ਕੇਸਾਂ ਦੇ ਪ੍ਰਭਾਵਸ਼ਾਲੀ ਤਰੀਕੇ ਨਾਲ ਨਿਬੇੜੇ ਲਈ ਬੈਂਚਾਂ ਦੇ ਗਠਨ ਕਰਨ ਦੀ ਇਜਾਜ਼ਤ ਹੋਵੇਗੀ। ਕੈਬਨਿਟ ਨੇ ਦੂਜੇ ਕੌਮੀ ਜੁਡੀਸ਼ਲ ਪੇਅ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਅਤੇ ਸੁਪਰੀਮ ਕੋਰਟ ਦੇ ਆਲ ਇੰਡੀਆ ਜੱਜਜ਼ ਐਸੋਸੀਏਸ਼ਨ ਬਨਾਮ ਭਾਰਤ ਸਰਕਾਰ ਤੇ ਹੋਰਾਂ ਦੇ ਸਿਰਲੇਖ ਵਾਲੀ 2015 ਦੀ ਰਿੱਟ ਪਟੀਸ਼ਨ (ਸਿਵਲ) 643 ਵਿੱਚ ਮਿਤੀ 27-07-2022 ਤੇ 18-01-2023 ਦੇ ਹੁਕਮਾਂ ਦੀ ਪਾਲਣਾ ਕਰਦਿਆਂ ਜੁਡੀਸ਼ੀਅਲ ਅਫ਼ਸਰਾਂ ਦੀ ਤਨਖ਼ਾਹ ਵਿੱਚ ਸੋਧ ਸੰਬੰਧੀ 8-02-2023 ਦੇ ਨੋਟੀਫਿਕੇਸ਼ਨ ਨੂੰ ਕਾਰਜ ਬਾਅਦ ਪ੍ਰਵਾਨਗੀ ਦੇ ਦਿੱਤੀ। ਇਸ ਦੌਰਾਨ ਕੈਬਨਿਟ ਨੇ ਕਿਰਤ ਵਿਭਾਗ ਦੀ ਕਾਰਜ-ਪ੍ਰਣਾਲੀ ਨੂੰ ਸੁਚਾਰੂ ਬਣਾਉਣ ਦੇ ਉਦੇਸ਼ ਨਾਲ ਗਰੁੱਪ ਬੀ ਅਤੇ ਸੀ ਦੇ ਵਿਭਾਗੀ ਨਿਯਮਾਂ ਵਿੱਚ ਸੋਧ ਨੂੰ ਮਨਜ਼ੂਰ ਕਰ ਲਿਆ।

## ਮਨੀਪੁਰ 'ਚ ਫੌਜੀ ਜ਼ਖਮੀ

**ਇੰਫਾਲ** : ਮਨੀਪੁਰ 'ਚ ਅੱਤਵਾਦੀਆਂ ਨਾਲ ਮੁਕਾਬਲੇ 'ਚ ਫੌਜੀ ਜ਼ਖਮੀ ਹੋ ਗਿਆ। ਇਸ ਦੌਰਾਨ ਇੰਫਾਲ ਪੱਛਮੀ ਜ਼ਿਲ੍ਹੇ ਵਿਚ ਪੰਜ ਘਰਾਂ ਨੂੰ ਵੀ ਅੱਗ ਲਗਾ ਦਿੱਤੀ ਗਈ। ਸੂਤਰਾਂ ਨੇ ਦੱਸਿਆ ਕਿ ਹਥਿਆਰਬੰਦ ਅੱਤਵਾਦੀਆਂ ਨੇ ਐਤਵਾਰ ਅਤੇ ਸੋਮਵਾਰ ਦੀ ਦਰਮਿਆਨੀ ਰਾਤ ਨੂੰ ਇੰਫਾਲ ਪੱਛਮੀ ਜ਼ਿਲ੍ਹੇ ਦੇ ਚਿੰਗਮਾਂਗ ਪਿੰਡ ਵੱਲ ਬਿਨਾਂ ਭੜਕਾਹਟ ਦੇ ਗੋਲੀਬਾਰੀ ਕੀਤੀ, ਜਿਸ ਨਾਲ ਫੌਜੀ ਜ਼ਖਮੀ ਹੋ ਗਿਆ। ਫੌਜ ਨਾਲ ਗੋਲੀਬਾਰੀ ਤੋਂ ਪਹਿਲਾਂ ਅੱਤਵਾਦੀਆਂ ਨੇ ਲੀਮਾਖੋਂਗ ਪਿੰਡ 'ਚ ਪੰਜ ਘਰਾਂ ਨੂੰ ਸਾੜ ਦਿੱਤਾ।

## ਜਹਾਜ਼ 'ਚ ਹੁੱਲੜਬਾਜ਼ੀ

**ਕੋਚੀ** : ਆਬੂਧਾਬੀ ਤੋਂ ਕੋਚੀ ਆ ਰਹੀ ਏਅਰ ਇੰਡੀਆ ਦੀ ਉਡਾਣ ਦੌਰਾਨ ਹੁੱਲੜਬਾਜ਼ੀ ਕਰਨ 'ਤੇ ਕੇਰਲਾ ਦੇ 51 ਸਾਲਾ ਵਿਅਕਤੀ ਨੂੰ ਗ੍ਰਿਫਤਾਰ ਕਰ ਲਿਆ ਗਿਆ। ਉਸ ਦੀ ਪਛਾਣ ਜੀਜਾਨ ਜੈਕਬ ਵਜੋਂ ਹੋਈ ਹੈ। ਪੁਲਸ ਅਧਿਕਾਰੀ ਨੇ ਦੱਸਿਆ ਕਿ ਏਅਰਲਾਈਨ ਦੇ ਅਮਲੇ ਦੀ ਸ਼ਿਕਾਇਤ ਦੇ ਆਧਾਰ 'ਤੇ ਗ੍ਰਿਫਤਾਰੀ ਕੀਤੀ ਗਈ। ਆਦਮੀ ਦੇ ਸ਼ਰਾਬ ਦੇ ਨਸ਼ੇ 'ਚ ਹੋਣ ਦਾ ਸ਼ੱਕ ਸੀ। ਉਸ ਦੀ ਕੁਝ ਸਹਿ-ਯਾਤਰੀਆਂ ਅਤੇ ਚਾਲਕ ਦਲ ਦੇ ਮੈਂਬਰਾਂ ਨਾਲ ਕਿਸੇ ਮਾਮੂਲੀ ਗੱਲ ਨੂੰ ਲੈ ਕੇ ਬਹਿਸ ਹੋਈ ਸੀ। ਉਸ ਨੂੰ ਬਾਅਦ 'ਚ ਜ਼ਮਾਨਤ 'ਤੇ ਰਿਹਾਅ ਕਰ ਦਿੱਤਾ ਗਿਆ।

## ਮਾਂ ਦੀ ਬਣਾਈ ਬਰਫੀ

**ਲੰਡਨ** : ਬਰਤਾਨੀਆ ਦੇ ਪ੍ਰਧਾਨ ਮੰਤਰੀ ਰਿਸ਼ੀ ਸੁਨਕ ਨੇ ਖੁਲਾਸਾ ਕੀਤਾ ਹੈ ਕਿ ਹਾਲ ਹੀ 'ਚ ਜਦੋਂ ਯੂਕਰੇਨ ਦੇ ਰਾਸ਼ਟਰਪਤੀ ਵੋਲੋਦੀਮੀਰ ਜ਼ੇਲੈਂਸਕੀ ਨੇ ਉਨ੍ਹਾ ਦੀ ਸਰਕਾਰੀ ਰਿਹਾਇਸ਼ ਅਤੇ ਦਫਤਰ 'ਡਾਊਨਿੰਗ ਸਟ੍ਰੀਟ' ਦਾ ਦੌਰਾ ਕੀਤਾ ਸੀ ਤਾਂ ਜ਼ੇਲੈਂਸਕੀ ਨੂੰ ਆਪਣੀ ਮਾਂ ਵੱਲੋਂ ਬਣਾਈ ਬਰਫੀ ਖੁਆਈ। ਸੁਨਕ ਨੇ ਆਪਣੇ ਅਧਿਕਾਰਤ ਇੰਸਟਾਗ੍ਰਾਮ ਅਕਾਊਂਟ 'ਤੇ ਇੰਟਰਵਿਊ ਦਾ ਵੀਡੀਓ ਪੋਸਟ ਕੀਤਾ, ਜਿਸ 'ਚ ਉਹ ਜ਼ੇਲੈਂਸਕੀ ਨਾਲ ਬਰਫੀ ਦਾ ਆਨੰਦ ਲੈਂਦੇ ਨਜ਼ਰ ਆ ਰਹੇ ਹਨ।

## ਗੁਰੂ ਗ੍ਰੰਥ ਸਾਹਿਬ ਦੇ ਤਿੰਨ ਸਰੂਪ ਅਗਨ ਭੇਟ

**ਘੁਮਾਣ (ਗੁਰਦਾਸਪੁਰ)** : ਪਿੰਡ ਸੱਖੋਵਾਲ ਦੇ ਗੁਰਦੁਆਰੇ 'ਚ ਐਤਵਾਰ ਰਾਤ ਗੁਰੂ ਗ੍ਰੰਥ ਸਾਹਿਬ ਦੇ ਤਿੰਨ ਸਰੂਪ ਅੱਗ ਦੀ ਭੇਟ ਚੜ੍ਹ ਗਏ। ਮੌਕੇ 'ਤੇ ਪਹੁੰਚੇ ਸਤਿਕਾਰ ਕਮੇਟੀ ਦੇ ਮੈਂਬਰ ਬਲਬੀਰ ਸਿੰਘ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਸੁਰਜੀਤ ਸਿੰਘ ਨੇ ਦੱਸਿਆ ਕਿ ਇਹ ਘਟਨਾ ਗੁਰਦੁਆਰੇ ਦੀ ਕੰਧ ਉੱਪਰ ਲੱਗੇ ਪਲਾਸਟਿਕ ਦੇ ਪੱਖੇ ਦੀ ਤਾਰ ਦੇ ਸ਼ਾਰਟ ਸਰਕਟ ਕਾਰਨ ਵਾਪਰੀ। ਇਹ ਸਰੂਪ ਜਲ ਪ੍ਰਵਾਹ ਲਈ ਗੋਇੰਦਵਾਲ ਸਾਹਿਬ ਭੇਜ ਦਿੱਤੇ ਗਏ ਹਨ। ਪੁਲਸ ਵੀ ਮੌਕੇ 'ਤੇ ਪਹੁੰਚ ਕੇ ਜਾਂਚ ਕਰ ਰਹੀ ਸੀ।

## ਹਰਦੀਪ ਨਿੱਝਰ ਦੀ ਕੈਨੇਡਾ 'ਚ ਗੁਰਦੁਆਰੇ ਦੇ ਬਾਹਰ ਹੱਤਿਆ



**ਟੋਰਾਂਟੋ** : ਭਾਰਤ ਨੂੰ ਲੋੜੀਂਦੇ ਖਾਲਿਸਤਾਨ ਟਾਈਗਰ ਫੋਰਸ ਦੇ ਮੁਖੀ ਹਰਦੀਪ ਸਿੰਘ ਨਿੱਝਰ (46) ਦੀ ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਦੇ ਸਰੀ 'ਚ ਗੁਰੂ ਨਾਨਕ ਸਿੱਖ ਗੁਰਦੁਆਰਾ ਸਾਹਿਬ ਦੀ ਪਾਰਕਿੰਗ 'ਚ ਐਤਵਾਰ ਦੋ ਅਣਪਛਾਤੇ ਬੰਦੂਕਧਾਰੀਆਂ ਨੇ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ। ਉਹ ਇਸ ਗੁਰਦੁਆਰੇ ਦਾ ਪ੍ਰਧਾਨ ਸੀ। ਉਹ ਐਤਵਾਰ ਰਾਤ ਕਰੀਬ ਸਾਡੇ 8 ਵਜੇ (ਸਥਾਨਕ ਸਮੇਂ ਅਨੁਸਾਰ) ਕਾਰ ਵਿਚ ਮਰਿਆ ਮਿਲਿਆ। ਉਸ 'ਤੇ ਦੋ ਹਮਲਾਵਰਾਂ ਨੇ ਗੋਲੀਆਂ ਚਲਾਈਆਂ ਤੇ ਉਸ ਨੂੰ ਥਾਂ 'ਤੇ ਹੀ ਮਾਰ ਦਿੱਤਾ। ਜਦੋਂ ਲਾਸ਼ ਹਟਾਈ ਜਾ ਰਹੀ ਸੀ ਤਾਂ ਕੁਝ ਲੋਕਾਂ ਨੇ ਖਾਲਿਸਤਾਨ-ਪੱਖੀ ਤੇ ਭਾਰਤ-ਵਿਰੋਧੀ ਨਾਅਰੇ ਲਾਏ। ਜਲੰਧਰ ਦੇ ਪਿੰਡ ਭਾਰਸਿੰਘ ਪੁਰਾ ਦਾ ਨਿੱਝਰ ਵੱਖਵਾਦੀ ਸੰਗਠਨ ਸਿੱਖਸ ਫਾਰ ਜਸਟਿਸ (ਐੱਸ ਐੱਫ ਜੇ) ਨਾਲ ਜੁੜਿਆ ਹੋਇਆ ਸੀ, ਜਿਸ ਉੱਤੇ ਭਾਰਤ 'ਚ ਪਾਬੰਦੀ ਹੈ। ਉਸ 'ਤੇ 10 ਲੱਖ ਰੁਪਏ ਦਾ ਇਨਾਮ ਸੀ। ਉਸ ਨੇ ਬਰੈਂਪਟਨ ਸ਼ਹਿਰ 'ਚ ਖਾਲਿਸਤਾਨੀ ਰਾਇਸ਼ਮਾਰੀ ਕਰਵਾਉਣ 'ਚ ਅਹਿਮ ਭੂਮਿਕਾ ਨਿਭਾਈ ਸੀ। ਕੌਮੀ ਜਾਂਚ ਏਜੰਸੀ (ਐੱਨ ਆਈ ਏ) ਨੇ 31 ਜਨਵਰੀ 2021 ਨੂੰ ਜਲੰਧਰ 'ਚ ਪੁਜਾਰੀ ਕਮਲਦੀਪ ਸ਼ਰਮਾ ਦੀ ਹੱਤਿਆ ਦੀ ਸਾਜ਼ਿਸ਼ ਰਚਣ ਦੇ ਮਾਮਲੇ 'ਚ ਨਿੱਝਰ ਸਮੇਤ ਚਾਰ ਵਿਅਕਤੀਆਂ ਵਿਰੁੱਧ ਚਾਰਜਸ਼ੀਟ ਦਾਇਰ ਕੀਤੀ ਸੀ।

ਉਸ 'ਤੇ ਪਿਛਲੇ ਸਾਲ ਸਰੀ 'ਚ 1985 ਦੇ ਏਅਰ ਇੰਡੀਆ ਬੰਬ ਧਮਾਕੇ ਦੇ ਮਾਮਲੇ 'ਚ ਬਰੀ ਹੋਏ ਰਿਪੁਦਮਨ ਸਿੰਘ ਮਲਿਕ ਦੀ ਹੱਤਿਆ ਦਾ ਵੀ ਦੋਸ਼ ਸੀ। ਭਾਰਤ ਸਰਕਾਰ ਦੀ ਟਾਪ ਦੇ 40 ਦਹਿਸ਼ਤਗਰਦਾਂ ਦੀ ਸੂਚੀ ਵਿਚ ਉਸ ਦਾ ਨਾਂਅ ਸੀ।

## ਕਾਠਮੰਡੂ 'ਚ ਹਿੰਦੀ ਫਿਲਮਾਂ 'ਤੇ ਰੋਕ

**ਕਠਮੰਡੂ** : ਨੇਪਾਲ ਦੀ ਰਾਜਧਾਨੀ ਕਾਠਮੰਡੂ ਅਤੇ ਸੈਰ-ਸਪਾਟਾ ਇਲਾਕੇ ਪੋਖਰਾ 'ਚ 'ਆਦਿਪੁਰਸ਼' ਸਣੇ ਸਾਰੀਆਂ ਭਾਰਤੀ ਹਿੰਦੀ ਫਿਲਮਾਂ 'ਤੇ ਪਾਬੰਦੀ ਲਗਾ ਦਿੱਤੀ ਗਈ ਹੈ। ਇਹ ਇਸ ਲਈ ਕੀਤਾ ਗਿਆ ਹੈ, ਕਿਉਂਕਿ ਆਦਿਪੁਰਸ਼ 'ਚ ਸੀਤਾ ਨੂੰ ਭਾਰਤ ਦੀ ਧੀ ਕਹਿ ਕੇ ਸੰਬੋਧਨ ਕੀਤਾ ਗਿਆ ਤੇ ਇਸ ਡਾਇਲਾਗ ਤੋਂ ਲੋਕਾਂ 'ਚ ਖਾਸੀ ਨਾਰਾਜ਼ਗੀ ਹੈ। ਕਾਠਮੰਡੂ ਦੇ 17 ਹਾਲਾਂ 'ਚ ਪੁਲਸ ਮੁਲਾਜ਼ਮਾਂ ਨੂੰ ਤਾਇਨਾਤ ਕੀਤਾ ਗਿਆ, ਤਾਂ ਜੋ ਕੋਈ ਵੀ ਹਿੰਦੀ ਫਿਲਮ ਦਿਖਾਈ ਨਾ ਜਾਵੇ। ਕਾਠਮੰਡੂ ਦੇ ਮੇਅਰ ਬਲੇਂਦਰ ਸ਼ਾਹ ਨੇ ਐਤਵਾਰ ਕਿਹਾ ਕਿ ਕਾਠਮੰਡੂ ਮੈਟਰੋਪੋਲੀਟਨ ਸਿਟੀ 'ਚ ਉਦੋਂ ਤੱਕ ਕੋਈ ਵੀ ਹਿੰਦੀ ਫਿਲਮ ਨਹੀਂ ਚੱਲਣ ਦਿੱਤੀ ਜਾਵੇਗੀ, ਜਦੋਂ ਤੱਕ 'ਆਦਿਪੁਰਸ਼' 'ਚ 'ਜਾਨਕੀ ਭਾਰਤ ਦੀ ਧੀ ਹੈ' ਡਾਇਲਾਗ ਨੂੰ ਹਟਾਇਆ ਨਹੀਂ ਜਾਂਦਾ।

## ਪੰਜਾਬ ਪੁਲਸ ਪਾਬੰਦੀਸ਼ੁਦਾ ਭਰਤੀ ਏਜੰਟਾਂ ਖਿਲਾਫ਼ ਕਾਰਵਾਈ ਕਰੇ : ਸਾਹਨੀ



**ਨਵੀਂ ਦਿੱਲੀ** : ਪੰਜਾਬ ਤੋਂ ਆਮ ਆਦਮੀ ਪਾਰਟੀ ਦੇ ਰਾਜ ਸਭਾ ਮੈਂਬਰ ਵਿਕਰਮਜੀਤ ਸਿੰਘ ਸਾਹਨੀ ਨੇ ਪੰਜਾਬ 'ਚ ਪਾਬੰਦੀਸ਼ੁਦਾ ਰਿਕਰੂਟਿੰਗ (ਭਰਤੀ) ਏਜੰਟਾਂ ਖਿਲਾਫ ਕਾਰਵਾਈ ਦੀ ਮੰਗ ਕੀਤੀ ਹੈ। ਉਨ੍ਹਾ ਪੰਜਾਬ ਦੇ ਡੀ ਜੀ ਪੀ ਨੂੰ ਅਪੀਲ ਕੀਤੀ ਹੈ ਕਿ ਜਿਨ੍ਹਾਂ ਏਜੰਟਾਂ 'ਤੇ ਭਾਰਤ ਸਰਕਾਰ ਨੇ ਪਹਿਲਾਂ ਹੀ ਪਾਬੰਦੀ ਲਾਈ ਹੋਈ ਹੈ, ਉਨ੍ਹਾਂ ਵਿਰੁੱਧ ਸਖਤ ਕਾਰਵਾਈ ਕੀਤੀ ਜਾਵੇ। ਸਾਹਨੀ ਨੇ ਕਿਹਾ ਕਿ ਉਨ੍ਹਾ ਗੈਰਕਾਨੂੰਨੀ ਏਜੰਟਾਂ ਦੀ ਪੂਰੀ ਸੂਚੀ ਡੀ ਜੀ ਪੀ ਗੌਰਵ ਯਾਦਵ ਨੂੰ ਭੇਜ ਦਿੱਤੀ ਹੈ। ਸੂਚੀ 'ਚ ਸਾਰੇ 170 ਪਾਬੰਦੀਸ਼ੁਦਾ ਭਰਤੀ ਏਜੰਟਾਂ ਦੀ ਜਾਣਕਾਰੀ ਸਣੇ ਸੰਬੰਧਤ ਪਤੇ ਅਤੇ ਫੋਨ ਨੰਬਰ ਵੀ ਸ਼ਾਮਲ ਕੀਤੇ ਗਏ ਹਨ। ਉਹ ਪੰਜਾਬ ਪੁਲਸ ਦੀ ਉਸ ਕਾਰਵਾਈ ਤੋਂ ਬਹੁਤ ਪ੍ਰਭਾਵਤ ਹਨ, ਜਿਸ ਹੇਠ ਸਪੈਸ਼ਲ ਟਾਸਕ ਫੋਰਸ ਉਨ੍ਹਾ ਦੀ ਪਹਿਲਕਦਮੀ 'ਮਿਸ਼ਨ ਹੋਪ' ਤਹਿਤ ਓਮਾਨ ਤੋਂ ਵਾਪਸ ਆਉਣ ਵਾਲੀਆਂ ਲੜਕੀਆਂ ਨਾਲ ਧੋਖਾਧੜੀ ਕਰਨ ਵਾਲੇ ਬੇਈਮਾਨ ਏਜੰਟਾਂ ਨੂੰ ਗ੍ਰਿਫਤਾਰ ਕਰ ਰਹੀ ਹੈ। ਸਾਹਨੀ ਨੇ ਖੁਲਾਸਾ ਕੀਤਾ ਕਿ ਵਿਦੇਸ਼ ਮੰਤਰਾਲੇ ਨੇ ਵੀ ਉਨ੍ਹਾਂ ਗੈਰਕਾਨੂੰਨੀ ਭਰਤੀ ਏਜੰਟਾਂ ਦੀ ਸੂਚੀ ਜਾਰੀ ਕੀਤੀ ਹੈ, ਜਿਨ੍ਹਾਂ ਨੂੰ ਉਸ ਨੇ ਧੋਖਾਧੜੀ ਕਰਨ ਲਈ ਜ਼ਿੰਮੇਵਾਰ ਪਾਇਆ ਸੀ ਤੇ ਉਨ੍ਹਾਂ 'ਤੇ ਪਾਬੰਦੀ ਲਗਾ ਦਿੱਤੀ ਸੀ। ਸੂਚੀ 'ਚ ਪੰਜਾਬ ਦੇ 170 ਏਜੰਟ ਹਨ। ਇਹ ਅਜੇ ਵੀ ਸਰਗਰਮ ਹਨ।

## ਰਵੀ ਸਿਨਹਾ 'ਰਾਅ' ਦੇ ਨਵੇਂ ਮੁਖੀ



**ਨਵੀਂ ਦਿੱਲੀ** : ਛੱਤੀਸਗੜ੍ਹ ਕਾਡਰ ਦੇ 1988 ਬੈਚ ਦੇ ਆਈ ਪੀ ਐੱਸ ਅਧਿਕਾਰੀ ਰਵੀ ਸਿਨਹਾ ਦੇਸ਼ ਦੀ ਵਿਦੇਸ਼ੀ ਜਾਸੂਸੀ ਏਜੰਸੀ ਰਿਸਰਚ ਐਂਡ ਐਨਾਲਿਸਿਸ ਵਿੰਗ (ਰਾਅ) ਦੇ ਨਵੇਂ ਮੁਖੀ ਹੋਣਗੇ। ਉਹ ਸਮੰਤ ਕੁਮਾਰ ਗੋਇਲ ਦੀ ਥਾਂ ਲੈਣਗੇ, ਜਿਹੜੇ ਚਾਰ ਸਾਲ ਦੀ ਸੇਵਾ ਤੋਂ ਬਾਅਦ 30 ਜੂਨ ਨੂੰ ਰਿਟਾਇਰ ਹੋ ਰਹੇ ਹਨ। ਸਿਨਹਾ ਇਸ ਵੇਲੇ ਕੈਬਨਿਟ ਸਕੱਤਰੇਤ ਵਿਚ ਵਿਸ਼ੇਸ਼ ਸਕੱਤਰ ਹਨ। ਸਿਨਹਾ, ਜਿਨ੍ਹਾ ਦੀ ਨਿਯੁਕਤੀ ਦੋ ਸਾਲ ਲਈ ਕੀਤੀ ਗਈ ਹੈ, ਰਾਅ ਨਾਲ ਦੋ ਦਹਾਕਿਆਂ ਤੋਂ ਵੱਧ ਸਮੇਂ ਤੋਂ ਜੁੜੇ ਹੋਏ ਹਨ। ਉਨ੍ਹਾ ਜੰਮੂ-ਕਸ਼ਮੀਰ, ਉੱਤਰ-ਪੂਰਬ ਤੇ ਵਿਦੇਸ਼ਾਂ ਵਿਚ ਕਾਫੀ ਕੰਮ ਕੀਤਾ ਹੈ।

## ਉੱਤਰਾਖੰਡ 'ਚ ਪੰਜਾਬ ਦੇ ਸ਼ਰਧਾਲੂਆਂ ਦੀ ਬੱਸ ਪਲਟੀ, ਕਈ ਜ਼ਖਮੀ

**ਦੇਹਰਾਦੂਨ** : ਉੱਤਰਾਖੰਡ ਦੇ ਚੰਪਾਵਤ ਜ਼ਿਲ੍ਹੇ 'ਚ ਬੱਸ ਪਲਟਣ ਕਾਰਨ 25 ਸਿੱਖ ਸ਼ਰਧਾਲੂ ਜ਼ਖਮੀ ਹੋ ਗਏ। ਸੱਤ ਦੀ ਹਾਲਤ ਗੰਭੀਰ ਸੀ। ਹਾਦਸਾ ਨੈਸ਼ਨਲ ਹਾਈਵੇ 9 'ਤੇ ਧੌਨ ਨੇੜੇ ਐਤਵਾਰ ਦੇਰ ਰਾਤ ਵਾਪਰਿਆ। ਜ਼ਖਮੀਆਂ ਨੂੰ ਚੰਪਾਵਤ ਦੇ ਹਸਪਤਾਲ ਲਿਜਾਇਆ ਗਿਆ, ਜਿਨ੍ਹਾਂ 'ਚੋਂ 7 ਨੂੰ ਗੰਭੀਰ ਹਾਲਤ ਨੂੰ ਦੇਖਦੇ ਹੋਏ ਹਲਦਵਾਨੀ ਦੇ ਸੁਸ਼ੀਲਾ ਤਿਵਾੜੀ ਹਸਪਤਾਲ 'ਚ ਰੈਫਰ ਕਰ ਦਿੱਤਾ ਗਿਆ। ਬੱਸ 'ਚ 50 ਦੇ ਕਰੀਬ ਸ਼ਰਧਾਲੂ ਸਵਾਰ ਸਨ, ਜੋ ਪੰਜਾਬ ਦੇ ਰੂਪਨਗਰ ਜ਼ਿਲ੍ਹੇ ਨਾਲ ਸੰਬੰਧਤ ਹਨ। ਇਹ ਸਾਰੇ ਚੰਪਾਵਤ ਸਥਿਤ ਗੁਰਦੁਆਰਾ ਰੀਠਾ ਸਾਹਿਬ ਮੱਥਾ ਟੇਕ ਕੇ ਪਰਤ ਰਹੇ ਸਨ।

## ਮੀਆਂਦਾਦ ਨੇ ਪਾਕਿਸਤਾਨੀ ਟੀਮ ਨੂੰ ਭਾਰਤ ਨਾ ਜਾਣ ਲਈ ਕਿਹਾ



**ਕਰਾਚੀ** : ਆਪਣੇ ਜ਼ਮਾਨੇ ਦੇ ਮੰਨੇ-ਪ੍ਰਮੰਨੇ ਬੱਲੇਬਾਜ਼ ਜਾਵੇਦ ਮੀਆਂਦਾਦ ਨੇ ਪਾਕਿਸਤਾਨ ਨੂੰ ਇਸ ਸਾਲ ਹੋਣ ਵਾਲੇ ਆਈ ਸੀ ਸੀ (ਅੰਤਰਰਾਸ਼ਟਰੀ ਕ੍ਰਿਕਟ ਕੌਂਸਲ) ਵਿਸ਼ਵ ਕੱਪ ਸਮੇਤ ਹੋਰ ਮੈਚਾਂ ਲਈ ਗੁਆਂਢੀ ਦੇਸ਼ ਨਾ ਜਾਣ ਦਾ ਸੱਦਾ ਦਿੱਤਾ ਹੈ। ਉਨ੍ਹਾ ਕਿਹਾ ਕਿ ਜਦੋਂ ਤੱਕ ਭਾਰਤੀ ਕ੍ਰਿਕਟ ਕੰਟਰੋਲ ਬੋਰਡ (ਬੀ ਸੀ ਸੀ ਆਈ) ਪਹਿਲਾਂ ਆਪਣੀ ਟੀਮ ਨੂੰ ਪਾਕਿਸਤਾਨ ਨਹੀਂ ਭੇਜਦਾ, ਉਦੋਂ ਤੱਕ ਭਾਰਤ ਜਾ ਕੇ ਖੇਡਣਾ ਨਹੀਂ ਚਾਹੀਦਾ। ਆਈ ਸੀ ਸੀ ਵੱਲੋਂ ਤਿਆਰ ਇਕ ਦਿਨਾ ਵਿਸ਼ਵ ਕੱਪ ਦੇ ਪ੍ਰੋਗਰਾਮ ਅਨੁਸਾਰ ਪਾਕਿਸਤਾਨ ਦਾ ਭਾਰਤ ਨਾਲ 15 ਅਕਤੂਬਰ ਨੂੰ ਅਹਿਮਦਾਬਾਦ ਦੇ ਨਰਿੰਦਰ ਮੋਦੀ ਸਟੇਡੀਅਮ 'ਚ ਮੁਕਾਬਲਾ ਹੋਣਾ ਹੈ। 66 ਸਾਲਾ ਸਾਬਕਾ ਪਾਕਿਸਤਾਨੀ ਕਪਤਾਨ ਮੀਆਂਦਾਦ ਦਾ ਮੰਨਣਾ ਹੈ ਕਿ ਹੁਣ ਭਾਰਤ ਦੀ ਪਾਕਿਸਤਾਨ ਦੌਰੇ ਦੀ ਵਾਰੀ ਹੈ। ਮੀਆਂਦਾਦ ਨੇ ਕਿਹਾ—ਪਾਕਿਸਤਾਨ 2012 ਅਤੇ 2016 'ਚ ਵੀ ਭਾਰਤ ਗਿਆ ਸੀ ਅਤੇ ਹੁਣ ਭਾਰਤੀਆਂ ਦੀ ਇੱਥੇ ਆਉਣ ਦੀ ਵਾਰੀ ਹੈ। ਜੇ ਮੈਂ ਫੈਸਲਾ ਕਰਨਾ ਹੁੰਦਾ ਤਾਂ ਮੈਂ ਕਦੇ ਵੀ ਕੋਈ ਮੈਚ ਖੇਡਣ ਲਈ ਭਾਰਤ ਨਾ ਜਾਂਦਾ, ਵਿਸ਼ਵ ਕੱਪ ਵੀ ਨਹੀਂ। ਅਸੀਂ ਉਨ੍ਹਾਂ (ਭਾਰਤ) ਨਾਲ ਖੇਡਣ ਲਈ ਹਮੇਸ਼ਾ ਤਿਆਰ ਹਾਂ, ਪਰ ਉਹ ਕਦੇ ਵੀ ਇਸ ਤਰ੍ਹਾਂ ਦਾ ਜਵਾਬ ਨਹੀਂ ਦਿੰਦੇ।

## ਹੋਲੀ ਸਿਟੀ ਵਾਲਾ ਗੁਰਮੇਹਰ ਸਿੰਘ ਤੇ ਬੇਟਾ ਗ੍ਰਿਫਤਾਰ

**ਅੰਮ੍ਰਿਤਸਰ** : ਹੋਲੀ ਸਿਟੀ ਦੇ ਕਾਲੋਨਾਈਜ਼ਰ ਦੇ ਭਾਈਵਾਲ ਗੁਰਮੇਹਰ ਸਿੰਘ ਅਤੇ ਉਸ ਦੇ ਬੇਟੇ ਹਰਕਰਨ ਸਿੰਘ ਨੂੰ ਪੁਲਸ ਨੇ ਸੋਮਵਾਰ ਬਲਾਤਕਾਰ ਅਤੇ ਧੋਖਾਧੜੀ ਦੇ ਮਾਮਲੇ 'ਚ ਗ੍ਰਿਫਤਾਰ ਕਰ ਲਿਆ। ਹੋਲੀ ਸਿਟੀ ਕਾਲੋਨੀ ਦੇ ਭਾਈਵਾਲ ਗੁਰਮੇਹਰ ਸਿੰਘ ਦੇ ਬੇਟੇ ਹਰਕਰਨ ਸਿੰਘ ਅਤੇ ਗੁਰਮੇਹਰ ਸਿੰਘ, ਉਸ ਦੀ ਪਤਨੀ ਸੁਖਰਾਜ ਕੌਰ, ਬੇਟੀ ਗੁਰਸਿਮਰਨ ਕੌਰ ਤੇ ਜਵਾਈ ਦਿਲਸ਼ੇਰ ਸਿੰਘ ਵਿਰੁੱਧ ਧਾਰਾ 376, 420, 406, 506,120-ਬੀ ਆਈ ਪੀ ਸੀ ਐਕਟ ਤਹਿਤ ਲੁਧਿਆਣਾ ਦੀ ਪੁਲਸ ਨੇ ਥਾਣਾ ਸਰਾਭਾ ਨਗਰ 'ਚ ਕੇਸ ਦਰਜ ਕੀਤਾ ਹੈ। ਸਵੇਰੇ ਪੁਲਸ ਪਾਰਟੀ ਨੇ ਹੋਲੀ ਸਿਟੀ 'ਚ ਸਥਿਤ ਉਨ੍ਹਾਂ ਦੇ ਘਰ ਉਪਰ ਛਾਪਾ ਮਾਰ ਕੇ ਗੁਰਮੇਹਰ ਸਿੰਘ ਅਤੇ ਹਰਕਰਨ ਸਿੰਘ ਨੂੰ ਗ੍ਰਿਫਤਾਰ ਕਰ ਲਿਆ। ਲੁਧਿਆਣਾ ਦੇ ਭਾਮੀਆਂ ਕਲਾਂ ਦੀ ਕੁੜੀ ਨੇ ਸ਼ਿਕਾਇਤ ਦਰਜ ਕਰਵਾਈ ਹੈ ਕਿ ਹਰਕਰਨ ਸਿੰਘ ਨਾਲ 24 ਜੂਨ 2022 ਨੂੰ ਉਸ ਦੀ ਮੰਗਣੀ ਹੋਈ ਸੀ ਅਤੇ ਉਸ ਉਪਰੰਤ ਫਿਰ 14 ਜੁਲਾਈ 2022 ਨੂੰ ਹਰਕਰਨ ਸਿੰਘ ਨੇ ਧੋਖੇ ਨਾਲ ਉਸ ਨੂੰ ਪੱਖੋਵਾਲ ਰੋਡ 'ਤੇ ਇੱਕ ਹੋਟਲ 'ਚ ਬੁਲਾਇਆ ਅਤੇ ਉਸ ਨਾਲ ਬਲਾਤਕਾਰ ਕੀਤਾ। ਵਿਰੋਧ ਕਰਨ 'ਤੇ ਉਸ ਨੇ ਕਿਹਾ ਕਿ ਉਨ੍ਹਾਂ ਦਾ ਵਿਆਹ ਹੋਣ ਵਾਲਾ ਹੈ, ਇਸ ਲਈ ਵਿਰੋਧ ਕਰਨ ਦੀ ਲੋੜ ਨਹੀਂ। ਉਸ ਨੇ ਦੋਸ਼ ਲਾਇਆ ਕਿ ਫਿਰ ਮੁੰਡੇ ਵਾਲਿਆਂ ਨੇ ਵੱਖ-ਵੱਖ ਤਰੀਕਾਂ ਨੂੰ ਬੁਲਾ ਕੇ ਗਹਿਣੇ ਅਤੇ ਹੋਰ ਸਮਾਨ ਬਣਵਾਇਆ। ਫਿਰ ਮੁੰਡੇ ਵਾਲਿਆਂ ਨੇ ਪੰਜ ਕਰੋੜ ਰੁਪਏ ਅਤੇ ਮਰਸਡੀਜ਼ ਕਾਰ ਦੀ ਮੰਗ ਕੀਤੀ। ਉਸ ਨੇ ਕਿਹਾ ਕਿ ਉਸ ਦੇ ਪਰਵਾਰ ਨੇ ਦਾਜ ਦੇਣ ਤੋਂ ਨਾਂਹ ਕਰ ਦਿੱਤੀ ਤਾਂ ਇਨ੍ਹਾਂ ਰਿਸ਼ਤਾ ਤੋੜ ਦਿੱਤਾ। ਜਦੋਂ ਪਰਵਾਰ ਨੇ ਗਹਿਣੇ ਅਤੇ ਹੋਰ ਕਰਵਾਈ ਸ਼ਾਪਿੰਗ ਦਾ ਸਮਾਨ ਵਾਪਸ ਮੰਗਿਆ ਤਾਂ ਦੇਣ ਤੋਂ ਇਨਕਾਰ ਕਰ ਦਿੱਤਾ। ਉਸ ਨੇ ਕਿਹਾ ਕਿ ਫਿਰ ਉਸ ਨੇ ਪੁਲਸ ਕਮਿਸ਼ਨਰ ਲੁਧਿਆਣਾ ਨੂੰ ਸ਼ਿਕਾਇਤ ਕੀਤੀ ਅਤੇ ਫਿਰ ਇਸ ਮਾਮਲੇ ਦੀ ਜਾਂਚ ਕਰਨ ਤੋਂ ਬਾਅਦ ਕੇਸ ਦਰਜ ਕੀਤਾ ਗਿਆ। ਲੁਧਿਆਣਾ ਪੁਲਸ ਵੱਲੋਂ ਸੋਮਵਾਰ ਸਵੇਰੇ ਗੁਰਮੇਹਰ ਸਿੰਘ ਦੇ ਹੋਲੀ ਸਿਟੀ ਕਾਲੋਨੀ ਵਿਖੇ ਸਥਿਤ ਘਰ ਨੂੰ ਘੇਰਾ ਪਾ ਕੇ ਪਿਓ-ਪੁੱਤ ਨੂੰ ਗ੍ਰਿਫਤਾਰ ਕਰ ਲਿਆ ਗਿਆ।

## ਅੱਜ-ਨਾਮਾ

ਛੋਟਾਂ ਬੜੀਆਂ ਪਈ ਰਾਜ ਸਰਕਾਰ ਦੇਂਦੀ,
ਜਾਪਦਾ ਹੋਵੇ ਪਿਆ ਬਹੁਤ ਸੁਧਾਰ ਬੇਲੀ।
ਦੱਸ ਰਹੀ ਲੋਕਾਂ ਨੂੰ ਕੰਮ ਸਰਕਾਰ ਕੀਤਾ,
ਭਰਿਆ ਰਹਿੰਦਾ ਹੈ ਰੋਜ਼ ਅਖਬਾਰ ਬੇਲੀ।
ਧਿਰ ਵਿਰੋਧੀ ਤਾਂ ਸੱਭੋ ਕੁਝ ਰੱਦ ਕਰਨਾ,
ਕਰਨਾ ਹੁੰਦਾ ਉਸ ਸਿਰੇ ਦਾ ਵਾਰ ਬੇਲੀ।
ਦੋਵਾਂ ਧਿਰਾਂ ਦਾ ਟੱਕਰਵਾਂ ਆਏ ਦਾਅਵਾ,
ਆਦਮੀ ਆਮ ਦੀ ਮੱਤ ਦਏ ਮਾਰ ਬੇਲੀ।
ਲੱਗਦੀ ਸਮਝ ਨਾ ਕੌਣ ਜੀ ਸੱਚ ਕਹਿੰਦਾ,
ਕਿਹੜਾ ਸਿਰੇ ਦਾ ਝੂਠ ਰਿਹਾ ਬੋਲ ਬੇਲੀ।
ਸਿਆਸਤ ਚੱਲਦੀ ਆਪਣੀ ਤੋਰ ਰਹਿੰਦੀ,
ਫਸ ਜਾਏ ਆਦਮੀ ਆਮ ਅਣਭੋਲ ਬੇਲੀ।

-ਤੀਸ ਮਾਰ ਖਾਂ

# ਪੰਜਾਬ ਭਰ 'ਚ ਧਰਮ ਸਥਾਨਾਂ ਦੀ ਸੁਰੱਖਿਆ ਦਾ ਲਿਆ ਜਾਇਜ਼ਾ

**ਚੰਡੀਗੜ੍ਹ** : ਮੁੱਖ ਮੰਤਰੀ ਭਗਵੰਤ ਮਾਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਸ਼ਰਾਰਤੀ ਅਨਸਰਾਂ 'ਤੇ ਸਖ਼ਤੀ ਨਾਲ ਨਜ਼ਰ ਰੱਖਣ ਲਈ ਸਾਰੇ ਧਾਰਮਕ ਸਥਾਨਾਂ 'ਤੇ ਪੁਖ਼ਤਾ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਪੰਜਾਬ ਪੁਲਸ ਵੱਲੋਂ ਗੁਰਦੁਆਰਿਆਂ, ਮੰਦਰਾਂ, ਚਰਚਾਂ ਅਤੇ ਮਸਜਿਦਾਂ 'ਤੇ ਦੋ ਦਿਨਾ ਵਿਸ਼ੇਸ਼ ਚੈਕਿੰਗ ਕੀਤੀ ਗਈ। ਇਸ ਚੈਕਿੰਗ ਦਾ ਉਦੇਸ਼ ਧਾਰਮਕ ਸੰਸਥਾਵਾਂ 'ਤੇ ਸੁਰੱਖਿਆ ਪ੍ਰਬੰਧਾਂ ਦਾ ਜਾਇਜ਼ਾ ਲੈਣਾ ਅਤੇ ਇਹ ਯਕੀਨੀ ਬਣਾਉਣਾ ਸੀ ਕਿ ਇਨ੍ਹਾਂ 'ਚ ਸੀ ਸੀ ਟੀ ਵੀ ਕੈਮਰੇ ਲੱਗੇ ਹੋਏ ਹਨ ਅਤੇ ਪੂਰੀ ਤਰਾਂ ਕੰਮ ਕਰ ਰਹੇ ਹਨ। ਡੀ ਜੀ ਪੀ ਪੰਜਾਬ ਗੌਰਵ ਯਾਦਵ ਦੇ ਨਿਰਦੇਸ਼ਾਂ 'ਤੇ ਸੂਬੇ ਦੇ ਸਾਰੇ 28 ਪੁਲਸ ਜ਼ਿਲ੍ਹਿਆਂ 'ਚ ਸ਼ਨੀਵਾਰ ਅਤੇ ਐਤਵਾਰ ਇਹ ਵਿਸ਼ੇਸ਼ ਚੈਕਿੰਗ ਕੀਤੀ ਗਈ।

ਸਪੈਸ਼ਲ ਡੀ ਜੀ ਪੀ ਲਾਅ ਐਂਡ ਆਰਡਰ ਅਰਪਿਤ ਸ਼ੁਕਲਾ ਨੇ ਕਿਹਾ ਕਿ ਐੱਸ ਪੀਜ਼/ ਐੱਸ ਐੱਸ ਪੀਜ਼ ਨੂੰ ਹਦਾਇਤ ਕੀਤੀ ਗਈ ਕਿ ਉਹ ਆਪਣੇ ਅਧਿਕਾਰ ਖੇਤਰ ਵਿੱਚ ਪੈਂਦੇ ਸਾਰੇ ਧਾਰਮਕ ਸਥਾਨਾਂ, ਜਿਨਾਂ ਵਿੱਚ ਮੰਦਰਾਂ, ਗੁਰਦੁਆਰਿਆਂ, ਚਰਚਾਂ ਅਤੇ ਮਸਜਿਦਾਂ ਸ਼ਾਮਲ ਹਨ, ਦਾ ਦੌਰਾ ਕਰਨ ਲਈ ਲਈ ਲੋੜੀਂਦੀ ਗਿਣਤੀ ਵਿੱਚ ਟੀਮਾਂ ਤਾਇਨਾਤ ਕਰਨ ਅਤੇ ਪ੍ਰਬੰਧਕ ਕਮੇਟੀਆਂ ਦੇ ਮੈਂਬਰਾਂ ਨਾਲ ਸੁਰੱਖਿਆ ਸਮੀਖਿਆ ਮੀਟਿੰਗਾਂ ਕਰਨ। ਉਨ੍ਹਾ ਕਿਹਾ ਕਿ



ਗਜ਼ਟਿਡ ਰੈਂਕ ਦੇ ਅਧਿਕਾਰੀਆਂ (ਜੀ ਓਜ਼) ਨੂੰ ਮਹੱਤਵਪੂਰਨ ਧਾਰਮਕ ਸਮੂਹਾਂ, ਜਿਵੇਂ ਕਿ ਸਤਿਕਾਰ ਕਮੇਟੀਆਂ ਅਤੇ ਸ਼ਿਵ ਸੈਨਾ ਆਗੂਆਂ ਨਾਲ ਮੀਟਿੰਗਾਂ ਕਰਨ ਲਈ ਵੀ ਕਿਹਾ ਗਿਆ ਸੀ। ਉਨ੍ਹਾ ਪੁਲਸ ਟੀਮਾਂ ਨੂੰ ਇਹ ਵੀ ਹਦਾਇਤ ਕੀਤੀ ਕਿ ਸਾਰੇ ਧਾਰਮਕ ਸਥਾਨਾਂ 'ਤੇ ਸੀ ਸੀ ਟੀ ਵੀ ਕੈਮਰੇ ਲਗਾਏ ਜਾਣ ਨੂੰ ਯਕੀਨੀ ਬਣਾਉਣ ਤੋਂ ਇਲਾਵਾ ਚੌਕੀਦਾਰ/ ਸੁਰੱਖਿਆ ਗਾਰਡ ਵੱਲੋਂ ਨਿਗਰਾਨੀ ਕੀਤੀ ਜਾਵੇ। ਇਸ ਦੌਰਾਨ ਘੱਟੋ-ਘੱਟ 698 ਪੁਲਸ ਟੀਮਾਂ, ਜਿਨਾਂ ਵਿੱਚ 4000 ਤੋਂ ਵੱਧ ਪੁਲਸ ਮੁਲਾਜਮ ਸ਼ਾਮਲ ਸਨ, ਨੇ ਸੂਬੇ ਭਰ ਵਿੱਚ 16118 ਗੁਰਦੁਆਰਿਆਂ, 4263 ਮੰਦਰਾਂ, 1930 ਚਰਚਾਂ ਅਤੇ 777 ਮਸਜਿਦਾਂ ਦੀ ਚੈਕਿੰਗ ਕੀਤੀ। ਇਹ ਸਮੁੱਚੀ ਚੈਕਿੰਗ ਦੀ ਨਿਗਰਾਨੀ ਰੇਂਜ ਇੰਸਪੈਕਟਰ ਜਨਰਲ ਆਫ ਪੁਲਸ (ਆਈ ਜੀ ਐੱਸ ਪੀ) ਵੱਲੋਂ ਖੁਦ ਕੀਤੀ ਗਈ। ਸ਼ੁਕਲਾ ਨੇ ਸਮੂਹ ਗੁਰਦੁਆਰਿਆਂ, ਮੰਦਰਾਂ, ਚਰਚਾਂ ਅਤੇ ਮਸਜਿਦਾਂ ਦੀਆਂ ਪ੍ਰਬੰਧਕ ਕਮੇਟੀਆਂ ਨੂੰ ਵੀ ਅਪੀਲ ਕੀਤੀ ਕਿ ਉਹ ਆਪੋ-ਆਪਣੇ ਅਦਾਰਿਆਂ ਵਿੱਚ ਕਿਸੇ ਵੀ ਅਣਸੁਖਾਵੀਂ ਘਟਨਾ ਨੂੰ ਰੋਕਣ ਲਈ ਹਮੇਸ਼ਾ ਚੌਕਸ ਰਹਿਣ। ਉਨ੍ਹਾ ਸੀ ਸੀ ਟੀ ਵੀ ਕੈਮਰਿਆਂ ਦੀ ਹਫਤਾਵਾਰੀ ਚੈਕਿੰਗ ਨੂੰ ਯਕੀਨੀ ਬਣਾਉਣ ਲਈ ਕਿਹਾ, ਤਾਂ ਜੋ ਇਹ ਪਤਾ ਲਗਾਇਆ ਜਾ ਸਕੇ ਕਿ ਉਹ ਕੰਮ ਕਰ ਰਹੇ ਹਨ ਜਾਂ ਨਹੀਂ। ਉਨਾਂ ਪ੍ਰਬੰਧਕ ਕਮੇਟੀਆਂ ਨੂੰ ਆਪੋ-ਆਪਣੇ ਧਾਰਮਕ ਸਥਾਨਾਂ ਦੇ ਪ੍ਰਵੇਸ਼ ਦੁਆਰ 'ਤੇ ਸੁਰੱਖਿਆ ਗਾਰਡ ਤਾਇਨਾਤ ਕਰਨ ਦੀ ਸਲਾਹ ਵੀ ਦਿੱਤੀ।

ਜ਼ਿਕਰਯੋਗ ਹੈ ਕਿ ਐੱਸ ਪੀਜ਼/ ਐੱਸ ਐੱਸ ਪੀਜ਼ ਨੂੰ ਸਮਾਜ ਵਿਰੋਧੀ ਅਨਸਰਾਂ 'ਤੇ ਨਿਗਰਾਨੀ ਵਧਾਉਣ ਲਈ ਸਾਰੇ ਧਾਰਮਕ ਸਥਾਨਾਂ ਦੇ ਆਲੇ-ਦੁਆਲੇ ਪੁਲਸ ਗਸ਼ਤ ਵਧਾਉਣ ਦੇ ਨਿਰਦੇਸ਼ ਦਿੱਤੇ ਗਏ ਹਨ।

## ਗੁਰਦੁਆਰਾ ਨਾਨਕਸਰ ਸਾਹਿਬ 'ਚ ਖ਼ੂਨਦਾਨ ਕੈਂਪ ਲਾਇਆ



**ਧੂਰੀ (ਸੁਖਦੇਵ ਧੂਰੀ)**-ਗੁਰਦੁਆਰਾ ਨਾਨਕਸਰ ਸਾਹਿਬ ਜਨਤਾ ਨਗਰ ਵਿੱਚ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਸਮਾਜ ਸੇਵੀ ਸੰਸਥਾ 'ਪਰਿਵਰਤਨ' ਦੇ ਸਹਿਯੋਗ ਨਾਲ ਖ਼ੂਨਦਾਨ ਕੈਂਪ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਕਰੀਬ 31 ਵਿਅਕਤੀਆਂ ਨੇ ਆਪਣਾ ਖ਼ੂਨਦਾਨ ਕੀਤਾ। ਕੈਂਪ ਵਿੱਚ ਬਾਬਾ ਬੁੱਢਾ ਜੀ ਗ੍ਰੰਥੀ ਸਭਾ ਵਲੋਂ ਵਿਸ਼ੇਸ਼ ਯੋਗਦਾਨ ਪਾਇਆ ਗਿਆ। ਇਸ ਮੌਕੇ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਖ਼ੂਨਦਾਨੀਆਂ ਨੂੰ ਮੈਡਲ ਤੇ ਸਰਟੀਫਿਕੇਟਾਂ ਨਾਲ ਸਨਮਾਨਤ ਕੀਤਾ ਗਿਆ। ਇਸ ਮੌਕੇ ਜਸਵੀਰ ਸਿੰਘ ਬਰੜਵਾਲ ਹੈਡ ਗ੍ਰੰਥੀ ਗੁਰਦੁਆਰਾ ਨਾਨਕਸਰ ਸਾਹਿਬ ਧੂਰੀ, ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਬੰਤ ਸਿੰਘ ਐਮ ਡੀ ਧੂਰੀ ਬੱਸ ਸਰਵਿਸ, ਤਲਵੀਰ ਸਿੰਘ ਧਨੇਸਰ ਐਮ ਡੀ ਧਨੇਸਰ ਬੱਸ ਸਰਵਿਸ, ਜੋਗਿੰਦਰ ਸਿੰਘ ਖਾਲਸਾ, ਵਰਿੰਦਰ ਸਿੰਘ, ਅਮਰਜੀਤ ਸਿੰਘ, ਹਰਦੀਪ ਸਿੰਘ ਮੈਨੇਜਰ, ਬਲਜਿੰਦਰ ਸਿੰਘ, ਬੱਬੂ ਬਾਂਸਲ, ਕੁਲਵਿੰਦਰਪਾਲ ਸਿੰਘ, ਜਗਤਾਰ ਸਿੰਘ, ਪਵਨ ਸਿੰਘ, ਸਤਨਾਮ ਸਿੰਘ ਤੇ ਧੂਰੀ ਦੀ ਉੱਘੀ ਸਮਾਜ ਸੇਵੀ ਸੰਸਥਾ ਪਰਿਵਰਤਨ ਦੇ ਆਗੂ ਗੁਰਦਰਸ਼ਨ ਸਿੰਘ ਡਿੰਪੀ ਤੇ ਹੋਰ ਹਾਜ਼ਰ ਸਨ।

## ਚੈਕਿੰਗ ਦੌਰਾਨ ਰੇਲਵੇ ਅਧਿਕਾਰੀਆਂ ਲੱਖਾਂ ਦਾ ਜੁਰਮਾਨਾ ਵਸੂਲਿਆ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਡਵੀਜ਼ਨਲ ਰੇਲਵੇ ਮੈਨੇਜਰ ਡਾ. ਸੀਮਾ ਸ਼ਰਮਾ ਤੇ ਸੀਨੀਅਰ ਡਵੀਜ਼ਨਲ ਕਮਰਸ਼ੀਅਲ ਮੈਨੇਜਰ ਸ਼ੁਭਮ ਕੁਮਾਰ ਦੀਆਂ ਹਦਾਇਤਾਂ 'ਤੇ ਜਲੰਧਰ ਸਿਟੀ ਰੇਲਵੇ ਸਟੇਸ਼ਨ 'ਤੇ ਚੈਕਿੰਗ ਦੌਰਾਨ ਡਵੀਜ਼ਨਲ ਕਮਰਸ਼ੀਅਲ ਮੈਨੇਜਰ ਅਜੇ ਹਾਂਡਾ ਵੱਲੋਂ ਲੱਖਾਂ ਰੁਪਏ ਦਾ ਜੁਰਮਾਨਾ ਵਸੂਲਿਆ ਗਿਆ।ਉਨ੍ਹਾਂ ਸਟੇਸ਼ਨ 'ਤੇ ਭੋਜਨ, ਸਫਾਈ ਤੇ ਹੋਰ ਯਾਤਰੀਆਂ ਦੀਆਂ ਸਹੂਲਤਾਂ ਦਾ ਮੁਆਇਨਾ ਕੀਤਾ। ਚੈਕਿੰਗ ਮੁਹਿੰਮ ਦੌਰਾਨ ਗੰਦਗੀ ਫੈਲਾਉਣ ਵਾਲਿਆਂ ਨੂੰ ਜੁਰਮਾਨੇ ਵੀ ਕੀਤੇ ਗਏ। ਇਸ ਮੁਹਿੰਮ ਵਿੱਚ ਉਨ੍ਹਾਂ ਨਾਲ ਡਵੀਜ਼ਨਲ ਚੀਫ਼ ਟਿਕਟ ਇੰਸਪੈਕਟਰ ਸੰਜੀਵ ਸ਼ਰਮਾ, ਸਚਿਨ ਰਤੀ, ਦਾਨਿਸ਼, ਹਰਦੇਵ ਸਿੰਘ, ਸੁਨੀਲ ਸਮੇਤ 36 ਟਿਕਟ ਚੈਕਿੰਗ ਸਟਾਫ਼, ਆਰ ਪੀ ਐੱਫ ਦੇ ਜਵਾਨ ਤੇ ਕਮਰਸ਼ੀਅਲ ਇੰਸਪੈਕਟਰ ਸ਼ਾਮਲ ਸਨ।1190 ਯਾਤਰੀਆਂ ਤੋਂ ਬਿਨਾਂ ਟਿਕਟ ਤੇ ਬੇਨਿਯਮੀ ਨਾਲ ਸਫਰ ਕਰਨ 'ਤੇ 7.2 ਲੱਖ ਰੁਪਏ ਜੁਰਮਾਨਾ ਵਸੂਲਿਆ ਗਿਆ।

## ਨਵੇਂ ਆਯਾਮ ਸਥਾਪਤ ਕਰ ਰਹੀ ਹੈ 'ਡਿਜੀਟਲ ਲਾਇਬ੍ਰੇਰੀ : ਕੋਮਲ ਮਿੱਤਲ

**ਹੁਸ਼ਿਆਰਪੁਰ (ਓ ਪੀ ਰਾਣਾ, ਬਲਬੀਰ ਸੈਣੀ)**

ਡਿਪਟੀ ਕਮਿਸ਼ਨਰ ਕੋਮਲ ਮਿੱਤਲ ਨੇ ਦੱਸਿਆ ਕਿ ਡਿਜੀਟਲ ਲਾਇਬ੍ਰੇਰੀ ਹੁਸ਼ਿਆਰਪੁਰ ਇਕ ਲਰਨਿੰਗ ਸੈਂਟਰ ਦੇ ਤੌਰ 'ਤੇ ਆਯਾਮ ਸਥਾਪਿਤ ਕਰ ਰਹੀ ਹੈ ਕਿਉਂਕਿ ਇਥੇ ਲੋਕਾਂ ਨੂੰ ਲਾਇਬ੍ਰੇਰੀ ਦੇ ਨਾਲ-ਨਾਲ ਕਈ ਲਰਨਿੰਗ ਗਤੀਵਿਧੀਆਂ ਵੀ ਕਰਵਾਈਆਂ ਰਹੀਆਂ ਹਨ, ਜੋ ਕਿ ਵਿਸ਼ੇਸ਼ ਕਰਕੇ ਸਾਡੇ ਨੌਜਵਾਨਾਂ ਲਈ ਕਾਫ਼ੀ ਲਾਭਦਾਇਕ ਸਾਬਤ ਹੋ ਰਹੀਆਂ ਹਨ। ਉਹ ਲਾਇਬ੍ਰੇਰੀ ਵਿਚ ਜ਼ਿਲ੍ਹਾ ਲਿਟਰੇਰੀ ਸੋਸਾਇਟੀ ਦੇ ਸਹਿਯੋਗ ਨਾਲ ਸ਼ੁਰੂ ਹੋਣ ਵਾਲੀ 5 ਰੋਜ਼ਾ 'ਕ੍ਰਿਏਟਿਵ ਰਾਈਟਿੰਗ ਵਰਕਸ਼ਾਪ' ਦਾ ਉਦਘਾਟਨ ਕਰਨ ਦੌਰਾਨ ਵਿਦਿਆਰਥੀਆਂ ਨੂੰ ਸੰਬੋਧਨ ਕਰ ਰਹੇ ਸਨ। ਇਸ ਦੌਰਾਨ ਉਨ੍ਹਾਂ ਨਾਲ ਪ੍ਰਸਿੱਧ ਲੇਖਕ ਅਤੇ ਜ਼ਿਲ੍ਹਾ ਲਿਟਰੇਸੀ ਸੋਸਾਇਟੀ ਦੇ ਚੀਫ ਪੈਟਰਨ ਖੁਸ਼ਵੰਤ ਸਿੰਘ, ਪ੍ਰਧਾਨ ਸਨਾ ਕੇ. ਗੁਪਤਾ, ਸਹਾਇਕ ਕਮਿਸ਼ਨਰ ਵਿਓਮ ਭਾਰਦਵਾਜ ਵੀ ਮੌਜੂਦ ਸਨ। ਡਿਪਟੀ ਕਮਿਸ਼ਨਰ ਨੇ ਕਿਹਾ ਕਿ 5 ਰੋਜ਼ਾ 'ਕ੍ਰਿਏਟਿਵ ਰਾਈਟਿੰਗ ਵਰਕਸ਼ਾਪ' ਵਿਚ ਰੋਜ਼ਾਨਾ ਦੋ ਘੰਟੇ ਦੀ ਕਲਾਸ ਲੱਗੇਗੀ, ਜਿਸ ਵਿਚ ਵਿਦਿਆਰਥੀਆਂ ਤੇ ਅਧਿਆਪਕਾਂ ਦੀ ਰਾਈਟਿੰਗ ਸਕਿੱਲ ਨੂੰ ਨਿਖਾਰਿਆ ਜਾਵੇਗਾ। ਉਨ੍ਹਾਂ ਦੱਸਿਆ ਕਿ ਆਯੋਜਨ ਦੇ ਪਹਿਲੇ ਦਿਨ ਕ੍ਰਿਏਟਿਵ ਰਾਈਟਿੰਗ ਨਾਲ ਜਾਣੂ ਕਰਵਾਇਆ




ਗਿਆ। ਇਸੇ ਤਰ੍ਹਾਂ ਦੂਜੇ ਦਿਨ ਕ੍ਰਾਫਟਿੰਗ ਕੰਪੈਲਿੰਗ ਕਰੈਕਟਰਸ ਤੇ ਸੈਟਿੰਗਜ ਦੀ ਵਿਧੀ ਤਿਆਰ ਕਰਨਾ, ਤੀਜੇ ਦਿਨ ਕਥਾ ਸਰੰਚਨਾ ਅਤੇ ਕਹਾਣੀ ਕਹਿਣ ਦੀ ਤਕਨੀਕ, ਚੌਥੇ ਦਿਨ ਵੱਖ-ਵੱਖ ਲੇਖਨ ਸ਼ੈਲੀਆਂ ਅਤੇ ਸ਼ੈਲੀਆਂ ਦੀ ਖੋਜ ਕਰਨਾ ਅਤੇ ਪੰਜਵੇਂ ਦਿਨ ਸੰਪਾਦਨ ਅਤੇ ਪ੍ਰਤੀਕ੍ਰਿਆ ਦਾ ਸੈਸ਼ਨ ਹੋਵੇਗਾ। ਉਨ੍ਹਾਂ ਦੱਸਿਆ ਕਿ ਇਸ ਵਰਕਸ਼ਾਪ ਵਿਚ 34 ਵਿਦਿਆਰਥੀਆਂ ਅਤੇ ਅਧਿਆਪਕਾਂ ਨੇ ਹਿੱਸਾ ਲਿਆ। ਉਨ੍ਹਾਂ ਕਿਹਾ ਕਿ ਵਰਕਸ਼ਾਪ ਵਿਚ ਮਾਊਂਟ ਕਾਰਮਲ ਸਕੂਲ, ਸੇਂਟ ਜੋਸਫ਼ ਕਾਨਵੈਂਟ ਸਕੂਲ ਤੋਂ ਇਲਾਵਾ ਹੋਰ ਪ੍ਰਾਈਵੇਟ ਸਕੂਲਾਂ ਅਤੇ ਸਰਕਾਰੀ ਸੀਨੀਅਰੀ ਸੈਕੰਡਰੀ ਸਕੂਲ ਘੰਟਾ ਘਰ, ਨਵੀ ਆਬਾਦੀ, ਸ਼ੇਰਗੜ੍ਹ, ਆਦਮਵਾਲ, ਪਿੱਪਲਾਂਵਾਲਾ, ਫਤਿਹਗੜ੍ਹ, ਪੁਰਹੀਰਾਂ, ਜਹਾਨਖੇਲਾਂ ਦੇ ਵਿਦਿਆਰਥੀਆਂ ਨੇ ਵੀ ਹਿੱਸਾ ਲਿਆ ਹੈ। ਆਉਣ ਵਾਲੇ ਸਮੇਂ ਵਿਚ ਡਿਜੀਟਲ ਲਾਇਬ੍ਰੇਰੀ ਵਿਚ ਪ੍ਰਤੀਯੋਗੀ ਪ੍ਰੀਖਿਆ ਦੀ ਤਿਆਰੀ ਵੀ ਕਰਵਾਈ ਜਾਵੇਗੀ।

ਇਸ ਦੌਰਾਨ ਵਰਕਸ਼ਾਪ ਵਿਚ ਖੁਸ਼ਵੰਤ ਸਿੰਘ ਅਤੇ ਸਨਾ ਕੇ.ਗੁਪਤਾ ਨੇ ਵਿਦਿਆਰਥੀਆਂ ਨੂੰ ਕ੍ਰਿਏਟਿਵ ਰਾਈਟਿੰਗ ਸਕਿੱਲ ਤੋਂ ਜਾਣੂ ਕਰਵਾਇਆ ਅਤੇ ਦੱਸਿਆ ਕਿ ਕਿਸ ਤਰ੍ਹਾਂ ਰਾਈਟਿੰਗ ਸਕਿੱਲ ਆਪ ਦੀ ਸਪ੍ਰਸਨੈਲਿਟੀ ਦੇ ਨਾਲ-ਨਾਲ ਕੈਰੀਅਰ ਨੂੰ ਸੰਵਾਰ ਸਕਦੀ ਹੈ। ਇਸ ਮੌਕੇ ਸਕੱਤਰ ਰੈਡ ਕਰਾਸ ਸੋਸਾਇਟੀ ਮੰਗੇਸ਼ ਸੂਦ, ਕੈਰੀਅਰ ਕਾਊਂਸਲਰ ਆਦਿਤਿਆ ਰਾਣਾ ਵੀ ਮੌਜੂਦ ਸਨ।

## ਰੇਲਵੇ ਪੁਲਸ ਥਾਣੇ ਦਾ ਉਦਘਾਟਨ ਧਾਰਮਿਕ ਸਮਾਗਮ ਨਾਲ ਹੋਇਆ

**ਸੰਗਰੂਰ (ਪ੍ਰਵੀਨ ਸਿੰਘ)**



ਰੇਲਵੇ ਸਟੇਸ਼ਨ ਵਿਖੇ ਰੇਲਵੇ ਪੁਲਸ ਥਾਣੇ ਦੀ ਬਣੀ ਨਵੀਂ ਬਿਲਡਿੰਗ ਦੇ ਉਦਘਾਟਨ ਮੌਕੇ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਸੰਗਰੂਰ ਜ਼ੋਨ ਵੱਲੋਂ ਵਿਸ਼ੇਸ਼ ਸਮਾਗਮ ਕੀਤਾ ਗਿਆ। ਲਾਭ ਸਿੰਘ, ਨਰਿੰਦਰ ਸਿੰਘ, ਗੁਰਨਾਮ ਸਿੰਘ, ਗੁਲਜ਼ਾਰ ਸਿੰਘ ਤੇ ਕੁਲਵੰਤ ਸਿੰਘ ਮੁਨਸ਼ੀ ਦੀ ਦੇਖ-ਰੇਖ ਹੇਠ ਹੋਏ। ਸਮਾਗਮ ਦੀ ਆਰੰਭਤਾ ਸੰਗਤੀ ਰੂਪ ਵਿੱਚ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਨਾਲ ਕੀਤੀ ਗਈ। ਉਪਰੰਤ ਸੁਰਿੰਦਰ ਪਾਲ ਸਿੰਘ ਸਿਦਕੀ ਤੇ ਅਰਵਿੰਦ ਸਿੰਘ ਦੇ ਜਥੇ ਨੇ ਰਸਭਿੰਨਾ ਕੀਰਤਨ ਤੇ ਵਿਆਖਿਆ ਕੀਤੀ। ਕੁਲਵੰਤ ਸਿੰਘ ਨਾਗਰੀ ਜੋਨਲ ਸਕੱਤਰ ਨੇ ਥਾਣਾ ਦੇ ਪੁਲਸ ਅਧਿਕਾਰੀਆਂ ਅਤੇ ਸਟਾਫ ਵੱਲੋਂ ਨਵੀਂ ਬਿਲਡਿੰਗ ਵਿੱਚ ਆਪਣੇ ਕੰਮ-ਕਾਜ ਨੂੰ ਸ਼ੁਰੂ ਕਰਨ ਕਰਨ ਤੋਂ ਪਹਿਲਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ ਕਰਕੇ ਆਸੀਰਵਾਦ ਲੈਣ ਦੇ ਇਸ ਉੱਦਮ ਦੀ ਪ੍ਰਸੰਸਾ ਕੀਤੀ ਤੇ ਸਟੱਡੀ ਸਰਕਲ ਦੇ ਕਾਰਜਾਂ ਤੇ ਰੌਸ਼ਨੀ ਪਾਈ। ਭਾਈ ਅਮਰਜੀਤ ਸਿੰਘ ਹੈੱਡ ਗ੍ਰੰਥੀ ਗੁਰਦੁਆਰਾ ਸਾਹਿਬ ਪੁਲਿਸ ਲਾਈਨ ਨੇ ਅਰਦਾਸ ਦੀ ਸੇਵਾ ਨਿਭਾਈ। ਇਸ ਮੌਕੇ ਪੁਲਸ ਪ੍ਰਸ਼ਾਸਨ ਵੱਲੋਂ ਜਗਮੋਹਨ ਸਿੰਘ ਸੋਹੀ ਡੀ ਐਸ ਪੀ, ਚਰਨਪਾਲ ਸਿੰਘ ਡੀ ਐਸ ਪੀ, ਜਗਜੀਤ ਸਿੰਘ ਐਸ ਐਚ ਓ, ਦੀਦਾਰ ਸਿੰਘ, ਜਗਦੀਪ ਸਿੰਘ, ਕੇਸਰ ਖਾਂ, ਭੀਮ ਸਿੰਘ, ਕਰਨੈਲ ਸਿੰਘ, ਗੁਰਜਿੰਦਰ ਸਿੰਘ, ਨਿਰਮਲ ਸਿੰਘ, ਸੁਖਪਾਲ ਸਿੰਘ ਆਦਿ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ। ਸਮਾਗਮ ਲਈ ਅਜਮੇਰ ਸਿੰਘ, ਗੁਰਮੇਲ ਸਿੰਘ, ਜਰਨੈਲ ਸਿੰਘ ਥਲੇਸਾਂ, ਹਰਵਿੰਦਰ ਸਿੰਘ ਪੱਪੂ, ਸੁਰਿੰਦਰ ਸਿੰਘ ਡੀ ਸੀ ਆਫ਼ਿਸ, ਗੁਰਜੰਟ ਸਿੰਘ ਤੋਂ ਇਲਾਵਾ ਜਸਵੀਰ ਕੌਰ, ਜੋਗਿੰਦਰ ਕੌਰ, ਹਰਵਿੰਦਰ ਕੌਰ, ਅਮਨਦੀਪ ਕੌਰ, ਹਰਕੀਰਤ ਕੌਰ, ਗੁਰਲਾਭ ਕੌਰ, ਕਰਨੈਲ ਕੌਰ ਆਦਿ ਦਾ ਵਿਸੇਸ ਸਹਿਯੋਗ ਰਿਹਾ। ਸਟੱਡੀ ਸਰਕਲ ਵੱਲੋਂ ਡੀ ਐਸ ਪੀ ਜਗਮੋਹਨ ਸਿੰਘ, ਚਰਨਪਾਲ ਸਿੰਘ, ਜਗਜੀਤ ਸਿੰਘ ਐਸ ਐਚ ਓ ਤੇ ਕੁਲਵੰਤ ਸਿੰਘ ਮੁਨਸ਼ੀ ਨੂੰ ਸਿਰੋਪਾਓ ਦੇ ਕੇ ਸਨਮਾਨਤ ਕੀਤਾ ਗਿਆ। ਸਮਾਗਮ ਦੀ ਸਮਾਪਤੀ ਉਪਰੰਤ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ।

## ਕਿਰਤੀਆਂ ਦੇ ਹੱਕਾਂ 'ਤੇ ਡਾਕੇ ਅਫਸਰਸ਼ਾਹੀ ਤੇ ਸਰਮਾਏਦਾਰੀ ਗਠਜੋੜ ਦਾ ਨਤੀਜਾ : ਚੌਹਾਨ

**ਭੀਖੀ/ ਮਾਨਸਾ (ਆਤਮਾ ਸਿੰਘ ਪਮਾਰ)**

ਕਿਰਤ ਵਿਭਾਗ ਦੀਆਂ ਮਨਮਾਨੀਆ ਤੇ ਖੱਜਲਖੁਆਰੀ ਕਾਰਨ ਕਿਰਤੀਆਂ ਵਿੱਚ ਰੋਹ ਅਤੇ ਰੋਸ ਦੀ ਲਹਿਰ ਫੈਲ ਰਹੀ ਹੈ, ਕਿਉਂਕਿ ਮਾਨਸਾ ਲੇਬਰ ਦਫਤਰ ਵਿਖੇ ਲੇਬਰ ਇੰਸਪੈਕਟਰ ਦੀ ਪੱਕੀ ਪੋਸਟਿੰਗ ਨਾ ਹੋਣ ਕਾਰਨ ਸੰਬੰਧਤ ਲਾਭਪਾਤਰੀਆਂ ਨੂੰ ਭਾਰੀ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਜਿਹਨਾਂ ਨੂੰ ਆਪਣੇ ਹੱਕਾਂ ਤੇ ਇਨਸਾਫ ਦਿਵਾਉਣ ਲਈ ਏਟਕ ਤੇ ਪੰਜਾਬ ਖੇਤ ਮਜ਼ਦੂਰਾਂ ਵੱਲੋਂ 21 ਜੂਨ ਨੂੰ ਧਰਨਾ ਦਿੱਤਾ ਜਾਵੇਗਾ। ਇਸ ਦੀ ਤਿਆਰੀ ਸੰਬੰਧੀ ਭੀਖੀ ਵਿਖੇ ਮਜ਼ਦੂਰ ਆਗੂਆਂ ਵੱਲੋ ਮੀਟਿੰਗ ਵੀ ਕੀਤੀ ਗਈ, ਜੋ ਕੇਵਲ ਸਮਾਓ ਤੇ ਮਨਦੀਪ ਭੋਲਾ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਨੂੰ ਸੰਬੋਧਨ ਕਰਦਿਆਂ ਪੰਜਾਬ ਖੇਤ ਮਜ਼ਦੂਰ ਸਭਾ ਦੇ ਸੂਬਾਈ ਮੀਤ ਪ੍ਰਧਾਨ ਕ੍ਰਿਸ਼ਨ ਚੌਹਾਨ ਤੇ ਏਟਕ ਆਗੂ ਕਰਨੈਲ ਭੀਖੀ ਨੇ ਕਿਹਾ ਕਿ ਲੰਮੇ ਸੰਘਰਸ਼ਾਂ ਤੇ ਕੁਰਬਾਨੀਆਂ ਕਰਕੇ ਕਿਰਤੀਆਂ ਦੇ ਹੱਕ ਵਿੱਚ ਬਣਾਏ ਲੇਬਰ ਕਾਨੂੰਨਾਂ ਨੂੰ ਕੁਚਲਣ ਅਤੇ ਹੱਕਾਂ 'ਤੇ ਵੱਜ ਰਹੇ ਡਾਕੇ, ਅਫਸ਼ਰਸਾਹੀ ਤੇ ਸਰਮਾਏਦਾਰੀ ਦੇ ਗਠਜੋੜ ਦਾ ਨਤੀਜਾ ਹੈ, ਜਿਸ ਖਿਲਾਫ ਕਿਰਤੀਆਂ ਨੂੰ ਇਕਜੁੱਟ ਹੋ ਕੇ ਸੰਘਰਸ਼ ਦੀ



ਲੋੜ ਸਮੇਂ ਦੀ ਮੁੱਖ ਮੰਗ ਹੈ। ਉਹਨਾ ਕੰਮ ਉਜਰਤ ਘੱਟੋ-ਘੱਟ 700 ਰੁਪਏ ਪ੍ਰਤੀ ਦਿਨ, ਕੰਮ ਦਿਹਾੜੀ, ਓਵਰ ਟਾਇਮ, ਹਫਤਾਵਾਰੀ ਤੇ ਗਜ਼ਟਿਡ ਛੁੱਟੀ ਦੇਣ, ਲਾਭਪਾਤਰੀ ਕਾਪੀਆਂ ਬਣਾਉਣ ਸਮੇ ਹੋ ਰਹੀ ਖੱਜਲ-ਖੁਆਰੀ ਤੇ ਲੁੱਟ ਨੂੰ ਰੋਕਣ, ਕਿਰਤੀਆਂ ਦੇ ਬਕਾਇਆ ਪਏ ਵਜ਼ੀਫੇ, ਪੈਨਸ਼ਨਾਂ ਸਮੇਤ ਹੋਰ ਸਹੂਲਤਾਂ ਦੀ ਪ੍ਰਾਪਤੀ ਲਈ ਸੰਘਰਸ਼ ਕੀਤਾ ਜਾਵੇਗਾ। ਖੇਤ ਮਜ਼ਦੂਰ ਆਗੂ ਕੇਵਲ ਸਮਾਓ ਤੇ ਕਿਸਾਨ ਆਗੂ ਰੂਪ ਢਿੱਲੋਂ ਨੇ ਮਨਰੇਗਾ ਕਾਨੂੰਨ ਦੇ ਕਾਮਿਆਂ ਨੂੰ ਕੰਸਟਰਸ਼ਨ ਵੈੱਲਫੇਅਰ ਬੋਰਡ ਅਧੀਨ ਲਾਭ ਦੇਣ ਸੰਬੰਧੀ ਸ਼ਾਮਲ ਕੀਤਾ ਗਿਆ ਸੀ, ਪਰੰਤੂ ਕੇਂਦਰ ਤੇ ਸੂਬਾਈ ਸਰਕਾਰ ਵੱਲੋਂ ਮਨਰੇਗਾ ਕਾਮਿਆਂ ਨੂੰ ਇਸ ਵਿੱਚੋਂ ਬਾਹਰ ਕਰ ਦਿੱਤਾ ਗਿਆ ਹੈ, ਉਸ ਤੋਂ ਸਾਫ ਜ਼ਾਹਰ ਹੈ ਕਿ ਸਰਕਾਰਾਂ ਸਰਮਾਏਦਾਰ ਘਰਾਣਿਆਂ ਨੂੰ ਖੁਸ਼ ਕਰਨ ਕਿਰਤ ਮਜ਼ਦੂਰ ਵਿਰੋਧੀ ਫੈਸਲੇ ਕਰ ਰਹੀਆਂ ਹਨ। ਆਗੂਆਂ ਕੇਂਦਰ ਸਰਕਾਰ ਤੋਂ ਇਸ ਫੈਸਲੇ ਨੂੰ ਤੁਰੰਤ ਵਾਪਸ ਲੈਣ ਦੀ ਮੰਗ ਵੀ ਕੀਤੀ ਅਤੇ ਧਰਨੇ ਵਿੱਚ ਸਾਥੀਆਂ ਨੂੰ ਪੁੱਜਣ ਦੀ ਅਪੀਲ ਕੀਤੀ।

## ਰਿਸ਼ੀਪਾਲ ਸਿੰਘ ਆਈ.ਏ.ਐੱਸ ਨੇ ਬਤੌਰ ਡੀ ਸੀ ਸੰਭਾਲਿਆ ਅਹੁਦਾ

**ਮਾਨਸਾ (ਆਤਮਾ ਸਿੰਘ ਪਮਾਰ)**-ਸ੍ਰੀ ਰਿਸ਼ੀਪਾਲ ਸਿੰਘ ਆਈ. ਏ. ਐੱਸ. ਨੇ ਡਿਪਟੀ ਕਮਿਸ਼ਨਰ ਵਜੋਂ ਆਪਣਾ ਅਹੁਦਾ ਸੰਭਾਲ ਲਿਆ ਹੈ। ਉਹ 2014 ਬੈਚ ਦੇ ਆਈ.ਏ.ਐੱਸ. ਅਧਿਕਾਰੀ ਹਨ। ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਪਹੁੰਚਣ 'ਤੇ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਸ੍ਰੀ ਟੀ.ਬੈਨਿਥ, ਐੱਸ.ਡੀ. ਐੱਮ. ਸ੍ਰੀ ਪ੍ਰਮੋਦ ਸਿੰਗਲਾ, ਸਹਾਇਕ ਕਮਿਸ਼ਨਰ ਸ੍ਰੀ ਹਰਜਿੰਦਰ ਸਿੰਘ ਜੱਸਲ, ਐਸ.ਪੀ. ਸ੍ਰੀ ਜਸਕੀਰਤ ਸਿੰਘ, ਜ਼ਿਲ੍ਹਾ ਮਾਲ ਅਫ਼ਸਰ ਸ੍ਰੀ ਸੁਖਰਾਜ ਸਿੰਘ ਢਿੱਲੋਂ ਤੋਂ ਇਲਾਵਾ ਹੋਰ ਅਧਿਕਾਰੀਆਂ ਨੇ ਵੀ ਉਨ੍ਹਾਂ ਦਾ ਸਵਾਗਤ ਕੀਤਾ ਤੇ ਉਨ੍ਹਾਂ ਪੰਜਾਬ ਪੁਲਸ ਦੀ ਟੁਕੜੀ ਤੋਂ ਸਲਾਮੀ ਵੀ ਲਈ। ਇਸ ਉਪਰੰਤ ਉਨ੍ਹਾਂ ਜ਼ਿਲ੍ਹਾ ਅਧਿਕਾਰੀਆਂ ਨਾਲ ਮੀਟਿੰਗ ਕਰਦਿਆਂ ਕਿਹਾ ਕਿ ਜ਼ਿਲ੍ਹੇ ਵਿੱਚ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਲੋਕ ਭਲਾਈ ਸਕੀਮਾਂ ਦਾ ਲਾਭ ਲੋੜਵੰਦ ਲੋਕਾਂ ਤੱਕ ਪੁਚਾਉਣਾ ਯਕੀਨੀ ਬਣਾਇਆ ਜਾਵੇ। ਉਨ੍ਹਾਂ ਕਿਹਾ ਕਿ ਜ਼ਿਲ੍ਹੇ ਵਿੱਚ ਚੱਲ ਰਹੇ ਵਿਕਾਸ ਕੰਮਾਂ ਵਿੱਚ ਤੇਜ਼ੀ ਲਿਆਂਦੀ ਜਾਵੇ ਅਤੇ ਕੰਮ ਦੀ ਗੁਣਵੱਤਾ ਦਾ ਵਿਸ਼ੇਸ ਧਿਆਨ ਰੱਖਿਆ ਜਾਵੇ। ਉਨ੍ਹਾਂ ਕਿਹਾ ਕਿ ਮਾਨਸਾ ਜ਼ਿਲ੍ਹੇ ਦੇ ਲੋਕਾਂ ਨਾਲ ਬਿਹਤਰ ਤਾਲਮੇਲ ਬਣਾ ਕੇ ਉਨ੍ਹਾਂ ਦੀਆਂ ਮੁਸ਼ਕਿਲਾਂ ਨੂੰ ਦੂਰ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਜ਼ਿਲ੍ਹੇ ਦੇ ਸਮੂਹ ਸਰਕਾਰੀ ਦਫ਼ਤਰਾਂ ਵਿੱਚ ਆਉਣ ਵਾਲੇ ਲੋਕਾਂ ਨੂੰ ਕੋਈ ਮੁਸ਼ਕਿਲ ਨਹੀਂ ਆਉਣ ਦਿੱਤੀ ਜਾਵੇਗੀ ਤੇ ਲੋਕਾਂ ਦੀਆਂ ਸ਼ਿਕਾਇਤਾਂ ਦਾ ਸਮੇਂ ਸਿਰ ਨਿਪਟਾਰਾ ਯਕੀਨੀ ਬਣਾਇਆ ਜਾਵੇਗਾ।


**ਉੱਤਰ ਰੇਲਵੇ**

ਆਜ਼ਾਦੀ ਦਾ ਅੰਮ੍ਰਿਤ ਮਹੋਤਸਵ

**ਟੈਂਡਰ ਨੋਟਿਸ ਨੰ: 02/2023-24 ਮਿਤੀ : 19.06.2023**

**ਭੰਡਾਰ ਦੀ ਆਪੂਰਤੀ ਲਈ ਮੰਗ ਟੈਂਡਰ**

**ਇਲੈਕਟ੍ਰੋਨਿਕ ਟੈਂਡਰ ਈ ਪ੍ਰਣਾਲੀ ਦੇ ਅੰਤਰਗਤ**

ਭਾਰਤ ਦੇ ਰਾਸ਼ਟਰਪਤੀ ਦੀ ਤਰਫ ਤੋਂ ਉਪ ਮੁੱਖ ਸਾਮਗਰੀ ਪ੍ਰਬੰਧਕ / ਉੱਤਰ ਰੇਲਵੇ / ਭੰਡਾਰ ਡਿਪੋ / ਯਾਂਤ੍ਰਿਕ ਕਾਰਖਾਨਾ/ਅੰਮ੍ਰਿਤਸਰ ਦੁਵਾਰਾ ਸੰਭਰਣਕਰਤਾਵਾਂ ਤੋਂ ਹੇਠਾ ਲਿਖੇ - ਟੈਂਡਰ ਮੰਗ ਕੀਤੀ ਜਾਂਦੀ ਹੈ:-

| ਲ. ਨੰ: | ਟੈਂਡਰ ਨੰਬਰ | ਮਾਲ ਦਾ ਵੇਰਵਾ | ਮਾਤਰਾ | ਟੈਂਡਰ ਖੁਲਣ ਦੀ ਮਿਤੀ |
|---|---|---|---|---|
| 1. | 94235187B | Supply, Erection, Installation and Commissioning of Automatic Axle Box Temperature Monitoring/Recording System at (i) BWZ, GILL & SNL (ii) BDGM, TMJK & SNJP (ii) JK, MOE & LDW as per Specification Attached. | 3+3+3=9 Nos. | 18.07.2023 |

**ਟੈਂਡਰ ਸ਼ਰਤਾਂ**- ireps ਦੀ ਵੈਬਸਾਈਟ **www.ireps.gov.in** ਉਤੇ ਉਪਲਬਧ ਹੈ। ਸਾਰੇ ਇਛੁਕ ਵਿਕ੍ਰੇਤਾਵਾਂ ਨੂੰ ਈ-ਟੈਂਡਰ ਵਿਚ ਭਾਗ ਲੈਣਾ ਅਤੇ ਰਜਿਸਟਰਡ ਕਰਾਣ ਦੇ ਲਈ ਭਾਰਤ ਸਰਕਾਰ ਆਈ ਟੀ ਅਧਿਨਿਯਮ 2000 ਦੇ ਤਹਿਤ ਪ੍ਰਾਧਿਕ੍ਰਿਤ ਪ੍ਰਮਾਣਿਤ ਏਜੰਸੀ ਤੋਂ ਕਲਾਸ - III ਡਿਜੀਟਲ ਪ੍ਰਮਾਣ ਪੱਤਰ (ਜੇਕਰ ਪਹਿਲਾ ਤੋਂ ਪ੍ਰਾਪਤ ਨਹੀਂ ਕੀਤਾ ਹੈ) ਪ੍ਰਾਪਤ ਕਰਨਾ ਹੋਵੇਗਾ। ਹੱਥ ਨਾਲ ਲਿਖੀ ਟੈਂਡਰ ਸਵੀਕਾਰ ਨਹੀਂ ਕੀਤੀ ਜਾਵੇਗੀ। 1884/2023

**ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ**


## ਬਘੌਰ 'ਚ ਮਲੇਰੀਆ ਜਾਗਰੂਕਤਾ ਸੰਬੰਧੀ ਕੈਂਪ ਲਾਇਆ



**ਖੰਨਾ (ਸੁਖਵਿੰਦਰ ਸਿੰਘ ਭਾਦਲਾ, ਪਰਮਿੰਦਰ ਸਿੰਘ ਮੋਨੂੰ)**-ਸਿਵਲ ਸਰਜਨ ਲੁਧਿਆਣਾ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸੀਨੀਅਰ ਮੈਡੀਕਲ ਅਫਸਰ ਇੰਚਾਰਜ ਸੀ. ਐੱਚ. ਸੀ. ਮਾਨੂੰਪੁਰ ਡਾਕਟਰ ਰਵੀ ਦੱਤ ਦੀ ਯੋਗ ਅਗਵਾਈ ਹੇਠ ਪਿੰਡ ਬਘੌਰ ਵਿਖੇ ਮਲੇਰੀਆ ਵਿਰੋਧੀ ਕੈਂਪ ਲਾਇਆ ਗਿਆ। ਇਸ ਕੈਂਪ ਵਿੱਚ ਜਰਨੈਲ ਸਿੰਘ ਹੈਲਥ ਸੁਪਰਵਾਈਜ਼ਰ ਨੇ ਦੱਸਿਆ ਕਿ ਮਲੇਰੀਆ ਬੁਖਾਰ ਮਾਦਾ ਮੱਛਰ (ਐਨੋਫਿਲਿਸ ਫੀਮੇਲ) ਦੇ ਕੱਟਣ ਨਾਲ ਫੈਲਦਾ ਹੈ। ਇਹ ਮੱਛਰ ਸਾਫ ਤੇ ਖੜੇ ਪਾਣੀ ਵਿੱਚ ਪੈਦਾ ਹੁੰਦਾ ਹੈ, ਇਸ ਕਰਕੇ ਆਪਣੇ ਘਰਾਂ ਨੇੜੇ ਨਿਕਾਸੀ ਤੇ ਬਰਸਾਤੀ ਪਾਣੀ ਜਮ੍ਹਾਂ ਨਾ ਹੋਣ ਦਿਓ। ਇਸ ਦੌਰਾਨ ਪਰਮਜੀਤ ਕੌਰ ਸਿਹਤ ਕਰਮਚਾਰੀ ਤੇ ਭੁਪਿੰਦਰ ਕੌਰ ਸੀ. ਐੱਚ. ਓ. ਨੇ ਦੱਸਿਆ ਕਿ ਮੱਛਰਾਂ ਤੋਂ ਬਚਾਓ ਲਈ ਰਾਤ ਨੂੰ ਸੌਣ ਸਮੇਂ ਮੱਛਰਦਾਨੀਆਂ ਦੀ ਵਰਤੋਂ ਕਰੋ ਤੇ ਮੱਛਰਾਂ ਨੂੰ ਭਜਾਉਣ ਵਾਲੀਆਂ ਧੂਫਾਂ ਜਾਂ ਕਰੀਮਾਂ ਦੀ ਵਰਤੋਂ ਕੀਤੀ ਜਾ ਸਕਦੀ ਹੈ। ਸਿਹਤ ਕਰਮਚਾਰੀ ਅਮਨਦੀਪ ਸਿੰਘ ਨੇ ਦੱਸਿਆ ਕਿ ਬੁਖਾਰ ਹੋਣ ਦੀ ਸੂਰਤ 'ਚ ਆਪਣੇ ਖੂਨ ਦੀ ਜਾਂਚ ਜਲਦੀ ਤੋਂ ਜਲਦੀ ਕਰਵਾਉਣੀ ਚਾਹੀਦੀ ਹੈ। ਇਹ ਜਾਂਚ ਸਾਰੇ ਸਰਕਾਰੀ ਹਸਪਤਾਲਾਂ ਵਿੱਚ ਮੁਫਤ ਕੀਤੀ ਜਾਂਦੀ ਹੈ। ਅਖੀਰ 'ਚ ਸਰਪੰਚ ਨਾਇਬ ਸਿੰਘ ਨੇ ਆਏ ਲੋਕਾਂ ਦਾ ਧੰਨਵਾਦ ਕੀਤਾ।

## ਅਗਲੇ ਸੈਸ਼ਨ 'ਚ ਇਲਾਕੇ ਨੂੰ ਮਿਲੇਗਾ +2 ਸਕੂਲ

**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**-ਪੁਰਾਣੀ ਊਨਾ ਤਹਿਸੀਲ ਤੇ ਹੁਣ ਸ੍ਰੀ ਅਨੰਦਪੁਰ ਸਾਹਿਬ ਦਾ ਸਭ ਤੋਂ ਪੁਰਾਣਾ ਦਸਗਰਾਈ ਸਕੂਲ ਆਖਰਕਾਰ ਹੁਣ +2 ਸਕੂਲ ਬਣ ਜਾਵੇਗਾ। ਹਿੰਦ ਕਮਿਊਨਿਸਟ ਪਾਰਟੀ ਮਾਰਕਸਵਾਦੀ ਦੇ ਜ਼ਿਲ੍ਹਾ ਸਕੱਤਰ ਕਾਮਰੇਡ ਸੁਰਜੀਤ ਸਿੰਘ ਢੇਰ ਨੇ ਦੱਸਿਆ ਕਿ ਬੀਤੇ ਦਿਨ ਇਹ ਭਰੋਸਾ ਮਾਸਟਰ ਸੁੱਚਾ ਸਿੰਘ ਖੱਟੜਾ ਦੀ ਅਗਵਾਈ ਹੇਠ ਇਲਾਕੇ ਦੇ ਸਰਪੰਚਾਂ ਅਤੇ ਹੋਰ ਮੋਹਤਬਰਾਂ ਦਾ ਇੱਕ ਵਫਦ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੂੰ ਉਨ੍ਹਾਂ ਦੇ ਪਿੰਡ ਗੰਭੀਰਪੁਰ ਗ੍ਰਹਿ ਵਿਖੇ ਮਿਲਿਆ। ਇਲਾਕੇ ਦੇ ਪਿੰਡਾਂ ਦੇ ਸਰਪੰਚਾਂ ਨੇ ਮੰਗ ਪੱਤਰ ਦਿੱਤਾ, ਜਿਸ ਵਿੱਚ ਮੰਗ ਕੀਤੀ ਗਈ ਸੀ ਕਿ ਸਰਕਾਰੀ ਹਾਈ ਸਕੂਲ ਦਸਗਰਾਈ ਨੂੰ ਅਪਗ੍ਰੇਡ ਕੀਤਾ ਜਾਵੇ ਅਤੇ ਸਾਇੰਸ ਵਿਸ਼ਿਆਂ ਦੇ ਗਰੁੱਪਾਂ ਸਮੇਤ ਲੈਕਚਰਾਰ ਵੀ ਦਿੱਤੇ ਜਾਣ। ਮੰਤਰੀ ਨੇ ਕਿਹਾ ਕਿ ਜੇਕਰ ਇਨ੍ਹਾਂ ਸਾਰੀਆਂ ਸਰਤਾਂ ਨਾਲ ਇਸ ਸਕੂਲ ਨੂੰ+2 ਅਪਗ੍ਰੇਡ ਕਰਨਾ ਹੈ ਤਾਂ ਇਸ ਕਾਰਜ ਲਈ ਅਗਲੇ ਵਿਦਿਅਕ ਵਰ੍ਹੇ ਤੱਕ ਉਡੀਕ ਕਰਨੀ ਪਏਗੀ। ਵਫਦ ਨੇ ਅਗਲੇ ਵਿਦਿਅਕ ਵਰ੍ਹੇ ਤੱਕ ਉਡੀਕ ਕਰਨੀ ਹੀ ਸਹੀ ਸਮਝੀ, ਕਿਉਂਕਿ ਪਿਛਲੀ ਸਰਕਾਰ ਵੱਲੋਂ ਪਿੰਡ ਮਹੈਣ ਵਿੱਚ ਖੋਲ੍ਹੇ ਕਾਲਜ ਵਿੱਚ ਇੱਕ ਵੀ ਪ੍ਰੋਫੈਸਰ, ਬਿਨਾਂ ਦਰਜਾ ਚਾਰ, ਇਥੋਂ ਤੱਕ ਕਿ ਇੱਕ ਵੀ ਕਮਰੇ ਤੋਂ ਬਿਨਾਂ ਦੋ ਸਾਲ ਤੋਂ ਖੋਲ੍ਹੇ ਕਾਲਜ ਦਾ ਇਲਾਕਾ ਧੋਖਾ ਹੰਢਾ ਰਿਹਾ ਹੈ। ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਆਉਣ ਵਾਲੇ ਦਿਨਾਂ ਵਿੱਚ ਪੰਜਾਬ ਸਰਕਾਰ ਵੱਲੋਂ ਦੇਣ ਵਾਲੀਆਂ ਨੌਕਰੀਆਂ ਵਿੱਚ 18000 ਕੇਵਲ ਸਿੱਖਿਆ ਵਿਭਾਗ ਵਿੱਚ ਦਿੱਤੀਆਂ ਜਾਣੀਆਂ ਹਨ। ਉਨ੍ਹਾਂ ਕਿਹਾ ਕਿ ਦਸਗਰਾਈ ਸਕੂਲ ਵਿੱਚ ਢਾਈ ਕਰੋੜ ਦੀ ਲਾਗਤ ਨਾਲ ਬਿਲਡਿੰਗ ਦਾ ਢਾਂਚਾ ਵੀ ਉਸਾਰਿਆ ਜਾਵੇਗਾ। ਇਸ ਸਕੂਲ ਨੂੰ ਨਮੂਨੇ ਦਾ ਸਕੂਲ ਬਣਾ ਦਿੱਤਾ ਜਾਵੇਗਾ। ਮੰਤਰੀ ਨੇ ਰੋਪੜ ਜ਼ਿਲ੍ਹੇ ਵਿੱਚ ਨਜਾਇਜ਼ ਫਾਰਗ ਸਿੱਖਿਆ ਕਰਮੀਆਂ ਦੇ ਸਕੈਂਡਲ ਦੀ ਮੁੜ ਪੜਤਾਲ ਕਰਾਉਣ ਦੀ ਵੀ ਜਾਣਕਾਰੀ ਦਿੱਤੀ। ਇਸ ਮੌਕੇ ਸਰਪੰਚ ਮਾਸਟਰ ਰਜਿੰਦਰ ਸਿੰਘ, ਸਰਪੰਚ ਗੁਰਜਿੰਦਰ ਸਿੰਘ ਨੰਬਰਦਾਰ, ਸਰਪੰਚ ਕੁਲਦੀਪ ਸਿੰਘ, ਸਰਪੰਚ ਰਾਜ ਕੁਮਾਰ, ਪੰਚ ਅਮਰੀਕ ਸਿੰਘ ਕਾਕੂ ਵੀ ਹਾਜ਼ਰ ਸਨ।

## ਜ਼ਿਲ੍ਹਾ ਰੁਜ਼ਗਾਰ ਤੇ ਕਾਰੋਬਾਰ ਬਿਊਰੋ ਵਿਖੇ ਭਲਕੇ ਲੱਗੇਗਾ ਰੁਜ਼ਗਾਰ ਕੈਂਪ



**ਸੰਗਰੂਰ (ਪ੍ਰਵੀਨ ਸਿੰਘ)**

ਜ਼ਿਲ੍ਹਾ ਰੋਜ਼ਗਾਰ ਉਤਪੱਤੀ, ਹੁਨਰ ਵਿਕਾਸ ਤੇ ਸਿਖਲਾਈ ਅਫ਼ਸਰ ਰਵਿੰਦਰਪਾਲ ਸਿੰਘ ਨੇ ਦੱਸਿਆ ਕਿ ਡਿਪਟੀ ਕਮਿਸ਼ਨਰ ਸੰਗਰੂਰ ਜਤਿੰਦਰ ਜੋਰਵਾਲ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਵੱਲੋਂ ਬੇਰੋਜ਼ਗਾਰ ਨੌਜਵਾਨਾਂ ਨੂੰ ਰੋਜ਼ਗਾਰ ਦੇ ਮੌਕੇ ਮੁਹੱਈਆ ਕਰਾਉਣ ਹਿੱਤ ਹਰ ਹਫ਼ਤੇ ਪਲੇਸਮੈਂਟ ਕੈਂਪ ਆਯੋਜਤ ਕੀਤੇ ਜਾਂਦੇ ਹਨ। -ਉਨ੍ਹਾਂ ਦੱਸਿਆ ਕਿ 21 ਜੂਨ ਨੂੰ ਐਲ.ਆਈ.ਸੀ ਕੰਪਨੀ ਦੇ ਸਹਿਯੋਗ ਨਾਲ ਏਜੰਸੀ ਮੈਨੇਜਰ, ਏਜੰਟ ਦੀ ਭਰਤੀ ਲਈ ਪਲੇਸਮੈਂਟ ਕੈਂਪ ਆਯੋਜਤ ਕੀਤਾ ਜਾ ਰਿਹਾ ਹੈ। ਇਸ ਭਰਤੀ ਲਈ ਪ੍ਰਸਾਰਾ ਐਕਟ 2005 ਦੇ ਤਹਿਤ ਘੱਟੋ-ਘੱਟ 10ਵੀਂ ਅਤੇ 12ਵੀਂ ਪਾਸ ਵਿੱਦਿਅਕ ਯੋਗਤਾ ਵਾਲੇ ਲੜਕੇ ਅਤੇ ਲੜਕੀਆਂ ਦੀ ਲੋੜ ਹੈ। ਇੰਟਰਵਿਊ ਵਿੱਚ ਹਾਜ਼ਰ ਹੋਣ ਵਾਲੇ ਪ੍ਰਾਰਥੀ ਰਸਮੀ (ਫਾਰਮਲ) ਪਹਿਰਾਵੇ ਵਿੱਚ ਆਉਣ ਅਤੇ ਸਾਰੇ ਵਿੱਦਿਅਕ ਯੋਗਤਾ ਦੇ ਦਸਤਾਵੇਜ਼ਾਂ ਦੀਆਂ ਫੋਟੋ ਸਟੇਟ ਕਾਪੀਆਂ ਅਤੇ ਸੰਖੇਪ ਯੋਗਤਾ ਵਿਵਰਣ ਪੱਤਰ (ਰਜ਼ਿਊਮ) ਨਾਲ ਲੈ ਕੇ ਆਉਣਾ ਯਕੀਨੀ ਬਣਾਉਣ।


CNR: MHLC01-000913-2023

**Publication जाहिर नोटीस**

जावक क्र. ३३७/२०२३
कामगार न्यायालय, मुंबई
नवीन प्रशासकीय इमारत,
तळ मजला, शासकीय वसाहत,
वांद्रे (पूर्व), मुंबई - ४०० ०५१.
दिनांक : १९/०६/२०२३

१० वे कामगार न्यायालय, मुंबई

श्रीम. जे. आर राऊत, न्यायाधीश, १० वे कामगार न्यायालय, मुंबई इनके सामने,
अर्ज (नुकसान भरपाई अर्ज) क्र. २१९/आय ६३/२०२३
मूळ अर्ज (नुकसान भरपाई अर्ज) क्र. २६९/बी- ५८/२०१७

1. Smt. Sukhjeet Kaur Sewa Singh (Widow)
2. Miss Manpreet Kaur Sewa Singh (Minor daughter)
3. Miss Gurnoor Kaur Sewa Singh (Minor Daughter)
All risiding at : Tarn-Taran, Tarn-Taran, Vairowal, Punjab 143118 ...अर्जदार

विरुद्ध

1. Mr. Iqbal Singh Sher Singh Thiraya (Sigma Roadlines)
202, Vasant Vihar Commercial Complex, Dr. C. G. Road,
Chembur Mumbai - 400 074
Motor Vehicle No. MH-04-FU-1900 ....विरुद्ध पक्ष नं. १

And

National Insurance Co. Ltd.,
Sterling Cinema Bldg., 5th Floor, 65,
Murzban Street, Fort, Mumbai- 400074 ....इंन्सूरर

सूचना

इस सूचना के द्वारा अवगत किया जाता है की, उपर दिये गये आवेदकने मयत Shri. Sewa Singh Gurbhajan Singh का काम करते समय दिनांक १०/१२/२०१६ को दुर्घटना से निधन हो गया और उनके निधन के पश्चात यह सब आवेदक इनके कानूनी वारिस है और इस न्यायालय में अर्जी दाखील किये है। इस बिमा कंपनीने रक्कम धनादेश के द्वारा कर्मचारी भरपाई आयुक्त, मुंबई मे जमा किया गया है । नुकसान भरपाई रक्कम रु. ११,७७,२१६/- (Rupees Eleven Lakhs Seventy Seven Thousand Two Hundred Sixteen Only) इतनी रक्कम उपरोक्त आवेदक ने कर्मचारी भरपाई आयुक्त कार्यालय, मुंबई मे जमा कि गयी उनको वितरण करने के लिये अर्जी दाखिल कि है। अत: इस सुचना तहत अवगत किया जाता है की इस न्यायालय, मे जमा कि गयी नुकसान भरपाई रक्कम आवेदको को प्रदान करने पर अगर किसी भी व्यक्ति अथवा व्यक्तियो की आपत्ती है या उसे विरोध है तो उस प्रकार कि सुचना प्रकाशीत होने के बाद न्यायालय मे दाखल करे। दि.०६/०७/२०२३ पश्चात प्राप्त विरोध या सुचना पर विचार नही किया जाएगा। इससे संबंधित लोक ध्यान रखे।

दिनांक : / / २०२३ तहत हस्ताक्षर शिक्का सहीत हस्ताक्षर कि गयी है।
सुनवाई कि तारीख : ०६/०७/२०२३.

शिक्का

आदेशावरुन,
सचिव
कामगार न्यायालय, मुंबई


## ਦੇਵ ਮਾਨ ਨੇ ਕੇਜਰੀਵਾਲ ਨਾਲ ਕੀਤੀ ਮੁਲਾਕਾਤ



**ਨਾਭਾ (ਵਰਿੰਦਰ ਵਰਮਾ)**-ਗੁਰਦੇਵ ਸਿੰਘ ਦੇਵ ਮਾਨ ਐਮ.ਐਲ.ਏ ਨੇ ਅਰਵਿੰਦ ਕੇਜਰੀਵਾਲ ਨਾਲ ਦਿੱਲੀ ਵਿਖੇ ਮੁੱਖ ਮੰਤਰੀ ਨਿਵਾਸ 'ਤੇ ਮੁਲਾਕਾਤ ਕੀਤੀ। ਦੇਵ ਮਾਨ ਨੇ ਨਾਭਾ ਵਿੱਚ ਇੱਕ ਸਾਲ ਅੰਦਰ ਕੀਤੇ ਕੰਮਾਂ ਬਾਰੇ ਜਾਣਕਾਰੀ ਦਿੱਤੀ। ਨਾਭਾ ਨਗਰ ਕੌਂਸਲ ਦਾ ਪੰਜਾਬ ਵਿੱਚੋਂ ਟੈਕਸ ਇਕੱਠਾ ਕਰਨ ਵਿੱਚ ਪਹਿਲਾ ਸਥਾਨ ਆਉਣਾ, ਨਾਭਾ ਨਗਰ ਕੌਂਸਲ ਲਈ ਦੋ ਕਰੋੜ ਦੀਆਂ ਕੂੜਾ ਸੁੱਟਣ ਵਾਲੀਆਂ ਗੱਡੀਆਂ, 3 ਟਰੈਕਟਰ-ਟਰਾਲੀਆਂ, ਪੋਪ ਮਸ਼ੀਨ ਲੈਣੀ, ਭਾਦਸੋਂ ਵਿੱਚ ਤਿੰਨ ਕਰੋੜ ਦਾ ਸੀਵਰੇਜ ਪਾਉਣਾ, ਨਾਭਾ ਵਿਧਾਨ ਸਭਾ ਵਿੱਚ 24 ਨਵੀਆਂ ਸੜਕ ਮਨਜ਼ੂਰ ਕਰਾਉਣਾ, ਨਾਭਾ ਨੂੰ ਕੂੜਾ ਮੁਕਤ ਕਰਨਾ, ਨਾਭਾ ਵਿਧਾਨ ਸਭਾ ਦੇ ਸਾਰੇ ਬੱਸ ਸਟੈਂਡ ਨਵੇ ਬਣਾਉਣ ਵੱਲ ਵਧਣਾ, ਸ਼ਹਿਰ 'ਚ ਤਿੰਨ ਨਵੇਂ ਬੱਸ ਸਟੈਂਡ ਬਣਾਉਣਾ, ਭਵਾਨੀਗੜ ਤੇ ਰੋਹਟੀ ਵਾਲੇ ਪੁਲ ਨੂੰ ਸੁੰਦਰ ਬਣਾਉਣਾ, ਗੁਰਦੁਆਰਾ ਸਾਹਿਬ ਘੋੜਿਆਂ ਵਾਲਾ ਦੇ ਬਾਹਰ ਸੁੰਦਰ ਲਾਇਟਾਂ ਲਾਉਣਾ, ਭਵਾਨੀਗੜ੍ਹ ਪੁਲ ਤੇ ਥ੍ਰੀ ਡੀ ਪੇਟਿੰਗ ਬਣਾਉਣਾ ਆਦਿ ਕੰਮਾਂ ਦੀ ਜਾਣਕਾਰੀ ਦੇਣ ਤੋਂ ਬਾਅਦ ਅਰਵਿੰਦ ਕੇਜਰੀਵਾਲ ਨੇ ਖੁਸ਼ ਹੋ ਕੇ ਦੇਵ ਮਾਨ ਨੂੰ ਸਾਬਾਸ਼ ਦਿੱਤੀ ਅਤੇ ਅੱਗੇ ਤੋਂ ਵੀ ਇਸ ਤਰ੍ਹਾਂ ਹੀ ਆਪਣੇ ਹਲਕੇ ਵਿਚ ਕੰਮ ਕਰਨ ਲਈ ਕਿਹਾ। ਇਸ ਮੌਕੇ ਕਪਿਲ ਮਾਨ, ਤੇਜਿੰਦਰ ਸਿੰਘ ਖਹਿਰਾ, ਪੰਕਜ ਪੱਪੂ, ਧਰਮਿੰਦਰ ਸਿੰਘ ਸੁਖੇਵਾਲ ਤੇ ਜਸਵੀਰ ਸਿੰਘ ਵਜੀਦਪੁਰ ਆਦਿ ਮੌਜੂਦ ਸਨ।

## ਸ਼ਹਿਰ ਨੂੰ ਸਾਫ਼-ਸੁਥਰਾ ਰੱਖਣਾ ਹਰ ਸ਼ਹਿਰ ਵਾਸੀ ਦੀ ਜ਼ਿੰਮੇਵਾਰੀ : ਜਿੰਪਾ




**ਹੁਸ਼ਿਆਰਪੁਰ (ਓ ਪੀ ਰਾਣਾ)**-ਕੈਬਨਿਟ ਮੰਤਰੀ ਬ੍ਰਮ ਸ਼ੰਕਰ ਜਿੰਪਾ ਨੇ ਕਿਹਾ ਕਿ ਸ਼ਹਿਰ ਨੂੰ ਸਾਫ-ਸੁਥਰਾ ਰੱਖਣਾ ਹਰ ਸ਼ਹਿਰ ਵਾਸੀ ਦੀ ਜ਼ਿੰਮੇਵਾਰੀ ਹੈ। ਉਨ੍ਹਾਂ ਕਿਹਾ ਕਿ ਹੁਸ਼ਿਆਰਪੁਰ ਨੂੰ ਦੇਸ਼ ਦੇ ਸਵੱਛ ਸ਼ਹਿਰਾਂ ਦੀ ਸ਼੍ਰੇਣੀ ਵਿਚ ਸ਼ਾਮਲ ਕੀਤਾ ਜਾਵੇਗਾ, ਜਿਸ ਲਈ ਨਗਰ ਨਿਗਮ ਵਲੋਂ ਕੋਈ ਕਮੀ ਨਹੀਂ ਛੱਡੀ ਜਾ ਰਹੀ ਹੈ। ਉਹ 'ਮੇਰਾ ਸ਼ਹਿਰ ਮੇਰਾ ਮਾਣ' ਮੁਹਿੰਮ ਤਹਿਤ ਵਾਰਡ ਨੰਬਰ 27 ਵਿਚ ਸਫ਼ਾਈ ਪੰਦਰਵਾੜੇ ਦੇ ਚੌਥੇ ਦਿਨ ਇਲਾਕਾ ਵਾਸੀਆਂ ਨੂੰ ਸੰਬੋਧਨ ਕਰ ਰਹੇ ਸਨ। ਇਸ ਦੌਰਾਨ ਉਨ੍ਹਾਂ ਨਾਲ ਮੇਅਰ ਸੁਰਿੰਦਰ ਕੁਮਾਰ, ਡਿਪਟੀ ਕਮਿਸ਼ਨਰ ਕੋਮਲ ਮਿੱਤਲ, ਸੀਨੀਅਰ ਡਿਪਟੀ ਮੇਅਰ ਪ੍ਰਵੀਨ ਸੈਣੀ, ਡਿਪਟੀ ਮੇਅਰ ਰਣਜੀਤ ਚੌਧਰੀ, ਸਹਾਇਕ ਕਮਿਸ਼ਨਰ ਸੰਦੀਪ ਤਿਵਾੜੀ ਵੀ ਮੌਜੂਦ ਸਨ। ਕੈਬਨਿਟ ਮੰਤਰੀ ਨੇ ਸ਼ਹਿਰ ਵਾਸੀਆਂ ਨੂੰ ਸ਼ਹਿਰ ਨੂੰ ਸਾਫ਼-ਸੁਥਰਾ ਰੱਖਣ ਦੀ ਅਪੀਲ ਕਰਦੇ ਹੋਏ ਕਿਹਾ ਕਿ ਇਸ ਦਿਸ਼ਾ ਵਿਚ ਨਗਰ ਨਿਗਮ ਹੁਸ਼ਿਆਰਪੁਰ ਵਲੋਂ ਜੰਗੀ ਪੱਧਰ 'ਤੇ ਮੁਹਿੰਮ ਚਲਾਈ ਗਈ ਹੈ, ਪਰੰਤੂ ਨਗਰ ਨਿਗਮ ਦਾ ਇਹ ਯਤਨ ਤਾਂ ਹੀ ਕਾਮਯਾਬ ਹੋ ਸਕਦਾ ਹੈ, ਜਦ ਸ਼ਹਿਰ ਵਾਸੀ ਪੂਰਾ ਸਹਿਯੋਗ ਦੇਣ। ਉਨ੍ਹਾਂ ਸ਼ਹਿਰ ਵਾਸੀਆਂ ਨੂੰ ਨਗਰ ਨਿਗਮ ਵਲੋਂ ਸ਼ੁਰੂ ਕੀਤੇ ਗਏ ਇਸ ਅਭਿਆਨ ਵਿਚ ਵੱਧ ਚੜ੍ਹ ਕੇ ਹਿੱਸਾ ਲੈਣ ਲਈ ਕਿਹਾ ਅਤੇ ਸਿੰਗਲ ਯੂਜ਼ ਪਲਾਸਟਿਕ ਦੀ ਵਰਤੋਂ ਅਤੇ ਵਿਕਰੀ ਨਾ ਕਰਨ ਦੀ ਅਪੀਲ ਕੀਤੀ। ਇਸ ਦੌਰਾਨ ਡਿਪਟੀ ਕਮਿਸ਼ਨਰ-ਕਮ-ਕਮਿਸ਼ਨਰ ਨਗਰ ਨਿਗਮ ਕੋਮਲ ਮਿੱਤਲ, ਸਕੱਤਰ ਨਗਰ ਨਿਗਮ ਜਸਵਿੰਦਰ ਸਿੰਘ, ਸੈਨੇਟਰੀ ਇੰਸਪੈਕਟਰ ਰਾਜੇਸ਼ ਕੁਮਾਰ, ਗੁਰਵਿੰਦਰ ਸਿੰਘ, ਕੁਲਵਿੰਦਰ ਸਿੰਘ ਹੁੰਦਲ, ਡੀ.ਐਚ.ਓ ਡਾ. ਲਖਵੀਰ ਸਿੰਘ ਅਤੇ ਹੋਰ ਕਰਮਚਾਰੀ ਵੀ ਮੌਜੂਦ ਸਨ।

## ਚਿੱਟੀ 'ਚ ਜੋੜ ਮੇਲਾ ਕਰਵਾਇਆ



**ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)**-ਪਿੰਡ ਚਿੱਟੀ ਵਿੱਚ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਆਮ ਆਦਮੀ ਪਾਰਟੀ ਦੇ ਆਗੂ ਸਰਤਾਜ ਸਿੰਘ ਦੀ ਅਗਵਾਈ ਹੇਠ ਜੋੜ ਮੇਲਾ ਕਰਵਾਇਆ ਗਿਆ। ਦੀਨਾਨਗਰ ਤੋਂ ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਸ਼ਮਸ਼ੇਰ ਸਿੰਘ ਨੇ ਪੰਜਾਬ ਦੀ ਅਗਵਾਈ ਕਰ ਰਹੀ ਭਗਵੰਤ ਮਾਨ ਸਰਕਾਰ ਵੱਲੋਂ ਇਕ ਸਾਲ ਅੰਦਰ ਹੀ ਲੋਕ ਹਿੱਤ 'ਚ ਲਏ ਇਤਿਹਾਸਕ ਫੈਸਲਿਆਂ ਬਾਰੇ ਜਾਣੂ ਕਰਵਾਉਂਦੇ ਹੋਏ ਕਿਹਾ ਕਿ ਬਿਜਲੀ ਬਿੱਲ ਮਾਫੀ ਦਾ ਇਕ ਇਤਿਹਾਸਕ ਫੈਸਲਾ ਹੈ। ਆਮ ਆਦਮੀ ਕਲੀਨਿਕ ਖੋਲ੍ਹਣਾ, 29684 ਨੌਜਵਾਨਾਂ ਨੂੰ ਸਰਕਾਰੀ ਨੌਕਰੀ ਦੇਣਾ ਇਤਿਹਾਸਕ ਫੈਸਲੇ ਹਨ ਅਤੇ ਅਜਿਹੇ ਫੈਸਲੇ ਅੱਗੋਂ ਵੀ ਲਏ ਜਾਣਗੇ। ਇਸ ਮੌਕੇ ਸਰਪੰਚ ਕੁਲਵਿੰਦਰ ਸਿੰਘ ਚਿੱਟੀ, ਗੁਰਜੀਤ ਸਿੰਘ ਚਿੱਟੀ, ਮਨਦੀਪ ਸਿੰਘ, ਬਲਕਾਰ ਸਿੰਘ, ਸਰਪੰਚ ਚੰਦਰ ਸ਼ੇਖਰ, ਰਣਜੀਤ ਸਿੰਘ ਰਾਣਾ, ਸੁਖਜਿੰਦਰ ਸਿੰਘ, ਜਗੀਰ ਸਿੰਘ, ਪੰਕਜ ਕੁਮਾਰ, ਗੋਲਡੀ ਧਕਾਲਾ, ਦਰਮੇਸ਼ ਕੁਮਾਰ , ਕੇ. ਵੀ. ਵਿੱਕੀ, ਲਾਡੀ, ਕਿਸਾਨ ਆਗੂ ਹਰਦੇਵ ਸਿੰਘ ਚਿੱਟੀ, ਗੁਰਵਿੰਦਰ ਸਿੰਘ ਚਿੱਟੀ, ਅਮਰਜੀਤ ਸਿੰਘ ਚਿੱਟੀ, ਜਰਨੈਲ ਸਿੰਘ, ਸੋਨੂੰ ਪਹਾੜੀਪੁਰ, ਐੱਸ. ਪੀ. ਸਿੰਘ, ਅਤੇ ਟੋਨੀ ਆਦਿ ਹਾਜ਼ਰ ਸਨ।

## ਨਸ਼ਿਆਂ ਖਿਲਾਫ਼ ਤੇ ਪਾਣੀ ਬਚਾਉਣ ਲਈ ਜਾਗੋ ਕੱਢੀ



**ਧੂਰੀ (ਸੁਖਦੇਵ ਧੂਰੀ)** ਅਰੁਣ ਕੁਮਾਰ ਸਹਾਇਕ ਡਾਇਰੈਕਟਰ ਯੁਵਕ ਸੇਵਾਵਾਂ ਵਿਭਾਗ, ਸੰਗਰੂਰ (ਪੰਜਾਬ) ਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਧੂਰੀ ਪਿੰਡ ਦੇ ਪ੍ਰਿੰਸੀਪਲ ਰੇਖਾ ਰਾਣੀ ਦੇ ਦਿਸ਼ਾ-ਨਿਰਦੇਸ਼ਾਂ ਹੇਠ ਐਨ.ਐਸ.ਐਸ. ਯੂਨਿਟ ਦੇ ਪ੍ਰੋਗਰਾਮ ਅਫਸਰ ਸੁਖਵੀਰ ਸਿੰਘ ਦੀ ਅਗਵਾਈ ਵਿੱਚ ਸਕੂਲ ਵਿਖੇ ਵਲੰਟੀਅਰਾਂ ਨੇ ਨਸ਼ਿਆਂ ਖਿਲਾਫ ਅਤੇ ਪਾਣੀ ਨੂੰ ਬਚਾਉਣ ਲਈ ਇਕਰੋਜ਼ਾ ਜਾਗੋ ਰੈਲੀ ਅਤੇ ਸਕੂਲ ਦੀਆਂ ਛੱਤਾਂ, ਪਾਰਕਾਂ ਲਈ ਸਫ਼ਾਈ ਲਈ ਕੈਂਪ ਲਾਇਆ ਗਿਆ। ਕੈਂਪ ਦੌਰਾਨ ਅਮਨਪ੍ਰੀਤ ਸਿੰਘ, ਲਵਪ੍ਰੀਤ ਸਿੰਘ ਤੇ ਪ੍ਰਦੀਪ ਸਿੰਘ ਨੇ ਵਿਸ਼ੇਸ਼ ਸਹਿਯੋਗ ਦਿੱਤਾ। ਕੈਂਪ ਦੌਰਾਨ ਬੱਚਿਆਂ ਨੂੰ ਰਿਫਰੈਸ਼ਮੈਂਟ ਵੀ ਦਿੱਤੀ ਗਈ।

## ਐਲਾਨੀ ਡੀ ਏ ਦੀ ਕਿਸ਼ਤ ਤੁਰੰਤ ਜਾਰੀ ਕਰੇ ਸਰਕਾਰ : ਰਿਖੀ



**ਭੀਖੀ (ਧਰਮਵੀਰ ਸ਼ਰਮਾ)**-ਮਾਨਯੋਗ ਹਾਈਕੋਰਟ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਪੰਜਾਬ ਸਰਕਰ ਵੱਲੋਂ ਮੁਲਾਜ਼ਮਾਂ ਨੂੰ ਕੁੱਝ ਮਹੀਨੇ ਦਾ ਡੀਏ ਦੇਣ ਦਾ ਐਲਾਨ ਕੀਤਾ ਗਿਆ ਸੀ, ਪਰ ਪੰਜਾਬ ਮੰਡੀਕਰਨ ਬੋਰਡ ਵੱਲੋਂ ਹਾਲੇ ਤੱਕ ਇਹ ਹੁਕਮ ਅਮਲ ਵਿੱਚ ਨਾ ਲਿਆਉਣ ਦੀ ਨਿੰਦਾ ਕਰਦਿਆਂ ਪੰਜਾਬ ਮਾਰਕਿਟ ਕਮੇਟੀ ਕਰਮਚਾਰੀ ਯੂਨੀਅਨ ਦੇ ਸਾਬਕਾ ਸੂਬਾ ਪ੍ਰਧਾਨ ਇੰਦਰਜੀਤ ਰਿਖੀ ਨੇ ਸੂਬਾ ਸਰਕਾਰ ਤੋਂ ਮੰਗ ਕੀਤੀ ਹੈ ਕਿ ਸਰਕਾਰ ਵੱਲੋਂ ਐਲਾਨੇ ਡੀਏ ਦੀ ਕਿਸ਼ਤ ਜਲਦੀ ਜਾਰੀ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਜੇਕਰ ਮੰਡੀਕਰਨ ਬੋਰਡ ਕਿਸ਼ਤ ਦੇਣ ਵਿੱਚ ਢਿੱਲ ਵਰਤਦਾ ਹੈ ਤਾਂ ਸਮੂਹ ਕ੍ਰਮਚਾਰੀ ਸੰਘਰਸ਼ ਵਿੱਢਣ ਲਈ ਮਜਬੂਰ ਹੋਣਗੇ। ਉਨ੍ਹਾਂ ਕਿਹਾ ਕਿ ਸਾਬਕਾ ਮੁਲਾਜ਼ਮਾਂ ਦੇ ਵਿੱਤੀ ਹਾਲਾਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਪੰਜਾਬ ਸਰਕਾਰ ਉਨ੍ਹਾਂ ਪ੍ਰਤੀ ਉਚਿਤ ਫੈਸਲਾ ਲਵੇ ਤਾਂ ਉਹ ਆਪਣੀ ਰਹਿੰਦੀ ਜ਼ਿੰਦਗੀ ਆਰਾਮ ਨਾਲ ਗੁਜ਼ਾਰ ਸਕਣ। ਉਨ੍ਹਾਂ ਕਿਹਾ ਕਿ ਹਜ਼ਾਰਾਂ ਦੀ ਗਿਣਤੀ ਵਿੱਚ ਸੇਵਾਮੁਕਤ ਕ੍ਰਮਚਾਰੀ ਪਿਛਲੇ ਕਈ ਸਾਲਾਂ ਤੋਂ ਆਪਣਾ ਏਰੀਅਰ ਉਡੀਕ ਰਹੇ ਹਨ, ਪ੍ਰੰਤੂ ਪੰਜਾਬ ਸਰਕਾਰ ਇਹ ਏਰੀਅਰ ਦੇਣ ਲਈ ਗੰਭੀਰ ਨਹੀਂ ਹੈ। ਉਨ੍ਹਾਂ ਮੰਗ ਕੀਤੀ ਕਿ ਪੰਜਾਬ ਸਰਕਾਰ ਇਹ ਡੀਏ ਦੀ ਰਾਸ਼ੀ ਤੁਰੰਤ ਰਿਲੀਜ਼ ਕਰੇ।

## ਧਾਰਮਿਕ ਸਿੱਖਿਆ 'ਚ ਬੱਚਿਆਂ ਵੱਲੋਂ ਸ਼ਾਨਦਾਰ ਪ੍ਰਦਰਸ਼ਨ

**ਸਰਹਾਲੀ ਕਲਾਂ (ਹਰਪ੍ਰੀਤ ਸਿੰਘ ਚੰਬਾ)**-ਗੁਰੂ ਗੋਬਿੰਦ ਸਿੰਘ ਕਾਨਵੈਂਟ ਸਕੂਲ ਪਿੰਡ ਸੁਹਾਵਾ, ਜ਼ਿਲ੍ਹਾ ਤਰਨ ਤਾਰਨ ਜੋ ਕਿ ਮਹਾਨ ਸ਼ਖਸੀਅਤ ਸੰਤ ਬਾਬਾ ਸੁੱਖਾ ਸਿੰਘ ਜੀ ਦੀ ਸਰਪ੍ਰਸਤੀ ਹੇਠ ਚਲ ਰਿਹਾ, ਦੇ ਵਿਦਿਆਰਥੀ ਅਤੇ ਵਿਦਿਆਰਥਣਾਂ ਹਰ ਖੇਤਰ 'ਚ ਸ਼ਾਨਦਾਰ ਮੱਲਾਂ ਮਾਰ ਰਹੇ ਹਨ ਚਾਹੇ ਉਹ ਪੜ੍ਹਾਈ ਦਾ ਖੇਤਰ ਹੋਵੇ ਜਾਂ ਫਿਰ ਖੇਡਾਂ ਦਾ ਤੇ ਜਾਂ ਹੋਵੇ ਧਾਰਮਿਕ ਸਿੱਖਿਆ ਦਾ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕਰਵਾਈ ਗਈ ਸਾਲ 2022-23 ਦੀ ਧਾਰਮਿਕ ਪ੍ਰੀਖਿਆ ਵਿੱਚੋਂ ਇਸ ਸਕੂਲ ਦੀਆਂ ਪਹਿਲੇ ਦਰਜੇ 'ਤੇ ਰਹੀਆਂ 10 ਵਿਦਿਆਰਥਣਾਂ ਨੂੰ 1100 ਰੁਪਏ ਅਤੇ ਦੂਜੇ ਦਰਜੇ ਦੀਆਂ 4 ਵਿਦਿਆਰਥਣਾਂ ਨੂੰ 2100 ਰੁਪਏ ਵਜ਼ੀਫਾ ਦੇਣਾ ਐਲਾਨਿਆ। ਇਹ ਗੱਲ ਦੱਸਣਯੋਗ ਹੈ ਕਿ ਸੰਤ ਬਾਬਾ ਸੁੱਖਾ ਸਿੰਘ ਦੀ ਪ੍ਰੇਰਨਾ ਅਤੇ ਅਸ਼ੀਰਵਾਦ ਸਦਕਾ ਸਕੂਲ ਦੇ ਵਿਦਿਆਰਥੀ ਅਤੇ ਵਿਦਿਆਰਥਣਾਂ ਨੂੰ ਗੁਰਬਾਣੀ ਵਿੱਚ ਗਹਿਰੀ ਸ਼ਰਧਾ ਹੈ ਤੇ ਸਕੂਲ ਦੇ ਬਹੁਤ ਸਾਰੇ ਬੱਚੇ ਘਰਾਂ ਵਿੱਚ ਸਿੱਖ ਰਹਿਤ ਮਰਿਆਦਾ ਦਾ ਪਾਲਣ ਕਰਦੇ ਹਨ।


**ਉੱਤਰ ਰੇਲਵੇ**

ਆਜ਼ਾਦੀ ਦਾ ਅੰਮ੍ਰਿਤ ਮਹੋਤਸਵ

**ਈ-ਨਿਵਿਦਾ ਸੂਚਨਾ**

**Tender Notice No:- 770-W/169/WA-1/FZR/74-2023-24-ADEN-II-FZR, 75-2023-24-ADEN-II-FZR & 76-2023-24- ADEN-LDH**

ਸੀਨੀਅਰ ਮੰਡਲ ਇੰਜੀਨੀਅਰ-ਫਸਟ, ਫਿਰੋਜ਼ਪੁਰ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਹੇਠਾਂ ਲਿਖਤ ਈ-ਨਿਵਿਦਾਵਾਂ, ਅੰਤਮ ਮਿਤੀ 06.07.2023 ਸਮਾਂ 15:00 ਵਜੇ ਤਕ www.ireps.gov.in ਤੇ ਮੰਗ ਕੀਤੀ ਜਾਂਦੀ ਹੈ। ਨਿਵਿਦਾਕਰਤਾ ਆਪਣੇ ਮੂਲ/ਸੰਸ਼ੋਧਿਤ ਟੈਂਡਰ ਬੰਦ ਹੋਣ ਦੀ ਮਿਤੀ ਅਤੇ ਸਮੇਂ ਤਕ ਪੇਸ਼ ਕਰ ਸਕਦੇ ਹਨ। ਮੈਨੂੰਅਲ ਪ੍ਰਸਤਾਵ ਇਸ ਟੈਂਡਰ ਦੇ ਲਈ ਮਾਨਯ ਨਹੀਂ ਹਨ ਅਤੇ ਐਸੇ ਕਿਸੇ ਵੀ ਪ੍ਰਸਤਾਵ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ। ਠੇਕੇਦਾਰ ਨੂੰ ਕੇਵਲ ਆਈਆਰਈਪੀਐਸ ਪੋਰਟਲ ਤੇ ਉਪਲਬਧ ਭੁਗਤਾਨ ਮੋਡ ਜਿਵੇਂ ਨੈਟ ਬੈਂਕਿੰਗ, ਡੇਬਿਟ ਕਾਰਡ, ਕਰੈਡਿਟ ਕਾਰਡ ਆਦਿ ਦੇ ਮਾਧਿਅਮ ਨਾਲ ਨਿਵਿਦਾ ਦਸਤਾਵੇਜ ਲਾਗਤ ਅਤੇ ਬਿਆਨਾ ਰਾਸ਼ੀ ਦੇ ਲਈ ਇਸ ਨਿਵਿਦਾ ਦੇ ਲਈ ਭੁਗਤਾਨ ਕਰਨ ਦੀ ਇਜਾਜਤ ਹੈ। ਡਿਮਾਂਡ ਡ੍ਰਾਫਟ, ਬੈਂਕਰ ਚੈਕ, ਜਮ੍ਹਾ ਰਸੀਦ, ਐਫਡੀਆਰ ਆਦਿ ਦੇ ਮਾਧਿਅਮ ਨਾਲ ਮੈਨੂੰਅਲ ਭੁਗਤਾਨ ਦੀ ਇਜਾਜਤ ਨਹੀਂ ਹੈ।

| ਨਿਵਿਦਾ ਪ੍ਰਕਾਰ | ਨਿਵਿਦਾ ਅਨੁਭਾਗ | ਬੋਲੀ ਪ੍ਰਣਾਲੀ |
|---|---|---|
| ਖੁਲ੍ਹਾ | ਕੰਮ | ਏਕਲ ਬੋਲੀ ਪ੍ਰਣਾਲੀ |
| ਨਿਵਿਦਾ ਅਪਲੋਡ ਕਰਨ ਦੀ ਮਿਤੀ | ਬੋਲੀ ਸ਼ੁਰੂ ਦੀ ਮਿਤੀ | ਬੋਲੀ ਸਮਾਪਨ ਦੀ ਮਿਤੀ ਅਤੇ ਸਮਾਂ |
| 14.06.2023 | 22.06.2023 | 06.07.2023 |

| ਲ.ਨੰ. | ਨਿਵਿਦਾ ਸੰਖਿਆ | ਨਿਵਿਦਾ ਦਾ ਵੇਰਵਾ | | |
|---|---|---|---|---|
| 1 | 74-2023-24-ADEN-II-FZR | ਸਹਾਇਕ ਮੰਡਲ ਇੰਜੀਨੀਅਰ-ਫਿਰੋਜ਼ਪੁਰ ਦੇ ਅਧਿਕਾਰ ਖੇਤਰ ਵਿਚ ਪੈਂਦੇ ਸੈਕਸ਼ਨ ਵਿਚ LHS ਤੋਂ ਪਾਣੀ ਦੇ ਨਿਕਾਸ ਦਾ ਕੰਮ ਕਰਨਾ। | | |
| | | ਵਿਗਿਆਪਨ ਮੂਲ (ਰੁ.) | ਆਫਰ ਦੀ ਵੈਲੇਡਿਟੀ | ਸਮਾਪਨ ਦਾ ਸਮਾਂ |
| | | 2999773.80 | 60 ਦਿਨ | 06 ਮਹੀਨੇ |
| 2 | 75-2023-24-ADEN-II-FZR | ਸਹਾਇਕ ਮੰਡਲ ਇੰਜੀਨੀਅਰ-ਫਿਰੋਜ਼ਪੁਰ ਦੇ ਅਧਿਕਾਰ ਖੇਤਰ ਵਿਚ ਪੈਂਦੇ ਸੈਕਸ਼ਨ ਵਿਚ LHS ਤੋਂ ਪਾਣੀ ਦੇ ਨਿਕਾਸ ਦਾ ਕੰਮ ਕਰਨਾ। | | |
| | | ਵਿਗਿਆਪਨ ਮੂਲ (ਰੁ.) | ਆਫਰ ਦੀ ਵੈਲੇਡਿਟੀ | ਸਮਾਪਨ ਦਾ ਸਮਾਂ |
| | | 2999759.36 | 60 ਦਿਨ | 06 ਮਹੀਨੇ |
| 3 | 76-2023-24-ADEN-II-LDH | ਸਹਾਇਕ ਮੰਡਲ ਇੰਜੀਨੀਅਰ-ਫਿਰੋਜ਼ਪੁਰ ਦੇ ਅਧਿਕਾਰ ਖੇਤਰ ਵਿਚ ਪੈਂਦੇ ਸੈਕਸ਼ਨ ਵਿਚ LHS ਤੋਂ ਪਾਣੀ ਦੇ ਨਿਕਾਸ ਦਾ ਕੰਮ ਕਰਨਾ। | | |
| | | ਵਿਗਿਆਪਨ ਮੂਲ (ਰੁ.) | ਆਫਰ ਦੀ ਵੈਲੇਡਿਟੀ | ਸਮਾਪਨ ਦਾ ਸਮਾਂ |
| | | 1999807.24 | 60 ਦਿਨ | 06 ਮਹੀਨੇ |

1858/23

**ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ**



**SMFG INDIA CREDIT COMPANY LIMITED**
**(formerly Fullerton India Credit Company Limited)**
Corporate Office: 10th Floor, Office No. 101,102 & 103, 2 North Avenue, Maker Maxity, Bandra Kurla Complex, Bandra (E), Mumbai - 400051.

**ਡਿਮਾਂਡ ਨੋਟਿਸ**

ਦਾ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐਂਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਿਟੀ ਇੰਟਰੈਸਟ ਐਕਟ, 2002 ('ਦਾ ਐਕਟ') ਅਤੇ ਸਕਿਉਰਿਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼, 2002 ('ਦਾ ਰੂਲਜ਼') ਦੀਆਂ ਵਿਵਸਥਾਵਾਂ ਤਹਿਤ ਨਿਮਨਹਸਤਾਖਰੀ ਨੇ ਐੱਸ ਐੱਮ ਐੱਫ ਜੀ ਇੰਡੀਆ ਕ੍ਰੈਡਿਟ ਕੰਪਨੀ ਲਿਮ: (ਪਹਿਲਾਂ ਫੁਲਰਟੋਨ ਇੰਡੀਆ ਕਰੈਡਿਟ ਕੰਪਨੀ ਲਿਮ:) ਦੇ ਅਧਿਕਾਰਤ ਅਫਸਰ ਵਜੋਂ ਐਕਟ ਅਧੀਨ ਐਕਟ ਅਤੇ ਨਿਯਮ 3 ਨਾਲ ਪੜ੍ਹੇ ਜਾਂਦੇ ਐਕਟ ਦੇ ਸੈਕਸ਼ਨ 13 (12) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦਰਸਾਏ ਕਰਜ਼ਦਾਰਾਂ ਨੂੰ ਸੰਬੰਧਤ ਨੋਟਿਸਾਂ 'ਚ ਦਰਸਾਈ ਗਈ ਰਕਮ ਨੋਟਿਸ ਦੀ ਪ੍ਰਾਪਤੀ ਮਿਤੀ ਤੋਂ 60 ਦਿਨਾਂ ਦੇ ਅੰਦਰ ਵਾਪਸ ਮੋੜਨ ਲਈ ਐਕਟ ਦੇ ਸੈਕਸ਼ਨ 13 (2) ਤਹਿਤ ਡਿਮਾਂਡ ਨੋਟਿਸ ਜਾਰੀ ਕੀਤਾ ਸੀ। ਨਿਮਨਹਸਤਾਖਰੀ ਨੂੰ ਵਾਜਬ ਯਕੀਨ ਹੋ ਗਿਆ ਹੈ ਕਿ ਕਰਜ਼ਦਾਰ ਡਿਮਾਂਡ ਨੋਟਿਸਾਂ ਦੀ ਤਾਮੀਲ ਟਾਲ ਰਹੇ ਹਨ, ਇਸ ਲਈ ਨਿਯਮਾਂ ਅਨੁਸਾਰ ਨੋਟਿਸ ਚਿਪਕਾ ਕੇ ਅਤੇ ਪ੍ਰਕਾਸ਼ਤ ਕਰਕੇ ਤਾਮੀਲ ਕਰਵਾਈ ਜਾ ਰਹੀ ਹੈ। ਡਿਮਾਂਡ ਨੋਟਿਸ ਦੀ ਵਿਸ਼ਾ ਸੂਚੀ ਹੇਠਾਂ ਦਰਸਾਈ ਜਾ ਰਹੀ ਹੈ :

| ਕਰਜ਼ਦਾਰਾਂ ਦਾ ਨਾਂਅ | ਡਿਮਾਂਡ ਨੋਟਿਸ ਦੀ ਮਿਤੀ ਰਕਮ | ਅਚੱਲ ਜਾਇਦਾਦ/ ਗਹਿਣੇ ਰੱਖੀਆਂ ਜਾਇਦਾਦਾਂ ਦਾ ਵੇਰਵਾ |
|---|---|---|
| 1. ਜਸਵੰਤ ਸਿੰਘ<br>2. ਚਰਨਜੀਤ ਕੌਰ<br>3. ਜਗਤਾਰ ਸਿੰਘ<br>4. ਗੁਰਦੇਵ ਸਿੰਘ<br>ਖਾਤਾ ਨੰ:<br>**197620910651307** | 8.6.2023, 6.6.2023 ਨੂੰ ਰੁਪਏ : 26,81,100/- | ਜਾਇਦਾਦ ਰਕਬਾ 4 ਮਰਲੇ ਹੱਦਾਂ : ਪੂਰਬ : ਸਤਪਾਲ, ਪੱਛਮ : ਗੁਲਜ਼ਾਰ, ਉੱਤਰ : ਪ੍ਰੇਮ, ਦੱਖਣ : ਰਸਤਾ, ਖਸਰਾ ਨੰ: 254/2 (2-14) ਹਿੱਸਾ 1/27, ਖੱਤਾ ਨੰ: 227/257, ਵਾਕਿਆ ਰਕਬਾ ਜਾਡਲਾ, ਤਹਿ: ਨਵਾਂਸ਼ਹਿਰ, ਜਮ੍ਹਾਂਬੰਦੀ ਸਾਲ 1987-1988 |

ਕਰਜ਼ਦਾਰਾਂ ਨੂੰ ਨੋਟਿਸਾਂ ਦੀ ਪਾਲਣਾ ਅਤੇ ਉਹਨਾਂ 'ਚ ਅਤੇ ਇੱਥੇ ਉੱਪਰ ਦਰਸਾਈ ਰਕਮ ਸਮੇਤ ਮੁਕੰਮਲ ਰਕਮ ਦੀ ਅਦਾਇਗੀ ਦੀ ਮਿਤੀ ਤੱਕ ਲਾਗੂ ਵਿਆਜ, ਵਾਧੂ ਵਿਆਜ, ਬਾਊਂਸ ਚਾਰਜਿਜ, ਲਾਗਤ ਅਤੇ ਖਰਚੇ ਦੇ ਇਸ ਪ੍ਰਕਾਸ਼ਨਾ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਅਦਾਇਗੀ ਕਰਨ ਦੀ ਹਦਾਇਤ ਕੀਤੀ ਜਾਂਦੀ ਹੈ। ਕਰਜ਼ਦਾਰ ਧਿਆਨ ਦੇਣ ਕਿ ਐੱਸ ਐੱਮ ਐੱਫ ਜੀ ਇੰਡੀਆ ਕ੍ਰੈਡਿਟ ਇੱਕ ਸਕਿਉਰਡ ਕ੍ਰੈਡਿਟਰ ਹੈ ਅਤੇ ਕਰਜ਼ਦਾਰ ਵੱਲੋਂ ਪ੍ਰਾਪਤ ਕੀਤੀ ਗਈ ਕਰਜ਼ਾ ਸਹੂਲਤ ਕਰਜ਼ਦਾਰ ਵੱਲੋਂ ਗਹਿਣੇ ਰੱਖੀਆਂ ਜਾਇਦਾਦਾਂ ਜੋ ਸਕਿਉਰਡ ਐੱਸਟ ਹੈ, ਵਿਰੁੱਧ ਸਕਿਉਰਡ ਡੈਬਿਟ ਹੈ। ਜੇਕਰ ਕਰਜ਼ਦਾਰ ਨਿਰਧਾਰਤ ਸਮੇਂ ਅੰਦਰ ਸਾਰੀਆਂ ਦੇਣਦਾਰੀਆਂ ਦਾ ਨਿਪਟਾਰਾ ਕਰਨ 'ਚ ਅਸਫਲ ਰਹਿੰਦਾ ਹੈ, ਐੱਸ ਐੱਮ ਐੱਫ ਜੀ ਇੰਡੀਆ ਕ੍ਰੈਡਿਟ ਐਕਟ ਦੇ ਸੈਕਸ਼ਨ 13 (4) ਤਹਿਤ ਮਿਲੇ ਅਧਿਕਾਰਾਂ ਦੀ ਸਕਿਉਰਡ ਐੱਸਟਸ ਦਾ ਕਬਜ਼ਾ ਲੈਣ ਸਮੇਤ ਇਸ ਨੂੰ ਵਿੱਕਰੀ ਰਾਹੀਂ ਤਬਾਦਲਾ ਜਾਂ ਐਕਟ ਅਤੇ ਨਿਯਮਾਂ ਤਹਿਤ ਉਪਲੱਬਧ ਹੋਰ ਉਪਾਅ ਰਕਮ ਦੀ ਵਸੂਲੀ ਲਈ ਵਰਤੋਂ ਕਰਨ ਦਾ ਹੱਕਦਾਰ ਹੋਵੇਗਾ। ਐੱਸ ਐੱਮ ਐੱਫ ਜੀ ਇੰਡੀਆ ਕ੍ਰੈਡਿਟ ਵਿਕਰੀ ਜਾਂ ਤਬਾਦਲਾ ਅਧਿਕਾਰ ਲਾਗੂ ਕਰਨ ਤੋਂ ਪਹਿਲਾਂ ਸਕਿਉਰਡ ਐੱਸਟਸ ਨੂੰ ਅਟੈਚ/ਜਾਂ ਸੀਲ ਕਰਨ ਦਾ ਵੀ ਹੱਕਦਾਰ ਹੈ। ਐੱਸ ਐੱਮ ਐੱਫ ਜੀ ਇੰਡੀਆ ਕ੍ਰੈਡਿਟ ਨੂੰ ਗਹਿਣੇ ਰੱਖੀਆਂ ਜਾਇਦਾਦਾਂ ਦੀ ਵਿਕਰੀਕਰਨ 'ਤੇ ਬਕਾਇਆ ਅਦਾਇਗੀ ਮੁਕੰਮਲ ਪ੍ਰਾਪਤ ਨਹੀਂ ਹੁੰਦੀ ਤਾਂ ਐੱਸ ਐੱਮ ਐੱਫ ਜੀ ਇੰਡੀਆ ਕ੍ਰੈਡਿਟ ਬਕਾਇਆ ਵਸੂਲਣ ਲਈ ਵੱਖਰੀ ਕਾਨੂੰਨੀ ਕਾਰਵਾਈ ਕਰਨ ਦਾ ਵੀ ਅਧਿਕਾਰ ਰੱਖਦਾ ਹੈ। ਇਹ ਉਪਾਅ ਐੱਸ ਐੱਮ ਐੱਫ ਜੀ ਇੰਡੀਆ ਕਰੈਡਿਟ ਨੂੰ ਕਿਸੇ ਹੋਰ ਕਾਨੂੰਨ ਅਧੀਨ ਪ੍ਰਾਪਤ ਹੋਰ ਉਪਾਵਾਂ ਤੋਂ ਵਾਧੂ ਅਤੇ ਅਜ਼ਾਦਾਨਾ ਹੈ। ਉਪਲੱਬਧ ਸਮੇਂ 'ਚ ਕਰਜ਼ਦਾਰਾਂ ਦਾ ਧਿਆਨ ਐਕਟ ਦੇ ਸੈਕਸ਼ਨ 13 (8) ਸਕਿਉਰਡ ਐੱਸਟਸ ਦੇ ਪੁਨਰ ਗ੍ਰਹਿਣ ਲਈ ਅਤੇ ਅੱਗੇ ਐਕਟ ਦੇ ਸੈਕਸ਼ਨ 13 (13), ਜਿਸ ਰਾਹੀਂ ਕਰਜ਼ਦਾਰਾਂ 'ਤੇ ਕਿਸੇ ਵੀ ਸਕਿਉਰਡ ਐੱਸਟਸ ਦੀ ਸੌਦੇਬਾਜ਼ੀ, ਵਿਕਰੀ ਰਾਹੀਂ ਤਬਾਦਲਾ ਕਰਨ, ਲੀਜ਼ ਜਾਂ ਕਿਸੇ ਹੋਰ ਢੰਗ ਨਾਲ (ਕਾਰੋਬਾਰ ਦੇ ਆਮ ਤਰੀਕੇ ਤੋਂ ਇਲਾਵਾ), ਐੱਸ ਐੱਮ ਐੱਫ ਜੀ ਇੰਡੀਆ ਕ੍ਰੈਡਿਟ ਦੀ ਅਗਾਊਂ ਲਿਖਤੀ ਮਨਜ਼ੂਰੀ ਤੋਂ ਨਿਪਟਾਰਾ ਕਰਨ 'ਤੇ ਪਾਬੰਦੀ/ਬੰਦਿਸ਼ ਹੈ ਅਤੇ ਉਪਰੋਕਤ ਦੀ ਪਾਲਣਾ ਨਾ ਕਰਨਾ ਐਕਟ ਦੇ ਸੈਕਸ਼ਨ 29 ਤਹਿਤ ਦੰਡਯੋਗ ਜੁਰਮ ਹੈ। ਡਿਮਾਂਡ ਨੋਟਿਸ ਦੀ ਨਕਲ ਨਿਮਨਹਸਤਾਖਰੀ ਕੋਲ ਉਪਲੱਬਧ ਹੈ ਅਤੇ ਕਰਜ਼ਦਾਰ, ਜੇਕਰ ਚਾਹੁਣ ਤਾਂ ਇਹ ਨਿਮਨਹਸਤਾਖਰੀ ਤੋਂ ਕਿਸੇ ਵੀ ਕੰਮਕਾਜ ਵਾਲੇ ਦਿਨ ਦਫਤਰ ਦੇ ਨੀਯਤ ਸਮੇਂ ਅੰਦਰ ਪ੍ਰਾਪਤ ਕਰ ਸਕਦੇ।

ਸਥਾਨ : ਨਵਾਂਸ਼ਹਿਰ ਮਿਤੀ : 20.6.2023 ਸਹੀ/- ਅਧਿਕਾਰਤ ਅਫਸਰ

ਐੱਸ ਐੱਮ ਐੱਫ ਜੀ ਇੰਡੀਆ ਕ੍ਰੈਡਿਟ ਕੰਪਨੀ ਲਿਮ: (ਪਹਿਲਾਂ ਫੁਲਰਟੋਨ ਇੰਡੀਆ ਕ੍ਰੈਡਿਟ ਕੰਪਨੀ ਲਿਮ:)



ਨਵਾਂ ਜ਼ਮਾਨਾ ਪੋਸਟ ਬਾਕਸ ਨੰ. 134

Printed and Published by **Gurmit Singh Shugli** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: **Chand Fatehpuri**

ਸੰਪਾਦਕ : **ਚੰਦ ਫਤਿਹਪੁਰੀ** * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ **ਗੁਰਮੀਤ ਸਿੰਘ ਸ਼ੁਗਲੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।

ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

# ਪੰਜਾਬ ਸਰਕਾਰ ਆਮ ਲੋਕਾਂ ਦੀ ਭਲਾਈ ਲਈ ਵਚਨਬੱਧ ਤੇ ਯਤਨਸ਼ੀਲ : ਈ ਟੀ ਓ




ਤਰਸਿੱਕਾ (ਤਰਸੇਮ ਸਿੰਘ ਸਾਧਪੁਰ)-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਯੋਗ ਅਗਵਾਈ ਵਾਲੀ ਸੂਬਾ ਸਰਕਾਰ ਆਮ ਲੋਕਾਂ ਦੀ ਭਲਾਈ ਅਤੇ ਵੱਖ-ਵੱਖ ਵਿਭਾਗਾਂ ਦੁਆਰਾ ਚਲਾਈਆਂ ਜਾ ਰਹੀਆਂ ਲੋਕ ਭਲਾਈ ਸਕੀਮਾਂ ਆਮ ਲੋਕਾਂ ਤੱਕ ਪਹੁੰਚਾਉਣ ਲਈ ਵਚਨਬੱਧ ਤੇ ਯਤਨਸ਼ੀਲ ਹੈ। ਇਹ ਪ੍ਰਗਟਾਵਾ ਕੈਬਨਿਟ ਮੰਤਰੀ ਹਰਭਜਨ ਸਿੰਘ ਈਟੀਓ ਤਰਸਿੱਕਾ ਅਤੇ ਖੱਬੇ ਰਾਜਪੂਤਾਂ ਵਿਖੇ ਦੋ ਨਵੇਂ ਹੈਲਥ ਐਂਡ ਵੈੱਲਨੈੱਸ ਕੇਅਰ ਸੈਂਟਰਾਂ ਦਾ ਨੀਂਹ ਪੱਥਰ ਰੱਖਣ ਮੌਕੇ ਕੀਤਾ। ਉਨ੍ਹਾਂ ਅੱਜ ਆਪਣੇ ਹਲਕੇ ਦੇ ਪਿੰਡ ਤਰਸਿੱਕਾ ਵਿਖੇ 29 ਲੱਖ ਰੁਪਏ ਦੀ ਲਾਗਤ ਨਾਲ ਬਣਨ ਵਾਲੇ ਬਲਾਕ ਪਬਲਿਕ ਹੈਲਥ ਯੂਨਿਟ ਅਤੇ ਪਿੰਡ ਖੱਬੇ ਰਾਜਪੂਤਾਂ ਵਿਖੇ ਇੰਨੀ ਹੀ ਲਾਗਤ ਨਾਲ ਬਣਨ ਵਾਲੇ ਹੈਲਥ ਐਂਡ ਵੈੱਲਨੈੱਸ ਕੇਅਰ ਸੈਂਟਰ ਦੀ ਸ਼ੁਰੂਆਤ ਕੀਤੀ।

ਉਨ੍ਹਾਂ ਕਿਹਾ ਕਿ ਸਿਹਤ ਅਤੇ ਸਿੱਖਿਆ ਮਨੁੱਖ ਦੀਆਂ ਮੁੱਢਲੀਆਂ ਲੋੜਾਂ 'ਚ ਸਭ ਤੋਂ ਅਹਿਮ ਤੇ ਉੱਤਮ ਹਨ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸਾਡੀ ਸਰਕਾਰ ਇਨ੍ਹਾਂ ਖੇਤਰਾਂ ਵਿੱਚ ਸਭ ਤੋਂ ਵੱਧ ਧਿਆਨ ਦੇ ਰਹੀ ਹੈ। ਉਨ੍ਹਾਂ ਕਿਹਾ ਕਿ ਇਹ ਕੇਂਦਰ ਬਣਨ ਨਾਲ ਇਸ ਇਲਾਕੇ ਦੇ ਲੋਕਾਂ ਨੂੰ ਵੱਡਾ ਲਾਭ ਮਿਲੇਗਾ ਅਤੇ ਸਿਹਤ ਸਬੰਧੀ ਸਮੱਸਿਆ ਦਾ ਹੱਲ ਆਪਣੇ ਪਿੰਡ ਤੇ ਘਰ ਵਿੱਚ ਮੁਫਤ ਉਪਲੱਬਧ ਹੋਵੇਗਾ, ਜਿੱਥੇ ਮੁਫਤ ਟੈਸਟ ਅਤੇ ਮੁਫਤ ਦਵਾਈਆਂ ਮਾਹਿਰ ਡਾਕਟਰਾਂ ਵੱਲੋਂ ਦਿੱਤੀਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਜਦੋਂ ਵੀ ਮੈਂ ਇਸ ਇਲਾਕੇ ਵਿੱਚ ਆਉਂਦਾ ਸੀ ਤਾਂ ਡਿਸਪੈਂਸਰੀ ਦੀ ਹਾਲਤ ਮੈਨੂੰ ਰੜਕਦੀ ਸੀ, ਸੋ ਮੈਂ ਇਸਨੂੰ ਅਪਗਰੇਡ ਕਰਨ ਦਾ ਤੁਹਾਡੇ ਨਾਲ ਵਾਅਦਾ ਕੀਤਾ ਸੀ, ਜਿਸ ਨੂੰ ਅੱਜ ਪੂਰਾ ਕਰਕੇ ਬੜੀ ਖ਼ੁਸ਼ੀ ਮਿਲੀ ਹੈ। ਉਨ੍ਹਾਂ ਦੱਸਿਆ ਕਿ ਇਹ ਸੈਂਟਰ ਚਾਰ ਮਹੀਨਿਆਂ ਵਿੱਚ ਬਣ ਕੇ ਤਿਆਰ ਹੋ ਜਾਣਗੇ। ਉਨ੍ਹਾਂ ਕਿਹਾ ਕਿ ਸਾਡੀ ਸਰਕਾਰ ਜੋ ਕਹਿੰਦੀ ਹੈ, ਉਹ ਕਰਕੇ ਵਿਖਾਉਂਦੀ ਹੈ। ਇਸ ਮੌਕੇ ਚੇਅਰਮੈਨ ਸੂਬੇਦਾਰ ਛਨਾਖ ਸਿੰਘ, ਸਿਵਲ ਸਰਜਨ ਡਾ. ਵਿਜੈ ਕੁਮਾਰ, ਡਾ. ਗੁਰਵਿੰਦਰ ਸਿੰਘ ਚੇਅਰਮੈਨ, ਸਤਿੰਦਰ ਸਿੰਘ, ਸੁਖਵਿੰਦਰ ਸਿੰਘ ਅਤੇ ਸ਼ਖਸੀਅਤਾਂ ਹਾਜ਼ਰ ਸਨ।

# ਕਿਸਾਨ ਜਥੇਬੰਦੀਆਂ ਨੇ ਕੈਬਨਿਟ ਮੰਤਰੀ ਭੁੱਲਰ ਦਾ ਪੁਤਲਾ ਫੂਕਿਆ



ਪੱਟੀ (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)-ਟਰਾਂਸਪੋਰਟ ਮੰਤਰੀ ਲਾਲਜੀਤ ਸਿੰਘ ਭੁੱਲਰ ਦੇ ਹੈਂਕੜ ਭਰੇ ਰਵੱਈਏ ਖਿਲਾਫ 15 ਜੂਨ ਤੋਂ 24 ਜੂਨ ਤੱਕ ਪਿੰਡ-ਪਿੰਡ ਪੁਤਲੇ ਫੂਕ ਕੇ ਰੋਸ ਪ੍ਰਦਰਸ਼ਨ ਕਰਨ ਦੇ ਵੱਖ-ਵੱਖ ਜਥੇਬੰਦੀਆਂ ਵੱਲੋਂ ਦਿੱਤੇ ਸੱਦੇ ਦੀ ਕੜੀ ਵਜੋਂ ਪਿੰਡ ਭੱਠਲ ਭਾਈਕੇ ਵਿੱਚ ਜਮਹੂਰੀ ਕਿਸਾਨ ਸਭਾ ਦੇ ਜ਼ਿਲਾ ਆਗੂ ਰੇਸ਼ਮ ਸਿੰਘ, ਬਲਵਿੰਦਰ ਸਿੰਘ ਫੈਲੋਕੇ, ਕਿਸਾਨ ਸੰਘਰਸ ਕਮੇਟੀ ਦੇ ਆਗੂ ਦਲਜੀਤ ਸਿੰਘ ਵਰਿਆਂ ਅਤੇ ਦਿਹਾਤੀ ਮਜ਼ਦੂਰ ਸਭਾ ਦੇ ਆਗੂ ਸੁਰਿੰਦਰ ਸਿੰਘ ਦੀ ਅਗਵਾਈ ਹੇਠ ਮੰਤਰੀ ਦਾ ਪੁਤਲਾ ਫੂਕ ਕੇ ਜ਼ੋਰਦਾਰ ਨਾਅਰੇਬਾਜ਼ੀ ਕੀਤੀ। ਇਸ ਮੌਕੇ ਇਕੱਤਰ ਕਿਸਾਨਾਂ ਨੂੰ ਸਬੋਧਨ ਕਰਦਿਆਂ ਜਮਹੂਰੀ ਕਿਸਾਨ ਸਭਾ ਦੇ ਆਗੂ ਰੇਸ਼ਮ ਸਿੰਘ ਅਤੇ ਬਲਵਿੰਦਰ ਸਿੰਘ ਨੇ ਕਿਹਾ ਕੇ ਪਾਵਰਕਾਮ ਦੇ ਇਮਾਨਦਾਰ ਅਧਿਕਾਰੀ ਐਸਈ ਗੁਰਸ਼ਰਨ ਸਿੰਘ ਖਹਿਰਾ ਦੀ ਟਰਾਂਸਪੋਰਟ ਮੰਤਰੀ ਵੱਲੋਂ ਰੰਜਿਸ਼ ਤਹਿਤ ਕੀਤੀ ਬਦਲੀ ਖਿਲਾਫ ਸੰਘਰਸ਼ ਕਰ ਰਹੀਆਂ ਜਥੇਬੰਦੀਆਂ 27 ਨੂੰ ਡਿਪਟੀ ਕਮਿਸ਼ਨਰ ਦਫਤਰ ਤਰਨ ਤਾਰਨ ਦੇ ਸਾਹਮਣੇ ਰੋਸ ਪ੍ਰਦਰਸ਼ਨ ਕਰਕੇ ਕੈਬਨਿਟ ਮੰਤਰੀ ਦੀ ਅਰਥੀ ਫੂਕ ਕੇ ਡਿਪਟੀ ਕਮਿਸ਼ਨਰ ਰਾਹੀਂ ਮੁੱਖ ਮੰਤਰੀ ਦੇ ਨਾਂ ਮੰਗ ਪੱਤਰ ਸੌਂਪਣਗੀਆਂ। ਇਸ ਮੌਕੇ ਰਛਪਾਲ ਸਿੰਘ, ਹੀਰਾ ਸਿੰਘ, ਸੁਰਿੰਦਰ ਸਿੰਘ, ਮੁਖਤਾਰ ਸਿੰਘ, ਕੰਵਲ ਸਿੰਘ ਹੀਰਾ ਸਿੰਘ, ਲਾਡੀ ਸਿੰਘ, ਹਰਪ੍ਰੀਤ ਸਿੰਘ, ਸੁਰਜੀਤ ਸਿੰਘ, ਬਲਵਿੰਦਰ ਸਿੰਘ ਦਿੱਲੀ ਨੇ ਕਿਹਾ ਕਿ ਮੰਤਰੀ ਦੀ ਗੁੰਡਾਗਰਦੀ ਦਾ ਮੂੰਹਤੋੜ ਜਵਾਬ ਸੰਘਰਸ਼ਾਂ ਰਾਹੀਂ ਦਿੱਤਾ ਜਾਵੇਗਾ।

# ਸੜਕ ਹਾਦਸੇ ਦੌਰਾਨ ਦੋ ਘਰਾਂ ਦੇ ਚਿਰਾਗ ਬੁਝੇ



ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਵਿਧਾਨ ਸਭਾ ਹਲਕਾ ਰਾਜਾਸਾਂਸੀ ਦੇ ਸਰਹੱਦੀ ਪਿੰਡ ਕੱਕੜ ਵਿਖੇ ਫੌਜੀ ਮਲਕੀਤ ਸਿੰਘ ਦੀ ਪਤਨੀ ਹਰਪ੍ਰੀਤ ਕੌਰ ਜਿਸਦੀ ਇੱਕ ਕਾਰ ਐਕਸੀਡੈਂਟ ਦੌਰਾਨ ਮੌਤ ਹੋ ਗਈ ਸੀ, ਦੇ ਪਤੀ ਫੌਜੀ ਮਲਕੀਤ ਸਿੰਘ ਅਤੇ ਉਸਦੇ ਪਰਿਵਾਰ ਨਾਲ ਗਹਿਰੇ ਦੁੱਖ ਦਾ ਪ੍ਰਗਟਾਵਾ ਅਮਨਦੀਪ ਸਿੰਘ ਕੱਕੜ ਮੀਡੀਆ ਸਲਾਹਕਾਰ ਸਾਬਕਾ ਕੈਬਨਿਟ ਮੰਤਰੀ ਅਤੇ ਵਿਧਾਇਕ ਸੁਖਬਿੰਦਰ ਸਿੰਘ ਸਰਕਾਰੀਆ ਅਤੇ ਮੀਤ ਪ੍ਰਧਾਨ ਜ਼ਿਲ੍ਹਾ ਕਾਂਗਰਸ ਕਮੇਟੀ ਅੰਮ੍ਰਿਤਸਰ ਦਿਹਾਤੀ ਨੇ ਕੀਤਾ। ਹਰਪ੍ਰੀਤ ਕੌਰ ਆਪਣੇ ਪਿੱਛੇ ਦੋ ਬੇਟੀਆਂ ਇੱਕ ਬੇਟਾ, ਪਤੀ ਸੱਸ ਸਹੁਰਾ ਨੂੰ ਗਹਿਰਾ ਸਦਮਾ ਦੇ ਗਏ। ਕੱਕੜ ਨੇ ਕਿਹਾ ਕਿ ਫੌਜੀ ਮਲਕੀਤ ਸਿੰਘ ਛੁੱਟੀ ਆਇਆ ਹੋਇਆ ਹੈ ਤੇ ਆਪਣੀ ਪਤਨੀ ਨੂੰ ਲੈ ਕੇ ਸਕੂਲ ਤੋਂ ਬੱਚਿਆਂ ਨੂੰ ਲੈਣ ਜਾ ਰਿਹਾ ਸੀ ਕਿ ਕਾਰ ਦਾ ਅਗਲਾ ਟਾਇਰ ਖੁੱਲ੍ਹਣ ਨਾਲ ਇਹ ਦਰਦਨਾਕ ਹਾਦਸਾ ਵਾਪਰ ਗਿਆ। ਮਲਕੀਤ ਸਿੰਘ ਦੀ ਪਤਨੀ ਦੀ ਮੌਕੇ 'ਤੇ ਹੀ ਮੌਤ ਹੋ ਗਈ ਜਦੋਂਕਿ ਮਲਕੀਤ ਸਿੰਘ ਦੀ ਇੱਕ ਲੱਤ ਟੁੱਟ ਗਈ। ਬੇਹੋਸ਼ ਹੋਏ ਮਲਕੀਤ ਸਿੰਘ ਨੂੰ ਰਾਹਗੀਰਾਂ ਵੱਲੋਂ ਹਸਪਤਾਲ ਦਾਖਲ ਕਰਵਾਇਆ ਗਿਆ। ਦੂਸਰੇ ਹਾਦਸੇ ਵਿੱਚ ਗੁਰਲਾਲ ਸਿੰਘ ਜੋ ਕਿ ਆਪਣੇ ਮਾਪਿਆਂ ਦਾ ਇਕਲੌਤਾ ਪੁੱਤਰ ਸੀ, ਮੋਟਰਸਾਈਕਲ 'ਤੇ ਆਪਣੀ ਭੈਣ ਨੂੰ ਲੈ ਕੇ ਆ ਰਿਹਾ ਸੀ ਕਿ ਸਾਹਮਣੇ ਤੋਂ ਤੇਜ਼ ਸਪੀਡ ਅਤੇ ਗਲਤ ਸਾਈਡ ਆ ਰਹੇ ਇੱਕ ਫੌਜੀ ਨੇ ਮੋਟਰਸਾਈਕਲ ਗੁਰਲਾਲ ਸਿੰਘ ਦੇ ਮੋਟਰਸਾਈਕਲ ਵਿੱਚ ਮਾਰਿਆ ਜਿਸ ਕਰਕੇ ਗੁਰਲਾਲ ਸਿੰਘ ਦੀ ਮੌਕੇ 'ਤੇ ਹੀ ਮੌਤ ਹੋ ਗਈ ਅਤੇ ਭੈਣ ਹਸਪਤਾਲ ਵਿੱਚ ਜ਼ੇਰੇ ਇਲਾਜ ਹੈ। ਕੱਕੜ ਨੇ ਕਿਹਾ ਕਿ ਗੁਰਲਾਲ ਸਿੰਘ ਆਪਣੇ ਪਿੱਛੇ ਆਪਣੇ ਮਾਂ ਬਾਪ ਅਤੇ ਦੋ ਭੈਣਾਂ ਨੂੰ ਰੋਂਦਿਆਂ ਕੁਰਲਾਉਂਦਿਆਂ ਛੱਡ ਗਿਆ। ਇਸ ਮੌਕੇ ਸ਼ਮਸ਼ੇਰ ਸਿੰਘ, ਦੀਵਾਨ ਸਿੰਘ, ਮੇਲਾ ਸਿੰਘ, ਕੁਲਦੀਪ ਸਿੰਘ ਮੈਂਬਰ ਪੰਚਾਇਤ, ਡਾ. ਗੁਰਪ੍ਰਤਾਪ ਸਿੰਘ, ਮਲਕੀਤ ਸਿੰਘ ਆਦਿ ਹਾਜ਼ਰ ਸਨ।

# ਹਰ ਸ਼ੁੱਕਰਵਾਰ ਨੂੰ ਮਨਾਇਆ ਜਾਵੇ 'ਡਰਾਈ ਡੇਅ': ਡਾ. ਭਾਗੋਵਾਲੀਆ



ਧਾਰੀਵਾਲ (ਮਨਦੀਪ ਸਿੰਘ ਵਿੱਕੀ)- ਸਿਹਤ ਵਿਭਾਗ ਵਿੱਚ ਮੈਡੀਸਨ ਮਾਹਿਰ ਵਜੋਂ ਸੇਵਾਵਾਂ ਨਿਭਾ ਰਹੇ ਡਾ. ਸੁਖਦੀਪ ਸਿੰਘ ਭਾਗੋਵਾਲੀਆ ਨੇ ਜਨਤਾ ਨੂੰ ਅਪੀਲ ਕੀਤੀ ਹੈ ਕਿ ਮਲੇਰੀਆ ਤੇ ਡੇਂਗੂ ਦੀ ਬਿਮਾਰੀ ਤੋਂ ਬਚਣ ਲਈ ਆਪਣੇ ਘਰਾਂ ਵਿੱਚ ਤੇ ਆਸ-ਪਾਸ ਪਾਣੀ ਇਕੱਠਾ ਨਾ ਹੋਣ ਦਿੱਤਾ ਜਾਵੇ। ਉਨ੍ਹਾਂ ਕਿਹਾ ਕਿ ਇਕੱਠਾ ਹੋਇਆ ਹੀ ਪਾਣੀ ਮਲੇਰੀਆ ਤੇ ਡੇਂਗੂ ਵਰਗੇ ਮੱਛਰਾਂ ਦਾ ਕਾਰਨ ਬਣਦਾ ਹੈ, ਇਸ ਲਈ ਸਾਵਧਾਨੀ ਵਰਤਣ ਦੀ ਲੋੜ ਹੈ। ਡਾ. ਸੁਖਦੀਪ ਸਿੰਘ ਭਾਗੋਵਾਲੀਆ ਨੇ ਕਿਹਾ ਕਿ ਹਫ਼ਤੇ ਦੇ ਹਰ ਸ਼ੁੱਕਰਵਾਰ ਨੂੰ 'ਡਰਾਈ ਡੇ' ਵਜੋਂ ਮਨਾਉਂਦੇ ਹੋਏ ਆਪਣੇ ਘਰਾਂ ਵਿੱਚਲੇ ਕੂਲਰ, ਗਮਲਿਆਂ, ਫਰਿੱਜਾਂ ਦੀਆਂ ਟਰੇਆਂ ਆਦਿ ਵਿਚੋਂ ਪਾਣੀ ਸੁਕਾਇਆ ਜਾਵੇ ਤਾਂ ਜੋ ਪਾਣੀ ਦੇ ਕਾਰਨ ਮੱਛਰ ਪੈਦਾ ਨਾ ਹੋ ਸਕਨ। ਉਨਾਂ ਕਿਹਾ ਕਿ ਟਾਇਰ-ਟਿਊਬਾਂ, ਕੂਲਰਾਂ, ਟੁੱਟੇ ਭਾਂਡਿਆਂ, ਕੂਲਰਾਂ ਆਦਿ ਵਿੱਚ ਵੀ ਪਾਣੀ ਨਾ ਖੜਾ ਹੋਣ ਦਿੱਤਾ ਜਾਵੇ। ਉਨ੍ਹਾਂ ਕਿਹਾ ਕਿ ਡੇਂਗੂ, ਮਲੇਰੀਆ ਤੋਂ ਬਚਣ ਲਈ ਮੱਛਰਾਂ ਕੋਲੋਂ ਆਪਣਾ ਬਚਾਅ ਕੀਤਾ ਜਾਵੇ ਅਤੇ ਰਾਤ ਨੂੰ ਸੌਣ ਸਮੇਂ ਸਰੀਰ ਨੂੰ ਢੱਕਿਆ ਜਾਵੇ। ਉਨ੍ਹਾਂ ਕਿਹਾ ਕਿ ਮੱਛਰਦਾਨੀ ਜਾਂ ਮੱਛਰ ਭਜਾਊ ਕਰੀਮਾਂ ਆਦਿ ਦੀ ਵਰਤੋਂ ਵੀ ਕੀਤੀ ਜਾ ਸਕਦੀ ਹੈ। ਡਾ. ਭਾਗੋਵਾਲੀਆ ਨੇ ਦੱਸਿਆ ਕਿ ਸਿਵਲ ਹਸਪਤਾਲ ਗੁਰਦਾਸਪੁਰ, ਬਟਾਲਾ ਵਿਚ ਮਲੇਰੀਆ, ਡੇਂਗੂ ਦੇ ਸਾਰੇ ਟੈਸਟ ਫ੍ਰੀ ਹੁੰਦੇ ਹਨ। ਉਨ੍ਹਾਂ ਕਿਹਾ ਕਿ ਜੇਕਰ ਕਿਸੇ ਮਰੀਜ਼ ਨੂੰ ਡੇਂਗੂ ਜਾਂ ਮਲੇਰੀਆ ਦੀ ਬਿਮਾਰੀ ਦੇ ਲੱਛਣ ਦਿਖਾਈ ਦੇਣ ਤਾਂ ਉਸ ਨੂੰ ਇਲਾਜ ਲਈ ਤੁਰੰਤ ਨੇੜੇ ਦੀ ਸਰਕਾਰੀ ਸਿਹਤ ਸੰਸਥਾ ਵਿਖੇ ਲਿਆਂਦਾ ਜਾਵੇ।

# ਤਹਿਸੀਲ 'ਚ ਤਾਇਨਾਤ ਕਲਰਕਾਂ ਦੇ ਤਬਾਦਲੇ ਤੁਰੰਤ ਰੋਕੇ ਜਾਣ: ਦਰਾਜਕੇ



ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)-ਭਿੱਖੀਵਿੰਡ ਤਹਿਸੀਲ 'ਚ ਤਾਇਨਾਤ ਕਲਰਕ ਸਵਿੰਦਰ ਸਿੰਘ ਅਤੇ ਜਗਰੂਪ ਸਿੰਘ ਦਾ ਤਬਾਦਲਾ ਤੁਰੰਤ ਰੋਕਿਆ ਜਾਵੇ। ਉਪਰੋਕਤ ਸ਼ਬਦਾਂ ਦਾ ਪ੍ਰਗਟਾਵਾ ਆਰਐੱਮਪੀਆਈ ਦੇ ਜ਼ਿਲ੍ਹਾ ਤਰਨ ਤਾਰਨ ਤੋਂ ਪ੍ਰਧਾਨ ਚਮਨ ਲਾਲ ਦਰਾਜਕੇ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਸਵਿੰਦਰ ਸਿੰਘ ਅਤੇ ਜਗਰੂਪ ਸਿੰਘ ਇਮਾਨਦਾਰੀ ਅਤੇ ਲਗਨ ਨਾਲ ਇਲਾਕੇ ਦੇ ਲੋਕਾਂ ਦੀ ਸੇਵਾ ਕਰ ਰਹੇ ਹਨ ਅਤੇ ਇਲਾਕੇ ਦੇ ਲੋਕ ਉਨ੍ਹਾਂ ਦੋਵਾਂ ਦੀ ਇਮਾਨਦਾਰੀ ਤੋਂ ਭਲੀਭਾਂਤੀ ਵਾਕਿਫ ਹਨ। ਇਸ ਮੌਕੇ ਉਨ੍ਹਾਂ ਕਿਹਾ ਕਿ ਅਜਿਹੇ ਇਮਾਨਦਾਰ ਮੁਲਾਜ਼ਮਾਂ ਦੇ ਤਬਾਦਲੇ ਇਲਾਕੇ ਦੇ ਲੋਕਾਂ ਨਾਲ ਬੇਇਨਸਾਫੀ ਹੈ। ਇਸ ਮੌਕੇ ਉਨ੍ਹਾਂ ਸੂਬਾ ਸਰਕਾਰ ਤੇ ਜ਼ਿਲ੍ਹਾ ਪ੍ਰਸ਼ਾਸਨ ਨੂੰ ਅਪੀਲ ਕੀਤੀ ਕਿ ਭਿੱਖੀਵਿੰਡ ਤਹਿਸੀਲ 'ਚ ਡਿਊਟੀ ਨਿਭਾ ਰਹੇ ਦੋਵਾਂ ਕਲਰਕਾਂ ਦੇ ਤਬਾਦਲੇ ਤੁਰੰਤ ਰੋਕੇ ਜਾਣ।

# ਆਦਿਸ਼ਵਰ ਆਟੋ ਰਾਈਡ ਇੰਡੀਆ ਵੱਲੋਂ ਦੋ ਨਵੇਂ ਮੋਟਰਸਾਈਕਲ ਪੇਸ਼

ਲੁਧਿਆਣਾ : ਭਾਰਤੀ ਸੁਪਰਬਾਈਕ ਉਦਯੋਗ ਵਿੱਚ ਇੱਕ ਮਸ਼ਹੂਰ ਨਿਰਮਾਤਾ ਆਦਿਸ਼ਵਰ ਆਟੋ ਰਾਈਡ ਇੰਡੀਆ ਪ੍ਰਾਈਵੇਟ ਲਿਮਿਟਡ (ਏਏਆਰਆਈ) ਨੇ ਹਾਲ ਹੀ ਵਿੱਚ ਆਪਣੇ ਐਂਟਰੀ-ਲੈਵਲ ਦੇ ਪ੍ਰੀਮੀਅਮ ਸੈਗਮੈਂਟ ਲਈ ਦੋ ਨਿਊ-ਰੇਟਰੋ ਮੋਟਰਸਾਈਕਲਾਂ ਨੂੰ ਪੇਸ਼ ਕੀਤਾ ਹੈ ਜਿਨ੍ਹਾਂ ਵਿੱਚ 98 ਤੋਂ ਵੱਧ ਦੇਸ਼ਾਂ ਵਿੱਚ ਮੌਜੂਦ ਹੰਗਰੀ ਦੇ ਮਾਰਕ ਕੀਵੇ ਦੇ ਉਬਰ ਕੂਲ ਐੱਸਆਰ 250 ਅਤੇ ਬੇਮਿਸਾਲ ਐੱਸਆਰ 125 ਮੋਟਰਸਾਈਕਲ ਸ਼ਾਮਿਲ ਹੈ। ਇਹ ਮੋਟਰਸਾਈਕਲ ਪੁਰਾਣੇ ਸਕੂਲੀ ਦਿਨਾਂ ਦੀ ਯਾਦ ਦਿਵਾਉਂਦਾ ਹੈ, ਜਿਸ ਨਾਲ ਗਾਹਕ ਆਧੁਨਿਕ ਕਾਰਗੁਜ਼ਾਰੀ ਅਤੇ ਭਰੋਸੇਯੋਗਤਾ ਨਾਲ ਸਮਝੌਤਾ ਕੀਤੇ ਬਿਨਾਂ 80 ਅਤੇ 90 ਦੇ ਦਹਾਕੇ ਦੇ ਪੁਰਾਣੇ ਅਨੁਭਵ ਦਾ ਆਨੰਦ ਮਾਣ ਸਕਦੇ ਹਨ। ਕੀਵੇ ਐੱਸਆਰ 125 ਪਹਿਲਾਂ ਹੀ ਵਿਕਰੀ ਲਈ ਉਪਲਬਧ ਹੈ ਅਤੇ ਕੀਵੇ ਐੱਸਆਰ 250 ਦੀ ਡਲਿਵਰੀ 17 ਜੂਨ ਤੋਂ ਉਪਲਬਧ ਹੋ ਗਈ ਹੈ। ਕੀਵੇ ਐੱਸਆਰ 250 ਅਤੇ ਕੀਵੇ ਐੱਸਆਰ 125 3 ਮੌਜੂਦਾ ਸਟੈਂਡਰਡ ਰੰਗਾਂ-ਗਲੋਸੀ ਵ੍ਹਾਈਟ, ਗਲੋਸੀ ਰੈੱਡ ਅਤੇ ਗਲੋਸੀ ਬਲੈਕ ਵਿੱਚ ਡੀਲਰਸ਼ਿਪਾਂ 'ਤੇ ਆਸਾਨੀ ਨਾਲ ਉਪਲਬਧ ਹੋਣਗੇ।

# ਸ੍ਰੀ ਕਰਤਾਰਪੁਰ ਸਾਹਿਬ ਕੋਰੀਡੋਰ ਵਿਖੇ 9ਵਾਂ ਅੰਤਰਰਾਸ਼ਟਰੀ ਯੋਗ ਦਿਵਸ 21 ਨੂੰ

ਗੁਰਦਾਸਪੁਰ, (ਜਨਕ ਮਹਾਜਨ)—21 ਜੂਨ ਨੂੰ ਦੁਨੀਆ ਭਰ ਵਿੱਚ ਮਨਾਏ ਜਾ ਰਹੇ 9ਵੇਂ ਅੰਤਰਰਾਸ਼ਟਰੀ ਯੋਗ ਦਿਵਸ ਮੌਕੇ ਜ਼ਿਲ੍ਹਾ ਪੱਧਰੀ ਸਮਾਗਮ ਸ੍ਰੀ ਕਰਤਾਰਪੁਰ ਸਾਹਿਬ ਕੋਰੀਡੋਰ, ਡੇਰਾ ਬਾਬਾ ਨਾਨਕ ਵਿਖੇ ਕਰਵਾਇਆ ਜਾਵੇਗਾ। ਇਸ ਸਬੰਧੀ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਦੱਸਿਆ ਕਿ ਜ਼ਿਲ੍ਹਾ ਪੱਧਰੀ ਯੋਗ ਸਮਾਗਮ ਨੂੰ ਨੇਪਰੇ ਚਾੜ੍ਹਨ ਲਈ ਵੱਖ-ਵੱਖ ਵਿਭਾਗਾਂ ਦੀਆਂ ਡਿਊਟੀਆਂ ਲਗਾ ਦਿੱਤੀਆਂ ਗਈਆਂ ਹਨ। ਉਨ੍ਹਾਂ ਦੱਸਿਆ ਕਿ 21 ਜੂਨ ਨੂੰ ਅੰਤਰਰਾਸ਼ਟਰੀ ਯੋਗ ਦਿਵਸ ਮੌਕੇ ਜ਼ਿਲ੍ਹਾ ਪੱਧਰੀ ਯੋਗ ਸਮਾਗਮ ਸਵੇਰੇ 6 ਵਜੇ ਸ਼ੁਰੂ ਹੋਵੇਗਾ ਜੋ ਕਿ 7:30 ਤੱਕ ਚੱਲੇਗਾ। ਉਨ੍ਹਾਂ ਦੱਸਿਆ ਕਿ ਇਸ ਯੋਗ ਸਮਾਗਮ ਵਿੱਚ ਬੀਐੱਸਐੱਫ ਦੇ ਜਵਾਨ, ਲੈਂਡ-ਪੋਰਟ ਅਥਾਰਟੀ ਦਾ ਸਟਾਫ਼, ਜ਼ਿਲ੍ਹਾ ਪ੍ਰਸ਼ਾਸਨ ਦੇ ਅਧਿਕਾਰੀ ਤੇ ਕਰਮਚਾਰੀ ਅਤੇ ਵਿਦਿਆਰਥੀ ਭਾਗ ਲੈਣਗੇ ਜਿਨ੍ਹਾਂ ਨੂੰ ਆਯੁਰਵੈਦਿਕ ਵਿਭਾਗ ਦੇ ਯੋਗਾ ਦੇ ਮਾਹਿਰਾਂ ਵੱਲੋਂ ਯੋਗ ਕਰਵਾਇਆ ਜਾਵੇਗਾ। ਉਨ੍ਹਾਂ ਦੱਸਿਆ ਕਿ ਸ੍ਰੀ ਕਰਤਾਰਪੁਰ ਸਾਹਿਬ ਕੋਰੀਡੋਰ ਵਿਖੇ ਮਨਾਏ ਜਾ ਰਹੇ ਅੰਤਰਰਾਸਟਰੀ ਯੋਗ ਦਿਵਸ ਸਬੰਧੀ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਐਂਟਰੀ ਪਾਸ ਬਣਾਏ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਇਸ ਸਬੰਧੀ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਗੁਰਦਾਸਪੁਰ ਦੇ ਬਲਾਕ-ਬੀ, ਕਮਰਾ ਨੰਬਰ 116 ਵਿਖੇ ਸਕੱਤਰ, ਜ਼ਿਲ੍ਹਾ ਹੈਰੀਟੇਜ ਸੁਸਾਇਟੀ, ਗੁਰਦਾਸਪੁਰ ਨਾਲ ਸੰਪਰਕ ਕਰਕੇ 19 ਜੂਨ ਨੂੰ ਆਪਣੇ ਪਾਸ ਬਣਾਉਣ ਤਾਂ ਜੋ 21 ਜੂਨ ਨੂੰ ਕਰਵਾਏ ਜਾ ਰਹੇ ਸਮਾਗਮ ਦੀਆਂ ਤਿਆਰੀਆਂ ਸਬੰਧੀ ਅਤੇ ਹਿੱਸਾ ਲੈਣ ਵਾਲਿਆਂ ਨੂੰ ਕੋਈ ਮੁਸ਼ਕਿਲ ਪੇਸ਼ ਨਾ ਆਵੇ।

# ਅਮਰੀਕਾ ਵਿਖੇ ਬੁੱਢਾ ਦਲ ਦੀ ਛਾਉਣੀ ਸਥਾਪਤ



ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਅਮਰੀਕਾ ਦੇ ਸ਼ਹਿਰ ਇੰਡਿਆਨਾ ਸੈਕਸ਼ਨ ਸਟਰੀਟ ਪਲੇਨ ਫੀਲਡ ਵਿਖੇ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਵੱਲੋਂ ਗੁਰਦੁਆਰਾ ਸ਼ਹੀਦ ਅਕਾਲੀ ਬਾਬਾ ਫੂਲਾ ਸਿੰਘ ਛਾਉਣੀ ਨਿਹੰਗ ਸਿੰਘਾਂ ਸਥਾਪਤ ਕੀਤੀ ਗਈ ਹੈ ਜਿਥੇ ਨਿਸ਼ਾਨ ਸਾਹਿਬ ਲਹਿਰਾਉਣ ਲਈ ਸਿੰਘ ਸਾਹਿਬ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਦੇ ਨਾਲ ਪੰਜ ਪਿਆਰਿਆਂ ਨੇ ਟੱਪ ਲਗਾ ਕੇ ਸ਼ੁਭ ਆਰੰਭ ਕੀਤਾ। ਇਸ ਸਮੇਂ ਬਾਬਾ ਹਰਜੀਤ ਸਿੰਘ ਬਟਾਲਾ, ਬਾਬਾ ਘੱਗਰ ਸਿੰਘ, ਪਰਮਿੰਦਰ ਸਿੰਘ ਗੋਲਡੀ, ਨਰਿੰਦਰ ਸਿੰਘ ਬਿੱਲਾ, ਗੁਰਮੀਤ ਸਿੰਘ ਸ਼ੱਲਾਂ, ਬਲਦੇਵ ਸਿੰਘ ਸ਼ੱਲਾਂ, ਸਰਬਜੀਤ ਸਿੰਘ ਸ਼ੱਲਾਂ ਅਤੇ ਗੁਰਦੁਆਰਾ ਸਾਹਿਬ ਗਰੀਨਵੁੱਡ ਦੀਆਂ ਸੰਗਤਾਂ ਹਾਜ਼ਰ ਸਨ। ਬੁੱਢਾ ਦਲ ਅਮਰੀਕਾ ਯੂਨਿਟ ਦੇ ਜਥੇਦਾਰ ਬਾਬਾ ਜਸਵਿੰਦਰ ਸਿੰਘ ਜੱਸੀ ਨੇ ਫੋਨ ਰਾਹੀਂ ਦੱਸਿਆ ਕਿ ਛਾਉਣੀ ਲਈ ਪੰਜ ਏਕੜ ਜ਼ਮੀਨ ਰਾਖਵੀਂ ਕੀਤੀ ਗਈ ਹੈ। ਗੁਰਦੁਆਰਾ ਸਾਹਿਬ ਦੀ ਰੋਜ਼ਾਨਾ ਮਰਯਾਦਾ ਜਲਦ ਸ਼ੁਰੂ ਹੋ ਜਾਵੇਗੀ। ਇਸ ਸਬੰਧ ਵਿਚ 1331 ਸੈਕਸ਼ਨ ਸਟਰੀਟ ਪਲੇਨ ਫੀਲਡ ਇੰਡਆਨਾ ਵਿਖੇ 22 ਜੂਨ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਇਲਾਹੀ ਬਾਣੀ ਦੇ ਅਖੰਡ ਪਾਠ ਆਰੰਭ ਹੋਣਗੇ ਅਤੇ 24 ਜੂਨ ਭੋਗ ਪੈਣਗੇ। ਇਸੇ ਦਿਨ ਗੁਰਮਰਯਾਦਾ ਅਨੁਸਾਰ ਨਿਸ਼ਾਨ ਸਾਹਿਬ ਲਹਿਰਾਉਣ ਦੀ ਰਸਮ ਵੀ ਹੋਵੇਗੀ। ਉਨ੍ਹਾਂ ਕਿਹਾ ਕਿ 24 ਜੂਨ ਨੂੰ ਵਿਸ਼ੇਸ਼ ਗੁਰਮਤਿ ਸਮਾਗਮ ਹੋਣਗੇ ਜਿਸ ਵਿਚ ਗੁਰਬਾਣੀ ਕੀਰਤਨ, ਗੁਰਮਤਿ ਦੇ ਗਿਆਨੀ ਵਿਦਵਾਨ ਪੰਥਕ ਕਵੀਸ਼ਰ, ਢਾਡੀ ਸਿੱਖ ਇਤਿਹਾਸ ਤੇ ਗੁਰੂ ਸੰਦੇਸ਼ ਦਾ ਸ਼ਬਦ ਰੂਪੀ ਪ੍ਰਸ਼ਾਦ ਸੰਗਤਾਂ ਵਿਚ ਸੁਰੀਲੇ ਕੰਠ ਰਾਹੀਂ ਵੰਡਣਗੇ। ਉਨ੍ਹਾਂ ਦੱਸਿਆ ਕਿ ਅੰਮ੍ਰਿਤ ਸੰਚਾਰ ਵੀ ਹੋਵੇਗਾ। ਬੁੱਢਾ ਦਲ ਵੱਲੋਂ ਪੁਰਾਤਨ ਇਤਿਹਾਸਕ ਵਿਰਾਸਤੀ ਸ਼ਸਤਰਾਂ ਦੇ ਦਰਸ਼ਨ ਵੀ ਸੰਗਤਾਂ ਨੂੰ ਕਰਵਾਏ ਜਾਣਗੇ। ਨਿਹੰਗ ਸਿੰਘ ਫੌਜਾਂ ਗੱਤਕੇ ਦੇ ਜੌਹਰ ਵਿਖਾਉਣਗੀਆਂ।

# ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਨੇੜਲੇ ਨਸ਼ਾ ਮੁਕਤੀ ਕੇਂਦਰ 'ਚ 24 ਘੰਟੇ ਸੇਵਾਵਾਂ ਜਾਰੀ : ਡੀ ਸੀ



ਗੁਰਦਾਸਪੁਰ, (ਜਨਕ ਮਹਾਜਨ)-ਪੰਜਾਬ ਸਰਕਾਰ ਵਲੋਂ ਚਲਾਏ ਜਾ ਰਹੇ ਨਸ਼ਾ ਮੁਕਤੀ ਅਭਿਆਨ ਤਹਿਤ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਦੀ ਅਗਵਾਈ ਹੇਠ ਨਸ਼ਿਆਂ ਦੀ ਅਲਾਮਤ ਨੂੰ ਨੱਥ ਪਾਉਣ ਲਈ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਗੁਰਦਾਸਪੁਰ ਵਿਖੇ ਸੇਵਾ ਕੇਂਦਰ ਦੇ ਸਾਹਮਣੇ ਇਕ 'ਨਸ਼ਾ ਮੁਕਤੀ ਕੇਂਦਰ' ਸਥਾਪਤ ਕੀਤਾ ਹੈ। ਇਸ ਨਸ਼ਾ ਮੁਕਤੀ ਕੰਟਰੋਲ ਕੇਂਦਰ ਨੂੰ ਸਥਾਪਤ ਕਰਨ ਦੇ ਨਾਲ ਇਸ ਦਾ ਇਕ ਟੋਲ ਫਰੀ ਹੈਲਪ ਲਾਈਨ ਨੰਬਰ 1800-180-1852 ਜਾਰੀ ਕੀਤਾ ਗਿਆ ਹੈ ਜੋ 24 ਘੰਟੇ ਅਤੇ ਹਫ਼ਤੇ ਦੇ ਸਾਰੇ ਦਿਨ ਆਪਣੀਆਂ ਸੇਵਾਵਾਂ ਦੇ ਰਿਹਾ ਹੈ।

ਡੀਸੀ ਅਗਰਵਾਲ ਨੇ ਦੱਸਿਆ ਕਿ ਇਸ ਨਸ਼ਾ ਮੁਕਤੀ ਕੰਟਰੋਲ ਕੇਂਦਰ ਦੇ ਹੈਲਪ ਲਾਈਨ ਨੰਬਰ ਉਪਰ ਕੋਈ ਵੀ ਵਿਅਕਤੀ ਨਸ਼ਾ ਤਸਕਰਾਂ ਅਤੇ ਨਸ਼ਾ ਕਰਨ ਵਾਲੇ ਵਿਅਕਤੀਆਂ ਬਾਰੇ ਜਾਣਕਾਰੀ ਦੇ ਸਕਦਾ ਹੈ। ਉਨ੍ਹਾਂ ਕਿਹਾ ਕਿ ਜਾਣਕਾਰੀ ਦੇਣ ਵਾਲੇ ਵਿਅਕਤੀ ਦੀ ਪਛਾਣ ਪੂਰੀ ਤਰ੍ਹਾਂ ਗੁਪਤ ਰੱਖੀ ਜਾਵੇਗੀ। ਉਨ੍ਹਾਂ ਕਿਹਾ ਕਿ ਇਸ ਹੈਲਪ ਲਾਈਨ ਨੰਬਰ 'ਤੇ ਆਈ ਕਾਲ ਉੱਪਰ ਫੌਰੀ ਤੌਰ 'ਤੇ ਕਾਰਵਾਈ ਕੀਤੀ ਜਾਂਦੀ ਹੈ ਅਤੇ ਜੋ ਵੀ ਵਿਅਕਤੀ ਨਸ਼ੇ ਦੀ ਤਸਕਰੀ ਕਰਦਾ ਹੈ ਉਸ ਉਪਰ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਂਦੀ ਹੈ। ਉਨ੍ਹਾਂ ਕਿਹਾ ਕਿ ਨਸ਼ਾ ਮੁਕਤੀ ਕੰਟਰੋਲ ਕੇਂਦਰ ਦੇ ਨੋਡਲ ਅਫ਼ਸਰ ਜ਼ਿਲ੍ਹਾ ਨਗਰ ਯੋਜਨਾਕਾਰ ਗੁਰਦਾਸਪੁਰ ਸੁਰਿੰਦਰ ਕੁਮਾਰ ਨੂੰ ਲਗਾਇਆ ਗਿਆ ਹੈ। ਇਸ ਦੇ ਨਾਲ ਹੀ 15 ਹੋਰ ਕਰਮਚਾਰੀਆਂ ਦੀਆਂ ਰੋਟੇਸ਼ਨ ਵਾਈਜ਼ ਡਿਊਟੀਆਂ ਇਸ ਕੇਂਦਰ ਵਿੱਚ ਲਗਾਈਆਂ ਗਈਆਂ ਹਨ।

# ਸ਼ਿਵ ਕੁਮਾਰ ਬਟਾਲਵੀ ਆਡੀਟੋਰੀਅਮ 'ਚ 'ਮਿਸ਼ਨ ਆਬਾਦ' ਤਹਿਤ ਕੈਂਪ 23 ਨੂੰ

ਗੁਰਦਾਸਪੁਰ (ਜਨਕ ਮਹਾਜਨ)-ਪੰਜਾਬ ਸਰਕਾਰ ਵਲੋਂ ਅਧਿਕਾਰੀਆਂ ਨੂੰ ਲੋਕਾਂ ਵਿਚ ਜਾ ਕੇ ਉਨ੍ਹਾਂ ਦੀਆਂ ਸਮੱਸਿਆਵਾਂ ਸੁਣਨ ਦੀਆਂ ਦਿੱਤੀਆਂ ਹਦਾਇਤਾਂ ਤਹਿਤ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਵਲੋਂ 23 ਜੂਨ ਨੂੰ ਸ਼ਿਵ ਕੁਮਾਰ ਬਟਾਲਵੀ ਆਡੀਟੋਰੀਅਮ ਬਟਾਲਾ ਵਿਖੇ ਮਿਸ਼ਨ ਆਬਾਦ ਤਹਿਤ ਵਿਸ਼ੇਸ਼ ਕੈਂਪ ਲਗਾਇਆ ਜਾ ਰਿਹਾ ਹੈ, ਜਿਸ ਵਿੱਚ ਬਟਾਲਾ ਸ਼ਹਿਰ ਦੇ ਵਸਨੀਕਾਂ ਦੀਆਂ ਮੁਸ਼ਕਲਾਂ ਨੂੰ ਸੁਣਿਆ ਜਾਵੇਗਾ। ਇਹ ਕੈਂਪ ਸਵੇਰੇ 7:30 ਵਜੇ ਤੋਂ ਦੁਪਹਿਰ 2:00 ਵਜੇ ਤੱਕ ਹੋਵੇਗਾ। ਇਸ ਸਬੰਧੀ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਦੱਸਿਆ ਕਿ ਇਸ ਕੈਂਪ ਦੌਰਾਨ ਵੱਖ-ਵੱਖ ਵਿਭਾਗਾਂ ਵਲੋਂ ਵਿਸ਼ੇਸ਼ ਸਟਾਲ ਲਗਾ ਕੇ ਪੰਜਾਬ ਸਰਕਾਰ ਦੀਆਂ ਭਲਾਈ ਯੋਜਨਾਵਾਂ ਦਾ ਲਾਭ ਲੋਕਾਂ ਨੂੰ ਦਿੱਤਾ ਜਾਵੇਗਾ। ਇਸ ਦੇ ਨਾਲ ਹੀ ਜਾਤੀ ਸਰਟੀਫਿਕੇਟ, ਰਿਹਾਇਸ਼ ਸਰਟੀਫਿਕੇਟ, ਰੂਰਲ ਏਰੀਆ ਅਤੇ ਬਾਰਡਰ ਏਰੀਆ ਸਰਟੀਫਿਕੇਟ, ਪੈਨਸ਼ਨ ਨਾਲ ਸਬੰਧਤ ਸੁਵਿਧਾਵਾਂ, ਸਿਹਤ ਵਿਭਾਗ ਨਾਲ ਸਬੰਧਤ ਸੁਵਿਧਾਵਾਂ, ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਨਾਲ ਸਬੰਧਤ ਕੰਮ, ਮਨਰੇਗਾ ਨਾਲ ਸਬੰਧਤ ਕੰਮ, ਵਾਟਰ ਸਪਲਾਈ ਅਤੇ ਜਲ ਸਪਲਾਈ ਵਿਭਾਗ ਨਾਲ ਸਬੰਧਤ ਕੰਮ, ਅਧਾਰ ਕਾਰਡ ਸੁਵਿਧਾ ਦਾ ਲਾਭ ਦਿੱਤਾ ਜਾਵੇਗਾ। ਇਸ ਤੋਂ ਇਲਾਵਾ ਰੁਜ਼ਗਾਰ ਦਫ਼ਤਰ ਵੱਲੋਂ ਬੇਰੁਜ਼ਗਾਰ ਨੌਜਵਾਨਾਂ ਦੇ ਨੌਕਰੀਆਂ ਅਤੇ ਸਵੈ-ਰੁਜ਼ਗਾਰ ਲਈ ਨਾਂਅ ਨੋਟ ਕੀਤੇ ਜਾਣਗੇ ਅਤੇ ਨੌਜਵਾਨਾਂ ਨੂੰ ਮਿਲਟਰੀ, ਪੈਰਾ ਮਿਲਟਰੀ, ਪੁਲਸ, ਬੀਐੱਸਐੱਫ, ਸੀਆਰਪੀਐੱਫ ਆਦਿ ਸੁੱਰਖਿਆ ਫੋਰਸਾਂ ਵਿਚ ਭਰਤੀ ਹੋਣ ਦੀ ਜਾਣਕਾਰੀ ਮੁਹੱਈਆ ਕਰਵਾਈ ਜਾਵੇਗੀ।

# ਪ੍ਰਿੰਟਿੰਗ/ਪ੍ਰਿੰਟਿੰਗ ਨਾਲ ਸੰਬੰਧਤ ਦੁਕਾਨਾਂ ਤਿੰਨ ਦਿਨ ਬੰਦ

ਪਠਾਨਕੋਟ (ਪਠਾਨਕੋਟ)-ਪਠਾਨਕੋਟ ਪ੍ਰਿੰਟਰਜ਼ ਐਸੋਸੀਏਸ਼ਨ ਵੱਲੋਂ ਵੱਧਦੀ ਗਰਮੀ ਨੂੰ ਧਿਆਨ ਵਿੱਚ ਰੱਖਦੇ ਹੋਏ ਗਰਮੀ ਦੀਆਂ ਛੁੱਟੀਆਂ ਕਰਨ ਦਾ ਫੈਸਲਾ ਕੀਤਾ ਗਿਆ ਹੈ। ਐਸੋਸੀਏਸ਼ਨ ਦੇ ਪ੍ਰਧਾਨ ਰਾਜੇਸ਼ ਗੁਪਤਾ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਗਰਮੀ ਦੇ ਪ੍ਰਕੋਪ ਨੂੰ ਦੇਖਦੇ ਹੋਏ ਐਸੋਸੀਏਸਨ ਦੀ ਟੀਮ ਨੇ ਫੈਸਲਾ ਕੀਤਾ ਹੈ ਕਿ 23, 24, 25 ਜੂਨ ਨੂੰ ਪ੍ਰਿੰਟਿੰਗ ਅਤੇ ਪ੍ਰਿੰਟਿੰਗ ਨਾਲ ਸਬੰਧਤ ਸਾਰੀਆਂ ਦੁਕਾਨਾਂ ਬੰਦ ਰਹਿਣਗੀਆਂ। ਇਸ ਮੌਕੇ ਹੋਰਨਾਂ ਤੋਂ ਇਲਾਵਾ ਰਵੀ ਮਹਾਜਨ ਜਨਰਲ ਸਕੱਤਰ ਅਤੇ ਦੀਪਕ ਵਰਮਾ ਖਜ਼ਾਨਚੀ ਹਾਜ਼ਰ ਸਨ।

# ਭੁੱਲਰ ਦੇ ਅੱਖੜ ਵਤੀਰੇ ਵਿਰੁੱਧ ਕਿਸਾਨ ਜਥੇਬੰਦੀਆਂ ਵੱਲੋਂ ਰੋਸ ਪ੍ਰਦਰਸ਼ਨ



ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ)-ਟਰਾਂਸਪੋਰਟ ਮੰਤਰੀ ਲਾਲਜੀਤ ਸਿੰਘ ਭੁੱਲਰ ਦੇ ਹੈਂਕੜਬਾਜ਼ ਰਵੱਈਏ ਖਿਲਾਫ ਵੱਖ-ਵੱਖ ਕਿਸਾਨ ਜਥੇਬੰਦੀਆਂ ਵੱਲੋਂ ਦਿੱਤੇ ਸੱਦੇ ਦੀ ਕੜੀ ਵਜੋਂ ਖਡੂਰ ਸਾਹਿਬ ਵਿਖੇ ਜਮਹੂਰੀ ਕਿਸਾਨ ਸਭਾ, ਕਿਰਤੀ ਕਿਸਾਨ ਯੂਨੀਅਨ, ਕੌਮੀ ਕਿਸਾਨ ਯੂਨੀਅਨ, ਦਿਹਾਤੀ ਮਜ਼ਦੂਰ ਸਭਾ, ਔਰਤ ਮੁਕਤੀ ਮੋਰਚਾ ਆਦਿ ਜਥੇਬੰਦੀਆਂ ਦੇ ਆਗੂਆਂ ਮੁਖਤਾਰ ਸਿੰਘ ਮੱਲਾ, ਸਤਪਾਲ ਸਿੰਘ ਨੱਥੋਕੇ, ਮਨਜੀਤ ਸਿੰਘ ਬੱਗੂ, ਸਰਦੂਲ ਸਿੰਘ ਲਾਲਪੁਰ, ਕੁਲਵਿੰਦਰ ਕੌਰ ਅਤੇ ਕੁਲਦੀਪ ਸਿੰਘ ਢੋਟਾ ਦੀ ਅਗਵਾਈ ਹੇਠ ਮੰਤਰੀ ਦਾ ਪੁਤਲਾ ਫੂਕ ਕੇ ਜ਼ੋਰਦਾਰ ਨਾਅਰੇਬਾਜ਼ੀ ਕੀਤੀ। ਇਸ ਮੌਕੇ ਇਕੱਤਰ ਕਿਸਾਨਾਂ ਨੂੰ ਸੰਬੋਧਨ ਕਰਦਿਆਂ ਮੁਖਤਾਰ ਸਿੰਘ ਮੱਲਾ ਨੇ ਕਿਹਾ ਕਿ ਪਾਵਰਕਾਮ ਦੇ ਇਮਾਨਦਾਰ ਅਧਿਕਾਰੀ ਐੱਸਈ ਗੁਰਸ਼ਰਨ ਸਿੰਘ ਖਹਿਰਾ ਦੀ ਟਰਾਂਸਪੋਰਟ ਮੰਤਰੀ ਵੱਲੋਂ ਰੰਜਿਸ਼ ਤਹਿਤ ਕੀਤੀ ਬਦਲੀ ਖਿਲਾਫ ਸੰਘਰਸ਼ ਕਰ ਰਹੀਆਂ ਜਥੇਬੰਦੀਆਂ 27 ਜੂਨ ਨੂੰ ਡਿਪਟੀ ਕਮਿਸ਼ਨਰ ਦਫਤਰ ਤਰਨ ਤਾਰਨ ਦੇ ਸਾਹਮਣੇ ਰੋਸ ਪ੍ਰਦਰਸ਼ਨ ਕਰਕੇ ਮੰਤਰੀ ਦੀ ਗੁੰਡਾਗਰਦੀ ਖਿਲਾਫ ਮੁੱਖ ਮੰਤਰੀ ਦੇ ਨਾਂ ਮੰਗ ਪੱਤਰ ਸੌਂਪਣਗੀਆਂ। ਆਗੂਆਂ ਨੇ ਕਿਹਾ ਕਿ ਮੰਤਰੀ ਲਾਲਜੀਤ ਸਿੰਘ ਭੁੱਲਰ ਦਾ ਵਤੀਰਾ ਬੇਹੱਦ ਅੱਖੜ ਅਤੇ ਗੈਰ-ਜ਼ਿੰਮੇਵਾਰਾਨਾ ਹੈ ਕਿਉਂਕਿ ਮੰਤਰੀ ਵਲੋਂ ਕਿਸਾਨ, ਮਜ਼ਦੂਰ, ਮੁਲਾਜ਼ਮ ਜਥੇਬੰਦੀਆਂ ਦੇ ਆਗੂਆਂ ਨਾਲ ਜਲੰਧਰ ਜ਼ਿਮਨੀ ਚੋਣ ਤੋਂ ਪਹਿਲਾ 1 ਮਈ ਨੂੰ ਐੱਸਈ ਖਹਿਰਾ ਦੀ ਬਦਲੀ ਰੱਦ ਕਰਨ ਦਾ ਵਾਅਦਾ ਕੀਤਾ ਗਿਆ ਸੀ ਜੋ ਪੂਰਾ ਨਹੀਂ ਕੀਤਾ ਗਿਆ। ਕਿਸਾਨ ਆਗੂਆਂ ਝਿਰਮਲ ਸਿੰਘ ਬਾਣੀਆ, ਜੋਗਿੰਦਰ ਸਿੰਘ ਖਡੂਰ ਸਾਹਿਬ, ਹਰਪ੍ਰੀਤ ਸਿੰਘ ਵੇਈਂਪੂਈਂ, ਬਲਬੀਰ ਸਿੰਘ ਵੇਈਂਪੂਈਂ, ਹਰਪ੍ਰੀਤ ਸਿੰਘ, ਰਾਹੁਲ ਚਾਹਲ, ਹਰਦੀਪ ਸਿੰਘ, ਕੁਲਵਿੰਦਰ ਸਿੰਘ ਆਦਿ ਨੇ ਕਿਹਾ ਕਿ ਮੰਤਰੀ ਦੀ ਗੁੰਡਾਗਰਦੀ ਦਾ ਜਵਾਬ ਤਿੱਖੇ ਸੰਘਰਸ਼ਾਂ ਦੇ ਰੂਪ 'ਚ ਦਿੱਤਾ ਜਾਵੇਗਾ।

# ਡਾਲਾ ਮੋੜ 'ਤੇ ਸੜਕ 'ਚ ਪਾੜ ਪੈਣ ਕਾਰਨ ਹਾਦਸੇ ਵਾਪਰਨ ਦਾ ਖਦਸ਼ਾ



ਗੁਰਦਾਸਪੁਰ, (ਜਨਕ ਮਹਾਜਨ)-ਗੁਰਦਾਸਪੁਰ ਤੋਂ ਬਹਿਰਾਮਪੁਰ ਨੂੰ ਜਾਣ ਵਾਲੀ ਸੜਕ 'ਤੇ ਪੈਂਦੇ ਪਿੰਡ ਡਾਲਾ ਦੇ ਮੋੜ 'ਤੇ ਸੜਕ ਵਿਚਕਾਰ ਵੱਡਾ ਪਾੜ ਪੈਣ ਕਾਰਨ ਹਰ ਵੇਲੇ ਹਾਦਸੇ ਵਾਪਰਨ ਦਾ ਡਰ ਬਣਿਆ ਰਹਿੰਦਾ ਹੈ। ਸੜਕ ਵਿਚਕਾਰ ਪਏ ਇਸ ਪਾੜ ਨੂੰ ਲੈ ਕੇ ਸੰਬੰਧਿਤ ਮਹਿਕਮੇ ਦਾ ਧਿਆਨ ਇਸ ਪਾਸੇ ਨਾ ਹੋਣ ਕਰਕੇ ਲੋਕਾਂ ਦਾ ਵਿਭਾਗ ਪ੍ਰਤੀ ਭਾਰ ਰੋਸ ਦੇਖਣ ਨੂੰ ਮਿਲ ਰਿਹਾ ਹੈ। ਇਸ ਸਬੰਧੀ ਗੱਲਬਾਤ ਕਰਦਿਆਂ ਪਿੰਡ ਡਾਲਾ ਦੇ ਵਾਸੀ ਮਨਪ੍ਰੀਤ ਸਿੰਘ, ਗੁਰਪ੍ਰੀਤ ਸਿੰਘ, ਗੁਰਮੀਤ ਸਿੰਘ, ਮਹਿੰਦਰ ਸਿੰਘ, ਜਤਿੰਦਰ ਸਿੰਘ, ਸੁਲੱਖਣ ਸਿੰਘ ਆਦਿ ਨੇ ਦੱਸਿਆ ਕਿ ਕੁਝ ਦਿਨ ਪਹਿਲਾਂ ਆਏ ਭਾਰੀ ਤੂਫ਼ਾਨ ਨਾਲ ਸੜਕ ਕੰਢੇ ਲੱਗੇ ਸਫੈਦਿਆਂ ਦੇ ਰੁੱਖ ਢਹਿ-ਢੇਰੀ ਹੋ ਗਏ ਸਨ ਅਤੇ ਇਨ੍ਹਾਂ ਸਫੈਦਿਆਂ ਦੇ ਡਿੱਗਣ ਕਾਰਨ ਸੜਕ ਵਿਚਕਾਰ ਵੱਡਾ ਪਾੜ ਪੈ ਗਿਆ। ਉਨ੍ਹਾਂ ਕਿਹਾ ਕਿ ਹੈਰਾਨੀ ਦੀ ਗੱਲ ਹੈ ਕਿ ਇੰਨਾ ਸਮਾਂ ਬੀਤਣ ਦੇ ਬਾਵਜੂਦ ਕਿਸੇ ਵਿਭਾਗ ਵਲੋਂ ਨਾ ਤਾਂ ਸੜਕ ਤੋਂ ਸਫੈਦਿਆਂ ਦੇ ਰੁੱਖਾਂ ਨੂੰ ਉਠਾਇਆ ਗਿਆ ਅਤੇ ਨਾ ਹੀ ਸੜਕ ਵਿਚਕਾਰ ਪਏ ਪਾੜ ਦੀ ਮੁਰੰਮਤ ਕੀਤੀ ਗਈ। ਉਨ੍ਹਾਂ ਕਿਹਾ ਕਿ ਇੰਝ ਜਾਪ ਰਿਹਾ ਹੈ ਕਿ ਵਿਭਾਗ ਕਿਸੇ ਵੱਡੇ ਹਾਦਸੇ ਦੇ ਵਾਪਰਨ ਦੀ ਉਡੀਕ ਕਰ ਰਿਹਾ ਹੈ। ਪਿੰਡ ਵਾਸੀਆਂ ਦੱਸਿਆ ਉਨ੍ਹਾਂ ਖੁਦ ਸੜਕ ਵਿਚਕਾਰ ਪਏ ਪਾੜ ਦੇ ਆਲੇ-ਦੁਆਲੇ ਕੁਝ ਵੱਡੇ-ਵੱਡੇ ਪੱਥਰ ਅਤੇ ਦਰੱਖ਼ਤਾਂ ਦੀਆਂ ਟਹਿਣੀਆਂ ਰੱਖੀਆਂ ਹਨ ਤਾਂ ਜੋ ਆਉਣ-ਜਾਣ ਵਾਲੇ ਰਾਹਗੀਰ ਇਸ ਪਾੜ ਵਿਚ ਡਿਗਣ ਤੋਂ ਬਚ ਸਕਣ। ਪਿੰਡ ਵਾਸੀਆਂ ਨੇ ਡਿਪਟੀ ਕਮਿਸ਼ਨਰ ਗੁਰਦਾਸਪੁਰ ਪਾਸੋਂ ਮੰਗ ਕੀਤੀ ਕਿ ਸੜਕ ਵਿਚਕਾਰ ਪਏ ਪਾੜ ਦੀ ਮੁਰੰਮਤ ਕਰਨ ਤੋਂ ਇਲਾਵਾ ਸੜਕ ਕੰਢੇ ਡਿੱਗੇ ਸਫੈਦੇ ਦੇ ਰੁੱਖਾਂ ਨੂੰ ਵੀ ਚੁੱਕਵਾਇਆ ਜਾਵੇ ਤਾਂ ਜੋ ਜਾਨੀ ਨੁਕਸਾਨ ਹੋਣ ਤੋਂ ਬਚਾਅ ਹੋ ਸਕੇ। ਇਸ ਸਬੰਧੀ ਜਦੋਂ ਰੇਂਜ ਅਫ਼ਸਰ ਬਖਸ਼ੀਸ਼ ਸਿੰਘ ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਕਿਹਾ ਕਿ ਇਹ ਮਾਮਲਾ ਉਨ੍ਹਾਂ ਦੇ ਧਿਆਨ ਵਿਚ ਹੈ, ਉਮੀਦ ਹੈ ਕਿ ਇਕ-ਅੱਧੇ ਦਿਨ ਵਿਚ ਇਸ ਸੜਕ ਤੋਂ ਡਿੱਗੇ ਰੁੱਖਾਂ ਨੂੰ ਚੁੱਕ ਲਿਆ ਜਾਵੇਗਾ ਅਤੇ ਸੜਕ ਕੰਢੇ ਪਏ ਪਾੜ ਦੀ ਮੁਰੰਮਤ ਵੀ ਕਰਵਾ ਦਿੱਤੀ ਜਾਵੇਗੀ।

# ਧਾਰੀਵਾਲ 'ਚ ਇੱਕ ਰੋਜ਼ਾ ਦਸਤਾਰ ਸਿਖਲਾਈ ਕੈਂਪ ਲਗਾਇਆ



ਪੱਟੀ, (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)-ਪਿੰਡ ਧਾਰੀਵਾਲ 'ਚ ਬਾਬਾ ਭਜਾਣਾ ਦੇ ਸਾਲਾਨਾ ਜੋੜ ਮੇਲੇ ਨੂੰ ਸਮਰਪਿਤ ਤਰਨ ਤਾਰਨ ਅੰਮ੍ਰਿਤਸਰ ਦੇ ਸਮੂਹ ਦਸਤਾਰ ਕੋਚ ਸਾਹਿਬਾਨ ਵੱਲੋਂ ਇੱਕ ਰੋਜ਼ਾ ਦਸਤਾਰ ਸਿਖਲਾਈ ਕੈਂਪ ਪਿੰਡ ਧਾਰੀਵਾਲ ਵਿਖੇ ਲਗਵਾਇਆ ਗਿਆ ਜਿਸ ਵਿੱਚ ਸੰਦੀਪ ਸਿੰਘ, ਹਰਪ੍ਰੀਤ ਸਿੰਘ, ਰਣਜੀਤ ਸਿੰਘ, ਮਨਪ੍ਰੀਤ ਸਿੰਘ, ਰਾਹੁਲਪਰੀਤ ਸਿੰਘ, ਸੁਖਰਾਜ ਸਿੰਘ, ਸਹਿਜਪਰੀਤ ਸਿੰਘ ਨੇ ਬੱਚਿਆਂ ਦੇ ਸਿਰਾਂ ਤੇ ਦਸਤਾਰਾਂ ਸਜਾਈਆਂ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਤਰਨਤਾਰਨ ਅਤੇ ਅੰਮ੍ਰਿਤਸਰ ਦੇ ਸਮੂਹ ਦਸਤਾਰਾਂ ਕੋਚ ਸਾਹਿਬਾਨ ਨੇ ਕਿਹਾ ਕਿ ਅੱਜ ਨੌਜਵਾਨ ਜਾਗਣ ਦਾ ਯਤਨ ਕਰ ਰਹੇ ਹਨ। ਵੱਡੀ ਗਿਣਤੀ ਵਿੱਚ ਦਸਤਾਰ ਕੈਂਪਾਂ ਦਾ ਲੱਗਣਾ ਅਤੇ ਬੱਚੇ ਬੱਚੀਆਂ ਵੱਲੋਂ ਇਸ ਵਿੱਚ ਸ਼ਮੂਲੀਅਤ ਕਰਨੀ, ਕੇਸ ਰੱਖਣ ਦਾ ਪ੍ਰਣ ਕਰਨਾ ਆਦਿ ਇਸ ਦੀਆਂ ਪ੍ਰਤੱਖ ਉਦਾਹਰਨਾਂ ਹਨ। ਭਾਈ ਦਿਲਬਾਗ ਸਿੰਘ ਧਾਰੀਵਾਲ ਅਤੇ ਭਾਈ ਗੁਰਭੇਜ ਸਿੰਘ ਵੱਲੋਂ ਆਏ ਕੋਚ ਸਾਹਿਬਾਨ ਨੂੰ ਨਗਰ ਵਿੱਚ ਪਹੁੰਚਣ ਤੇ ਜੀਓ ਆਇਆਂ ਕਿਹਾ ਗਿਆ, ਉੱਥੇ ਨਾਲ ਹੀ ਉਨ੍ਹਾਂ ਵੱਲੋਂ ਕੀਤੇ ਜਾ ਰਹੇ ਯਤਨਾਂ ਦੀ ਭਰਪੂਰ ਸ਼ਲਾਘਾ ਕੀਤੀ ਅਤੇ ਭਵਿੱਖ ਵਿੱਚ ਇਨਾਂ ਕਾਰਜਾਂ ਨੂੰ ਨਿਰੰਤਰ ਜਾਰੀ ਰੱਖਣ ਦਾ ਵੀ ਭਰੋਸਾ ਦਿਵਾਇਆ ਅਤੇ ਸਨਮਾਨ ਨਿਸ਼ਾਨੀਆਂ ਤੇ ਗੁਰੂ ਦੀ ਬਖਸ਼ਿਸ਼ ਸਿਰਪਾਓ ਦੇ ਕੇ ਸਨਮਾਨਿਤ ਕੀਤਾ ਗਿਆ।

# ਸੱਤ ਮੰਗਾਂ ਹੀ ਲਾਗੂ ਕੀਤੀਆਂ, ਬਾਕੀ ਰਹਿੰਦੀਆਂ ਮੰਗਾਂ ਲਈ ਸੰਘਰਸ਼ ਜਾਰੀ : ਭੋਜਰਾਜ



ਧਾਰੀਵਾਲ, (ਮਨਦੀਪ ਸਿੰਘ ਵਿੱਕੀ)-ਸੁਖਦੇਵ ਸਿੰਘ ਭੋਜਰਾਜ ਪ੍ਰਧਾਨ ਕਿਸਾਨ ਤੇ ਜਵਾਨ ਭਲਾਈ ਯੂਨੀਅਨ ਪੰਜਾਬ ਆਗੂ ਸੰਯੁਕਤ ਕਿਸਾਨ ਮੋਰਚਾ ਗੈਰ-ਰਾਜਨੀਤਕ ਭਾਰਤ, ਪਾਵਰਕੌਮ/ਬਿਜਲੀ ਵਿਭਾਗ ਨਾਲ ਸਬੰਧਤ ਪੰਜਾਬ ਸਰਕਾਰ ਵੱਲੋਂ ਮੰਨੀਆਂ ਹੋਈਆਂ ਮੰਗਾਂ ਨੂੰ ਲਾਗੂ ਕਰਵਾਉਣ ਲਈ 8 ਦਿਨ ਮਰਨ ਵਰਤ ਤੇ ਬੈਠ ਕੇ ਸਰਕਾਰੀ ਜਬਰ ਸਹਿ ਕੇ ਮੋਰਚਾ ਜਿੱਤ ਕੇ ਪਟਿਆਲਾ ਦੀ ਆਰਜ਼ੀ ਜੇਲ ਵਿੱਚੋਂ ਰਿਹਾਅ ਹੋ ਕੇ ਆਪਣੇ ਸਹਿਯੋਗੀਆਂ ਨਾਲ ਆਪਣੇ ਘਰ ਪਿੰਡ ਭੋਜਰਾਜ (ਨੇੜੇ ਧਾਰੀਵਾਲ), ਜ਼ਿਲ੍ਹਾ ਗੁਰਦਾਸਪੁਰ ਪਹੁੰਚਣ ਤੋਂ ਪਹਿਲਾਂ ਗੁਰਦੁਆਰਾ ਤਪ ਅਸਥਾਨ ਬਾਬਾ ਹਜ਼ਾਰਾ ਸਿੰਘ ਨਿੱਕੇ ਘੁੰਮਣਾਂ ਵਿਖੇ ਸ਼ੁਕਰਾਨੇ ਵਜੋਂ ਨਤਮਸਤਕ ਹੋਏ। ਇਸ ਮੌਕੇ ਗੱਲਬਾਤ ਕਰਦਿਆਂ ਭੋਜਰਾਜ ਨੇ ਕਿਹਾ ਕਿ ਅਸੀਂ ਧੰਨਵਾਦੀ ਹਾਂ ਉਨ੍ਹਾਂ ਕਿਸਾਨਾਂ ਅਤੇ ਬੀਬੀਆਂ ਦੇ ਜਿਨ੍ਹਾਂ ਧਰਨੇ ਵਿੱਚ ਸ਼ਮੂਲੀਅਤ ਕੀਤੀ ਅਤੇ ਸ਼ਾਂਤਮਈ ਰਹਿ ਕੇ ਭਗਵੰਤ ਮਾਨ ਸਰਕਾਰ ਦੇ ਜਬਰ ਦਾ ਸਾਹਮਣਾ ਕੀਤਾ। ਭੋਜਰਾਜ ਨੇ ਕਿਹਾ ਕਿ ਭਗਵੰਤ ਮਾਨ ਸਰਕਾਰ ਦੀਆਂ ਨਾਦਰਸ਼ਾਹੀ ਨੀਤੀਆਂ ਉੱਤੇ ਇਹ ਜਿੱਤ ਲੋਕਾਂ ਦੇ ਭਰਪੂਰ ਸਹਿਯੋਗ ਅਤੇ ਵਾਹਿਗੁਰੂ ਦੀ ਅਪਾਰ ਬਖਸ਼ਿਸ਼ ਨਾਲ ਹੋਈ ਹੈ। ਸਰਕਾਰ ਵੱਲੋਂ ਹਾਲਾਂ ਸੱਤ ਮੰਗਾਂ ਹੀ ਲਾਗੂ ਕੀਤੀਆਂ ਗਈਆਂ ਹਨ। ਇਨ੍ਹਾਂ ਤੋਂ ਇਲਾਵਾ ਬਾਕੀ ਰਹਿੰਦੀਆਂ ਮੰਗਾਂ ਲਈ ਸੰਘਰਸ਼ ਜਾਰੀ ਹੈ। ਪਟਿਆਲਾ ਦੀ ਆਰਜ਼ੀ ਜੇਲ ਵਿੱਚੋਂ ਰਿਹਾਅ ਹੋ ਕੇ ਆਏ ਕਿਸਾਨ ਆਗੂ ਸੁਖਦੇਵ ਸਿੰਘ ਭੋਜਰਾਜ ਦਾ ਹਾਰ ਪਾ ਕੇ ਭਰਵਾਂ ਸਵਾਗਤ ਕਰਦਿਆਂ ਇਲਾਕੇ ਦੇ ਕਿਸਾਨਾਂ ਵਲੋਂ ਸਿਰਪਾਓ ਨਾਲ ਸਨਮਾਨਿਤ ਕੀਤਾ ਗਿਆ। ਇਸ ਮੌਕੇ ਮਾਤਾ ਬੇਅੰਤ ਕੌਰ, ਕੰਵਲਜੀਤ ਸਿੰਘ ਖੁਸਹਾਲਪੁਰ, ਐਡਵੋਕੇਟ ਪ੍ਰਭਜੋਤ ਸਿੰਘ ਕਾਹਲੋਂ, ਪਰਮਪਾਲ ਸਿੰਘ ਮੇਤਲਾ, ਰਜਿੰਦਰ ਸਿੰਘ ਭਗਟਾਣਾ, ਦਰਸ਼ਨ ਸਿੰਘ ਭੰਬੋਈ, ਗੁਰਪ੍ਰੀਤ ਸਿੰਘ, ਗੁਰਪ੍ਰੀਤ ਸਿੰਘ ਖਾਸਾਂਵਾਲਾ, ਸੁਖਵਿੰਦਰ ਸਿੰਘ ਘੁੰਮਣ, ਗੁਰਮੁੱਖ ਸਿੰਘ ਭੋਜਰਾਜ, ਲੰਬੜਦਾਰ ਭਜਨ ਸਿੰਘ, ਜੋਗਿੰਦਰ ਸਿੰਘ, ਰਜਿੰਦਰ ਸਿੰਘ ਕਾਜ਼ੀਪੁਰ, ਪਾਲ ਸਿੰਘ, ਬਿਕਰਮ ਸਿੰਘ ਸ਼ਾਹਬਾਦ, ਨੰਬਰਦਾਰ ਦਵਿੰਦਰ ਸਿੰਘ ਸਹਾਰੀ, ਸਰਪੰਚ ਕੁਲਦੀਪ ਸਿੰਘ ਸਫਰੀ, ਗੁਰਦੇਵ ਸਿੰਘ ਭਾਗੋਵਾਲ, ਗੁਰਨਾਮ ਸਿੰਘ ਪੱਖੋਕੇ, ਹਰਜਿੰਦਰ ਸਿੰਘ ਮਾਹਲ, ਹੀਰਾ ਸਿੰਘ ਬੱਲ, ਅਜੀਤ ਸਿੰਘ ਗਵਰੇ, ਗੁਰਦੇਵ ਸਿੰਘ ਫੱਤੂਪੁਰ, ਗੁਰਮੇਜ ਸਿੰਘ ਸ਼ਾਹ ਕੁੰਜਰ, ਅਮਨ ਵਰਿੰਦਰ ਸਿੰਘ, ਗੁਰਦਿਆਲ ਸਿੰਘ ਸ਼ਾਹ, ਸਰਪੰਚ ਅਮਰਜੀਤ ਸਿੰਘ, ਸ਼ਰਮਾ ਸਾਧਾਂਵਾਲੀ, ਅਮਰੀਕ ਸਿੰਘ ਸ਼ਾਹਪੁਰ ਗੋਰਾਇਆ, ਸਤਨਾਮ ਸਿੰਘ ਜੌੜੀਆਂ, ਸੁੱਖ ਕਾਦੀਆਂ, ਬਲਵਿੰਦਰ ਸਿੰਘ, ਸੂਰਜ ਕੁਮਾਰ, ਵਰਿੰਦਰ ਸਿੰਘ, ਜਗਜੀਤ ਸਿੰਘ, ਰਾਜੇਸ਼ ਕੁਮਾਰ, ਪਲਵਿੰਦਰ ਸਿੰਘ, ਪਹਿਲਵਾਨ ਸੋਨਾ ਬਾਂਗੋਵਾਣੀ ਆਦਿ ਹਾਜ਼ਰ ਸਨ।

# ਚੂਹੜਚੱਕ ਦੇ ਨਵੇਂ ਪੰਚਾਇਤ ਘਰ ਲਈ 20 ਲੱਖ ਦੀ ਗ੍ਰਾਂਟ ਜਾਰੀ



ਨੌਸ਼ਹਿਰਾ ਮੱਝਾ ਸਿੰਘ (ਸਤਨਾਮ ਸਿੰਘ ਕਿਰਤੀ)-ਵਿਧਾਨ ਸਭਾ ਹਲਕਾ ਬਟਾਲਾ ਦੇ ਪਿੰਡ ਚੂਹੜਚੱਕ (ਨੌਸ਼ਹਿਰਾ ਮੱਝਾ ਸਿੰਘ) ਵਿਖੇ ਵਿਧਾਇਕ ਬਟਾਲਾ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਵੱਲੋ ਨਵੇਂ ਪੰਚਾਇਤ ਘਰ ਲਈ 20 ਲੱਖ ਰੁਪਏ ਦੀ ਗ੍ਰਾਂਟ ਜਾਰੀ ਕੀਤੀ ਗਈ। ਗ੍ਰਾਂਟ ਦਾ ਚੈੱਕ ਵਿਧਾਇਕ ਦੀ ਪਤਨੀ ਰਾਜਬੀਰ ਕੌਰ ਕਲਸੀ ਵੱਲੋਂ ਪਿੰਡ ਦੀ ਪੰਚਾਇਤ ਨੂੰ ਸੌਂਪਿਆ ਗਿਆ ਜਿੱਥੇ ਉਨ੍ਹਾਂ ਕਿਹਾ ਕਿ ਹਲਕੇ ਦੇ ਲੋਕਾਂ ਦੀਆਂ ਮੁਸ਼ਕਿਲਾਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕਰਨ ਨੂੰ ਯਕੀਨੀ ਬਣਾਇਆ ਜਾਵੇਗਾ। ਉਨ੍ਹਾਂ ਪਿੰਡ ਵਾਸੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿਚ ਪੰਜਾਬ ਸਰਕਾਰ ਸੂਬੇ ਨੂੰ 'ਰੰਗਲਾ ਪੰਜਾਬ' ਬਣਾਉਣ ਦੇ ਭਰਪੂਰ ਯਤਨ ਕਰ ਰਹੀ ਹੈ ਅਤੇ ਪੰਜਾਬ ਨੂੰ ਰੰਗਲਾ ਬਣਾਉਣ ਲਈ ਹਰੇਕ ਖੇਤਰ ਵਿਚ ਚਹੁੰਪੱਖੀ ਵਿਕਾਸ ਦੇ ਕੰਮ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਆਪਣੇ 14 ਮਹੀਨਿਆਂ ਦੇ ਕਾਰਜਕਾਲ ਦੌਰਾਨ ਲੋਕ ਭਲਾਈ ਲਈ ਵੱਡੇ ਇਤਿਹਾਸਕ ਫੈਸਲੇ ਲਏ ਗਏ ਹਨ ਅਤੇ ਲੋਕਾਂ ਨਾਲ ਕੀਤੀਆਂ ਗਰੰਟੀਆਂ ਪੂਰੀਆਂ ਕੀਤੀਆਂ ਜਾ ਰਹੀਆਂ ਹਨ।

ਇਸ ਮੌਕੇ ਮਨਦੀਪ ਸਿੰਘ ਗਿੱਲ ਜ਼ਿਲ੍ਹਾ ਪ੍ਰਧਾਨ ਆਮ ਆਦਮੀ ਪਾਰਟੀ, ਪ੍ਰੋਫੈਸਰ ਗੁਰਮੀਤ ਸਿੰਘ, ਸਵਿੰਦਰ ਸਿੰਘ ਸਾਬਕਾ ਚੇਅਰਮੈਨ, ਲਖਵਿੰਦਰ ਸਿੰਘ ਲੱਖਾ, ਜਸਪ੍ਰੀਤ ਸਿੰਘ ਜੱਸ, ਚੇਅਰਮੈਨ ਰਾਜਬੀਰ ਸਿੰਘ ਰੰਧਾਵਾ, ਸੁੱਚਾ ਸਿੰਘ ਸਾਬਕਾ ਚੇਅਰਮੈਨ, ਗੁਰਦੀਪ ਸਿੰਘ ਸਿੱਧੂ, ਰਾਜਬੀਰ ਸਿੰਘ ਰਾਜੂ, ਅਮਨਦੀਪ ਸਿੰਘ ਗਿੱਲ, ਰਘਵੀਰ ਸਿੰਘ ਢੀਂਡਸਾ, ਮਨਦੀਪ ਸਿੰਘ ਸਰਪੰਚ ਨੌਸ਼ਹਿਰਾ ਮੱਝਾ ਸਿੰਘ ਅਤੇ ਪਿੰਡ ਵਾਸੀ ਮੌਜੂਦ ਸਨ।

# ਡੀ ਸੀ ਵੱਲੋਂ ਯੋਗ ਦਿਵਸ ਸਮਾਗਮ 'ਚ ਲੋਕਾਂ ਨੂੰ ਵੱਧ-ਚੜ੍ਹ ਕੇ ਸ਼ਿਰਕਤ ਕਰਨ ਦੀ ਅਪੀਲ



ਅੰਮ੍ਰਿਤਸਰ (ਨਰਿੰਦਰਜੀਤ ਸਿੰਘ)—ਡਿਪਟੀ ਕਮਿਸ਼ਨਰ ਅਮਿਤ ਤਲਵਾੜ ਦੀ ਅਗਵਾਈ ਹੇਠ ਜ਼ਿਲਾ ਪੱਧਰੀ ਵਿਸ਼ਵ ਯੋਗ ਦਿਵਸ ਸਮਾਗਮ 21 ਜੂਨ ਨੂੰ ਮਹਾਰਾਜਾ ਰਣਜੀਤ ਸਿੰਘ ਪਾਰਕ, ਕੰਪਨੀ ਬਾਗ ਵਿਖੇ ਸਵੇਰੇ 5.30 ਵਜੇ ਮਨਾਇਆ ਜਾਵੇਗਾ। ਉਨ੍ਹਾਂ ਜ਼ਿਲਾ ਵਾਸੀਆਂ ਨੂੰ ਇਸ ਯੋਗ ਸਮਾਗਮ ਵਿੱਚ ਵੱਧ-ਚੜ੍ਹ ਕੇ ਸ਼ਿਰਕਤ ਕਰਨ ਦੀ ਅਪੀਲ ਕੀਤੀ। ਇਸ ਸਬੰਧੀ ਅੱਜ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਵਧੀਕ ਡਿਪਟੀ ਕਮਿਸ਼ਨਰ ਹਰਪ੍ਰੀਤ ਸਿੰਘ ਵੱਲੋਂ ਅੰਤਰਰਾਸ਼ਟਰੀ ਯੋਗ ਦਿਵਸ ਸਬੰਧੀ ਹੋਣ ਵਾਲੇ ਸਮਾਗਮਾਂ ਦੀਆਂ ਤਿਆਰੀਆਂ ਦਾ ਜਾਇਜ਼ਾ ਲਿਆ ਅਤੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਸਮਾਗਮ ਨੂੰ ਲੈ ਕੇ ਕਿਸੇ ਵੀ ਤਰ੍ਹਾਂ ਦੀ ਕੁਤਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਵੱਖ-ਵੱਖ ਸੰਸਥਾਵਾਂ ਦੇ ਸਹਿਯੋਗ ਨਾਲ 21 ਜੂਨ ਨੂੰ ਕੰਪਨੀ ਬਾਗ ਵਿਖੇ ਜ਼ਿਲ੍ਹਾ ਪੱਧਰ 'ਤੇ ਵਿਸ਼ਵ ਯੋਗ ਦਿਵਸ ਸਮਾਗਮ ਮਨਾਇਆ ਜਾਵੇਗਾ।

ਉਨ੍ਹਾਂ ਸਾਰੇ ਵਿਭਾਗਾਂ ਨੂੰ ਨਿਰਦੇਸ਼ ਦਿੱਤੇ ਕਿ ਉਹ ਸੌਂਪੀ ਗਈ ਜ਼ਿੰਮੇਵਾਰੀ ਨੂੰ ਤਨਦੇਹੀ ਨਾਲ ਨਿਭਾਉਣ ਤਾਂ ਜੋ ਦੋਵੇਂ ਪ੍ਰੋਗਰਾਮ ਸੁਚਾਰੂ ਢੰਗ ਨਾਲ ਮੁਕੰਮਲ ਕੀਤੇ ਜਾ ਸਕਣ। ਉਨ੍ਹਾਂ ਜ਼ਿਲ੍ਹਾ ਆਯੁਰਵੈਦਿਕ ਅਤੇ ਯੂਨਾਨੀ ਅਫ਼ਸਰ ਨੂੰ ਨਿਰਦੇਸ਼ ਦਿੰਦਿਆਂ ਕਿਹਾ ਕਿ ਉਹ ਨਿੱਜੀ ਤੌਰ 'ਤੇ ਪ੍ਰੋਗਰਾਮ ਦੀਆਂ ਤਿਆਰੀਆਂ ਦੀ ਸਮੀਖਿਆ ਕਰਨ ਅਤੇ ਸਾਰੇ ਪ੍ਰਬੰਧਾਂ ਨੂੰ ਨਿਸ਼ਚਿਤ ਸਮੇਂ ਵਿਚ ਪੂਰਾ ਕਰਨ ਨੂੰ ਯਕੀਨੀ ਬਣਾਉਣ। ਉਨ੍ਹਾਂ ਸਮਾਜ ਸੇਵੀ ਸੰਸਥਾਵਾਂ, ਪੁਲਸ ਵਿਭਾਗ, ਕਾਲਜਾਂ ਦੇ ਵਿਦਿਆਰਥੀਆਂ, ਯੂਥ ਕਲੱਬਾਂ ਦੇ ਮੈਂਬਰਾਂ ਸਮੇਤ ਸਮੂਹ ਵਿਭਾਗਾਂ ਦੇ ਮੁਖੀ ਅਤੇ ਯੋਗ ਪ੍ਰੇਮੀਆਂ ਨੂੰ ਅਪੀਲ ਕੀਤੀ ਕਿ ਉਹ 21 ਜੂਨ ਨੂੰ ਸਵੇਰੇ 5.30 ਵਜੇ ਕੰਪਨੀ ਬਾਗ ਵਿਚ ਪਹੁੰਚ ਕੇ ਇਸ ਜ਼ਿਲ੍ਹਾ ਪੱਧਰੀ ਯੋਗ ਦਿਵਸ ਵਿਚ ਵੱਧ ਤੋਂ ਵੱਧ ਗਿਣਤੀ ਵਿਚ ਸ਼ਿਰਕਤ ਕਰਨ। ਉਨ੍ਹਾਂ ਕਿਹਾ ਕਿ ਯੋਗ ਦਿਵਸ ਦੇ ਪ੍ਰੋਗਰਾਮ ਵਿਚ ਸ਼ਾਮਲ ਹੋਣ ਵਾਲੇ ਲੋਕ ਟੀ-ਸ਼ਰਟ/ਕੁੜਤਾ ਅਤੇ ਪਜ਼ਾਮਾ ਪਾ ਕੇ ਆਉਣ। ਉਨ੍ਹਾਂ ਇਸ ਦੌਰਾਨ ਰਿਫਰੈਸ਼ਮੈਂਟ, ਪੀਣ ਵਾਲੇ ਪਾਣੀ, ਸਫ਼ਾਈ ਅਤੇ ਹੋਰ ਪ੍ਰਬੰਧਾਂ ਸਬੰਧੀ ਵੀ ਸਬੰਧਤ ਵਿਭਾਗਾਂ ਨੂੰ ਨਿਰਦੇਸ਼ ਦਿੱਤੇ।

# ਪ੍ਰੈੱਸ ਫੀਲਡ ਜਰਨਲਿਸਟ ਐਸੋਸੀਏਸ਼ਨ ਵੱਲੋਂ ਖੇਮਕਰਨ ਇਕਾਈ ਦਾ ਵਿਸਥਾਰ

## * ਸੂਬਾ ਪ੍ਰਧਾਨ ਨੇ ਯੂਨੀਅਨ 'ਚ ਸ਼ਾਮਲ ਹੋਏ ਪੱਤਰਕਾਰਾਂ ਨੂੰ ਸਿਰੋਪਾਓ ਦੇ ਕੇ ਕੀਤਾ ਸਨਮਾਨਿਤ



ਭਿੱਖੀਵਿੰਡ/ਖਾਲੜਾ (ਰਣਬੀਰ ਸਿੰਘ ਗੋਲਣ)-ਪ੍ਰੈੱਸ ਫੀਲਡ ਜਰਨਲਿਸਟ ਐਸੋਸੀਏਸ਼ਨ ਦੇ ਸਮੂਹ ਪੱਤਰਕਾਰਾਂ ਦੀ ਹੰਗਾਮੀ ਮੀਟਿੰਗ ਹਲਕਾ ਖੇਮਕਰਨ ਤੋਂ ਪ੍ਰਧਾਨ ਲਖਵਿੰਦਰ ਸਿੰਘ ਗੋਲਣ ਦੀ ਪ੍ਰਧਾਨਗੀ ਹੇਠ ਭਿੱਖੀਵਿੰਡ ਵਿਖੇ ਹੋਈ, ਜਿਸ ਵਿੱਚ ਪ੍ਰੈੱਸ ਫੀਲਡ ਜਰਨਲਿਸਟ ਐਸੋਸੀਏਸ਼ਨ ਦੇ ਸੂਬਾ ਪ੍ਰਧਾਨ ਹਰਪ੍ਰੀਤ ਸਿੰਘ ਸਿੰਦਬਾਦ, ਸੂਬਾ ਸਲਾਹਕਾਰ ਬੀਐੱਸ ਸਾਹਿਬ, ਜ਼ਿਲ੍ਹਾ ਪ੍ਰਧਾਨ ਬਲਜੀਤ ਸਿੰਘ ਬਿੱਟੂ, ਪ੍ਰੈੱਸ ਸਕੱਤਰ ਇੰਦਰਜੀਤ ਸਿੰਘ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਇਸ ਮੌਕੇ ਸੂਬਾ ਪ੍ਰਧਾਨ ਹਰਪ੍ਰੀਤ ਸਿੰਘ ਸਿੰਦਬਾਦ ਅਤੇ ਹਲਕਾ ਖੇਮਕਰਨ ਤੋਂ ਪ੍ਰਧਾਨ ਲਖਵਿੰਦਰ ਸਿੰਘ ਗੋਲਣ ਨੇ ਐਸੋਸੀਏਸ਼ਨ 'ਚ ਸ਼ਾਮਲ ਹੋਏ ਪੱਤਰਕਾਰ ਸਾਥੀਆਂ ਨੂੰ ਸਿਰੋਪਾਓ ਪਾ ਕੇ ਜੀ ਆਇਆਂ ਆਖਿਆ।

ਇਸ ਮੌਕੇ ਆਪਣੇ ਸੰਬੋਧਨ 'ਚ ਸੂਬਾ ਪ੍ਰਧਾਨ ਹਰਪ੍ਰੀਤ ਸਿੰਘ ਸਿੰਦਬਾਦ ਨੇ ਕਿਹਾ ਕਿ ਪ੍ਰੈੱਸ ਫੀਲਡ ਜਰਨਲਿਸਟ ਐਸੋਸੀਏਸ਼ਨ ਦਾ ਗਠਨ ਪੱਤਰਕਾਰਾਂ ਦੇ ਡਿੱਗ ਰਹੇ ਮਿਆਰ ਨੂੰ ਉੱਚਾ ਚੁੱਕਣ ਲਈ ਕੀਤਾ ਗਿਆ ਸੀ। ਉਨ੍ਹਾਂ ਕਿਹਾ ਕਿ ਯੂਨੀਅਨ ਨਾਲ ਜੁੜਨ ਲਈ ਪੱਤਰਕਾਰ ਭਾਈਚਾਰੇ 'ਚ ਵਧ ਰਹੀ ਤਾਂਘ ਇਸ ਗੱਲ ਦਾ ਸਬੂਤ ਹੈ ਕਿ ਆਉਣ ਵਾਲੇ ਸਮੇਂ 'ਚ ਸਾਡੀ ਜਥੇਬੰਦੀ ਬੋਹੜ ਦਾ ਰੂਪ ਅਖਤਿਆਰ ਕਰੇਗੀ। ਇਸ ਮੌਕੇ ਸੂਬਾ ਪ੍ਰਧਾਨ ਨੇ ਐਸੋਸੀਏਸ਼ਨ ਵਿੱਚ ਸ਼ਾਮਿਲ ਹੋਣ ਵਾਲੇ ਸੀਨੀਅਰ ਪੱਤਰਕਾਰ ਰਾਮ ਧਵਨ, ਹਰਜੀਤ ਸਿੰਘ ਵਲਟੋਹਾ ਲਖਵਿੰਦਰ ਸਿੰਘ ਵਲਟੋਹਾ, ਕਵਲ ਬੇਗੇਪੁਰ, ਬਲਜਿੰਦਰ ਸਿੰਘ ਠੱਠੀ, ਅਜੀਤ ਸਿੰਘ ਵਲਟੋਹਾ, ਸੁਖਦੇਵ ਸਿੰਘ ਆਸਲ ਨੂੰ ਲੋਕਾਂ ਦੇ ਹੱਕਾਂ ਦੀ ਆਵਾਜ਼ ਬੁਲੰਦ ਕਰਨ ਲਈ ਪ੍ਰੇਰਿਆ। ਇਸੇ ਤਰ੍ਹਾਂ ਆਪਣੇ ਸੰਬੋਧਨ 'ਚ ਯੂਨੀਅਨ ਦੇ ਹਲਕਾ ਖੇਮਕਰਨ ਤੋਂ ਪ੍ਰਧਾਨ ਲਖਵਿੰਦਰ ਸਿੰਘ ਗੋਲਣ ਵੱਲੋਂ ਯੂਨੀਅਨ 'ਚ ਸ਼ਾਮਿਲ ਹੋਣ ਵਾਲੇ ਪੱਤਰਕਾਰ ਸਾਥੀਆਂ ਨੂੰ ਜੀ ਆਇਆ ਆਖਿਆ ਗਿਆ। ਇਸ ਮੌਕੇ ਉਨ੍ਹਾਂ ਪ੍ਰੈੱਸ ਸ਼ਬਦ ਦੀ ਹੋ ਰਹੀ ਦੁਰਵਰਤੋਂ 'ਤੇ ਗਹਿਰੀ ਚਿੰਤਾ ਪ੍ਰਗਟਾਉਂਦਿਆਂ ਜ਼ਿਲ੍ਹਾ ਪ੍ਰਸ਼ਾਸਨ ਨੂੰ ਅਪੀਲ ਕੀਤੀ ਕਿ ਗੱਡੀਆਂ-ਮੋਟਰਸਾਈਕਲਾਂ 'ਤੇ ਅਣਅਧਿਕਾਰਤ ਤਰੀਕੇ ਨਾਲ ਪ੍ਰੈੱਸ ਸ਼ਬਦ ਲਿਖਵਾ ਕੇ ਪ੍ਰਸ਼ਾਸਨ ਦੀਆਂ ਅੱਖਾਂ 'ਚ ਘੱਟਾ ਪਾਉਣ ਵਾਲਿਆਂ ਖਿਲਾਫ ਤੁਰੰਤ ਸਖ਼ਤ ਕਾਰਵਾਈ ਕੀਤੀ ਜਾਵੇ।

ਇਸ ਮੌਕੇ ਸੀਨੀਅਰ ਪੱਤਰਕਾਰ ਰਾਮ ਧਵਨ ਭਿੱਖੀਵਿੰਡ, ਸੁਰਿੰਦਰ ਸਿੰਘ ਵਾਂ, ਦਰਸ਼ਨ ਸੰਧੂ, ਰਾਜਵਿੰਦਰ ਸਿੰਘ ਰਾਜੂ, ਸਾਜਨ ਸ਼ਰਮਾ, ਮਨਪ੍ਰੀਤ ਖਾਲੜਾ, ਲਾਡਾ ਕੰਡਾ, ਦਵਿੰਦਰ ਸਹੋਤਾ, ਵਿਸ਼ਾਲ ਕਟਾਰੀਆ, ਕਵਲ ਬੇਗੇਪੁਰ, ਸੁਖਦੇਵ ਆਸਲ, ਅਜੀਤ ਸਿੰਘ ਵਲਟੋਹਾ, ਬਲਜਿੰਦਰ ਸਿੰਘ ਠੱਠੀ, ਹਰਦਿਆਲ ਸਿੰਘ ਮੱਲੀ, ਦਲਜਿੰਦਰ ਰਾਜਪੂਤ, ਗੁਰਕੀਰਤ ਸਕੱਤਰਾ, ਗੁਰਬਾਜ ਅਮਰਕੋਟ, ਗੁਰਮੀਤ ਸਿੰਘ ਵਲਟੋਹਾ ਅਤੇ ਹੀਰਾ ਕੰਡਾ ਖੇਮਕਰਨ, ਹਰਜੀਤ ਸਿੰਘ ਵਲਟੋਹਾ, ਦਲਜੀਤ ਸਿੰਘ ਭਾਰਤ ਆਦਿ ਪੱਤਰਕਾਰ ਹਾਜ਼ਰ ਸਨ।

ਨਵਾਂ ਜ਼ਮਾਨਾ
ਮੰਗਲਵਾਰ, 20 ਜੂਨ 2023

# ਰੇਡੀਓ ਪ੍ਰੋਟੈੱਸਟ

ਮਨੀਪੁਰ ਦੇ ਹਾਲਾਤ ਨੂੰ ਲੈ ਕੇ ਉਥੋਂ ਦੇ ਲੋਕ ਕਿੰਨੇ ਗੁੱਸੇ ਵਿਚ ਹਨ, ਇਸ ਦਾ ਪਤਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਰੇਡੀਓ ਪ੍ਰੋਗਰਾਮ 'ਮਨ ਕੀ ਬਾਤ' ਦੀ 102ਵੀਂ ਕਿਸ਼ਤ ਪ੍ਰਤੀ ਉਨ੍ਹਾਂ ਦੀ ਪ੍ਰਤੀਕ੍ਰਿਆ ਤੋਂ ਲੱਗਿਆ। ਪ੍ਰਧਾਨ ਮੰਤਰੀ 'ਮਨ ਕੀ ਬਾਤ' ਮਹੀਨੇ ਦੇ ਅਖੀਰ ਵਿਚ ਕਰਦੇ ਹਨ, ਪਰ ਅਮਰੀਕਾ ਦੌਰੇ 'ਤੇ ਜਾਣ ਕਰਕੇ ਐਡਵਾਂਸ ਕਰ ਲਈ। ਐਤਵਾਰ ਦੇਸ਼ ਦੇ ਹੋਰਨਾਂ ਲੋਕਾਂ ਵਾਂਗ ਮਨੀਪੁਰ ਦੇ ਲੋਕਾਂ ਨੇ ਵੀ ਇਹ ਬਾਤ ਸੁਣੀ, ਪਰ ਉਨ੍ਹਾਂ ਦੀ ਪ੍ਰਤੀਕ੍ਰਿਆ ਮੋਦੀ ਭਗਤਾਂ ਨਾਲੋਂ ਵੱਖਰੀ ਸੀ। ਉਨ੍ਹਾਂ ਦਾ ਕਹਿਣਾ ਸੀ ਕਿ 3 ਮਈ ਤੋਂ ਚੱਲ ਰਹੀ ਹਿੰਸਾ ਵਿਚ ਘੱਟੋ-ਘੱਟ 110 ਲੋਕ ਮਾਰੇ ਜਾ ਚੁੱਕੇ ਹਨ ਤੇ 60 ਹਜ਼ਾਰ ਉੱਜੜ ਚੁੱਕੇ ਹਨ, ਪਰ ਮੋਦੀ ਇਸ ਨਰਸੰਘਾਰ ਬਾਰੇ ਇਕ ਲਫਜ਼ ਵੀ ਨਹੀਂ ਉੱਚਰੇ। ਗੁੱਸੇ ਵਿਚ ਆਏ ਲੋਕਾਂ ਨੇ ਇੰਫਾਲ ਪੱਛਮੀ ਜ਼ਿਲ੍ਹੇ ਦੀ ਸਿੰਗਜਾਮੀ ਮਾਰਕਿਟ ਅਤੇ ਕਾਕਚਿੰਗ ਜ਼ਿਲ੍ਹੇ ਦੀ ਕਾਕਚਿੰਗ ਮਾਰਕਿਟ 'ਚ ਰੇਡੀਓ ਲੈ ਕੇ ਮੁਜ਼ਾਹਰੇ ਕੀਤੇ ਤੇ ਕਿਹਾ ਕਿ ਮੋਦੀ ਨੇ ਐਮਰਜੈਂਸੀ ਦੀ ਗੱਲ ਕੀਤੀ ਅਤੇ ਭਾਰਤ ਨੂੰ ਜਮਹੂਰੀਅਤ ਦੀ ਜਨਨੀ ਕਿਹਾ, ਪਰ 49 ਦਿਨ ਤੋਂ ਚੱਲੇ ਰਹੇ ਸੰਕਟ ਦਾ ਕੋਈ ਜ਼ਿਕਰ ਤੱਕ ਨਹੀਂ ਕੀਤਾ। ਸਿੰਗਜਾਮੀ ਵਿਚ ਨੈਸ਼ਨਲ ਹਾਈਵੇਅ-2 ਦੇ ਦੋਹੀਂ ਪਾਸੀਂ ਲਾਈਨ ਬਣਾ ਕੇ ਮਹਿਲਾਵਾਂ ਨੇ ਮੋਦੀ ਤੇ ਹੁਕਮਰਾਨ ਭਾਜਪਾ ਖਿਲਾਫ ਨਾਅਰੇਬਾਜ਼ੀ ਕੀਤੀ। ਉਨ੍ਹਾਂ ਪੋਸਟਰ ਚੁੱਕੇ ਹੋਏ ਸਨ— ਮੈਂ ਮਨ ਕੀ ਬਾਤ ਦਾ ਵਿਰੋਧ ਕਰਦੀ ਹਾਂ, ਮਿਸਟਰ ਮੋਦੀ ਸ਼ਰਮ ਕਰੋ, ਮਨ ਕੀ ਬਾਤ 'ਚ ਮਨੀਪੁਰ ਲਈ ਇਕ ਸ਼ਬਦ ਵੀ ਨਹੀਂ, ਮਨ ਕੀ ਬਾਤ ਨੂੰ ਨਾਂਹ, ਮਨੀਪੁਰ ਕੀ ਬਾਤ ਨੂੰ ਹਾਂ ਅਤੇ ਮਿਸਟਰ ਮੋਦੀ ਮਨ ਕੀ ਬਾਤ 'ਚ ਹੋਰ ਡਰਾਮਾ ਬਰਦਾਸ਼ਤ ਨਹੀਂ। ਇਸ ਦੌਰਾਨ ਇਕ ਬੰਦੇ ਨੇ ਸੜਕ ਦੇ ਵਿਚਕਾਰ ਰੇਡੀਓ ਚੁੱਕ ਕੇ ਮਾਰਿਆ ਤੇ ਉਸ ਤੋਂ ਬਾਅਦ ਇਕ ਮਹਿਲਾ ਨੇ ਵੀ ਰੇਡੀਓ ਚੁੱਕ ਕੇ ਮਾਰਿਆ। ਫਿਰ ਦੋ ਮਰਦਾਂ ਤੇ ਇਕ ਮਹਿਲਾ ਨੇ ਉਨ੍ਹਾਂ 'ਤੇ ਟੱਪ ਕੇ ਆਪਣੇ ਗੁੱਸੇ ਦਾ ਇਜ਼ਹਾਰ ਕੀਤਾ। ਕਾਕਚਿੰਗ ਵਿਚ ਮਹਿਲਾ ਪ੍ਰੋਟੈੱਸਟਰਾਂ ਨੇ ਚਾਰ-ਪੰਜ ਰੇਡੀਓ ਸਾੜ ਦਿੱਤੇ। ਪ੍ਰੋਟੈੱਸਟਰਾਂ ਨੇ ਮੋਦੀ ਤੇ ਭਾਜਪਾ ਖਿਲਾਫ ਨਾਅਰੇਬਾਜ਼ੀ ਵੀ ਕੀਤੀ। 'ਨਾਰਥ ਈਸਟ ਇੰਡੀਆ ਵੋਮੈਨ ਇਨੀਸ਼ਿਏਟਿਵ ਫਾਰ ਪੀਸ' ਦੀ ਕਨਵੀਨਰ ਤੇ 'ਮਨੀਪੁਰ ਵੋਮੈਨ ਗਨ ਸਰਵਾਈਵਰਜ਼ ਨੈੱਟਵਰਕ' ਦੀ ਬਾਨੀ ਬੀਨਾਲਕਸ਼ਮੀ ਨੇਪਰਾਮ ਨੇ ਕਿਹਾ ਕਿ ਮਨ ਕੀ ਬਾਤ ਮਨੀਪੁਰੀਆਂ ਲਈ ਤਾਂ ਮੌਨ ਕੀ ਬਾਤ ਹੀ ਬਣ ਕੇ ਰਹਿ ਗਈ। ਏਨਾ ਜਾਨੀ ਤੇ ਮਾਲੀ ਨੁਕਸਾਨ ਹੋਣ ਦੇ ਬਾਅਦ ਪ੍ਰਧਾਨ ਮੰਤਰੀ ਦੀ ਬੇਰੁਖੀ ਨੇ ਮਨੀਪੁਰ ਤੇ ਉੱਤਰ-ਪੂਰਬੀ ਭਾਰਤ ਦੇ ਲੋਕਾਂ ਨੂੰ ਬਹੁਤ ਦੁਖੀ ਕੀਤਾ ਹੈ। ਮਨੀਪੁਰ ਦੇ ਲੋਕ ਆਪਣੀ ਥਾਂ ਦੁਖੀ ਹਨ, ਪਰ ਹਕੀਕਤ ਇਹੀ ਹੈ ਕਿ ਪ੍ਰਧਾਨ ਮੰਤਰੀ ਅਜਿਹੇ ਕਿਸੇ ਮੁੱਦੇ 'ਤੇ ਨਹੀਂ ਬੋਲਦੇ, ਜਿੱਥੋਂ ਉਨ੍ਹਾਂ ਨੂੰ ਕੁਝ ਲੱਭਦਾ ਨਾ ਹੋਵੇ, ਉਨ੍ਹਾ ਦੀ ਬੱਲੇ-ਬੱਲੇ ਨਾ ਹੁੰਦੀ ਹੋਵੇ।

## ਪਾਠਕ-ਸੱਥ

### ਪਾਣੀ ਦਾ ਡੂੰਘਾ ਹੋ ਰਿਹਾ ਪੱਧਰ ਚਿੰਤਾ ਦਾ ਵਿਸ਼ਾ

ਪਾਣੀ ਹਰ ਮਨੁੱਖ ਦੇ ਜੀਵਨ ਲਈ ਜ਼ਰੂਰੀ ਹੈ ਜਾਂ ਅਸੀਂ ਕਹਿ ਸਕਦੇ ਹਾਂ ਕਿ ਪਾਣੀ ਤੋਂ ਬਿਨਾਂ ਕਿਸੇ ਦਾ ਜੀਵਨ ਸੰਭਵ ਨਹੀਂ ਹੈ। ਪਾਣੀ ਸਿਰਫ ਮਨੁੱਖਾਂ ਲਈ ਹੀ ਨਹੀਂ, ਸਗੋਂ ਜਾਨਵਰਾਂ, ਪੰਛੀਆਂ ਅਤੇ ਪੌਦਿਆਂ ਲਈ ਵੀ ਬਹੁਤ ਜ਼ਰੂਰੀ ਹੈ। ਇਸੇ ਲਈ ਕਿਹਾ ਜਾਂਦਾ ਹੈ ਕਿ "ਜੇ ਜਲ ਹੈ, ਤਾਂ ਜੀਵਨ ਹੈ"। ਸਾਡੀ ਧਰਤੀ 'ਤੇ ਲੱਗਭੱਗ 71% ਪਾਣੀ ਮੌਜੂਦ ਹੈ।

ਗੁਰਬਾਣੀ ਵਿੱਚ ਪਾਣੀ ਨੂੰ ਪਿਤਾ ਦਾ ਦਰਜਾ ਦਿੱਤਾ ਗਿਆ ਹੈ। ਪਵਨ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤ ਭਾਵ ਹਵਾ ਗੁਰੂ ਹੈ, ਪਾਣੀ ਪਿਤਾ ਹੈ ਅਤੇ ਧਰਤੀ ਸਭ ਦੀ ਮਹਾਨ ਮਾਤਾ ਹੈ।

"ਜੇ ਜਲ ਹੈ ਤਾਂ ਕੱਲ੍ਹ ਹੈ", ਇਸ ਦੇ ਬਾਵਜੂਦ ਪਾਣੀ ਦੀ ਬੇਲੋੜੀ ਬਰਬਾਦੀ ਹੋ ਰਹੀ ਹੈ। ਸਾਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਪਾਣੀ ਦੇ ਸੰਕਟ ਦਾ ਹੱਲ ਪਾਣੀ ਦੀ ਸੰਭਾਲ ਵਿੱਚ ਹੀ ਹੈ। ਅਸੀਂ ਹਮੇਸ਼ਾ ਸੁਣਦੇ ਆਏ ਹਾਂ ਕਿ "ਜਲ ਹੀ ਜੀਵਨ ਹੈ"। ਪਾਣੀ ਤੋਂ ਬਿਨਾਂ ਸੁਨਹਿਰੀ ਕੱਲ੍ਹ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਜੀਵਨ ਦੇ ਸਾਰੇ ਕਾਰਜ ਕਰਨ ਲਈ ਪਾਣੀ ਦੀ ਲੋੜ ਹੁੰਦੀ ਹੈ। ਪੰਜਾਬ ਦੇ ਜਲ ਸਰੋਤ ਮਹਿਕਮੇ ਵੱਲੋਂ ਪੇਸ਼ ਕੀਤੀ ਗਈ ਰਿਪੋਰਟ ਅਨੁਸਾਰ ਧਰਤੀ ਉੱਤੇ ਪਾਣੀ ਦਾ ਪੱਧਰ ਨੀਵਾਂ ਹੋ ਰਿਹਾ ਹੈ। 9 ਜ਼ਿਲ੍ਹਿਆਂ ਜਿਸ ਵਿਚ ਲੁਧਿਆਣਾ, ਪਟਿਆਲਾ, ਬਰਨਾਲਾ, ਬਠਿੰਡਾ ਤੇ ਸੰਗਰੂਰ ਸ਼ਾਮਲ ਹਨ, ਦੀ ਇਸ ਖਤਰਨਾਕ ਰਿਪੋਰਟ ਨੇ ਮਨੁੱਖ ਨੂੰ ਸੱਚਮੁੱਚ ਹੀ ਸੋਚਣ ਲਈ ਮਜਬੂਰ ਕਰ ਦਿੱਤਾ ਕਿ ਜੇਕਰ ਪਾਣੀ ਏਸੇ ਤਰ੍ਹਾਂ ਧਰਤੀ ਦੇ ਹੇਠਾਂ ਡੂੰਘਾ ਹੁੰਦਾ ਜਾਵੇਗਾ ਤਾਂ ਆਉਣ ਵਾਲੇ ਸਮੇਂ ਵਿੱਚ ਆਉਣ ਵਾਲੀਆਂ ਪੀੜ੍ਹੀਆਂ ਇਸ ਦੀ ਵਰਤੋਂ ਕਿਵੇਂ ਕਰਨਗੀਆਂ। ਸਾਨੂੰ ਸਾਰਿਆਂ ਨੂੰ ਇਸ ਉੱਤੇ ਵਿਚਾਰ ਕਰਨਾ ਚਾਹੀਦਾ ਹੈ ਅਤੇ ਪਾਣੀ ਦੀ ਬੇਲੋੜੀ ਬਰਬਾਦੀ ਨਹੀਂ ਕਰਨੀ ਚਾਹੀਦੀ।

-ਪਵਨ ਗੁਪਤਾ ਸਮਾਜ ਸੇਵੀ, 98145-55188

### ਕਿਸਾਨਾਂ 'ਤੇ ਵਾਧੂ ਬੋਝ

ਇੱਕ ਖਬਰ ਅਨੁਸਾਰ ਕੇਂਦਰ ਸਰਕਾਰ ਨੇ ਨਵਾਂ ਫੁਰਮਾਨ ਜਾਰੀ ਕਰਕੇ ਯੂਰੀਆ ਅਤੇ ਡੀ ਏ ਪੀ ਖਾਦ ਨਾਲ ਇੱਕ ਗੱਟਾ ਗੋਬਰ ਖਾਦ ਦਾ ਵੇਚਣ ਲਈ ਕਿਹਾ ਹੈ, ਜਿਸ ਦਾ ਕਿਸਾਨ ਜੱਥੇਬੰਦੀਆਂ ਵੱਲੋਂ ਵਿਰੋਧ ਸ਼ੁਰੂ ਹੋ ਗਿਆ ਹੈ। ਕਿਸਾਨ ਪਹਿਲਾਂ ਹੀ ਬੇਮੌਸਮੀ ਵਰਖਾ ਕਰਕੇ ਹੋ ਰਹੇ ਫਸਲਾਂ ਦੇ ਨੁਕਸਾਨ ਅਤੇ ਵਧਦੀ ਮਹਿੰਗਾਈ ਕਰਕੇ ਕਰਜ਼ੇ ਦੇ ਜਾਲ ਵਿੱਚ ਫਸਦਾ ਜਾ ਰਿਹਾ ਹੈ। ਆਪਣੇ ਉੱਪਰ ਚੜ੍ਹੇ ਕਰਜ਼ੇ ਨੂੰ ਉਤਾਰਨ ਵਿੱਚ ਨਾਕਾਮ ਰਹਿੰਦਾ ਹੋਇਆ ਖੁਦਕੁਸ਼ੀਆਂ ਦੇ ਰਾਹਾਂ ਦੀ ਚੋਣ ਕਰਦਾ ਹੈ। ਕੇਂਦਰ ਸਰਕਾਰ ਦੇ ਨਵੇਂ ਫੈਸਲੇ ਨਾਲ ਕਿਸਾਨਾਂ 'ਤੇ 1500 ਕਰੋੜ ਰੁਪਏ ਦਾ ਵਿੱਤੀ ਬੋਝ ਪਵੇਗਾ। ਪੈਟਰੋਲ-ਡੀਜ਼ਲ ਦੀਆਂ ਵਧਦੀਆਂ ਕੀਮਤਾਂ ਨੇ ਪਹਿਲਾਂ ਹੀ ਕਿਸਾਨਾਂ ਨੂੰ ਕੱਖੋਂ ਹੌਲੀ ਕਰਕੇ ਰੱਖ ਦਿੱਤਾ ਹੈ। ਖੇਤੀਬਾੜੀ ਕਿਸੇ ਦੇਸ਼ ਦੀ ਰੀੜ੍ਹ ਦੀ ਹੱਡੀ ਦਾ ਕੰਮ ਕਰਦੀ ਹੈ। ਕੋਰੋਨਾ ਕਾਲ ਵਿੱਚ ਜਦੋਂ ਸਾਰੇ ਪਾਸੇ ਤਾਲਾਬੰਦੀ ਸੀ, ਉਸ ਸਮੇਂ ਖੇਤੀਬਾੜੀ ਸੈਕਟਰ ਹੀ ਅਜਿਹਾ ਸੈਕਟਰ ਸੀ ਜਿਸ ਨੇ ਦੇਸ਼ ਦੀ ਆਰਥਿਕਤਾ ਨੂੰ ਸਹਾਰਾ ਦਿੱਤਾ। ਕਿਸਾਨਾਂ ਦੀ ਆਮਦਨ ਦੁੱਗਣੀ ਗੱਲਾਂ ਨਾਲ ਨਹੀਂ ਹੋਣੀ, ਸਗੋਂ ਉਸ ਲਈ ਕਿਸਾਨਾਂ ਦੀ ਭਲਾਈ ਲਈ ਠੋਸ ਨੀਤੀ ਬਣਾਉਣ ਦੀ ਲੋੜ ਹੈ। ਕੇਂਦਰ ਸਰਕਾਰ ਨੂੰ ਆਪਣੇ ਤੁਗਲਕੀ ਫਰਮਾਨ 'ਤੇ ਮੁੜ ਵਿਚਾਰ ਕਰਕੇ ਇਸ ਨੂੰ ਰੱਦ ਕਰਨਾ ਚਾਹੀਦਾ ਹੈ।

-ਰਜਵਿੰਦਰ ਪਾਲ ਸ਼ਰਮਾ, 70873-67969

# ਘੋਲ : ਲੁੱਟਿਆਂ-ਲਤਾੜਿਆਂ ਦੀ ਤਾਕਤ ਤੇ ਉੱਚ ਪਾਏ ਦਾ ਸਕੂਲ

ਜਗਮੇਲ ਸਿੰਘ



ਪਹਿਲਵਾਨਾਂ ਦੀ ਸਰਕਾਰ ਨਾਲ ਗੱਲ ਹੋਈ। ਸਰਕਾਰ ਪਹਿਲਾਂ ਸਿਆਸੀ ਤਿਕੜਮਾਂ ਖੇਡਦੀ ਰਹੀ ਪਹਿਲਵਾਨਾਂ ਨੂੰ ਗਲਤ ਸਿੱਧ ਕਰਨ ਲਈ। ਹੰਭਾਉਣ ਤੇ ਜਰਕਾਉਣ ਲਈ। ਮੌਕਾ ਭਾਲਦੀ ਰਹੀ, ਧਰਨੇ 'ਤੇ ਝਪਟਣ ਲਈ। ਰਾਜ ਸੱਤਾ ਦਾ ਪੱਕਾ ਸੁਭਾਅ। ਨਾ ਸਿਰਫ ਕਹਿਣ ਵਿੱਚ, ਵਿਵਹਾਰ ਵਿੱਚ ਵੀ। ਏਕਾ ਕਰਨ ਵਾਲੇ ਦੁਸ਼ਮਣ। ਘੋਲ ਕਰਨ ਵਾਲੇ ਪਰਜੀਵੀ। ਗੱਲ ਨਾ ਸੁਣਨੀ, ਨਾ ਕਹਿਣੀ। ਹਕੂਮਤੀ ਛਟੀ ਵਾਹੁਣੀ। ਇਹ ਸਰਕਾਰ ਵੱਧ ਵਫਾਦਾਰ। ਆਹ ਕੁੜੀਆਂ ਨਾਲ ਇਹੀ ਕੀਤਾ। ਬੂਟਾਂ ਨਾਲ ਦਰੜਿਆ, ਘੜੀਸਿਆ, ਗਾਲਾਂ ਕੱਢੀਆਂ ਤੇ ਸੰਗੀਨ ਜੁਰਮਾਂ ਤਹਿਤ ਪਰਚੇ ਪਾਏ। ਹਾਕਮਾਂ ਦਾ ਇਹ ਵੀ ਇੱਕ ਤਰੀਕਾ। ਹਕੂਮਤੀ ਤਾਕਤ ਦਾ ਛੱਪਾ ਪਾਈ ਰੱਖਣ ਦਾ। ਲੋਕਾਂ ਨੂੰ ਵਿਚਾਰੇ ਬਣਾ ਕੇ ਰੱਖਣ ਦਾ। ਹਾਕਮ ਪੱਖੀ ਨੀਤੀਆਂ ਕਾਨੂੰਨ ਸੌਖ ਨਾਲ ਲਾਗੂ ਕਰਨ ਦਾ। ਮਨਆਈਆਂ ਕਰਨ ਦਾ।

ਹਾਕਮ ਗੱਲਬਾਤ ਤੋਂ ਲੱਖ ਟਲਣ, ਘੋਲ ਦਾ ਦਬਾਅ ਟਲਣ ਨਹੀਂ ਦਿੰਦਾ। ਨੰਗੇ-ਚਿੱਟੇ ਜਬਰ ਨੇ ਘੋਲ ਦਾ ਵਜ਼ਨ ਵਧਾਇਆ। ਵਿਸ਼ਾਲ ਲੋਕਾਈ ਹਮਾਇਤ 'ਚ ਆਈ। ਸਰਕਾਰ ਦੀ ਥੂ-ਥੂ ਹੋਈ। ਦੇਸ਼ਾਂ-ਵਿਦੇਸ਼ਾਂ ਤੋਂ ਫਿੱਟ-ਲਾਹਨਤਾਂ ਮਿਲੀਆਂ। ਹਕੂਮਤੀ ਗਰੂਰ ਟੁੱਟਿਆ। ਗੱਲਬਾਤ ਦੀ ਮੇਜ਼ 'ਤੇ ਆਉਣਾ ਪਿਆ।

"ਗੱਲਬਾਤ ਮਸਲੇ ਦਾ ਹੱਲ ਕਰਦੀ ਹੈ।" ਗੱਲਬਾਤ ਦਾ ਸਿੱਟਾ ਕੁਝ ਵੀ ਨਿਕਲੇ, ਨਿਕਲੂ ਆਗੂ ਟੀਮ ਵੱਲੋਂ ਭਿੜਨ ਵਿੱਚੋਂ। ਘੋਲ ਦੇ ਬਣੇ ਜ਼ੋਰ ਦੀ ਵਰਤੋਂ ਕੀਤੇ ਜਾਣ ਵਿੱਚੋਂ। ਗੱਲਬਾਤ ਨੂੰ ਵੀ ਘੋਲ ਦੀ ਇੱਕ ਸ਼ਕਲ ਵਜੋਂ ਲਏ ਜਾਣ ਵਿੱਚੋਂ। ਸੜਕ 'ਤੇ ਚੱਲ ਰਿਹਾ ਧਰਨਾ ਤੇ ਦਫਤਰ ਵਿੱਚ ਹੋ ਰਹੀ ਗੱਲਬਾਤ, ਇੱਕ ਘੋਲ ਦੀਆਂ ਦੋ ਸ਼ਕਲਾਂ ਨੇ। ਇੱਥੇ ਵੀ ਤਾਕਤਾਂ ਦਾ ਭੇੜ ਹੁੰਦਾ ਆਪੋ-ਆਪਣੀ ਮਨਾਉਣ ਲਈ।

ਇੱਥੇ ਤਾਕਤਾਂ ਦਾ ਤੋਲ ਜੱਗ ਜ਼ਾਹਰ ਹੈ। ਰਾਜ ਸੱਤਾ ਦੇ ਸਾਰੇ ਅੰਗ ਸਮੇਤ ਸਰਕਾਰੀ ਮੀਡੀਆ ਇੱਕ ਪਾਸੇ। ਦੂਜੇ ਪਾਸੇ ਪੀੜਤ ਪਹਿਲਵਾਨ ਕੁੜੀਆਂ ਤੇ ਹਮਾਇਤੀ ਲੋਕ। ਇਹ ਤੋਲ ਅਣਸਾਵਾਂ। ਚੱਲੀ ਗੱਲਬਾਤ ਨੇ ਘੁੰਡ ਚੱਕ ਹੈ। ਘੋਲ ਦੇ ਜ਼ੋਰ ਗੱਲ ਹੋਈ ਆ। ਘੋਲ ਦਾ ਜ਼ੋਰ ਹੀ ਸਫਲਤਾ ਦਿਵਾਊ। ਘੋਲ 'ਤੇ ਟੇਕ ਜ਼ਰੂਰੀ ਹੈ। ਕੁੜੀਆਂ ਵੱਲੋਂ ਆ ਰਹੇ ਬਿਆਨ, ਚੰਗੇ ਸੰਕੇਤ ਹਨ। ਸਰਕਾਰ ਨੂੰ ਕੰਧ 'ਤੇ ਲਿਖਿਆ ਪੜ੍ਹਨਾ ਚਾਹੀਦਾ।

ਘੋਲ ਦੇ ਮੈਦਾਨ ਵਿੱਚ ਕੋਈ ਐਵੇਂ ਨੀਂ ਆਉਂਦਾ। ਪਾਣੀ ਸਿਰ ਤੋਂ ਦੀ ਲੰਘ ਚੁੱਕਿਆ ਹੁੰਦਾ। ਸਬਰ ਦਾ ਬੰਨ੍ਹ ਟੁੱਟ ਗਿਆ ਹੁੰਦਾ। ਸਰਕਾਰਾਂ ਦਾ ਹੱਠੀ ਤੇ ਜਾਬਰ ਰਵੱਈਆ ਵੀ ਮਜਬੂਰ ਕਰਦਾ। ਜਦ ਸੁਣਨ ਵਾਲਾ ਸੁਣੇ ਨਾ, ਘੋਲ ਦੇ ਮੈਦਾਨ ਵਿੱਚ ਉੱਤਰਨਾ ਪੈਂਦਾ। ਘੋਲ ਬਿਨਾਂ ਮਸਲਾ ਹੱਲ ਹੁੰਦਾ ਦੀਂਹਦਾ ਨਹੀਂ ਹੁੰਦਾ। ਪਹਿਲਵਾਨ ਕੁੜੀਆਂ ਦਾ ਘੋਲ ਸਾਹਮਣੇ ਹੈ। ਇਹਨਾਂ ਦੀ ਹਮਾਇਤ ਦਾ ਘੇਰਾ ਵੱਡਾ। ਖੁੱਲ੍ਹਾ ਤੇ ਬਹੁਰੰਗਾ ਵੀ।

ਘੋਲ ਖੁਦ ਉੱਚ ਪਾਏ ਦਾ ਸਕੂਲ ਹੁੰਦੈ। ਘੋਲ ਲੜਨ ਤੇ ਜਿੱਤਣ ਦੀ ਸਿੱਖਿਆ ਵਿੱਚ ਹਿੱਸਾ ਪਾਉਂਦੈ। ਆਪਣੇ ਪਰਾਏ ਦੀ ਪਛਾਣ ਸਾਫ ਦਿਖਣ ਲਾ ਦਿੰਦੈ। ਰਾਜ ਤੇ ਉਹਦੇ ਸਾਰੇ ਅੰਗਾਂ ਨੂੰ ਪਰਾਈ ਪਾਲ ਵਿਚ ਖੜੇ ਦਿਖਾ ਦਿੰਦੈ। ਆਪਦੀ ਤੇ ਵਿਰੋਧੀ ਦੀ ਹਾਲਤ, ਤਾਕਤ ਦੇ ਦਰਸ਼ਨ ਕਰਵਾ ਦਿੰਦੈ। ਕੀਹਤੋਂ ਮਦਦ ਲੈਣੀ ਆ, ਕਿਸ ਸ਼ਕਲ ਵਿਚ ਲੈਣੀ ਆਂ, ਵਿੱਚ ਮਦਦ ਕਰਦਾ। ਕੀਹਦੇ ਨਾਲ ਰਲ ਟੀਮ ਬਣਾਉਣੀ ਆਂ ਤੇ ਕੀਹਨੂੰ ਨਿਖੇੜਨਾ, ਦਾ ਰਾਹ ਦਿੰਦੈ।

ਇੱਥੇ ਇੱਕ ਘੋਲ ਦਾ ਤਜਰਬਾ ਹਾਜ਼ਰ ਹੈ। ਕੇਸ ਵੱਖਰਿਆਂ ਹੋ ਕੇ ਵੀ ਮਿਲਦਾ-ਜੁਲਦਾ। ਇਥੇ ਸਰਕਾਰ ਨਾਲ ਗੱਲਬਾਤ ਨਹੀਂ ਹੋਈ, ਘੋਲ ਹੀ ਹੋਇਆ। ਗੱਲ ਦੋ ਹਜ਼ਾਰ ਬਾਰਾਂ ਦੀ ਆ। ਫਰੀਦਕੋਟ ਦੀ, ਨਾਬਾਲਗ ਲੜਕੀ ਅਗਵਾ ਵਿਰੋਧੀ ਘੋਲ ਦੀ।

ਗੁੰਡਾ, ਅਮੀਰ ਘਰੋਂ ਮਾਪਿਆਂ ਦਾ ਇੱਕੋ-ਇੱਕ, ਵਿਗੜਿਆ ਕਾਕਾ। ਠਾਣੇ-ਕਚਹਿਰੀਆਂ ਵਿੱਚ ਪਹੁੰਚ। 22 ਕੇਸ ਦਰਜ, ਹਵਾ ਵੱਲ ਕੋਈ ਨਾ ਝਾਕੇ। ਮਗਰ ਗੁੰਡਿਆਂ ਦੀ ਪੂਰੀ ਧਾੜ। ਸਿਰ 'ਤੇ ਸਰਕਾਰੀ ਛਤਰੀ। ਹੋਮ ਮਨਿਸਟਰ ਨਾਲ ਬਗਲਗੀਰ। ਮੰਤਰੀ ਆਵੇ ਤਾਂ ਨਾਲ ਆਵੇ। ਮੰਤਰੀ ਤੁਰੇ ਤਾਂ ਮੋਢੇ ਨਾਲ ਮੋਢਾ। ਮੰਤਰੀ ਬੈਠੇ, ਤਾਂ ਬਰਾਬਰ ਕੁਰਸੀ। ਪੁਲਸ ਅਧਿਕਾਰੀ ਮੇਜ਼ਮਾਨ। ਇਹ ਉਹਦੀ ਦਹਿਸ਼ਤ ਵਧਾਉਣ। ਸਾਰਾ ਸ਼ਹਿਰ ਸਤਿਆ ਪਿਆ। ਕਿਸੇ ਨੂੰ ਕੁੱਟ ਜਾਣ। ਕਿਸੇ ਨੂੰ ਲੁੱਟ ਲੈਣ। ਕਿਤੇ ਹਵਾਈ ਫੈਰ ਤੇ ਕਿਤੇ ਕਤਲ।

ਇਹ ਧਾੜ ਸ਼ਹਿਰੀ ਹਿੰਦੂ ਪਰਵਾਰ ਦੇ ਘਰ ਆ ਵੜੀ। ਵੜਦਿਆਂ ਹੀ ਛੋਟੀ ਧੀ 'ਤੇ ਝਪਟ ਪਈ। ਬੱਚੀ ਨੂੰ ਛੁਡਾਉਣ ਲਈ ਮਾਪੇ ਮੂਹਰੇ ਹੋਏ। ਗੁੰਡਾ ਟੋਲੇ ਨੇ ਰਾੜਾਂ, ਘਾਪਿਆਂ ਨਾਲ ਬਾਹਾਂ ਭੰਨੀਆਂ, ਸਿਰ ਪਾੜੇ। ਫੈਰ ਕਰਦੇ ਹੋਏ ਬਾਲੜੀ ਨੂੰ ਧੂਹ ਕੇ ਲੈ ਗਏ।

ਮਾਪੇ ਪੁਲਸ ਅਧਿਕਾਰੀਆਂ ਕੋਲ ਗਏ। ਅੱਗੋਂ ਉਹ ਲੂਣ ਛਿੜਕਣ। ਬੇਇਜ਼ਤ ਕਰਨ। ਲੜਕੀ ਨੂੰ, ਪੀੜਤ ਨੂੰ ਹੀ ਮਾੜਾ ਕਹਿਣ। ਸਾਫ ਦਿਖੇ, ਗੁੰਡਿਆਂ ਨਾਲ ਹਮਦਰਦੀ। ਹੋਮ ਮਨਿਸਟਰ ਦਾ ਪੂਰਾ ਥਾਪੜਾ। ਸੀ.ਐੱਮ. ਦਾ ਮੀਡੀਆ ਇੰਚਾਰਜ ਤੇ ਡੀ.ਜੀ.ਪੀ., ਸਭ ਇੱਕੋ ਸੁਰ। "ਕੁੜੀ ਗਲਤ" ਦਾ ਰਾਗ ਅਲਾਪਣ। ਅਖਬਾਰਾਂ 'ਚ ਝੂਠੀ ਚਿੱਠੀ ਵੀ ਛਪਵਾਈ। ਵਿਆਹ ਦੀਆਂ ਫੋਟੋਆਂ ਅਖਬਾਰਾਂ ਵਿੱਚ ਲਵਾਈਆਂ। ਅਫਵਾਹਾਂ ਦੀ ਨੇਰੀ ਝੁਲਾਈ। ਬੇਸ਼ਰਮੀ ਦੀ ਹੱਦ ਪਾਰ, ਇੱਕ ਐੱਸ.ਪੀ. ਕਹੇ, "ਵਿਆਹ ਕਰਦੋ, ਨਿਬੇੜੋ, ਕੁੜੀ ਐਸ਼ ਕਰੂ"।

ਘੋਲ ਲੜਨਾ ਪਿਆ। ਲੰਮਾ ਚੱਲਿਆ। ਘੋਲ ਇੱਕ ਕਮੇਟੀ ਨੇ ਚਲਾਇਆ। ਕਮੇਟੀ ਵਿੱਚ ਸਨ ਗੁਆਂਢੀ, ਸਮਾਜ ਸੇਵੀ ਤੇ ਜਥੇਬੰਦੀਆਂ। ਕਮੇਟੀ ਇੱਕਜੁੱਟ। ਧਰਮਾਂ-ਜਾਤਾਂ ਤੋਂ ਨਿਰਲੇਪ। ਪਾਰਟੀਆਂ ਵੀ ਪਾਸੇ ਰੱਖੀਆਂ। ਮਸਲਾ ਵੀ ਨਿਰੋਲ ਇਹੀ ਰੱਖਿਆ। ਮੰਗਾਂ 'ਤੇ ਇੱਕੋ ਮੱਤ ਤੇ ਇੱਕੋ ਸੁਰ, "ਬਾਲੜੀ ਦੀ ਘਰ ਵਾਪਸੀ 'ਤੇ ਗੁੰਡਿਆਂ ਨੂੰ ਸਜ਼ਾਵਾਂ।" ਸਰਕਾਰ ਨਾਲ ਗੱਲ ਨਾ ਕੀਤੀ, ਨਾ ਹੋਈ। ਧਰਨੇ-ਮੁਜ਼ਾਹਰੇ ਹੋਏ। ਸਾਰੀ ਟੇਕ ਘੋਲ 'ਤੇ ਰਹੀ। ਘੋਲ ਨਿਰੰਤਰ ਚੱਲਦਾ ਰਿਹਾ। ਧਰਨਾ ਪੱਕਾ, ਮੁਜ਼ਾਹਰਾ ਦੂਏ ਤੀਏ। ਘੋਲ ਪਿੰਡਾਂ ਤੱਕ ਫੈਲਿਆ। ਲਾਗਲੇ ਜ਼ਿਲ੍ਹਿਆਂ ਤੱਕ ਪਹੁੰਚਿਆ। ਕਮੇਟੀ ਨੇ ਹਮਾਇਤ ਮੰਗੀ। ਲੋਕਾਂ, ਸੰਘਰਸ਼ਸ਼ੀਲ ਲੋਕਾਂ ਨੇ ਬਿਨਾਂ ਸ਼ਰਤ ਹਮਾਇਤ ਦਿੱਤੀ। ਕਮੇਟੀ ਦੀ ਤਾਕਤ ਵਧੀ, ਦੂਣੀ ਤੀਣੀ ਹੋਈ। ਸਲਾਹਾਂ ਸਭ ਦੀਆਂ, ਫੈਸਲਾ ਕਮੇਟੀ ਹੱਥ। ਹਮਾਇਤੀਆਂ ਨੇ ਵੀ ਹਮਾਇਤ 'ਤੇ ਪਹਿਰਾ ਦਿੱਤਾ। ਮਰਿਆਦਾ ਨਿਭਾਈ।

ਸ਼ਹਿਰੀਆਂ ਵਿੱਚ ਗੁੰਡਿਆਂ ਖਿਲਾਫ ਭਰੀ ਪਈ ਔਖ, ਭਾਂਬੜ ਬਣ ਉੱਠੀ। ਘੋਲ ਨੂੰ ਹੁੰਗਾਰਾ, ਚੌਹਾਂ ਕੂਟਾਂ ਤੋਂ ਮਿਲਿਆ। ਪਿੰਡਾਂ 'ਚ ਹਮਾਇਤੀ ਇਕੱਠ ਹੋਏ। ਜਨਤਕ ਜਥੇਬੰਦੀਆਂ ਕਾਫਲੇ ਬੰਨ੍ਹ-ਬੰਨ੍ਹ ਆਈਆਂ। ਵੱਡੇ ਜਨਤਕ ਅਧਾਰ ਵਾਲੀ ਕਿਸਾਨ ਯੂਨੀਅਨ, ਉਗਰਾਹਾਂ ਕਮੇਟੀ ਦੀ ਪਿੱਠ 'ਤੇ ਆ ਖੜੀ। ਕਮੇਟੀ ਦੀ ਤਾਕਤ ਦੂਣ ਸਵਾਈ ਹੋ ਗਈ।

ਘੋਲ ਦੀ ਵੱਡੀ ਤਾਕਤ, ਪਿੰਡਾਂ ਦੇ ਮਜ਼ਦੂਰਾਂ-ਕਿਸਾਨਾਂ ਦੀ ਸ਼ਹਿਰ ਦੇ ਹਿੰਦੂ ਪਰਵਾਰਾਂ ਨਾਲ ਜੋਟੀ। ਸੰਗਰਾਮੀ ਸਾਂਝ। ਸਭ ਇੱਕੋ ਮੂੰਹੇ। ਇੱਕੋ ਮੰਗ, ਇਕੋ ਨਾਹਰਾ, ਇੱਕ ਆਵਾਜ਼। ਇਹ ਦੇਖ, ਹਾਕਮਾਂ ਦੀ ਖਾਨਿਓਂ ਗਈ। ਚਾਰੇ ਖਾਨੇ ਚਿੱਤ ਹੋਏ। ਅਫਵਾਹਾਂ, ਮਿੱਟੀ-ਘੱਟੇ ਰੁਲੀਆਂ। ਸ਼ਾਤਰ ਚਾਲਾਂ, ਫੇਲ੍ਹ ਹੋਈਆਂ। ਘੋਲ ਵੇਗ ਫੜ ਗਿਆ। ਕਿਸਾਨ ਯੂਨੀਅਨ ਵੱਲੋਂ ਸ਼ਹਿਰ ਵਿੱਚ ਔਰਤਾਂ ਦੀ ਅਗਵਾਈ ਵਿਚ ਮਾਰਚ ਕੀਤਾ। ਦੁਸਹਿਰੇ 'ਤੇ ਪੁਲਸ ਸਿਆਸੀ ਗੁੰਡਾ ਤਿੱਕੜੀ ਦੇ ਪੁਤਲੇ ਫੂਕੇ। ਘੋਲ ਸੂਬਾਈ ਪੱਧਰ ਦਾ ਘੋਲ ਜਾਪੇ। ਗੁੰਡਿਆਂ ਦੀ ਦਹਿਸ਼ਤ ਟੁੱਟੀ। ਸ਼ਹਿਰ 'ਚ ਮੁਜ਼ਾਹਰਾ। ਕਚਹਿਰੀ ਮੂਹਰੇ ਪਹਿਰਾ। ਸੰਘਰਸ਼ ਜਿੱਤਿਆ ਗਿਆ। ਬਾਲੜੀ ਮਾਪਿਆਂ ਘਰ। ਗੁੰਡੇ ਜੇਲ੍ਹ।

# ਸੰਪਰਕ : 94172-24822

# ਅਖੀਰ ਅੱਧੀ ਸਾਂਝ ਵੀ ਟੁੱਟ ਗਈ !

ਜਗਤਾਰ ਸਿੰਘ ਹਿੱਸੋਵਾਲ

ਮੇਰੀ ਜਿੱਥੇ ਵੀ ਤਾਇਨਾਤੀ ਰਹੀ ਹੈ, ਉੱਥੇ ਹੋਰ ਭਾਵੇਂ ਕਿਸੇ ਜਾਣਾ ਜਾਂ ਨਾ ਪਰ ਇੱਕ ਅਖਬਾਰ ਵਾਲੇ, ਕਿਤਾਬਾਂ ਦੀਆਂ ਦੁਕਾਨਾਂ ਵਾਲੇ ਅਤੇ ਡਾਕਘਰ ਵਾਲੇ ਜ਼ਰੂਰ ਜਾਣਦੇ ਹੁੰਦੇ ਸਨ, ਕਿਉਂਕਿ ਅਖਬਾਰਾਂ ਅਤੇ ਕਿਤਾਬਾਂ ਪੜ੍ਹਨ ਦਾ ਬਚਪਨ ਤੋਂ ਹੀ ਸ਼ੌਕ ਪੈ ਗਿਆ ਸੀ। ਜਦੋਂ ਲਿਖਣਾ ਸ਼ੁਰੂ ਕੀਤਾ ਤਾਂ ਛਪਣ ਲਈ ਹੱਥ ਲਿਖਤ ਰਚਨਾਵਾਂ ਅਖਬਾਰਾਂ ਦੇ ਸੰਪਾਦਕ ਸਾਹਿਬਾਨਾਂ ਨੂੰ ਡਾਕ ਰਾਹੀਂ ਭੇਜੀਆਂ ਜਾਂਦੀਆਂ ਸਨ। ਪਹਿਲਾਂ-ਪਹਿਲ ਜਦੋਂ ਮੈਂ ਕਲਮ ਅਜ਼ਮਾਈ ਕਰਨੀ ਸ਼ੁਰੂ ਕੀਤੀ ਸੀ ਤਾਂ ਮੁੱਲਾਂਪੁਰ ਬੱਸ ਸਟੈਂਡ 'ਤੇ ਬੋਹੜ ਦੇ ਕੋਲ ਜਗਤਾਰ ਬੁੱਕ ਡੀਪੂ ਹੁੰਦਾ ਸੀ, ਜਿੱਥੋਂ ਪਹਿਲਾਂ-ਪਹਿਲ ਬਲਦੇਵ ਕੈਂਥ ਕਿਤਾਬਾਂ, ਮੈਗਜ਼ੀਨ ਅਤੇ ਅਖਬਾਰਾਂ ਲੈ ਕੇ ਆਉਂਦਾ ਹੁੰਦਾ ਸੀ। ਬਲਦੇਵ ਸਵੇਰੇ-ਸਵੇਰੇ ਹੀ ਅਖਬਾਰਾਂ ਲੈਣ ਮੁੱਲਾਂਪੁਰ ਚਲੇ ਜਾਂਦਾ ਸੀ। ਦਸ ਵਜੇ ਤੱਕ ਟਾਂਵੀਆਂ-ਟਾਂਵੀਆਂ ਅਖਬਾਰਾਂ ਰਹਿ ਜਾਂਦੀਆਂ ਸਨ। ਜਗਤਾਰ ਬੁੱਕ ਡੀਪੂ ਵਾਲੇ ਬਾਬਾ ਜੀ ਦੀ ਮੌਤ ਹੋ ਗਈ ਸੀ ਤੇ ਸੜਕ ਚੌੜੀ ਕਰਨ ਦੀ ਪ੍ਰਕਿਰਿਆ ਦੌਰਾਨ ਬੋਹੜ ਵੀ ਪੁੱਟ ਦਿੱਤਾ ਗਿਆ ਤੇ ਬੁੱਕ ਡੀਪੂ ਵਾਲਾ ਖੋਖਾ ਵੀ ਚੁੱਕਿਆ ਗਿਆ। ਕਿਤਾਬਾਂ ਅਤੇ ਅਖਬਾਰਾਂ ਨਵੀਆਂ ਦੁਕਾਨਾਂ ਵਿਚ ਚਲੀਆਂ ਗਈਆਂ। ਏਥੇ ਦੋ ਕਿਤਾਬਾਂ ਦੀਆਂ ਦੁਕਾਨਾਂ ਸਨ, ਪਰ ਏਨੇ ਵਿਚ ਮੋਬਾਈਲ ਨੇ ਲੋਕਾਂ ਦੀ ਜ਼ਿੰਦਗੀ ਵਿੱਚ ਦਖਲ ਦੇ ਦਿੱਤੀ। ਕਿਤਾਬਾਂ ਦੇ ਗਾਹਕ ਘਟਣ ਨਾਲ ਦੁਕਾਨਾਂ ਤੋਂ ਸਾਹਿਤਕ ਕਿਤਾਬਾਂ ਅਤੇ ਮੈਗਜ਼ੀਨ ਗਾਇਬ ਹੋ ਗਏ ਤੇ ਫਿਰ ਹੁਣ ਇੱਕ ਦੁਕਾਨ ਤਾਂ ਹੈ, ਪਰ ਕਿਤਾਬਾਂ ਨਹੀਂ ਹਨ। ਅਖਬਾਰਾਂ ਇੱਕ ਟੇਬਲ 'ਤੇ ਸਿਮਟ ਕੇ ਰਹਿ ਗਈਆਂ ਹਨ ਤੇ ਹੁਣ ਏਥੇ ਇੱਕ ਮਾਤਾ ਜੀ ਬੈਠ ਕੇ ਅਖਬਾਰਾਂ ਵੇਚਦੇ ਹਨ।

ਬਹੁਤ ਸਾਰੇ ਲੋਕਾਂ ਨਾਲ ਮੇਰੀ ਕਿਤਾਬਾਂ ਅਤੇ ਅਖਬਾਰਾਂ ਦੇ ਜ਼ਰੀਏ ਸਾਂਝ ਬਣੀ ਹੋਈ ਹੈ। ਜਦੋਂ ਮੈਂ ਰੋਜ਼ਾਨਾ ਅਖਬਾਰ ਵਿੱਚ ਏਸ਼ੀਆ ਦੇ ਚਾਨਣ ਗੌਤਮ ਬੁੱਧ ਦੇ ਜੀਵਨ ਤੇ 'ਸੁੱਚੇ ਮੋਤੀ' ਲਿਖਦਾ ਸੀ ਤਾਂ ਬਹੁਤ ਸਾਰੇ ਵੀਰ ਅਤੇ ਭੈਣਾਂ ਪਰਵਾਰਕ ਮੈਂਬਰ ਦੀ ਤਰ੍ਹਾਂ ਫੋਨ 'ਤੇ ਗੱਲਬਾਤ ਕਰਦੇ ਰਹਿੰਦੇ ਸਨ ਅਤੇ ਬਹੁਤ ਸਾਰੇ ਲੋਕ ਮੇਰੇ ਨਾਲ ਉਦੋਂ ਦੇ ਜੁੜੇ ਹੋਏ ਨੇ।

ਲੁਧਿਆਣੇ ਬੱਸ 'ਤੇ ਨਈਅਰ ਬੁੱਕ ਸ਼ਾਪ ਵਾਲੇ ਵਿਪਨ ਨਈਅਰ ਨਾਲ ਵੀ ਇਹਨਾਂ ਕਿਤਾਬਾਂ ਅਤੇ ਅਖਬਾਰਾਂ ਕਰਕੇ ਸਾਂਝ ਸੀ। ਮੈਂ ਕਮਾਂਡੋ ਵਿਚ ਸੀ ਤੇ ਬਹਾਦਰਗੜ੍ਹ, ਪਟਿਆਲੇ ਦੂਜੀ ਕਮਾਂਡੋ ਬਟਾਲੀਅਨ ਦੇ ਦਫਤਰ ਵਿਚ ਲੱਗਾ ਹੋਇਆ ਸੀ। ਮੈਂ ਸਵੇਰੇ ਸੱਤ ਵਜੇ ਲੁਧਿਆਣਾ ਤੋਂ ਨਈਅਰ ਬੁੱਕ ਸ਼ਾਪ ਤੋਂ ਅਖਬਾਰਾਂ ਲੈ ਕੇ ਬੱਸ ਵਿਚ ਬੈਠਦਾ ਸੀ। ਕਦੇ-ਕਦੇ ਜਦੋਂ ਮੇਰੇ ਕੋਲ ਸਮਾਂ ਹੁੰਦਾ ਸੀ ਤਾਂ ਵਿਪਨ ਮੱਲੋ-ਮੱਲੀ ਚਾਹ ਮੰਗਵਾ ਲੈਂਦਾ ਸੀ ਤੇ ਫਿਰ ਮੈਂ ਜ਼ਿਲ੍ਹਾ ਪੁਲਸ ਵਿਚ ਲੁਧਿਆਣਾ ਆ ਗਿਆ, ਪਰ ਉਸ ਕੋਲ ਜਾਣਾ-ਆਉਣਾ ਰਿਹਾ। ਜੀਓ ਨੇ ਨੈੱਟ ਫਰੀ ਕਰਤਾ। ਸਾਰਾ ਕੁੱਝ ਨੈੱਟ 'ਤੇ ਹੋ ਗਿਆ। ਲੋਕ ਅਖਬਾਰਾਂ ਨਾਲੋਂ ਟੁੱਟਣ ਲੱਗ ਪਏ। ਮੈਂ ਨਈਅਰ ਕੋਲ ਜਾਂਦਾ, ਉਹ ਦੁਕਾਨ ਦੇ ਰੈਕਾਂ ਵਿਚ ਪਈਆਂ ਕਿਤਾਬਾਂ ਵੱਲ ਇਸ਼ਾਰਾ ਕਰਦਾ, "ਹੁਣ ਇਹ ਏਥੇ ਜੋਗੀਆਂ ਰਹਿ ਗਈਆਂ ਨੇ... ਦੁਕਾਨ ਦਾ ਕਿਰਾਇਆ ਵੀ ਨਹੀਂ ਨਿਕਲਦਾ।" ਹਾਉਕਾ ਜਿਹਾ ਭਰਦਾ। ਫਿਰ ਇੱਕ ਮੈਂ ਕੀ ਦੇਖਦਾਂ ਹਾਂ, ਉਸ ਦੀ ਦੁਕਾਨ ਵਿੱਚੋਂ ਕਿਤਾਬਾਂ ਗਾਇਬ ਨੇ। ਅੰਦਰ ਟੇਬਲ ਤੇ ਕੁਰਸੀਆਂ ਲੱਗ ਗਈਆਂ ਹਨ। ਵਿਪਨ ਨੇ ਚਾਹ ਦੀ ਦੁਕਾਨ ਬਣਾ ਲਈ ਸੀ ਤੇ ਬਾਹਰ ਇੱਕ ਟੇਬਲ 'ਤੇ ਅਖਬਾਰਾਂ ਪਈਆਂ ਸਨ। ਮੈਂ ਕਿਹਾ, "...ਚਲੋ ਅਖਬਾਰਾਂ ਤਾਂ ਹੈ ਹੀ।" ਅੰਦਰੋਂ ਮੈਨੂੰ ਲੱਗਿਆ ਜਿਵੇਂ ਵਿਪਨ ਨਾਲੋਂ ਅੱਧੀ ਸਾਂਝ ਟੁੱਟ ਗਈ ਸੀ ਤੇ ਇੱਕ ਦਿਨ ਕੀ ਦੇਖਦਾਂ ਹਾਂ ਕਿ ਵਿਪਨ ਦੀ ਦੁਕਾਨ ਦੇ ਬਾਹਰੋਂ ਅਖਬਾਰਾਂ ਵੀ ਗਾਇਬ ਸਨ। ਮੈਨੂੰ ਦੇਖ ਕੇ ਵਿਪਨ ਨੇ ਹਾਲ-ਚਾਲ ਪੁੱਛਣ ਤੋਂ ਬਾਅਦ ਚਾਹ ਲਈ ਸੁਲਾਹ ਮਾਰੀ। ਹੁਣ ਏਥੇ ਚਾਹ ਕਿੱਥੇ ਲੰਘਣੀ ਸੀ। ਵਿਪਨ ਕੋਲੋਂ ਤੁਰਦਿਆਂ ਮੇਰੇ ਮੂੰਹੋਂ ਸੁਭਾਵਿਕ ਹੀ ਨਿਕਲ ਗਿਆ, "ਵਿਪਨ ਵੀਰ, ਤੂੰ ਤਾਂ ਅੱਧੀ ਸਾਂਝ ਹੀ ਖਤਮ ਕਰ ਦਿੱਤੀ।" ਹੁਣ ਪਤਾ ਲੱਗਾ ਵਿਪਨ ਨੇ ਉਹ ਦੁਕਾਨ ਛੱਡ ਦਿੱਤੀ ਹੈ।

ਪਿਛਲੇ ਦਿਨੀਂ ਮੁੱਲਾਂਪੁਰ ਦੇ ਪੱਤਰਕਾਰਾਂ ਨੇ ਇਕੱਠੇ ਹੋ ਕੇ ਫੈਸਲਾ ਕੀਤਾ ਕਿ ਉਹ ਕਿਸੇ ਨੂੰ ਵੀ ਖਬਰ ਦੀ ਨੈੱਟ ਤੋਂ ਕਟਿੰਗ ਨਹੀਂ ਪਾਉਣਗੇ। ਸ਼ੁਕਰ ਆ ਇਹਨਾਂ ਨੂੰ ਅਹਿਸਾਸ ਹੋ ਗਿਆ ਕਿ ਉਹ ਅਜਿਹੇ ਲੱਕੜਹਾਰੇ ਹਨ, ਜਿਹੜੇ ਜਿਸ ਦਰੱਖਤ 'ਤੇ ਬੈਠੇ ਨੇ, ਉਸ ਨੂੰ ਹੀ ਕੱਟ ਰਹੇ ਹਨ। ਹੁਣ ਪੱਤਰਕਾਰਾਂ ਨੂੰ ਇਹ ਫੈਸਲਾ ਕਿਉਂ ਲੈਣਾ ਪਿਆ? ਆਮ ਲੋਕ ਤਾਂ ਪਹਿਲਾਂ ਹੀ ਅਖਬਾਰਾਂ ਅਤੇ ਕਿਤਾਬਾਂ ਨਾਲੋਂ ਟੁੱਟ ਚੁੱਕੇ ਹਨ। ਜੋ ਇਹ ਸੋਚ ਰੱਖਦੇ ਹਨ ਕਿ ਉਨ੍ਹਾਂ ਦੀ ਅਖਬਾਰ ਵਿੱਚ ਸੁਰਖੀ ਲੱਗੇ, ਉਹ ਵੀ ਅਖਬਾਰ ਨਹੀਂ ਖਰੀਦਦੇ। ਪੱਤਰਕਾਰ ਆਪ ਹੀ ਉਹਨਾਂ ਨੂੰ ਆਨਲਾਈਨ ਅਖਬਾਰ ਦੀ ਕਟਿੰਗ ਭੇਜ ਦਿੰਦੇ ਸਨ। ਅਖਬਾਰਾਂ ਸਟਾਲ ਤੇ ਪਈਆਂ ਰੱਦੀ ਬਣ ਜਾਂਦੀਆਂ ਹਨ। ਸੁਰਖੀਆਂ ਵਾਲੇ ਫੇਸਬੁੱਕ 'ਤੇ ਕੁਮੈਂਟ ਗਿਣਦੇ ਰਹਿੰਦੇ ਹਨ। ਮੈਨੂੰ ਉਮੀਦ ਹੈ ਕਿ ਪੱਤਰਕਾਰ ਭਾਈਚਾਰਾ ਆਪਣੇ ਸਟੈਂਡ 'ਤੇ ਕਾਇਮ ਰਹੇਗਾ ਅਤੇ ਫਰੀ ਵਿਚ ਸੁਰਖੀਆਂ ਵਿਚ ਰਹਿਣ ਵਾਲੇ ਸ਼ਰਮ ਨੂੰ ਹੱਥ ਮਾਰਨਗੇ।

ਇਹ ਭਾਵੇਂ ਕਿ ਅਖਬਾਰਾਂ ਵੱਲ ਨੂੰ ਲੋਕਾਂ ਨੂੰ ਮੋੜਨ ਲਈ ਵੱਡਾ ਫੈਸਲਾ ਨਹੀਂ ਹੈ। ਲੋਕਾਂ ਨੂੰ ਕਿਤਾਬਾਂ ਅਤੇ ਅਖਬਾਰਾਂ ਪੜ੍ਹਨ ਲਈ ਪ੍ਰੇਰਨ ਲਈ ਵੱਡੇ ਉਪਰਾਲਿਆਂ ਦੀ ਜ਼ਰੂਰਤ ਹੈ। ਸਾਨੂੰ ਆਪ ਵੀ ਅਤੇ ਆਪਣੇ ਬੱਚਿਆਂ ਨੂੰ ਵੀ ਪੰਜਾਬੀ ਦੀਆਂ ਅਖਬਾਰਾਂ ਅਤੇ ਕਿਤਾਬਾਂ ਪੜ੍ਹਨ ਦੀ ਆਦਤ ਪਾਉਣੀ ਚਾਹੀਦੀ ਹੈ। ਵਿਰਸੇ ਅਤੇ ਬੋਲੀ ਨਾਲੋਂ ਟੁੱਟਿਆ ਬੰਦਾ ਰੁਲ ਜਾਂਦਾ ਹੈ। ਅਸੀਂ ਨੈੱਟ 'ਤੇ ਜਿੰਨਾ ਮਰਜ਼ੀ ਪੜ੍ਹ ਲਈਏ, ਅਸੀਂ ਓਨਾ ਚਿਰ ਚੰਗੀ ਤਰ੍ਹਾਂ ਪੰਜਾਬੀ ਲਿਖ ਅਤੇ ਪੜ੍ਹ ਨਹੀਂ ਸਕਦੇ, ਜਿੰਨਾ ਚਿਰ ਅਸੀਂ ਪੰਜਾਬੀ ਦੀਆਂ ਅਖਬਾਰਾਂ ਅਤੇ ਕਿਤਾਬਾਂ ਨਹੀਂ ਪੜ੍ਹਦੇ। ਸਾਡਾ ਪੰਜਾਬੀ ਭਾਸ਼ਾ ਤੋਂ, ਪੰਜਾਬੀ ਬੋਲੀ ਤੋਂ ਬੇਮੁੱਖ ਹੋਣ ਦਾ ਇਹ ਦੁਖਾਂਤ ਦੀ ਜ਼ਮੀਨੀ ਸੱਚਾਈ ਜ਼ਾਹਰ ਹੋਈ ਹੈ ਕਿ ਆਬਕਾਰੀ ਅਤੇ ਕਰ ਇੰਸਪੈਕਟਰਾਂ ਦੀ ਭਰਤੀ ਪ੍ਰੀਖਿਆ ਵਿੱਚੋਂ ਉੱਚ ਪੜ੍ਹਾਈ ਕਰਨ ਦੇ ਬਾਵਜੂਦ 13879 ਉਮੀਦਵਾਰ ਪੰਜਾਬੀ ਭਾਸ਼ਾ ਵਿੱਚੋਂ ਫੇਲ੍ਹ ਪਾਏ ਗਏ ਹਨ। ਅਧੀਨ ਸੇਵਾਵਾਂ ਬੋਰਡ ਵੱਲੋਂ ਲਈ ਗਈ ਇਸ ਪ੍ਰੀਖਿਆ ਵਿੱਚ 36836 ਉਮੀਦਵਾਰ ਬੈਠੇ ਸਨ, 22957 ਉਮੀਦਵਾਰ ਪਾਸ ਹੋਏ ਅਤੇ 13879 ਉਮੀਦਵਾਰ ਪੰਜਾਬੀ ਭਾਸਾ ਵਿੱਚੋਂ ਫੇਲ੍ਹ ਹੋ ਗਏ ਹਨ। ਸਕੂਲਾਂ ਵਿੱਚ ਪੜ੍ਹਨ ਵਾਲੇ ਵਿਦਿਆਰਥੀਆਂ ਦੀ ਤਾਂ ਇਸ ਤੋਂ ਵੱਧ ਸੱਚਾਈ ਹੈ। ਜੋ ਕਿਸੇ ਹੋਰ ਲੇਖ ਵਿਚ ਵਿਚਾਰੀ ਜਾਵੇਗੀ। ਪੰਜਾਬੀ ਦੇ ਬਹੁਤ ਸਾਰੇ ਲੇਖਕ ਹਨ, ਜਿਨ੍ਹਾਂ ਦਾ ਪੜ੍ਹਾਈ ਪੱਖੋਂ ਹੱਥ ਤੰਗ ਹੀ ਰਿਹਾ ਹੈ ਪਰ ਉਹ ਕਮਾਲ ਦੇ ਲੇਖਕ ਹੋਏ ਹਨ। ਅਖੀਰ ਵਿੱਚ ਮੇਰੀ ਗੁਜਾਰਿਸ਼ ਹੈ, ਕਿ ਆਓ ਪੰਜਾਬੀ ਪੜ੍ਹੀਏ, ਪੰਜਾਬੀ ਲਿਖੀਏ ਅਤੇ ਪੰਜਾਬੀ ਬਣੀਏ।

# ਸੰਪਰਕ : 98783-30324

# ਸਰਕਾਰੀ ਕਾਲਜਾਂ 'ਚ ਸਾਰੇ ਰੈਗੂਲਰ ਪ੍ਰੋਫੈਸਰ ਸੇਵਾ-ਮੁਕਤੀ ਦੇ ਨੇੜੇ, ਨਵੀਂ ਭਰਤੀ ਕਿਉਂ ਨਹੀਂ ?

ਮੇਜਰ ਸਿੰਘ ਨਾਭਾ

ਉਚੇਰੀ ਸਿੱਖਿਆ ਦਾ ਮਿਆਰ ਪਿਛਲੇ ਸਾਲਾਂ ਤੋਂ ਡਿੱਗਦਾ ਆ ਰਿਹਾ ਹੈ, ਜੋ ਚਿੰਤਾ ਦਾ ਵਿਸ਼ਾ ਹੈ। ਆਪ ਸਰਕਾਰ ਨੇ ਸਿੱਖਿਆ ਅਤੇ ਸਿਹਤ ਦੇ ਸੁਧਾਰ ਦੇ ਮੁੱਦਿਆਂ ਨੂੰ ਪਹਿਲ ਦੇਣ ਦੀ ਗੱਲ਼ ਸ਼ੁਰੂ 'ਚ ਕਹੀ ਸੀ, ਪਰ ਸਾਲ ਲੰਘਣ ਤੋਂ ਬਾਅਦ ਵੀ ਉਚੇਰੀ ਸਿੱਖਿਆ ਦੇ ਸੁਧਾਰ ਕਰਨ ਵਾਲੀ ਕੋਈ ਠੋਸ ਪਾਲਿਸੀ ਸਾਹਮਣੇ ਨਹੀਂ ਆਈ। ਪੰਜਾਬ 'ਚ ਪਿਛਲੀਆਂ ਸਰਕਾਰਾਂ ਨੇ ਲੋਕਾਂ ਦੀਆਂ ਸਹੂਲਤਾਂ ਲਈ ਬਹੁਤ ਸਾਰੇ ਨਵੇਂ ਪ੍ਰੋਜੈਕਟ ਸਾਹਮਣੇ ਲਿਆਂਦੇ, ਪਰ ਉਹ ਜਾਂ ਤਾਂ ਉਸੇ ਸਰਕਾਰ ਦੇ ਸਮੇਂ ਜਾਂ ਅਗਲੀ ਸਰਕਾਰ ਦੇ ਸਮੇਂ ਹੀ ਬੰਦ ਹੁੰਦੇ ਰਹੇ ਹਨ, ਜਿਵੇਂ ਪਿੰਡਾਂ ਲਈ ਸਹੂਲਤ ਦੇਣ ਲਈ, ਫੋਕਲ ਪੁਆਇੰਟ, ਪਟਵਾਰਖਾਨੇ, ਹੈਲਥ ਸੈਂਟਰ, ਸੁਵਿਧਾ ਕੇਂਦਰਾਂ, ਆਦਰਸ਼, ਮੈਰੀਟੋਰੀਅਸ ਸਕੂਲਾਂ, ਬਿਨਾਂ ਪ੍ਰੋਫੈਸਰ ਭਰਤੀ ਕੀਤੇ ਨਵੇਂ ਕਾਲਜ ਖੋਲ੍ਹਣੇ ਆਦਿ ਦਾ ਹਾਲ ਸਾਹਮਣੇ ਹੀ ਹੈ। ਸਿੱਖਿਆ ਸੁਧਾਰ ਨੂੰ ਪਹਿਲ ਦੇਣ ਦੀ ਆਪ ਸਰਕਾਰ ਗੱਲ ਕਰਦੀ ਹੈ ਤਾਂ ਪੰਜਾਬ ਦੇ ਯੂਥ ਨੂੰ ਉਚੇਰੀ ਸਿੱਖਿਆ ਦੇਣ ਲਈ ਪ੍ਰੋਫੈਸਰਾਂ ਦੀ ਘਾਟ ਨੂੰ ਸਰਕਾਰ ਤੁਰੰਤ ਪੂਰਾ ਕਰੇ ਤਾਂ ਕਿ ਉਹ ਪੰਜਾਬ ਅੰਦਰ ਰਹਿ ਕੇ ਕੋਈ ਰੁਜ਼ਗਾਰ ਪ੍ਰਾਪਤ ਕਰ ਸਕਣ, ਜਿਸ ਨਾਲ ਤੇਜ਼ੀ ਨਾਲ ਯੂਥ ਦੇ ਹੋ ਰਹੇ ਪ੍ਰਵਾਸ ਨੂੰ ਰੋਕ ਕੇ ਰੰਗਲੇ ਪੰਜਾਬ ਦੀ ਗੱਲ ਹੋ ਸਕਦੀ ਹੈ, ਫੋਕੇ ਨਾਅਰਿਆਂ ਜਾਂ ਵਾਅਦਿਆਂ ਨਾਲ ਕੁਝ ਨਹੀਂ ਸੰਵਰਨਾ।

ਪੰਜਾਬ ਦੇ ਸਰਕਾਰੀ ਕਾਲਜਾਂ ਅੰਦਰ ਦੋ ਦਹਾਕੇ ਤੋਂ ਵੱਧ ਸਮੇਂ ਤੋਂ ਪ੍ਰੋਫੈਸਰਾਂ ਦੀ ਰੈਗੂਲਰ ਭਰਤੀ ਨਹੀਂ, ਕਈ ਵਿਭਾਗਾਂ ਦੇ ਮੁਖੀ ਦਾ ਕੰਮ ਵੀ ਫੈਕਲਟੀ ਅਧਿਆਪਕ ਕਰ ਰਹੇ ਹਨ, ਇਸ ਤਰ੍ਹਾਂ ਦਾ ਵਰਤਾਰਾ ਉਚੇਰੀ ਸਿੱਖਿਆ ਦੇ ਮਿਆਰ ਨੂੰ ਜ਼ਰੂਰ ਢਾਹ ਲਾ ਰਿਹਾ ਹੈ। ਸਰਕਾਰੀ ਕਾਲਜਾਂ ਵਿੱਚ ਲੰਬੇ ਸਮੇਂ ਤੋਂ ਰੈਗੂਲਰ ਅਸਿਸਟੈਂਟ ਪ੍ਰੋਫੈਸਰਾਂ/ਪ੍ਰੋਫੈਸਰਾਂ ਦੀ ਭਰਤੀ ਨਾ ਹੋਣ 'ਤੇ ਉਚੇਰੀ ਸਿੱਖਿਆ ਦੇ ਡਿੱਗ ਰਹੇ ਮਿਆਰ ਨੂੰ ਉੱਚਾ ਚੁੱਕਣ ਲਈ ਪਿਛਲੀ ਸਰਕਾਰ ਵੱਲੋਂ 19 ਅਕਤੂਬਰ 2021 ਨੂੰ ਖਾਲੀ ਆਸਾਮੀਆਂ ਭਰਨ ਦੇ ਐਲਾਨ ਨੂੰ ਅਮਲੀ ਰੂਪ ਦਿੰਦੇ ਹੋਏ 1158 ਅਸਾਮੀਆਂ ਜਿਨ੍ਹਾਂ ਵਿੱਚ 1091 ਅਸਿਸਟੈਂਟ ਪ੍ਰੋਫੈਸਰਾਂ ਅਤੇ ਬਾਕੀ ਦੀਆਂ ਲਾਇਬਰੇਰੀਅਨ ਭਰਨ ਦਾ ਇਸ਼ਤਿਹਾਰ ਨਾਲੋ-ਨਾਲ ਜਾਰੀ ਕਰ ਦਿੱਤਾ ਸੀ, ਜੋ ਕਿ ਇਨ੍ਹਾਂ ਆਸਾਮੀਆਂ ਨੂੰ ਉਡੀਕ ਰਹੇ ਯੋਗ ਉਮੀਦਵਾਰਾਂ ਲਈ ਖੁਸ਼ੀ ਵਾਲੀ ਗੱਲ ਸੀ। ਇਹ ਭਰਤੀ ਯੂ.ਜੀ.ਸੀ. ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਗੁਰੂ ਨਾਨਕ ਦੇਵ ਯੂਨੀਵਰਸਿਟੀ ਅਤੇ ਪੰਜਾਬੀ ਯੂਨੀਵਰਸਿਟੀ ਦੇ ਵਾਈਸ ਚਾਂਸਲਰਾਂ ਦੀ ਅਗਵਾਈ ਵਿੱਚ ਕਮੇਟੀਆਂ ਬਣਾ ਕੇ ਭਰਤੀ ਨਿਰੋਲ ਲਿਖਤੀ ਟੈਸਟ ਦੇ ਆਧਾਰ 'ਤੇ ਤੇਜ਼ੀ ਨਾਲ 45 ਦਿਨਾਂ 'ਚ ਕਰਨ ਦੀ ਵਧੀਆ ਗੱਲ ਕੀਤੀ ਸੀ। ਇਸ਼ਤਿਹਾਰ ਦੀ ਚੋਣ ਪ੍ਰਕ੍ਰਿਆ ਮੁਤਾਬਿਕ ਸਰਕਾਰੀ ਕਾਲਜਾਂ ਦੇ ਗੈਸਟ ਫੈਕਲਟੀ, ਪਾਰਟ ਟਾਈਮ, ਠੇਕਾ ਆਧਾਰਤ ਕਾਲਜ ਅਧਿਆਪਕਾਂ ਨੂੰ ਇੱਕ ਸੈਸ਼ਨ ਦੇ ਤਜਰਬੇ ਦਾ ਇੱਕ ਨੰਬਰ ਅਤੇ ਵੱਧ ਤੋਂ ਵੱਧ ਪੰਜ ਅੰਕ ਲਿਖਤੀ ਟੈਸਟ ਦੇ ਅੰਕਾਂ 'ਚ ਵਾਧਾ ਲੈ ਸਕਣਗੇ। ਇਸ ਲਈ ਇਹ ਟੀਚਿੰਗ ਤਜਰਬੇ ਨੂੰ ਦੋ ਦਹਾਕਿਆਂ ਤੋਂ ਕੰਮ ਕਰ ਰਹੇ ਗੈਸਟ ਫੈਕਲਟੀ/ਪਾਰਟ ਟਾਈਮ ਅਧਿਆਪਕਾਂ ਆਦਿ ਨੂੰ ਹਮਦਰਦੀ ਵਜੋਂ ਦੇਣ ਦੇ ਸਰਕਾਰ ਦੇ ਫੈਸਲੇ ਨੂੰ ਕਾਨੂੰਨੀ ਪੱਖਾਂ ਤੋਂ ਚੰਗੀ ਤਰ੍ਹਾਂ ਨਾ ਵਿਚਾਰੇ ਜਾਣ ਕਾਰਨ ਸਾਰੀ ਭਰਤੀ ਪ੍ਰਕ੍ਰਿਆ ਮੁਕੰਮਲ ਹੋਣ ਉਪਰੰਤ ਇਸ਼ਤਿਹਾਰ 'ਚ ਇਕੱਲੇ ਸਰਕਾਰੀ ਕਾਲਜ ਦੇ ਤਜਰਬੇ ਦੀ ਸ਼ਬਦਾਵਲੀ ਨੇ ਬਾਅਦ 'ਚ ਕਈ ਉਲਝਣਾ ਪੈਦਾ ਕਰ ਦਿੱਤੀਆਂ ਸਨ। ਪੰਜਾਬੀ ਯੂਨੀਵਰਸਿਟੀ ਅਧੀਨ ਚੱਲ ਰਹੇ ਕਾਲਜਾਂ 'ਚ ਪੜ੍ਹਾ ਰਹੇ ਅਧਿਆਪਕਾਂ ਵੱਲੋਂ ਉਨ੍ਹਾਂ ਦੇ ਤਜਰਬੇ ਨੂੰ ਸਕਰੂਟਿੰਗ ਸਮੇਂ ਨਾ ਮੰਨਣ ਕਾਰਨ ਉਨ੍ਹਾਂ ਨੇ ਮਾਣਯੋਗ ਹਾਈ ਕੋਰਟ ਵਿੱਚ ਪਟੀਸ਼ਨਰ ਵਜੋਂ ਰਿੱਟ ਪਾ ਕੇ ਭਰਤੀ ਪ੍ਰਕ੍ਰਿਆ 'ਚ ਰੋਕ ਲਗਵਾ ਦਿੱਤੀ ਸੀ। ਇਸੇ ਤਰ੍ਹਾਂ ਕਈ ਅਸਫਲ ਉਮੀਦਵਾਰਾਂ ਨੇ ਹੋਰ ਕਈ ਤਰ੍ਹਾਂ ਦੀਆਂ ਰਿੱਟਾਂ ਪਾ ਕੇ ਇਸ ਪ੍ਰਕ੍ਰਿਆ ਨੂੰ ਰੁਕਵਾ ਹੀ ਦਿੱਤਾ। ਸਰਕਾਰ ਨੇ ਬਾਅਦ 'ਚ ਸਾਰੀ ਪ੍ਰਕ੍ਰਿਆ ਮੁਕੰਮਲ ਹੋਣ 'ਤੇ ਪੰਜ ਅੰਕਾਂ ਵਾਲੇ ਫੈਸਲੇ ਨੂੰ ਵਾਪਸ ਲੈਣ ਦਾ ਪਬਲਿਕ ਨੋਟਿਸ ਰਾਹੀਂ ਸ਼ੋਧ-ਪੱਤਰ ਜਾਰੀ ਕਰਕੇ ਮਸਲੇ ਨੂੰ ਹੱਲ ਕਰਨ ਦੀ ਕੋਸ਼ਿਸ਼ ਕੀਤੀ, ਜਿਸ ਨੂੰ ਕੋਈ ਬੂਰ ਨਾ ਪਿਆ, ਪਰ ਮਾਣਯੋਗ ਹਾਈ ਕੋਰਟ ਨੇ ਨੌਂ ਮਹੀਨਿਆਂ ਬਾਅਦ 8 ਅਗਸਤ 2022 ਨੂੰ ਇਸ ਭਰਤੀ ਨੂੰ ਰੱਦ ਕਰਨ ਦਾ ਫੈਸਲਾ ਸੁਣਾ ਕੇ 1158 ਪਰਵਾਰਾਂ ਦੀਆਂ ਆਸਾਂ 'ਤੇ ਪਾਣੀ ਫੇਰ ਦਿੱਤਾ, ਜਿਨ੍ਹਾਂ ਨੂੰ ਆਸ ਸੀ ਕਿ ਉੱਚ ਅਦਾਲਤ ਸਿੱਖਿਆ ਦੇ ਡਿੱਗ ਰਹੇ ਮਿਆਰ ਨੂੰ ਬਚਾਉਣ ਲਈ ਸਫਲ ਉਮੀਦਵਾਰਾਂ ਦੇ ਹੱਕ 'ਚ ਫੈਸਲਾ ਦੇਵੇਗੀ। ਪਿਛਲੀ ਸਰਕਾਰ ਸਮੇਂ 1158 ਅਸਿਸਟੈਂਟ ਪ੍ਰੋਫੈਸਰਾਂ ਅਤੇ ਲਾਇਬ੍ਰੇਰੀਅਨ ਦੀ ਭਰਤੀ ਸਮੇਂ ਬਹੁਤ ਸਾਰੇ ਸਫਲ ਉਮੀਦਵਾਰ ਆਪਣੀਆਂ ਪਿਛਲੀਆਂ ਨੌਕਰੀਆਂ ਤੋਂ ਵਿਭਾਗ ਦੇ ਕਹਿਣ 'ਤੇ ਅਸਤੀਫੇ ਦੇ ਕੇ ਚਾਅ ਨਾਲ ਨਵੀਂ ਨਿਯੁਕਤੀ ਹੋਣ ਕਾਰਨ ਨਵੀਂ ਨੌਕਰੀ ਹਾਸਲ ਕਰਕੇ ਨਵੀਂ ਜ਼ਿੰਦਗੀ ਦੀ ਸ਼ੁਰੂਆਤ ਕਰਨ ਦੀ ਸੋਚ ਰਹੇ ਸਨ, ਪਰ ਇਹ ਕੰਮ ਉੱਚ- ਅਦਾਲਤ ਦੇ ਆਦੇਸ਼ਾਂ ਅਨੁਸਾਰ ਐਨ ਮੌਕੇ 'ਤੇ ਰੋਕ ਦਿੱਤਾ ਗਿਆ।

ਪੰਜਾਬ ਅੰਦਰ ਨਵੀਂ ਬਣੀ ਸਰਕਾਰ ਵੱਲੋਂ ਸਿਹਤ ਅਤੇ ਸਿੱਖਿਆ ਦੇ ਮਹੱਤਵਪੂਰਨ ਮੁੱਦੇ ਪਹਿਲ ਦੇ ਆਧਾਰ 'ਤੇ ਹੱਲ ਕਰਨ ਲਈ ਰੱਖੇ ਗਏ, ਜਿਨ੍ਹਾਂ 'ਚੋਂ ਉਚੇਰੀ ਸਿੱਖਿਆ ਦੇ ਡਿੱਗ ਰਹੇ ਮਿਆਰ ਨੂੰ ਬਚਾਉਣਾ ਵੀ ਅਹਿਮ ਮੁੱਦਾ ਹੈ, ਜੋ ਨੌਜਵਾਨਾਂ ਅਤੇ ਰੁਜ਼ਗਾਰ ਨਾਲ ਜੁੜਿਆ ਹੋਇਆ ਹੈ। ਇਸ ਵਿਭਾਗ ਦੇ ਸਿੱਖਿਆ ਮੰਤਰੀ ਵੀ ਨੌਜਵਾਨ ਅਤੇ ਚੰਗੇ ਪੜ੍ਹੇ-ਲਿਖੇ ਹਨ, ਜਿਨ੍ਹਾਂ ਤੋਂ ਇਸ ਮਸਲੇ ਦੇ ਹੱਲ ਦੀ ਆਸ ਕੀਤੀ ਜਾ ਰਹੀ ਹੈ, ਕਿਉਂਕਿ ਉਹ ਜ਼ਰੂਰ ਬੇਰੁਜ਼ਗਾਰਾਂ ਦੇ ਦਰਦ ਨੂੰ ਭਲੀਭਾਂਤ ਜਾਣਦੇ ਹੋਣਗੇ। ਮਾਣਯੋਗ ਹਾਈ ਕੋਰਟ ਵੱਲੋਂ 16 ਸਤੰਬਰ ਨੂੰ ਫੈਸਲੇ ਦੀ ਕਾਪੀ ਜਾਰੀ ਕੀਤੀ ਗਈ। ਜਿਸ ਵਿੱਚ ਸਰਕਾਰ ਵੱਲੋਂ ਭਰਤੀ ਪ੍ਰਕ੍ਰਿਆ ਨੂੰ ਕਰਦੇ ਸਮੇਂ ਕਈ ਊਣਤਾਈਆਂ ਪਾਈਆਂ ਗਈਆਂ, ਜੋ ਕਿ ਸਰਕਾਰ ਦੀ ਅਣਗਹਿਲੀ ਸਦਕਾ ਹੋਇਆ। ਇਸ ਲਈ 1158 ਸਫਲ ਉਮੀਦਵਾਰਾਂ ਦਾ ਇਸ 'ਚ ਕੋਈ ਕਸੂਰ ਨਹੀਂ। ਜਿਨ੍ਹਾਂ ਸੰਬੰਧਤ ਅਧਿਕਾਰੀਆਂ ਨੇ ਅਣਗਹਿਲੀ ਕੀਤੀ ਹੈ, ਉਨ੍ਹਾਂ ਨੂੰ ਸਜ਼ਾ ਮਿਲਣੀ ਚਾਹੀਦੀ ਹੈ, ਨਾ ਕਿ ਉਮੀਦਵਾਰਾਂ ਨੂੰ। ਇਸ ਕੋਰਟ ਕੇਸ ਨਾਲ ਨਾ ਤਾਂ ਰਿੱਟਾਂ ਕਰਨ ਵਾਲਿਆਂ ਨੂੰ ਕੋਈ ਰਾਹਤ ਮਿਲੀ, ਨਾ ਕੋਈ ਸਰਕਾਰ ਦੀ ਅਗਲੀ ਰਣਨੀਤੀ ਇਸ ਮਸਲੇ ਨੂੰ ਹੱਲ ਕਰਨ ਲਈ ਸਾਹਮਣੇ ਆਈ ਹੈ, ਜਦੋਂ ਕਿ ਲੱਖਾਂ ਰੁਪਏ ਇਸ ਪ੍ਰਕ੍ਰਿਆ ਉੱਪਰ ਖਰਚੇ ਗਏ ਹਨ, ਪਰ ਸਰਕਾਰ ਦਾ ਹੁੰਗਾਰਾ ਕੋਈ ਵਧੀਆ ਨਹੀਂ ਦਿਸ ਰਿਹਾ।

ਮਾਣਯੋਗ ਹਾਈ ਕੋਰਟ ਵੱਲੋਂ ਕਿੰਨੀ ਵਾਰ ਤਾਂ ਸਰਕਾਰ ਵਲੋਂ ਜਵਾਬ ਦਾਅਵਾ ਪੇਸ਼ ਨਾ ਕਰਨ ਕਾਰਨ ਸੁਣਵਾਈ ਵਾਰ-ਵਾਰ ਅੱਗੇ ਪਾਈ ਗਈ। ਦੂਜੇ ਪਾਸੇ ਦੋ-ਤਿੰਨ ਵਿਸ਼ਿਆਂ ਦੀਆਂ ਲਿਸਟਾਂ ਮਹਿਕਮੇ ਦੀ ਵੈਬਸਾਈਟ 'ਤੇ ਪਾ ਕੇ ਵਾਪਸ ਸਾਈਟ ਤੋਂ ਹਟਾ ਦਿੱਤੀਆਂ ਗਈਆਂ ਸਨ, ਜੋ ਕਿ ਭਾਵੇਂ ਡਾਊਨਲੋਡ ਹੋ ਚੁੱਕੀਆਂ ਸਨ, ਪਰ ਇਨ੍ਹਾਂ ਲਿਸਟਾਂ ਦੇ ਸਫਲ ਉਮੀਦਵਾਰਾਂ ਦੀ ਚਿੰਤਾ ਹੋਰ ਵਧੇਰੇ ਹੈ। ਸਮੇਂ ਸਿਰ ਇਹ ਲਿਸਟਾਂ ਜਾਰੀ ਨਾ ਹੋਣ ਕਾਰਨ ਸਫਲ ਉਮੀਦਵਾਰ ਨਿਯੁਕਤੀ ਪੱਤਰ ਪ੍ਰਾਪਤ ਨਹੀਂ ਕਰ ਸਕੇ, ਜਦੋਂ ਕਿ ਹੋਰ ਵਿਸ਼ਿਆਂ ਦੇ ਬਹੁਤੇ ਸਫਲ ਉਮੀਦਵਾਰ ਨਿਯੁਕਤੀ ਪੱਤਰ ਪ੍ਰਾਪਤ ਕਰ ਚੁੱਕੇ ਹਨ, ਜਿਨ੍ਹਾਂ 'ਚੋਂ ਬਹੁਤੇ ਸਕੂਲਾਂ / ਕਾਲਜਾਂ ਜਾਂ ਹੋਰ ਅਦਾਰਿਆਂ ਵਿੱਚ ਰੈਗੂਲਰ ਜਾਂ ਐਡਹਾਕ ਤੌਰ 'ਤੇ ਡਿਊਟੀ ਨਿਭਾਅ ਰਹੇ ਸੀ, ਉਨ੍ਹਾਂ ਨੂੰ ਪਿਛਲੀ ਨੌਕਰੀ ਤੋਂ ਅਸਤੀਫਾ ਦੇ ਕੇ ਹੀ ਜੁਆਇਨ ਕਰਨ ਲਈ ਕਿਹਾ ਗਿਆ ਸੀ, ਜਿਸ ਨਾਲ ਉਹ ਹੁਣ ਬੇਰੁਜ਼ਗਾਰ ਹੋਏ ਬੈਠੇ ਹਨ।

ਪਹਿਲਾਂ ਹੀ ਸਥਿਤੀ ਬੜੀ ਚਿੰਤਾਜਨਕ ਬਣੀ ਹੋਈ ਸੀ, ਜੋ ਕਿ ਮਾਣਯੋਗ ਹਾਈ ਕੋਰਟ ਦੇ ਆਏ ਫੈਸਲੇ ਨਾਲ ਹੁਣ ਹੋਰ ਵੀ ਵਧੇਰੇ ਚਿੰਤਾਜਨਕ ਬਣ ਗਈ ਹੈ। ਇਸ ਭਰਤੀ ਪ੍ਰਕ੍ਰਿਆ ਵਿੱਚ ਰਾਜਨੀਤਕ ਲੋਕਾਂ ਦੀ ਸ਼ਮੂਲੀਅਤ ਦੀ ਦੂਰ ਦੀ ਗੱਲ ਸੀ, ਕਿਉਂਕਿ ਕੋਈ ਇੰਟਰਵਿਊ ਕਮੇਟੀ ਦੇ ਅੰਕ ਬਗੈਰਾ ਨਹੀਂ ਰੱਖੇ ਗਏ, ਜਿਥੇ ਕਿ ਪਹੁੰਚ ਵਾਲੇ ਲੋਕਾਂ ਲਈ ਲਾਹੇਵੰਦ ਹੋਣਾ ਸੀ, ਜੋ ਨਹੀਂ ਹੋਇਆ। ਇਸੇ ਕਰਕੇ ਇਹ ਭਰਤੀ ਦਾ ਪਾਰਦਰਸ਼ੀ ਕੰਮ ਤੇਜ਼ੀ ਨਾਲ ਹੋਇਆ। ਉਚੇਰੀ ਸਿੱਖਿਆ ਦੇ ਸਕੱਤਰ ਨੂੰ ਇਸ ਗੰਭੀਰ ਮਸਲੇ ਨੂੰ ਬਾਰੀਕੀ ਨਾਲ ਘੋਖ ਕਰਕੇ ਸਰਕਾਰ ਦਾ ਪੱਖ ਉੱਚ ਅਦਾਲਤ ਵਿੱਚ ਪੇਸ਼ੀ 'ਤੇ ਰੱਖ ਕੇ ਸਟੇਅ ਖਾਲੀ ਕਰਵਾਉਣ ਦਾ ਹੋਣਾ ਚਾਹੀਦਾ ਸੀ, ਜੋ ਨਹੀਂ ਹੋਇਆ।

ਆਸ ਹੈ ਕਿ ਨਵੀਂ ਸਰਕਾਰ ਆਪਣਾ ਪੱਖ ਮਜ਼ਬੂਤੀ ਨਾਲ ਹੁਣ ਡਬਲ ਬੈਂਚ ਅੱਗੇ ਲੱਗੇ ਕੇਸ ਨੂੰ ਮਜ਼ਬੂਤੀ ਨਾਲ ਸਰਕਾਰੀ ਪੱਖ ਰੱਖ ਕੇ ਸਫਲ ਉਮੀਦਵਾਰਾਂ ਨੂੰ ਜੁਆਇਨ ਕਰਵਾਉਣ ਲਈ ਹਰ ਸੰਭਵ ਯਤਨ ਕਰੇਗੀ ਤਾਂ ਕਿ ਉਚੇਰੀ ਸਿੱਖਿਆ ਦੇ ਡਿੱਗ ਰਹੇ ਮਿਆਰ ਨੂੰ ਬਚਾਇਆ ਜਾ ਸਕੇ, ਕਿਉਂਕਿ ਲੋਕਾਂ ਲਈ ਸਿੱਖਿਆ ਅਤੇ ਸਿਹਤ 'ਚ ਸੁਧਾਰ ਕਰਨਾ ਆਮ ਆਦਮੀ ਪਾਰਟੀ ਦੇ ਮੁੱਖ ਮੁੱਦੇ ਸੀ।

ਇਸ ਵਿੱਚ ਕੋਈ ਸ਼ੱਕ ਨਹੀਂ ਕਿ ਭਰਤੀ ਨਿਰੋਲ ਪਾਰਦਰਸ਼ੀ ਢੰਗ ਨਾਲ ਹੋਈ ਹੈ। ਸਿਫਾਰਸ਼ ਦੀ ਗੁੰਜਾਇਸ਼ ਨਾ ਹੋਣ ਕਰਕੇ ਵੀ ਕਈਆਂ ਨੂੰ ਐਨੀ ਜਲਦੀ ਭਰਤੀ ਕਰਨ ਕਰਕੇ ਵੀ ਇਹ ਗੱਲ਼ ਹਜ਼ਮ ਨਹੀਂ ਆਈ। ਸਰਕਾਰ ਨੇ ਅਸਿਸਟੈਂਟ ਪ੍ਰੋਫੈਸਰਾਂ ਦੀ ਹੋਰ ਭਰਤੀ ਕਰਨ ਦੀ ਗੱਲ਼ ਵੀ ਕਹੀ, ਪਰ ਇਹ ਵੀ ਪ੍ਰਕ੍ਰਿਆ ਅੱਗੇ ਨਹੀਂ ਤੁਰੀ। ਇਸ ਦਾ ਇਸ਼ਤਿਹਾਰ ਵੀ ਜਾਰੀ ਕਰਕੇ ਪ੍ਰਕ੍ਰਿਆ ਆਰੰਭੀ ਜਾਵੇ, ਜਿੰਨੇ ਪੀੜਤ ਉਮੀਦਵਾਰ ਨਿਯੁਕਤ ਹੁੰਦੇ ਹਨ, ਘੱਟੋ-ਘੱਟ ਉਨ੍ਹਾਂ ਨੂੰ ਤਾਂ ਰਾਹਤ ਮਿਲੇ। ਆਸ ਹੈ ਕਿ ਨਵੇਂ ਸਿੱਖਿਆ ਮੰਤਰੀ ਅਤੇ ਸਿੱਖਿਆ ਸਕੱਤਰ ਰਾਜ ਸਰਕਾਰ ਵੱਲੋਂ ਦਿਆਨਤਦਾਰੀ ਨਾਲ ਇਸ ਕੇਸ ਦੀ ਪੈਰਵੀ ਕਰਨ ਅਤੇ ਨਵੀਆਂ ਪੋਸਟਾਂ ਭਰਨ ਲਈ ਵਿਸ਼ੇਸ਼ ਧਿਆਨ ਦੇਣਗੇ।

# ਸੰਪਰਕ : 94635-53962

# ਕਿਸਾਨ-ਮਜ਼ਦੂਰ ਜਥੇਬੰਦੀ ਨੇ ਕਾਰਪੋਰੇਟ ਘਰਾਣੇ ਤੋਂ ਕਿਸਾਨ ਨੂੰ ਦਿਵਾਇਆ 21 ਲੱਖ ਮੁਆਵਜ਼ਾ



ਜਥੇਬੰਦੀ ਦੇ ਆਗੂਆਂ ਨੂੰ ਸਿਰਪਾਓ ਦੇ ਸਨਮਾਨਤ ਕਰਦੇ ਹੋਏ ਬਾਬਾ ਅਵਤਾਰ ਸਿੰਘ ਚੰਦ।

**ਮੱਖੂ (ਰਛਪਾਲ ਸਿੰਘ ਸੰਧੂ)**

ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਜ਼ੋਨ ਮੱਖੂ ਦੇ ਵੱਖ-ਵੱਖ ਇਕਾਈਆਂ ਦੇ ਕਿਸਾਨਾਂ ਮਜ਼ਦੂਰਾਂ ਵਲੋਂ ਕਿਸਾਨ ਗੁਰਮੀਤ ਸਿੰਘ ਠੇਕੇਦਾਰ ਦੀ ਜ਼ਮੀਨ ਦਾ ਬਣਦਾ ਮੁਆਵਜ਼ਾ ਲੈਣ ਲਈ ਜੋ ਲੜਾਈ ਲੜੀ ਸੀ। ਉਸ ਜਿੱਤ ਦੀ ਖੁਸ਼ੀ ਵਿੱਚ ਪਰਿਵਾਰ ਵਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸ਼ੁਕਰਾਨਾ ਕਰਨ ਲਈ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਮੱਲਾਂਵਾਲਾ ਮੋੜ ਸਥਿਤ ਗੁਰਦੁਆਰਾ ਬਾਬਾ ਦੀਪ ਸਿੰਘ ਵਿਖੇ ਪਵਾਏ ਗਏ।

ਇਸ ਮੌਕੇ ਮੁੱਖ ਸੇਵਾਦਾਰ ਬਾਬਾ ਅਵਤਾਰ ਸਿੰਘ ਚੰਦ ਜੀ ਵੱਲੋਂ ਆਈਆਂ ਸੰਗਤਾਂ ਨੂੰ ਜੀ ਆਇਆਂ ਆਖਿਆ ਗਿਆ ਤੇ ਕਿਸਾਨ ਆਗੂਆਂ ਨੂੰ ਸਿਰਪਾਓ ਦੇ ਕੇ ਕੀਤਾ ਸਨਮਾਨਤ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਇੰਦਰਜੀਤ ਸਿੰਘ ਬਾਠ, ਜ਼ੋਨ ਪ੍ਰਧਾਨ ਵੀਰ ਸਿੰਘ ਨਿਜਾਮਦੀਨ ਵਾਲਾ, ਜ਼ੋਨ ਸਕੱਤਰ ਤੇ ਜ਼ਿਲ੍ਹਾ ਪ੍ਰੈੱਸ ਸਕੱਤਰ ਬਲਜਿੰਦਰ ਸਿੰਘ ਤਲਵੰਡੀ ਨਿਪਾਲਾਂ ਨੇ ਦੱਸਿਆ ਕਿ ਕਾਰਪੋਰੇਟ ਘਰਾਣੇ ਸੀਗਲ ਇੰਡੀਆ ਲਿਮ: ਪ੍ਰਾਈਵੇਟ ਵੱਲੋਂ ਗੁਰਮੀਤ ਸਿੰਘ ਤੋਂ ਜ਼ਮੀਨ ਠੇਕੇ 'ਤੇ ਲੈ ਕੇ ਲੁੱਕ ਪਲਾਂਟ ਲਾਇਆ ਸੀ ਤੇ ਕੰਮ ਖਤਮ ਹੋਣ 'ਤੇ ਜ਼ਮੀਨ ਨੂੰ ਪੂਰੀ ਤਰ੍ਹਾਂ ਵਾਹੀ ਯੋਗ ਬਣਾ ਕੇ ਦੇਣ 'ਤੇ ਬਣਦਾ ਠੇਕਾ ਕਿਸਾਨ ਨੂੰ ਦੇਣ ਦਾ ਇਕਰਾਰਨਾਮਾ ਕੀਤਾ ਸੀ, ਪਰ ਕੰਪਨੀ ਆਪਣੇ ਕੀਤੇ ਐਗਰੀਮੈਂਟ ਤੋਂ ਭੱਜ ਚੁੱਕੀ ਸੀ। ਜਥੇਬੰਦੀ ਵੱਲੋਂ ਕੰਪਨੀ ਦੇ ਗੇਟ ਅੱਗੇ ਮੋਰਚਾ ਲਗਾਕੇ ਕਿਸਾਨ ਨੂੰ ਬਣਦਾ 21 ਲੱਖ ਦਾ ਮੁਆਵਜਾ ਦਿਵਾਇਆ। ਕਿਸਾਨ ਆਗੂਆਂ ਨੇ ਅੱਗੇ ਦੱਸਿਆ ਕਿ ਸਾਰੇ ਵਰਗਾਂ ਨੂੰ ਆਪਣੇ ਹੱਕਾਂ ਦੀ ਪੂਰਤੀ ਲਈ ਸੰਘਰਸ਼ਾਂ ਦੇ ਮੈਦਾਨ ਵਿੱਚ ਇੱਕਮੁੱਠ ਹੋ ਕੇ ਲੜਨਾ ਚਾਹੀਦਾ ਹੈ। ਪਰਵਾਰ ਵੱਲੋਂ ਸਾਰੇ ਹੀ ਪਹੁੰਚੇ ਹੋਏ ਕਿਸਾਨਾਂ ਮਜ਼ਦੂਰਾਂ, ਬੀਬੀਆਂ ਤੇ ਰਿਸ਼ਤੇਦਾਰਾਂ ਨੂੰ ਜੀ ਆਇਆਂ ਆਖਿਆ ਗਿਆ ਤੇ ਭੋਗ ਉਪਰੰਤ ਗੁਰੂ ਸਾਹਿਬ ਦੇ ਲੰਗਰ ਅਤੁੱਟ ਵਰਤਾਏ ਗਏ।

ਇਸ ਮੌਕੇ ਲਖਵਿੰਦਰ ਸਿੰਘ ਵਸਤੀ ਨਾਮਦੇਵ, ਗੁਰਭੇਜ ਸਿੰਘ, ਬਾਜ ਸਿੰਘ ਫੇਮੀਵਾਲਾ, ਕਮਲਜੀਤ ਸਿੰਘ ਮਰਹਾਣਾ, ਜਰਨੈਲ ਸਿੰਘ ਵਾਰਸਵਾਲਾ, ਸੁਖਚੈਨ ਸਿੰਘ ਤੇ ਦਿਆਲ ਸਿੰਘ ਕਿਲੀ ਆਦਿ ਕਿਸਾਨ ਹਾਜ਼ਰ ਸਨ।

# ਪੁਲਸ ਦੀ ਵਰਦੀ ਪਾ ਕੇ ਖੋਹ ਦੀ ਵਾਰਦਾਤ ਕਰਨ ਵਾਲੇ ਚਾਰ ਦੋਸ਼ੀ ਗ੍ਰਿਫ਼ਤਾਰ

## ਵਰਤੀ ਕਾਰ, ਮੋਟਰਸਾਈਕਲ ਤੇ 53 ਹਜ਼ਾਰ ਰੁਪਏ ਕੀਤੇ ਬਰਾਮਦ

**ਮੋਗਾ (ਅਮਰਜੀਤ ਬੱਬਰੀ)**-ਪਿਛਲੇ ਦਿਨੀਂ ਮੋਗਾ ਦੀ ਗਿੱਲ ਰੋਡ 'ਤੇ ਪੁਲਸ ਦੀ ਵਰਦੀ ਪਾ ਕੇ ਮੋਗਾ ਦੇ ਕਾਰੋਬਾਰੀ ਦੋ ਭਰਾਵਾਂ ਤੋ ਕੋਈ 5 ਲੱਖ ਰੁਪਏ ਦੀ ਲੁੱਟ ਕਰਨ ਵਾਲੇ 4 ਮੁਲਜ਼ਮਾਂ ਨੂੰ ਇਨੋਵਾ ਕਾਰ ਮੋਟਰਸਾਇਕਲ ਤੇ 53 ਹਜ਼ਾਰ ਰੁਪਏ ਦੀ ਨਕਦ ਰਾਸ਼ੀ ਸਮੇਤ ਕਾਬੂ ਕਰਨ ਵਿਚ ਮੋਗਾ ਪੁਲਸ ਨੇ ਸਫ਼ਲਤਾ ਹਾਸਲ ਕੀਤੀ ਹੈ।

ਐਸਐਸਪੀ ਨੇ ਦੱਸਿਆ ਕਿ 9 ਜੂਨ ਨੂੰ ਰਾਤ ਸਮੇਂ ਜਦ ਕਰਿਆਨਾ ਦੀ ਦੁਕਾਨ ਦੇ ਮਾਲਕ ਦੋ ਭਰਾ ਸਤੀਸ਼ ਕੁਮਾਰ ਤੇ ਰਾਜ ਕੁਮਾਰ ਅਪਣੀ ਦੁਕਾਨ ਬੰਦ ਕਰਕੇ ਸਕੂਟਰੀ 'ਤੇ ਘਰ ਵਾਪਸ ਆ ਰਹੇ ਸਨ ਤਾਂ ਜਦ ਉਹ ਗਿੱਲ ਰੋਡ 'ਤੇ ਸਥਿਤ ਸਿੰਗਲਾ ਹਸਪਤਾਲ ਕੋਲ ਪਹੁੰਚੇ ਤਾਂ ਉਨ੍ਹਾਂ ਨੂੰ ਚਾਰ ਪੁਲਸ ਵਰਦੀ ਵਿੱਚ ਖੜੇ ਵਿਅਕਤੀਆਂ ਨੇ ਰੋਕਿਆ ਤੇ ਦੋਵਾਂ ਭਰਾਵਾਂ ਨੂੰ ਸਮੇਤ ਪੈਸਿਆਂ ਵਾਲੇ ਬੈਗ ਦੇ ਚਿੱਟੇ ਰੰਗ ਦੀ ਇਨੋਵਾ ਗੱਡੀ ਵਿੱਚ ਸੁੱਟ ਲਿਆ।

ਪੁਲਸ ਵਰਦੀ ਵਿੱਚ ਲੈੱਸ ਵਿਆਕਤੀਆਂ ਨੇ ਦੋਵੇਂ ਭਰਾਵਾਂ ਤੋ ਪੈਸਿਆਂ ਵਾਲਾ ਬੈਗ ਜਿਸ ਵਿੱਚ ਤਕਰੀਬਨ 5 ਲੱਖ ਰੁਪਏ ਸਨ, ਖੋਹ ਲਿਆ ਤੇ ਇਕ ਦੇ ਗਲ਼ ਵਿੱਚ ਪਾਈ ਸੋਨੇ ਦੀ ਚੈਨੀ ਵੀ ਉਤਾਰ ਲਈ ਤੇ ਦੋਵਾਂ ਨੂੰ ਦੁਸਾਝ ਪਿੰਡ ਦੇ ਬਾਈਪਾਸ 'ਤੇ ਬਣੇ ਪੰਪ ਦੇ ਨੇੜੇ ਖੇਤਾਂ ਵਿੱਚ ਸੁੱਟ ਦਿੱਤਾ। ਉਕਤ ਵਿਅਕਤੀਆਂ ਖਿਲਾਫ਼ ਥਾਣਾ ਸਿਟੀ ਸਾਊਥ ਵਿਚ ਮਾਮਲਾ ਦਰਜ ਕਰ ਲਿਆ ਗਿਆ ਸੀ। ਦੋਸ਼ੀਆਂ ਦੀ ਭਾਲ ਲਈ ਐਸ ਐਸ ਪੀ ਮੋਗਾ ਜੇ ਇਲਨਚੇਲੀਅਨ ਵਲੋਂ ਐਸ ਪੀ ਅਜੈਰਾਜ ਸਿੰਘ ਅਤੇ ਹਰਿੰਦਰ ਸਿੰਘ ਉਪ ਕਪਤਾਨ ਪੁਲਸ (ਆਈ) ਦੀ ਅਗਵਾਈ ਵਿਚ ਇੰਸ ਬਿੱਕਰ ਸਿੰਘ ਇੰਚਾਰਜ ਸੀਆਈਏ ਸਟਾਫ ਮਹਿਣਾ ਤੇ ਸਬ ਇੰਸ ਅਮਨਦੀਪ ਕੰਬੋਜ, ਮੁੱਖ ਅਫ਼ਸਰ ਥਾਣਾ ਸਿਟੀ ਸਾਊਥ ਮੋਗਾ ਦੀਆ ਵੱਖ-ਵੱਖ ਟੀਮਾਂ ਬਣਾਈਆਂ ਗਈਆਂ ਤੇ ਦੋਸ਼ੀਆਂ ਦੀ ਭਾਲ ਸ਼ੁਰੂ ਕੀਤੀ ਗਈ। ਘਟਨਾ ਸਥਾਨ ਤੋਂ ਪ੍ਰਾਪਤ ਸੀਸੀਟੀਵੀ ਦੇ ਕੈਮਰਿਆਂ ਦੀਆਂ ਫੁਟੇਜ ਖੰਗਾਲ ਕੇ ਟੈਕਨੀਕਲ ਤਰੀਕੇ ਨਾਲ ਮੁਕੱਦਮੇ ਦੀ ਤਫਤੀਸ਼ ਦੌਰਾਨ ਦੋਸ਼ੀਆਂ ਦੀਆਂ ਫੋਟੋਆਂ ਵਾਇਰਲ ਕੀਤੀਆਂ ਗਈਆਂ ।

ਐਸਐਸਪੀ ਨੇ ਦੱਸਿਆ ਕਿ ਮੁਖ਼ਬਰ ਖਾਸ ਨੇ ਪੁਲਸ ਨੂੰ ਇਤਲਾਹ ਦਿੱਤੀ ਕਿ ਖੋਹ ਦੀ ਘਟਨਾ ਵਿੱਚ ਸ਼ਾਮਲ ਦੋਸ਼ੀਆਂ ਨੂੰ ਉਹ ਪਛਾਣਦਾ ਹੈ, ਜਿਨ੍ਹਾਂ ਵਿੱਚੋਂ ਚਾਰ ਦੋਸ਼ੀ ਇਸ ਸਮੇਂ ਬੱਧਨੀ ਕਲਾਂ ਮੇਨ ਰੋਡ 'ਤੇ ਖੜੇ ਹਨ। ਇਤਲਾਹ ਭਰੋਸੇਯੋਗ ਹੋਣ ਕਰਕੇ ਮੌਕੇ 'ਤੇ ਰੇਡ ਕਰਕੇ ਚਾਰ ਵਿਆਕਤੀਆਂ ਨੂੰ ਕਾਬੂ ਕੀਤਾ ਗਿਆ। ਕਾਬੂ ਕੀਤੇ ਦੋਸ਼ੀਆਂ ਦੀ ਪਛਾਣ ਅਰਸ਼ਦੀਪ ਸਿੰਘ ਉਰਫ ਗੋਰਾ ਉਰਫ ਬਿੱਲਾ ਪੁੱਤਰ ਜਸਪਾਲ ਸਿੰਘ ਵਾਸੀ ਰਣੀਆਂ, ਤਜਿੰਦਰ ਸਿੰਘ ਉਰਫ ਅਰਮਾਨ ਪੁੱਤਰ ਸ਼ਮਸ਼ੇਰ ਸਿੰਘ ਵਾਸੀ ਕਾਉਂਕੇ ਖੁਰਦ , ਦੇਵਰਾਜ ਉਰਫ ਸੁੱਖਾ ਪੁੱਤਰ ਬੂਟਾ ਸਿੰਘ ਵਾਸੀ ਜੰਡਵਾਲੀ ਗਲੀ ਰਣੀਆਂ ਤੇ ਕੁਲਦੀਪ ਸਿੰਘ ਉਰਫ ਲੱਲੂ ਪੁਤਰ ਕਾਲਾ ਸਿੰਘ ਵਾਸੀ ਪਿੰਡ ਮਾਛੀਕੇ ਵਜੋਂ ਹੋਈ ਹੈ । ਪੁੱਛਗਿੱਛ ਦੌਰਾਨ ਦਰਸ਼ਨ ਸਿੰਘ ਉਰਫ਼ ਰਾਜੂ ਪੁੱਤਰ ਮੋਠਾ ਸਿੰਘ ਵਾਸੀ ਫ਼ਤਿਹਗੜ੍ਹ ਕੋਰੋਟਾਣਾ ਥਾਣਾ ਧਰਮਕੋਟ ਨੂੰ ਇਸ ਮੁਕੱਦਮੇ ਵਿਚ ਬਤੌਰ ਦੋਸ਼ੀ ਨਾਮਜ਼ਦ ਕੀਤਾ ਗਿਆ ਹੈ, ਜੋ ਘਟਨਾ ਸਮੇਂ ਪੈਰੋਲ 'ਤੇ ਆਇਆ ਸੀ ਅਤੇ ਘਟਨਾ ਨੂੰ ਅੰਜਾਮ ਦੇਣ ਤੋਂ ਬਾਅਦ ਫ਼ਰੀਦਕੋਟ ਜੇਲ੍ਹ ਵਿੱਚ ਹੈ। ਉਨ੍ਹਾਂ ਦੱਸਿਆ ਕਿ ਦੋਸ਼ੀਆਂ ਨੂੰ ਮਾਣਯੋਗ ਅਦਾਲਤ ਵਿੱਚ ਪੇਸ਼ ਕਰਕੇ ਰਿਮਾਂਡ ਲਿਆ ਜਾਵੇਗਾ ਤੇ ਇਸ ਖੋਹ ਦੇ ਬਾਕੀ ਪੈਸੇ ਅਤੇ ਇਸ ਤੋਂ ਇਲਾਵਾ ਦੋਸ਼ੀਆਂ ਵਲੋਂ ਹੋਰ ਕਿਹੜੀਆਂ ਵਾਰਦਾਤਾਂ ਕੀਤੀਆਂ ਹਨ, ਬਾਰੇ ਪੁੱਛਗਿੱਛ ਕੀਤੀ ਜਾਵੇਗੀ। ਦੋਸ਼ੀਆਂ ਪਾਸੋਂ ਇੱਕ ਇਨੋਵਾ ਕਾਰ, ਇੱਕ ਹੀਰੋ ਮੋਟਰਸਾਇਕਲ 53 ਹਜ਼ਾਰ ਰੁਪਏ ਨਕਦ ਅਤੇ ਇੱਕ ਪੁਲਸ ਵਰਦੀ ਬਰਾਮਦ ਕੀਤੀ ਗਈ ਹੈ।

# ਨਕਲੀ ਮੁਖਤਿਆਰਨਾਮਾ ਪੇਸ਼ ਕਰਕੇ ਰਜਿਸਟਰੀ ਕਰਾਉਣ ਵਾਲੇ ਉੱਪਰ ਮੁਕੱਦਮਾ ਦਰਜ



**ਜਗਰਾਉਂ (ਅਮਿਤ ਖੰਨਾ)**-ਪਿਛਲੇ ਕਈ ਦਿਨਾਂ ਤੋਂ ਹੀਰਾ ਬਾਗ ਗਲੀ ਨੰਬਰ 9 ਵਾਲੀ ਚਾਰ ਮੰਜ਼ਲਾ ਕੋਠੀ ਦਾ ਰੇੜਕਾ ਉਸ ਸਮੇਂ ਨਵਾਂ ਰੂਪ ਲੈ ਗਿਆ, ਜਦੋਂ ਕੋਠੀ ਬਾਰੇ ਆਪਣੇ ਆਪ ਨੂੰ ਖਰੀਦਦਾਰ ਦੱਸਣ ਵਾਲੇ ਕਰਮ ਸਿੰਘ ਵੱਲੋਂ ਪੁਲਸ ਅੱਗੇ ਪੇਸ਼ ਹੋ ਕੇ ਜਾਅਲੀ ਮੁਖਤਿਆਰਨਾਮਾ ਪੇਸ਼ ਕਰਕੇ ਬੈਨਾਮਾ ਕਰਾਉਣ ਵਾਲੇ ਅਸ਼ੋਕ ਕੁਮਾਰ ਉਪਰ ਧੋਖਾਧੜੀ ਕਰਨ ਦਾ ਦੋਸ਼ ਲਾਉਂਦੇ ਹੋਏ ਸ਼ਿਕਾਇਤ ਕੀਤੀ ਅਤੇ ਪੁਲਸ ਥਾਣਾ ਸਿਟੀ ਜਗਰਾਉਂ ਵੱਲੋਂ ਜੰਗੀ ਪੱਧਰ 'ਤੇ ਕਾਰਵਾਈ ਕਰਦਿਆਂ ਅਸ਼ੋਕ ਕੁਮਾਰ ਪੁੱਤਰ ਸੱਤਪਾਲ ਵਾਸੀ ਸ਼ੇਰਪੁਰਾ ਰੋਡ ਨੂੰ ਇਸ ਸਾਰੇ ਮਾਮਲੇ ਵਿੱਚ ਕਸੂਰਵਾਰ ਮੰਨ ਕੇ ਉਸ ਉਪਰ ਧਾਰਾ 420, 467, 468 ਆਦਿ ਦਾ ਮੁਕੱਦਮਾ ਦਰਜ ਕੀਤਾ ਗਿਆ ਹੈ।

ਦੱਸ ਦੇਈਏ ਕਿ ਇਹ ਅਸ਼ੋਕ ਕੁਮਾਰ ਤੇ ਕਰਮਜੀਤ ਸਿੰਘ ਜਾਅਲੀ ਮੁਖਤਿਆਰਨਾਮੇ ਦੇ ਅਧਾਰ 'ਤੇ ਉਸ ਵਿਵਾਦਤ ਕੋਠੀ ਦੇ ਬਾਇਆ ਅਤੇ ਖਰੀਦਦਾਰ ਹਲਕਾ ਵਿਧਾਇਕ ਬੀਬੀ ਸਰਬਜੀਤ ਕੌਰ ਮਾਣੂਕੇ ਦੇ ਬਹੁਤ ਨੇੜਲੇ ਸਾਥੀ ਹਨ। ਕਰਮਜੀਤ ਸਿੰਘ ਨੇ ਸ਼ਿਕਾਇਤ ਵਿੱਚ ਲਿਖਿਆ ਹੈ ਕਿ ਅਸ਼ੋਕ ਕੁਮਾਰ ਵੱਲੋਂ ਉਸ ਨੂੰ ਜੋ ਰਜਿਸਟਰੀ ਕਰਾਈ ਗਈ ਹੈ, ਉਹ ਮੁਖਤਿਆਰਨਾਮੇ ਦੇ ਅਧਾਰ 'ਤੇ ਕੀਤੀ ਗਈ ਹੈ ਅਤੇ ਕਰਮਜੀਤ ਸਿੰਘ ਵੱਲੋਂ ਇਹ ਕੋਠੀ ਸੁਖਵਿੰਦਰ ਸਿੰਘ ਪ੍ਰੋਫੈਸਰ ਨੂੰ ਜੋ ਹਲਕਾ ਵਿਧਾਇਕ ਬੀਬੀ ਸਰਬਜੀਤ ਕੌਰ ਮਾਣੂਕੇ ਦੇ ਪਤੀ ਹਨ, ਨੂੰ ਇਕਰਾਰਨਾਮਾ ਕਰਕੇ ਕਿਰਾਏ ਉਪਰ ਦਿੱਤੀ ਗਈ ਸੀ। ਪਰ ਜਦੋਂ ਕੋਠੀ ਦੇ ਅਸਲ ਮਾਲਕ ਕੋਲੋਂ ਪਤਾ ਲੱਗਾ ਕਿ ਇਹ ਕੋਠੀ ਦੇ ਅਸਲ ਮਾਲਕ ਵੱਲੋਂ ਕੋਈ ਮੁਖਤਿਆਰਨਾਮਾ ਨਹੀਂ ਦਿੱਤਾ ਗਿਆ ਤਾਂ ਉਸ ਨੇ ਕਿਰਾਏਦਾਰ ਕੋਲੋਂ ਕੋਠੀ ਖਾਲੀ ਕਰਾ ਦਿੱਤੀ ਅਤੇ ਪੁਲਸ ਨੂੰ ਸ਼ਿਕਾਇਤ ਕਰ ਦਿੱਤੀ।

ਪੁਲਸ ਵੱਲੋਂ ਅਸ਼ੋਕ ਕੁਮਾਰ ਦੇ ਖਿਲਾਫ਼ ਮੁਕੱਦਮਾ ਦਰਜ ਕਰਕੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਵਰਨਣਯੋਗ ਹੈ ਕਿ ਵਸੀਕਾ ਰਜਿਸਟਰੀ ਕਰਾਉਣ ਵੇਲੇ ਇੱਕ ਨਿਯਮ ਜੋ ਹਰ ਇੱਕ ਬੈਨਾਮੇ ਉੱਪਰ ਲਿਖਿਆ ਹੁੰਦਾ ਹੈ ਕਿ ਅਗਰ ਬੈਨਾਮਾ ਰਜਿਸਟਰਡ ਕਰਾਉਣ ਸਮੇਂ ਕੋਈ ਗਲਤ ਤੱਥ ਪੇਸ਼ ਕੀਤੇ ਗਏ ਤਾਂ ਦੋਹਾਂ ਧਿਰਾਂ ਨੂੰ ਸੱਤ ਸਾਲ ਦੀ ਸਜ਼ਾ ਹੋ ਸਕਦੀ ਹੈ। ਏਥੇ ਇਹ ਗੱਲ ਧਿਆਨ ਦੇਣ ਵਾਲੀ ਹੈ ਕਿ ਇਸ ਕੋਠੀ ਦੇ ਮਾਮਲੇ ਦਾ ਹੁਣ ਕੀ ਬਣੇਗਾ।

ਇਸ ਵਾਰ ਕਣਕ ਦੀ ਭਰਾਈ ਦੇ ਸੀਜਨ ਦੇ ਸਮੇਂ ਟੈਂਡਰ ਦਾ ਮੁੱਦਾ ਬਹੁਤ ਹਾਈਲਾਈਟ ਹੋ ਗਿਆ ਸੀ। ਟਰੱਕ ਯੂਨੀਅਨ ਵੱਲੋਂ ਕਾਫੀ ਸੰਘਰਸ਼ ਕਰਨਾ ਪਿਆ ਸੀ। ਇਸ ਸਾਰੇ ਮਸਲੇ ਦੀ ਅਸਲ ਜੜ੍ਹ ਵੀ ਇਹੋ ਅਸ਼ੋਕ ਕੁਮਾਰ ਹੀ ਸੀ। ਜਿਸ ਨੇ ਆਪਣੇ ਕਿੱਸੇ ਲਿਹਾਜ਼ ਵਾਲੇ ਦੇ ਨਾਂਅ ਉੱਪਰ ਟੈਂਡਰ ਭਰਿਆ ਸੀ ਅਤੇ ਟਰੱਕ ਯੂਨੀਅਨ ਦੇ ਕਾਫੀ ਜੱਦੋ ਜਹਿਦ ਮਗਰੋਂ ਪ੍ਰਸ਼ਾਸਨ ਨੂੰ ਟੈਂਡਰ ਰੱਦ ਕਰਨੇ ਪਏ ਸਨ। ਅਸ਼ੋਕ ਕੁਮਾਰ ਇਕ ਮੌਕਾਪ੍ਰਸਤ ਵਿਅਕਤੀ ਹੈ ਤੇ ਪਿਛਲੀ ਸਰਕਾਰ ਸਮੇਂ ਵੀ ਕਾਂਗਰਸੀ ਲੀਡਰਾਂ ਦਾ ਪਿਛਲੱਗੂ ਬਣਿਆ ਰਿਹਾ ਹੈ ਤੇ ਜਦੋਂ ਸਰਕਾਰ ਬਦਲ ਗਈ ਇਸ ਨੇ ਬੀਬੀ ਮਾਣੂੰਕੇ ਦੇ ਨਾਲ ਰਾਬਤਾ ਕਾਇਮ ਕਰਕੇ ਸਰਕਾਰੇ ਦਰਬਾਰੇ ਆਪਣੀ ਪਹੁੰਚ ਬਣਾ ਲਈ ਸੀ।

# ਇਲੈਕਟ੍ਰੋ ਹੋਮਿਓਪੈਥਿਕ ਡਾਕਟਰਜ਼ ਮੈਡੀਕਲ ਐਸੋਸੀਏਸ਼ਨ ਦੀ ਹੋਈ ਮੀਟਿੰਗ



**ਮੋਗਾ (ਅਮਰਜੀਤ ਬੱਬਰੀ)**-ਇਲੈਕਟ੍ਰੋ ਹੋਮਿਓਪੈਥਿਕ ਡਾਕਟਰਜ਼ ਮੈਡੀਕਲ ਅਸ਼ੋਸੀਏਸ਼ਨ ਰਜਿ 404 ਪੰਜਾਬ ਦੀ ਮਹੀਨਾਵਾਰ ਮੀਟਿੰਗ ਚੋਖਾ ਅੰਪਾਇਰ ਹੋਟਲ ਮੋਗਾ ਵਿਖੇ ਕੋਰ ਕਮੇਟੀ ਮੈਂਬਰ ਡਾ ਸ਼ਿੰਦਰ ਸਿੰਘ ਕਲੇਰ ਦੀ ਪ੍ਰਧਾਨਗੀ ਵਿੱਚ ਹੋਈ। ਇਸ ਸਮੇਂ ਉਨ੍ਹਾਂ ਨੇ ਸ਼ੂਗਰ ਰੋਗ ਦੇ ਵਧ ਰਹੇ ਕਹਿਰ 'ਤੇ ਜਾਣਕਾਰੀ ਸਾਂਝੀ ਕੀਤੀ। ਮੀਟਿੰਗ ਵਿੱਚ ਪੰਜਾਬ ਹਰਿਆਣਾ, ਉੱਤਰ ਪ੍ਰਦੇਸ਼, ਦਿੱਲੀ, ਹਿਮਾਚਲ ਤੋਂ ਡਾਕਟਰਾਂ ਨੇ ਹਿੱਸਾ ਲਿਆ।

ਮੀਟਿੰਗ ਵਿੱਚ ਡਾ. ਜਗਤਾਰ ਸਿੰਘ ਸੇਖੋਂ ਨੇ ਲਿੰਫੈਟਿਕ ਸਿਸਟਮ ਦੇ ਕਾਰਜ ਖੇਤਰ ਤੇ ਇਲੈਕਟ੍ਰੋਹੋਮਿਓਪੈਥਿਕ ਟਰੀਟਮੈਂਟ ਤੇ ਲੈਕਚਰ ਦਿੱਤਾ। ਡਾ. ਪ੍ਰਮਿੰਦਰ ਕੁਮਾਰ ਪਾਠਕ ਨੇ ਐੱਫ 2 ਦਵਾਈ ਦੀ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਡਾ. ਸਨੀਲ ਸਹਿਗਲ ਪਾਨੀਪਤ ਨੇ ਚਮੜੀ ਰੋਗਾਂ ਦੇ ਸਬੰਧੀ ਵਿਸਥਾਰ ਸਹਿਤ ਜਾਣਕਾਰੀ ਸਾਂਝੀ ਕੀਤੀ।

ਡਾ. ਕਮਲਜੀਤ ਸਿੰਘ ਫ਼ਿਰੋਜ਼ਪੁਰ ਨੇ ਲਿਵਰ ਰੋਗਾਂ ਦੇ ਇਲਾਜ ਬਾਰੇ ਚਾਨਣਾ ਪਾਇਆ। ਡਾ. ਜਸਵਿੰਦਰ ਸਿੰਘ ਸਮਾਧ ਭਾਈ ਨੇ ਯੂਰੀਮੀਆਂ ਰੋਗ ਬਾਰੇ ਜਾਣਕਾਰੀ ਦਿੱਤੀ। ਡਾ. ਦਰਬਾਰਾ ਸਿੰਘ ਭੁੱਲਰ ਨੇ ਫੁਲਵੈਹਰੀ ਰੋਗ ਸਬੰਧੀ ਜਾਣਕਾਰੀ ਤੇ ਇਲੈਕਟ੍ਰੋਹੋਮਿਓਪੈਥਿਕ ਇਲਾਜ ਦੱਸਿਆ। ਡਾ. ਮਨਪ੍ਰੀਤ ਸਿੰਘ ਸਿੱਧੂ ਨੇ ਪਿੱਤੇ ਦੀ ਰਸੌਲੀ ਦੇ ਕਾਰਨ ਅਤੇ ਇਲਾਜ ਤੇ ਚਾਨਣਾ ਪਾਇਆ। ਡਾ ਰਾਜੇਸ਼ ਕੁਮਾਰ ਸਿਰਸਾ ਨੇ ਮਸਕੂਲਰ ਡਿਸਟਰੌਫੀ ਰੋਗ ਤੇ ਡਾ. ਗਗਨ ਨੇ ਪਿੱਤੇ ਦੀ ਪੱਥਰੀ, ਡਾ. ਸੁਸ਼ੀਲ ਕੁਮਾਰ ਅੰਬ ਨੇ ਗੈਂਗਰੀਨ, ਡਾ. ਆਰ ਪੀ ਸੈਣੀ ਮਥਰਾ ਨੇ ਬੁਖਾਰ, ਡਾ. ਐਨ ਐੱਸ ਤੋਮਰ ਨੇ ਪੌਲੀ ਯੂਰੇਨ, ਡਾ ਵਕੀਲ ਅਹਿਮਦ ਮੇਰਠ ਨੇ ਪਿਸ਼ਾਬ ਰੋਗ ਤੇ ਡਾ ਮਨੇਸ਼ ਚੰਦ ਬਘੇਲ ਆਗਰਾ ਨੇ ਆਪਣਾ-ਆਪਣਾ ਇਲੈਕਟ੍ਰੋ ਹੋਮਿਓਪੈਥਿਕ ਇਲਾਜ ਦਾ ਤਜਰਬਾ ਸਾਂਝਾ ਕੀਤਾ।

# ਦੇਸ਼ ਭਗਤ 'ਵਰਸਿਟੀ ਵੱਲੋਂ 5000 ਹੋਣਹਾਰ ਵਿਦਿਆਰਥੀਆਂ ਦਾ 'ਸ਼ਾਇਨਿੰਗ ਸਟਾਰਜ਼' ਐਵਾਰਡ ਨਾਲ ਸਨਮਾਨ



**ਫ਼ਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**

ਦੇਸ਼ ਭਗਤ ਯੂਨੀਵਰਸਿਟੀ, ਮੰਡੀ ਗੋਬਿੰਦਗੜ੍ਹ ਵੱਲੋਂ 'ਸ਼ਾਇਨਿੰਗ ਸਟਾਰਜ਼' ਐਵਾਰਡ ਸਮਾਰੋਹ ਦਾ ਆਯੋਜਨ ਕੀਤਾ ਗਿਆ। ਸਮਾਗਮ ਵਿੱਚ ਪੰਜਾਬ ਭਰ ਦੇ 5000 ਹੋਣਹਾਰ ਸਕੂਲੀ ਵਿਦਿਆਰਥੀਆਂ ਨੂੰ 'ਸ਼ਾਇਨਿੰਗ ਸਟਾਰਜ਼' ਦੇ ਐਵਾਰਡ ਨਾਲ ਸਨਮਾਨਤ ਕੀਤਾ ਗਿਆ, ਜਿਨ੍ਹਾਂ ਨੇ 12ਵੀਂ ਜਮਾਤ ਦੀ ਪ੍ਰੀਖਿਆ ਵਿੱਚ ਵਧੀਆ ਪ੍ਰਦਰਸ਼ਨ ਕੀਤਾ ਸੀ। ਇਸ ਮੌਕੇ ਡਾ. ਰੋਹਿਤ ਮੌਦਗਿੱਲ, ਅਸਿਸਟੈਂਟ ਡਾਇਰੈਕਟਰ, ਅਡਮਿਸ਼ਨ, ਦੇਸ਼ ਭਗਤ ਯੂਨੀਵਰਸਿਟੀ ਨੇ ਡਾ. ਜ਼ੋਰਾ ਸਿੰਘ, ਮਾਨਯੋਗ ਚਾਂਸਲਰ, ਦੇਸ਼ ਭਗਤ ਯੂਨੀਵਰਸਿਟੀ, ਮੁੱਖ ਮਹਿਮਾਨ, ਡਾ. ਸੰਦੀਪ ਸਿੰਘ, ਪ੍ਰੈਜ਼ੀਡੈਂਟ, ਡੀ.ਬੀ.ਯੂ, ਡਾ. ਹਰਸ਼ ਸਦਾਵਰਤੀ, ਵਾਈਸ ਪ੍ਰੈਜ਼ੀਡੈਂਟ ਤੇ ਆਰ.ਜੇ. ਸੰਗਮਿਤਰਾ ਨੂੰ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਣ 'ਤੇ ਜੀ ਆਇਆਂ ਆਖਿਆ। ਡਾ. ਜ਼ੋਰਾ ਸਿੰਘ, ਮਾਣਯੋਗ ਚਾਂਸਲਰ ਨੇ ਸਮਾਗਮ ਦੇ ਆਯੋਜਨ ਲਈ ਵਿਭਾਗ ਨੂੰ ਵਧਾਈ ਦਿੱਤੀ ਤੇ ਵਿਦਿਆਰਥੀਆਂ ਨਾਲ ਆਪਣੇ ਵਿਚਾਰ ਸਾਂਝੇ ਕੀਤੇ। ਡਾ. ਜ਼ੋਰਾ ਸਿੰਘ ਨੇ ਕਿਹਾ ਕਿ ਦੇਸ਼ ਭਗਤ ਯੂਨੀਵਰਸਿਟੀ ਹਮੇਸ਼ਾ ਹੀ ਵਿਦਿਆਰਥੀਆਂ ਨੂੰ ਉਨ੍ਹਾਂ ਦੀ ਮਿਹਨਤ, ਲਗਨ ਤੇ ਉੱਤਮਤਾ ਲਈ ਉਤਸ਼ਾਹਤ ਕਰਦੀ ਰਹੀ ਹੈ। ਉਨ੍ਹਾਂ ਇਨਾਮ ਜੇਤੂਆਂ ਨੂੰ ਉਨ੍ਹਾਂ ਦੇ ਸ਼ਾਨਦਾਰ ਨਤੀਜਿਆਂ ਅਤੇ ਉਨ੍ਹਾਂ ਦੀ ਸਖ਼ਤ ਮਿਹਨਤ ਅਤੇ ਲਗਨ ਕਾਰਨ ਵੀ ਵਧਾਈ ਦਿੱਤੀ, ਜਿਸ ਕਾਰਨ ਉਨ੍ਹਾਂ ਦੀ ਸਫ਼ਲਤਾ ਹੋਈ ਹੈ ਅਤੇ ਉਨ੍ਹਾਂ ਨੇ ਆਪਣੇ ਟੀਚਿਆਂ ਲਈ ਲਗਾਤਾਰ ਮਿਹਨਤ ਕਰਦੇ ਰਹਿਣ ਲਈ ਵੀ ਪ੍ਰੇਰਤ ਕੀਤਾ। ਡਾ. ਸੰਦੀਪ ਸਿੰਘ, ਪ੍ਰੈਜ਼ੀਡੈਂਟ ਨੇ ਵਿਭਾਗ ਵੱਲੋਂ ਕੀਤੇ ਉਪਰਾਲੇ ਦੀ ਸ਼ਲਾਘਾ ਕੀਤੀ। ਉਨ੍ਹਾਂ ਨੇ ਅਧਿਆਪਕਾਂ ਨੂੰ ਵੀ ਵਧਾਈ ਦਿੱਤੀ ਅਤੇ ਕਿਹਾ ਕਿ ਇਹ ਸਮਾਗਮ ਉਨ੍ਹਾਂ ਦੇ ਸਮਰਪਣ ਤੇ ਪ੍ਰਾਪਤੀ ਦਾ ਜਸ਼ਨ ਮਨਾਉਣ ਦੇ ਨਾਲ-ਨਾਲ ਵਿਦਿਆਰਥੀਆਂ ਦੀਆਂ ਸਫ਼ਲਤਾ ਦੀਆਂ ਕਹਾਣੀਆਂ ਨੂੰ ਉਜਾਗਰ ਕਰਨ ਤੇ ਹੋਰ ਵਿਦਿਆਰਥੀਆਂ ਨੂੰ ਉੱਤਮਤਾ ਲਈ ਯਤਨ ਕਰਨ ਲਈ ਪ੍ਰੇਰਿਤ ਕਰਨ ਦੇ ਮੌਕੇ ਵਜੋਂ ਕੰਮ ਕਰੇਗਾ। ਡਾ. ਹਰਸ਼ ਸਦਾਵਰਤੀ, ਵਾਈਸ ਪ੍ਰੈਜ਼ੀਡੈਂਟ ਨੇ ਵਿਦਿਆਰਥੀਆਂ ਨੂੰ ਉਨ੍ਹਾਂ ਦੀ ਇਸ ਪ੍ਰਾਪਤੀ ਲਈ ਵਧਾਈ ਦਿੱਤੀ ਤੇ ਵਿਦਿਆਰਥੀਆਂ ਨੂੰ ਕਿਹਾ ਕਿ ਉਹ ਪੂਰੀ ਇਮਾਨਦਾਰੀ ਨਾਲ ਆਪਣੇ ਟੀਚੇ ਲਈ ਕੰਮ ਕਰਦੇ ਰਹਿਣ ਅਤੇ ਸਫਲਤਾ ਉਨ੍ਹਾਂ ਦਾ ਪਿੱਛਾ ਕਰੇਗੀ। ਡਾ. ਸਦਾਵਰਤੀ ਨੇ ਦੱਸਿਆ ਕਿ ਯੂਨਿਵਰਸਿਟੀ ਉਚ ਵਿੱਦਿਆ, ਰਿਸਰਚ, ਖੇਡਾਂ, ਪਲੇਸਮੈਂਟ, ਇਨੋਵੇਸ਼ਨ ਤੇ ਅੰਤਰ ਪ੍ਰਨਿਉਰਸ਼ਿਪ ਦੇ ਖੇਤਰਾਂ ਵਿੱਚ ਨਵੀਂ ਮਿਆਦਾਂ ਪੁੱਟ ਰਹੀ ਹੈ।

ਦੇਸ਼ ਭਗਤ ਯੂਨਿਵਰਸਿਟੀ ਲੋਕਾਂ ਵਿੱਚ ਸਿੱਖਿਆ ਨੂੰ ਉਤਸ਼ਾਹਤ ਕਰਨ ਲਈ ਵੱਖ-ਵੱਖ ਸਕਾਲਰਸ਼ਿਪ ਪ੍ਰਦਾਨ ਕਰ ਰਹੀ ਹੈ। ਡਾ. ਸ਼ਦਾਵਰਤੀ ਨੇ ਦੱਸਿਆ ਕਿ ਯੂਨਿਵਰਸਿਟੀ ਵੱਲੋਂ ਵੱਖ-ਵੱਖ ਸ਼੍ਰੇਣੀਆਂ ਵਿੱਚ 23 ਕਰੋੜ ਤੋਂ ਵੱਧ ਦੀ ਸਕਾਲਰਸ਼ਿਪ ਨਵੇਂ ਸੈਸ਼ਨ 2023-24 ਦੌਰਾਨ ਮੁਹੱਈਆ ਕਰਾਈ ਜਾਵੇਗੀ। ਸਮੇਂ ਦੀ ਲੋੜ ਤੇ ਰੁਝਾਨ ਅਨੁਸਾਰ ਜਿਸ ਵਿੱਚ ਨੌਜਵਾਨ ਉੱਚ ਸਿੱਖਿਆ ਅਤੇ ਵਸੇਬੇ ਲਈ ਵਿਦੇਸ਼ ਜਾਣ ਨੂੰ ਤਰਜੀਹ ਦਿੰਦੇ ਹਨ, ਯੂਨਿਵਰਸਿਟੀ ਵੱਲੋਂ ਆਈਲੈੱਟਸ ਅਤੇ ਆਈਲੈੱਟਸ ਪਲੱਸ ਪ੍ਰੋਗਰਾਮ ਵੀ ਪ੍ਰਦਾਨ ਕੀਤੇ ਜਾ ਰਹੇ ਹਨ।

# ਭੁੱਕੀ ਤੇ ਅ.ਫੀਮ ਸਣੇ ਤਿੰਨ ਕਾਬੂ

**ਸ੍ਰੀ ਫ਼ਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਦੋ ਵੱਖ-ਵੱਖ ਮਾਮਲਿਆਂ 'ਚ ਪੁਲਸ ਵੱਲੋਂ ਦੋ ਟਰੱਕ ਸਵਾਰਾਂ ਨੂੰ ਇੱਕ ਕਿੱਲੋ ਭੁੱਕੀ ਸਮੇਤ ਅਤੇ ਇੱਕ ਸਕੂਟਰੀ ਸਵਾਰ ਵਿਅਕਤੀ ਨੂੰ ਅੱਧਾ ਕਿੱਲੋ ਅਫ਼ੀਮ ਸਮੇਤ ਗ੍ਰਿਫ਼ਤਾਰ ਕੀਤੇ ਜਾਣ ਦਾ ਸਮਾਚਾਰ ਹੈ। ਜਾਣਕਾਰੀ ਅਨੁਸਾਰ ਥਾਣਾ ਅਮਲੋਹ ਦੀ ਪੁਲਸ ਪਾਰਟੀ ਵੱਲੋਂ ਮੁਖਬਰੀ ਦੇ ਆਧਾਰ 'ਤੇ ਟਰੱਕ ਨੰਬਰ ਪੀ.ਬੀ.23.ਐਚ-9453 ਨੂੰ ਰੋਕਿਆ ਗਿਆ ਤੇ ਤਲਾਸ਼ੀ ਦੌਰਾਨ ਟਰੱਕ ਦੇ ਕੈਬਿਨ 'ਚੋਂ ਇੱਕ ਕਿੱਲੋ ਭੁੱਕੀ ਬਰਾਮਦ ਹੋਣ 'ਤੇ ਟਰੱਕ 'ਚ ਸਵਾਰ ਰਵਿੰਦਰ ਸਿੰਘ ਵਾਸੀ ਪਿੰਡ ਭੱਦਲਥੂਹਾ ਤੇ ਪਲਵਿੰਦਰ ਸਿੰਘ ਵਾਸੀ ਪਿੰਡ ਬੌੜ ਨੂੰ ਅ/ਧ 15/61/85 ਐਨ.ਡੀ.ਪੀ.ਐਸ. ਐਕਟ ਤਹਿਤ ਗ੍ਰਿਫ਼ਤਾਰ ਕਰ ਲਿਆ ਗਿਆ। ਇੱਕ ਵੱਖਰੇ ਮਾਮਲੇ 'ਚ ਥਾਣਾ ਫ਼ਤਹਿਗੜ੍ਹ ਸਾਹਿਬ ਦੀ ਇੱਕ ਪੁਲਸ ਪਾਰਟੀ ਵੱਲੋਂ ਮਹੱਦੀਆਂ ਵੱਲੋਂ ਸਕੂਟਰੀ 'ਤੇ ਆ ਰਹੇ ਸੁਖਜੀਤ ਖਾਨ ਵਾਸੀ ਪਿੰਡ ਮਨੌਲੀ ਸੂਰਤ (ਮੋਹਾਲੀ) ਨੂੰ ਸ਼ੱਕ ਪੈਣ 'ਤੇ ਰੋਕਿਆ ਗਿਆ, ਜਿਸ ਉਪਰੰਤ ਤਲਾਸ਼ੀ ਦੌਰਾਨ ਉਕਤ ਸਕੂਟਰੀ ਦੀ ਡਿੱਗੀ 'ਚੋਂ ਅੱਧਾ ਕਿੱਲੋ ਅਫ਼ੀਮ ਬਰਾਮਦ ਹੋਣ 'ਤੇ ਸੁਖਜੀਤ ਖਾਨ ਨੂੰ ਅ/ਧ 18/61/85 ਐਨ.ਡੀ.ਪੀ.ਐਸ. ਐਕਟ ਤਹਿਤ ਗ੍ਰਿਫ਼ਤਾਰ ਕਰ ਲਿਆ ਗਿਆ।

# ਸੀਨੀਅਰ ਸਿਟੀਜ਼ਨ ਐਸੋਸੀਏਸ਼ਨ ਵੱਲੋਂ ਵਿਆਹ ਦੀ ਵਰ੍ਹੇਗੰਢ ਤੇ ਜਨਮ ਦਿਨ ਮਨਾਉਣ ਲਈ ਸਮਾਰੋਹ



**ਬੁਢਲਾਡਾ (ਅਸ਼ੋਕ ਲਾਕੜਾ)**-ਸੀਨੀਅਰ ਸਿਟੀਜ਼ਨ ਐਸੋਸੀਏਸ਼ਨ ਵੱਲੋਂ ਜੂਨ ਮਹੀਨੇ ਵਿੱਚ ਮੈਂਬਰਾਂ ਦੀ ਵਿਆਹ ਦੀ ਵਰ੍ਹੇਗੰਢ ਤੇ ਜਨਮਦਿਨ ਮਨਾਉਣ ਲਈ ਇਕ ਸਮਾਰੋਹ ਦਾ ਆਯੋਜਨ ਕੀਤਾ ਗਿਆ। ਸਮਾਰੋਹ ਵਿੱਚ ਐਸੋਸੀਏਸ਼ਨ ਦੇ ਮੈਂਬਰ ਸਰਵਸ੍ਰੀ ਮਹਾਂਵੀਰ ਪ੍ਰਸਾਦ/ਸੰਤੋਸ਼ ਰਾਣੀ, ਸੁਖਦੇਵ ਸਿੰਘ, ਦਲਵੀਰ ਕੌਰ ਤੇ ਕੇਵਲ ਗਰਗ, ਸਰੋਜ ਬਾਲਾ ਨੂੰ ਸਨਮਾਨ ਚਿੰਨ੍ਹ ਤੇ ਇਨਾਮ ਦੇ ਕੇ ਸਨਮਾਨਤ ਕੀਤਾ ਗਿਆ। ਇਨ੍ਹਾਂ ਵਿਆਹੁਤਾ ਜੋੜਿਆਂ ਦੀ ਜੂਨ ਮਹੀਨੇ ਵਿਆਹ ਦੀ ਵਰ੍ਹੇਗੰਢ ਹੈ। ਇਸ ਤੋਂ ਇਲਾਵਾ ਐਸੋਸੀਏਸ਼ਨ ਦੀ ਮਹਿਲਾ ਮੈਂਬਰ ਜਸਵੀਰ ਕੌਰ ਨੂੰ ਵੀ ਸਨਮਾਨਤ ਕੀਤਾ ਗਿਆ, ਉਨ੍ਹਾਂ ਦਾ ਜੂਨ ਮਹੀਨੇ ਜਨਮ ਦਿਨ ਹੈ। ਪ੍ਰੋਗਰਾਮ ਦੌਰਾਨ ਕੇਕ ਕੱਟਿਆ ਗਿਆ ਅਤੇ ਚਾਹ-ਪਾਣੀ, ਪਕੌੜਿਆਂ ਤੇ ਦੁਪਹਿਰ ਦੇ ਖਾਣੇ ਦਾ ਵੀ ਇੰਤਜ਼ਾਮ ਕੀਤਾ ਗਿਆ। ਐਸੋਸੀਏਸ਼ਨ ਦੇ ਪ੍ਰਧਾਨ ਕੇਵਲ ਗਰਗ ਨੇ ਦੱਸਿਆ ਕਿ ਐਸੋਸੀਏਸ਼ਨ ਦੇ ਮੈਂਬਰਾਂ ਵਿੱਚ ਜੀਵਨ ਜਿਊਣ ਪ੍ਰਤੀ ਪੂਰਾ ਉਤਸ਼ਾਹ ਹੈ ਅਤੇ ਮੈਂਬਰਾਂ ਵਿੱਚ ਨੌਜਵਾਨਾਂ ਜਿੰਨੀ ਇੱਛਾ ਸ਼ਕਤੀ ਹੈ। ਇਸ ਮੌਕੇ ਉਨ੍ਹਾਂ ਵੱਲੋਂ ਆਪਣੀ ਮੂਲ ਰਚਨਾ 'ਚਮਚੇ' ਵੀ ਸੁਣਾਈ ਗਈ, ਜਿਸ ਦੀ ਮੈਂਬਰਾਂ ਵੱਲੋਂ ਭਰਪੂਰ ਪ੍ਰਸ਼ੰਸਾ ਕੀਤੀ ਗਈ। ਐਸੋਸੀਏਸ਼ਨ ਦੀਆਂ ਮਹਿਲਾ ਮੈਂਬਰਾਂ ਸਸੀ ਕਾਂਤਾ ਸੂਦ ਤੇ ਲਤਾ ਸਿੰਗਲਾ ਨੇ ਆਪਣੇ ਭਜਨਾਂ ਨਾਲ ਮੰਤਰ ਮੁਗਧ ਕਰ ਦਿੱਤਾ। ਐਸੋਸੀਏਸ਼ਨ ਦੇ ਚੇਅਰਮੈਨ ਇੰਸਪੈਕਟਰ ਸੁਰਜੀਤ ਸਿੰਘ ਨੇ ਸਾਰੇ ਮੈਂਬਰਾਂ ਨੂੰ ਜੀ ਆਇਆਂ ਕਿਹਾ ਤੇ ਪ੍ਰੋਜੈਕਟ ਚੇਅਰਮੈਨ ਅਵਿਨਾਸ਼ ਸੂਦ ਨੇ ਸਭ ਦਾ ਧੰਨਵਾਦ ਕੀਤਾ।

# ਸਾਈਕਲ ਚਲਾਉਣ ਤੇ ਯੋਗਾ ਕਰਨ ਨਾਲ ਸਰੀਰ ਰਹਿੰਦਾ ਤੰਦਰੁਸਤ : ਸੰਜੀਵ ਪਿੰਕਾ



ਯੋਗ ਕੈਂਪ 'ਚ ਯੋਗਾ ਕਰਦੇ ਭੀਖੀ ਵਾਸੀ।

**ਭੀਖੀ (ਧਰਮਵੀਰ ਸ਼ਰਮਾ)**

ਲਾਲਾ ਦੌਲਤ ਮੱਲ ਮਿਊਂਸਪਲ ਪਾਰਕ ਵਿੱਚ ਚੱਲ ਰਹੇ ਪੰਜ ਰੋਜ਼ਾ ਵਿਸ਼ਾਲ ਯੋਗਾ ਕੈਂਪ ਵਿੱਚ ਵਿਸੇਸ਼ ਤੌਰ 'ਤੇ ਪੁੱਜੇ ਸਾਇਕਲ ਕਲੱਬ ਮਾਨਸਾ ਦੇ ਮੈਂਬਰ ਸੰਜੀਵ ਪਿੰਕਾ ਨੇ ਹਾਜ਼ਰ ਲੋਕਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਾਡੇ ਰੋਜ਼ਾਨਾ ਸਾਇਕਲ ਚਲਾਉਣ ਤੇ ਯੋਗਾ ਕਰਨ ਨਾਲ ਸਾਡਾ ਸਰੀਰ ਹਮੇਸ਼ਾ ਤੰਦਰੁਸਤ ਰਹਿੰਦਾ ਹੈ, ਜਿਸ ਲਈ ਸਾਨੂੰ ਸਾਇਕਲਿੰਗ ਤੇ ਯੋਗਾ ਨੂੰ ਆਪਣੀ ਜ਼ਿੰਦਗੀ ਦਾ ਅਹਿਮ ਅੰਗ ਬਨਾਉਣਾ ਚਾਹੀਦਾ ਹੈ, ਜਿਸ ਨਾਲ ਸਰੀਰਿਕ ਤੰਦਰੁਸਤੀ ਪੈਦਾ ਹੋ ਸਕੇ। ਵਰਨਣਯੋਗ ਹੈ ਕਿ ਸੰਜੀਵ ਪਿੰਕਾ ਵੱਡੇ ਖੂਨਦਾਨੀ ਵੀ ਹਨ, ਜਿਨ੍ਹਾਂ ਵੱਲੋਂ 100 ਤੋਂ ਵੱਧ ਵਾਰ ਖੂਨਦਾਨ ਕੀਤਾ ਜਾ ਚੁੱਕਾ ਹੈ। ਦੱਸਣਾ ਬਣਦਾ ਹੈ ਕਿ ਉਨ੍ਹਾਂ ਦੀ ਧਰਮ ਪਤਨੀ ਹੇਮਾ ਗੁਪਤਾ ਵੱਲੋਂ ਵੀ ਖੂਨਦਾਨ ਮੁਹਿੰਮ ਵਿੱਚ ਭਾਗ ਲੈਂਦਿਆਂ 50 ਤੋਂ ਵੱਧ ਵਾਰ ਖੂਨਦਾਨ ਕੀਤਾ ਜਾ ਚੁੱਕਾ ਹੈ। ਇਸ 5 ਰੋਜ਼ਾ ਯੋਗਾ ਕੈਂਪ ਨੂੰ ਸਫ਼ਲ ਬਨਾਉਣ ਵਿੱਚ ਆਰ.ਸੀ. ਐਂਡ ਵੈਲਫੇਅਰ ਕਲੱਬ, ਸਰਵਹਿੱਤਕਾਰੀ ਵਿੱਦਿਆ ਮੰਦਰ, ਬ੍ਰਹਮ ਕੁਮਾਰੀ ਆਸ਼ਰਮ ਤੇ ਭੀਖੀ ਵਾਸੀ ਵੱਡਾ ਸਹਿਯੋਗ ਕਰ ਰਹੇ ਹਨ। ਯੋਗ ਪ੍ਰਚਾਰਕ ਜੋਗਿੰਦਰ ਸਿੰਘ ਕਮਲ ਵੱਲੋਂ ਰੋਜ਼ਾਨਾ ਯੋਗ ਵਿਧੀ ਅਨੁਸਾਰ ਬਹੁਤ ਹੀ ਸੌਖੇ ਤਰੀਕੇ ਨਾਲ ਪ੍ਰਾਣਾਯਾਮ ਤੇ ਯੋਗ ਅਭਿਆਸ ਕਰਾਇਆ ਜਾਂਦਾ ਹੈ। ਇਸ ਦੇ ਨਾਲ ਹੀ ਉਨ੍ਹਾਂ ਯੋਗ ਦੀ ਮਹੱਤਤਾ ਦੱਸਦਿਆਂ ਇਸ ਨੂੰ ਜ਼ਿੰਦਗੀ ਭਰ ਨਿਰੋਗ ਰਹਿਣ ਦਾ ਸਾਧਨ ਦੱਸਿਆ। ਯੋਗਾ ਕੈਂਪ ਵਿੱਚ ਵੱਡੀ ਗਿਣਤੀ ਵਿੱਚ ਲੋਕ ਭਾਗ ਲੈ ਰਹੇ ਹਨ। ਡਾ. ਜੋਗਿੰਦਰ ਕਮਲ ਨੇ ਦੱਸਿਆ ਕਿ 21 ਜੂਨ ਨੂੰ ਅੰਤਰਰਾਸ਼ਟਰੀ ਯੋਗ ਦਿਵਸ ਤੇ ਕੈਂਪ ਦੀ ਸਮਾਪਤੀ ਮੌਕੇ ਇਸੇ ਪਾਰਕ ਵਿੱਚ ਵਿਸੇਸ਼ ਪ੍ਰੋਗਰਾਮ ਕਰਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਰੋਜਾਨਾ ਯੋਗਾ ਤੇ ਪ੍ਰਾਣਾਯਾਮ ਕਰਨ ਨਾਲ ਜਿੱਥੇ ਸਰੀਰ ਸਦਾ ਲਈ ਨਿਰੋਗ ਅਤੇ ਤੰਦਰੁਸਤ ਰਹਿੰਦਾ ਹੈ ਉੱਥੇ ਚਿਹਰੇ 'ਤੇ ਵੀ ਨਿਖ਼ਾਰ ਆਉਂਦਾ ਹੈ।

# ਕਿਸਾਨਾਂ ਨੂੰ ਝੋਨੇ ਤੇ ਬਾਸਮਤੀ ਦੀ ਸਿੱਧੀ ਬਿਜਾਈ ਦੀ ਅਪੀਲ

**ਫ਼ਾਜ਼ਿਲਕਾ (ਨਿਸ਼ਾ ਸ਼ਰਮਾ)**

ਮੁੱਖ ਖੇਤੀਬਾੜੀ ਅਫ਼ਸਰ ਡਾ. ਜੰਗੀਰ ਸਿੰਘ ਨੇ ਜ਼ਿਲ੍ਹਾ ਵਾਸੀਆਂ ਨੂੰ ਅਪੀਲ ਕੀਤੀ ਕਿ ਕਿਸਾਨ ਝੋਨੇ ਦੀ ਸਿੱਧੀ ਬਿਜਾਈ ਨੂੰ ਪਹਿਲ ਦੇਣ। ਪੰਜਾਬ ਸਰਕਾਰ ਦੇ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਵੱਲੋਂ ਝੋਨੇ ਦੀ ਸਿੱਧੀ ਬਿਜਾਈ ਕਰਨ ਵਾਲੇ ਕਿਸਾਨਾਂ ਨੂੰ 1500 ਰੁਪਏ ਪ੍ਰਤੀ ਏਕੜ ਪ੍ਰੋਤਸ਼ਾਹਨ ਰਾਸ਼ੀ ਦਾ ਲਾਭ ਦਿੱਤਾ ਜਾ ਰਿਹਾ ਹੈ। ਜ਼ਿਲ੍ਹਾ ਵਾਸੀ ਹੁਣ ਵੀ ਜੂਨ ਦੇ ਦੂਜੇ ਪੰਦਰਵਾੜੇ ਵਿੱਚ ਬਿਜਾਈ ਵਾਲੀਆਂ ਕਿਸਮਾਂ ਜਿਵੇਂ ਪਰਮਲ ਪੀ ਆਰ 126 ਤੇ ਬਾਸਮਤੀ ਪੂਸਾ 1509 ਅਤੇ 1692 ਦੀ ਬਿਜਾਈ ਕਰਕੇ ਪ੍ਰੋਤਸ਼ਾਹਨ ਰਾਸ਼ੀ ਦਾ ਲਾਭ ਉਠਾ ਸਕਦੇ ਹਨ। ਕਿਸਾਨ ਸਿੱਧੀ ਬਿਜਾਈ ਲਈ ਪ੍ਰੋਤਸ਼ਾਹਨ ਰਾਸ਼ੀ ਦਾ ਲਾਭ ਲੈਣ ਲਈ 25 ਜੂਨ ਤੱਕ ਰਜਿਸਟ੍ਰੇਸ਼ਨ ਕਰ ਸਕਦੇ ਹਨ। ਕਾਸ਼ਤਕਾਰ ਕਿਸਾਨ ਆਪਣੀ ਦਿੱਤੀ ਗਈ ਜਾਣਕਾਰੀ ਵਿੱਚ 24 ਜੂਨ ਤੱਕ ਐਡਿਟ/ਤਬਦੀਲੀ ਕਰ ਸਕਦੇ ਹਨ।

ਉਨ੍ਹਾਂ ਕਿਹਾ ਕਿ ਝੋਨੇ ਦੀ ਸਿੱਧੀ ਬਿਜਾਈ ਦੀ ਪਹਿਲੀ ਤਸਦੀਕ 26 ਜੂਨ ਤੋਂ 15 ਜੁਲਾਈ ਤੱਕ ਕਿਸਾਨਾਂ ਦੇ ਖੇਤਾਂ ਵਿੱਚ ਜਾ ਕੇ ਕੀਤੀ ਜਾਵੇਗੀ। ਉਨਾਂ ਦੱਸਿਆ ਕਿ ਝੋਨੇ ਦੀ ਸਿੱਧੀ ਬਿਜਾਈ ਕਰਨ ਨਾਲ ਪਾਣੀ ਦੀ ਬੱਚਤ ਵੀ ਹੁੰਦੀ ਹੈ ਅਤੇ ਨਾਲ ਹੀ ਝੋਨੇ ਦੀ ਲਵਾਈ ਸਮੇਂ ਮਜ਼ਦੂਰਾਂ 'ਤੇ ਆਉਣ ਵਾਲਾ ਖਰਚਾ ਵੀ ਬਚਦਾ ਹੈ।

ਉਨ੍ਹਾਂ ਅੱਗੇ ਦੱਸਿਆ ਕਿ ਨਦੀਨਾਂ ਦੀ ਰੋਕਥਾਮ ਲਈ ਛਿੜਕਾਅ ਤਕਨੀਕਾਂ ਦਾ ਸਹੀ ਹੋਣਾ ਬਹੁਤ ਜ਼ਰੂਰੀ ਹੈ ਅਤੇ ਨਦੀਨਾਸ਼ਕਾਂ ਦਾ ਛਿੜਕਾਅ ਸ਼ਾਮ ਜਾਂ ਸਵੇਰ ਸਮੇਂ ਕਰਨਾ ਚਾਹੀਦਾ ਹੈ।

# ਰਾਮਲੀਲ੍ਹਾ ਕਮੇਟੀ ਦੇ ਅਸ਼ੋਕ ਸੂਦ ਪ੍ਰਧਾਨ ਤੇ ਮੋਹਿਤ ਕੁੰਦਰਾ ਚੇਅਰਮੈਨ ਬਣੇ



**ਮਾਛੀਵਾੜਾ ਸਾਹਿਬ, (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਸਰਵਹਿੱਤਕਾਰੀ ਸਭਾ ਸ੍ਰੀ ਰਾਮਲੀਲਾ ਕਮੇਟੀ ਦੇ ਅਹੁਦੇਦਾਰਾਂ ਦੀ ਚੋਣ ਹੋਈ, ਜਿਸ ਵਿੱਚ ਅਸ਼ੋਕ ਸੂਦ ਪ੍ਰਧਾਨ ਤੇ ਮੋਹਿਤ ਕੁੰਦਰਾ ਨੂੰ ਚੇਅਰਮੈਨ ਬਣੇ। ਰਾਮ ਬਾਗ਼ ਵਿਖੇ ਇੱਕ ਸਮਾਰੋਹ ਦੌਰਾਨ ਇਨ੍ਹਾਂ ਦੋਵੇਂ ਨਵਨਿਯੁਕਤ ਅਹੁਦੇਦਾਰਾਂ ਨੂੰ ਚੁੰਨੀਆਂ ਭੇਟ ਕਰਕੇ ਸੇਵਾ ਸੰਭਾਲਣ ਲਈ ਸਨਮਾਨਤ ਕੀਤਾ ਗਿਆ। ਇਸ ਮੌਕੇ ਨਵ-ਨਿਯੁਕਤ ਅਹੁਦੇਦਾਰਾਂ ਅਸ਼ੋਕ ਸੂਦ ਤੇ ਮੋਹਿਤ ਕੁੰਦਰਾ ਨੇ ਕਿਹਾ ਕਿ ਸ਼ਹਿਰ ਵਾਸੀਆਂ ਦੇ ਸਹਿਯੋਗ ਨਾਲ ਇਸ ਵਾਰ ਰਾਮਲੀਲਾ ਦਾ ਮੰਚਨ ਹੋਵੇਗਾ ਅਤੇ ਬਾਕੀ ਅਹੁਦੇਦਾਰਾਂ ਦੀ ਚੋਣ ਅਤੇ ਕਲਾਕਾਰਾਂ ਨਾਲ ਜਲਦ ਮੀਟਿੰਗ ਕੀਤੀ ਜਾਵੇਗੀ। ਸੰਸਥਾ ਦੇ ਪ੍ਰਧਾਨ ਅਸ਼ੋਕ ਸੂਦ ਨੇ ਦੱਸਿਆ ਕਿ ਮਾਛੀਵਾੜਾ ਵਿੱਚ ਪਹਿਲੀ ਵਾਰ ਦੁਸਹਿਰਾ ਮੈਦਾਨ ਸਾਹਮਣੇ ਭਗਵਾਨ ਖਾਟੂ ਸ਼ਿਆਮ ਜੀ ਦੇ ਸੁੰਦਰ ਮੰਦਰ ਦਾ ਨਿਰਮਾਣ ਕੀਤਾ ਜਾਵੇਗਾ, ਜਿਸ ਸਬੰਧੀ ਚੇਅਰਮੈਨ ਮੋਹਿਤ ਕੁੰਦਰਾ ਦੇ ਪਿਤਾ ਸੋਹਣ ਲਾਲ ਕੁੰਦਰਾ ਵੱਲੋਂ 2 ਲੱਖ ਰੁਪਏ ਦੀ ਰਾਸ਼ੀ ਦੇਣ ਦਾ ਐਲਾਨ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਭਗਵਾਨ ਖਾਟੂ ਸ਼ਿਆਮ ਜੀ ਦੇ ਮੰਦਰ ਦਾ ਨਿਰਮਾਣ ਇਲਾਕਾ ਨਿਵਾਸੀਆਂ ਦੇ ਸਹਿਯੋਗ ਨਾਲ ਕੀਤਾ ਜਾਵੇਗਾ, ਜਿਸ ਵਿੱਚ ਸੁੰਦਰ ਮੂਰਤੀਆਂ ਸੁਸ਼ੋਭਿਤ ਕੀਤੀਆਂ ਜਾਣਗੀਆਂ। ਅਸ਼ੋਕ ਸੂਦ ਨੇ ਕਿਹਾ ਕਿ ਜਲਦ ਹੀ ਮੰਦਰ ਦੀ ਨੀਂਹ ਰੱਖ ਕੇ ਇਸ ਦੀ ਉਸਾਰੀ ਸ਼ੁਰੂ ਕਰ ਦਿੱਤੀ ਜਾਵੇਗੀ। ਇਸ ਮੌਕੇ ਪ੍ਰਿੰ. ਡੀ.ਡੀ. ਵਰਮਾ, ਪ੍ਰਮੋਦ ਜੈਨ, ਪ੍ਰਿੰਸ ਮਿੱਠੇਵਾਲ, ਕ੍ਰਿਸ਼ਨ ਲਾਲ ਸਚਦੇਵਾ, ਸੰਜੀਵ ਮਹਿੰਦਰੂ, ਜਿੰਮੀ ਜੈਨ, ਪ੍ਰਿੰ. ਓਮਾ ਵਰਮਾ, ਕੌਂਸਲਰ ਮਨਜੀਤ ਕੁਮਾਰੀ, ਦੀਪਕ ਸੂਦ ਤੇ ਸੰਨੀ ਸੂਦ ਆਦਿ ਵੀ ਮੌਜੂਦ ਸਨ।

# ਯਾਦਗਾਰੀ ਹੋ ਨਿੱਬੜਿਆ ਸਮਰ ਕੈਂਪ ਦੀ ਸਮਾਪਤੀ 'ਤੇ ਕਰਾਇਆ ਡਾਂਸ ਸ਼ੋਅ

**ਮਲੋਟ, (ਗੁਰਮੀਤ ਸਿੰਘ ਮੱਕੜ)**

ਇੰਡੀਅਨ ਫੋਕ ਡਾਂਸ ਅਕੈਡਮੀ ਵੱਲੋਂ ਐਡਵਰਡਗੰਜ ਗੈਸਟ ਹਾਊਸ ਕਮੇਟੀ ਦੇ ਸਹਿਯੋਗ ਨਾਲ 1 ਤੋਂ 17 ਜੂਨ ਤੱਕ ਲਾਏ ਸਮਰ ਕੈਂਪ ਉਪਰੰਤ ਸ਼ਾਮ ਨੂੰ ਕਲੋਜ਼ਿੰਗ ਸੈਰਾਮਨੀ ਦੇ ਤੌਰ 'ਤੇ ਇੱਕ 'ਡਾਂਸ ਸ਼ੋਅ' ਸਕਾਈਮਾਲ ਮਲੋਟ ਵਿਖੇ ਕਰਾਇਆ ਗਿਆ।

ਪ੍ਰੋਗਰਾਮ ਦੇ ਮੁੱਖ ਮਹਿਮਾਨ ਐਡਵਰਡਗੰਜ ਕਮੇਟੀ ਦੇ ਸੀਨੀਅਰ ਵਾਈਸ ਪ੍ਰਧਾਨ ਗੁਰਚਰਨ ਦਾਸ ਗਰੋਵਰ ਸਮੇਤ ਵਿਸ਼ੇਸ਼ ਮਹਿਮਾਨ ਵਿਜੈ ਮਿੱਡਾ, ਬੰਟੀ ਗਰੋਵਰ, ਅਸ਼ੋਕ ਧੂੜੀਆ, ਸੰਜੀਵ ਅਛਰੇਜਾ, ਸ਼ਾਮ ਲਾਲ ਪਾਰਿਕ, ਕਰਨ ਚਰਾਇਆ, ਸੁਨੀਲ ਜੁਨੇਜਾ, ਪ੍ਰਸਿੱਧ ਗੀਤਕਾਰ ਬੱਬੂ ਬਰਾੜ, ਰੁਪਿੰਦਰ ਕੌਰ, ਅਜੈ ਮੰਗਲਾ, ਪ੍ਰਿਤਪਾਲ ਗਿੱਲ, ਗੁਲਸ਼ਨ ਭਠੇਜਾ, ਸਾਧੂ ਭਠੇਜਾ, ਸਾਬਕਾ ਵਰੰਟ ਅਫਸਰ ਹਰਪ੍ਰੀਤ ਸਿੰਘ ਹੈਪੀ, ਆਰ.ਟੀ.ਆਈ ਕਾਰਕੁੰਨ ਸੰਦੀਪ ਮਲੂਜਾ, ਰਾਜੀਵ ਬਾਵਾ ਆਦਿ ਸਨ, ਜਦਕਿ ਵੱਡੀ ਗਿਣਤੀ ਵਿਚ ਮਲੋਟ ਸ਼ਹਿਰ ਅਤੇ ਇਲਾਕੇ ਤੋਂ ਦਰਸ਼ਕ ਪਹੁੰਚੇ ਹੋਏ ਸਨ। ਇੰਟਰਨੈਸ਼ਨਲ ਭੰਗੜਾ ਕੋਚ ਅਤੇ ਅਕੈਡਮੀ ਦੇ ਸੰਚਾਲਕ ਸ਼ੁਸ਼ੀਲ ਖੁੱਲਰ ਵਲੋਂ ਕਰਵਾਇਆ ਇਹ ਵਿਲੱਖਣ ਡਾਂਸ ਸ਼ੋਅ ਆਪਣੀ ਅਦਭੁੱਤ ਯਾਦਗਾਰੀ ਦਰਸ਼ਕਾਂ ਦੇ ਮਨਾਂ ਤੇ ਛੱਡਦਾ ਹੋਇਆ ਸਮਾਪਤ ਹੋਇਆ। ਬਹੁਤ ਹੀ ਛੋਟੇ ਉਮਰ ਦੇ ਬੱਚੇ-ਬੱਚੀਆਂ ਦੀ ਪੇਸ਼ਕਾਰੀ ਲਾਮਿਸਾਲ ਸੀ ਤੇ ਬੱਚਿਆਂ ਦੀ ਨਿੱਖਰ ਰਹੀ ਕਲਾਂ ਰਾਹੀਂ ਇਨ੍ਹਾਂ ਕੈਂਪਾਂ ਦੀ ਮਹੱਤਤਾ ਦਰਸਾਉਂਦੀ ਸੀ। ਬੱਚਿਆਂ ਦੀ ਪੇਸ਼ਕਾਰੀ ਵਿਚ ਭੰਗੜਾ, ਗਿੱਧਾ, ਸੰਮੀ, ਹਰਿਆਣਵੀ ਡਾਂਸ, ਵੈਸਟਰਨ ਡਾਂਸ ਆਦਿ ਵਿਚ ਕਰੀਬ 163 ਬੱਚਿਆਂ ਨੇ ਹਿੱਸਾ ਲਿਆ। ਸਮਰ ਕੈਂਪ ਵਿਚ ਬੱਚੇ ਕੇਵਲ ਮਲੋਟ ਸ਼ਹਿਰ ਤੋਂ ਹੀ ਨਹੀਂ, ਸਗੋਂ ਆਸ-ਪਾਸ ਸ਼੍ਰੀ ਮੁਕਤਸਰ ਸਾਹਿਬ, ਬਠਿੰਡਾ ਆਦਿ ਤੋਂ ਵੀ ਪਹੁੰਚੇ ਹੋਏ ਸਨ। ਇਸ ਕੈਂਪ ਵਿਚ ਬੱਚਿਆਂ ਨੂੰ ਡਾਂਸ ਦੇ ਨਾਲ ਨਾਲ ਕਰਾਟੇ, ਘੋੜ ਸਵਾਰੀ, ਸਕੇਟਿੰਗ ਆਦਿ ਦੇ ਗੁਰ ਵੀ ਸਿੱਖਣ ਨੂੰ ਮਿਲੇ। ਬੱਚਿਆਂ ਨੂੰ ਕੈਂਪ ਵਿਚ ਟਰੇਨਿੰਗ ਦੇਣ ਲਈ ਸ਼ੁਸ਼ੀਲ ਖੁੱਲਰ ਨਾਲ ਰੇਨੂੰ ਕਥੂਰੀਆ, ਵਿਸ਼ਾਲ, ਐਮੀ, ਹਰਜੀਤ ਸਿੰਘ, ਲਵਪ੍ਰੀਤ ਕਰਾਟੇ ਕੋਚ, ਅਮਨਦੀਪ ਕੌਰ ਸਕੇਟਿੰਗ ਕੋਚ, ਖੁਸ਼ੀ, ਰਾਜਵੀਰ ਖੁੱਲਰ ਅਤੇ ਸਾਹਿਲ ਆਦਿ ਦੀ ਵਿਸ਼ੇਸ਼ ਭੂਮਿਕਾ ਰਹੀ।



# ਅਵਾਰਾ ਗਊਆਂ ਨੂੰ ਸੜਕ ਤੋਂ ਚੁੱਕ ਕੇ ਗਊਸ਼ਾਲਾ ਪੁਚਾਉਣ ਦਾ ਕੰਮ ਸ਼ੁਰੂ




**ਨਾਭਾ (ਵਰਿੰਦਰ ਵਰਮਾ)**-ਸ਼ਿਵ ਸੈਨਾ ਬਾਲ ਠਾਕਰੇ ਪੰਜਾਬ ਦੇ ਪ੍ਰਧਾਨ ਹਰੀਸ਼ ਸਿੰਗਲਾ ਨੇ ਪੰਜਾਬ ਵਿੱਚ ਮਾਂ ਗਊ ਨੂੰ ਸੜਕ ਤੋਂ ਚੁੱਕ ਕੇ ਗਊਸ਼ਾਲਾ ਵਿੱਚ ਲਿਜਾਣ ਦੀ ਮੁਹਿੰਮ ਦੀ ਸ਼ੁਰੂਆਤ ਸ਼ਿਵ ਸੈਨਾ ਦੇ ਸਥਾਪਨਾ ਦਿਵਸ ਮੌਕੇ ਨੌਜਵਾਨਾਂ ਨੇ ਜ਼ਿਲ੍ਹਾ ਪ੍ਰਧਾਨ ਕ੍ਰਿਸ਼ਨ ਪਵਾਰ ਅਤੇ ਨਾਭਾ ਪ੍ਰਧਾਨ ਮੋਹਨ ਸਿੰਘ ਦੀ ਅਗਵਾਈ ਵਿੱਚ ਕੀਤੀ ਗਈ, ਜਿਸ ਦੇ ਤਹਿਤ ਨਗਰ ਕੌਂਸਲ ਸੈਨੀਟੇਸ਼ਨ ਬ੍ਰਾਂਚ ਇੰਸਪੈਕਟਰ ਗੁਰਿੰਦਰ ਪਾਲ ਸਿੰਘ ਅਤੇ ਸੁਪਰਵਾਈਜਰ ਤੇਜਾ ਸਿੰਘ ਦੇ ਯਤਨ ਸਦਕਾ ਬੇਸਹਾਰਾ ਪਸ਼ੂਆਂ ਨੂੰ ਸੜਕਾਂ ਤੋਂ ਚੁੱਕ ਕੇ ਗਾਜੀਪੁਰ ਦੇ ਸਰਕਾਰੀ ਗਊਸ਼ਾਲਾ ਵਿੱਚ ਲਿਜਾਇਆ ਗਿਆ।

ਇਸ ਮੌਕੇ ਕ੍ਰਿਸ਼ਨ ਪਵਾਰ ਤੇ ਜਸਪਾਲ ਭਾਟੀਆ ਨੇ ਦੱਸਿਆ ਕਿ ਸੜਕ 'ਤੇ ਘੁੰਮਦੇ ਆਵਾਰਾ ਪਸ਼ੂਆਂ ਕਾਰਨ ਕਈ ਲੋਕਾਂ ਦੀ ਜਾਨ ਚਲੀ ਜਾਂਦੀ ਹੈ ਤੇ ਗਊ ਮਾਤਾ ਨੂੰ ਵੀ ਸੱਟ ਲੱਗਦੀ ਹੈ। ਇਹ ਸਾਡੇ ਪੰਜਾਬ ਲਈ ਇੱਕ ਵੱਡੀ ਸਮੱਸਿਆ ਬਣ ਗਈ ਹੈ, ਇਸ ਲਈ ਪੰਜਾਬ ਪ੍ਰਧਾਨ ਹਰੀਸ਼ ਸਿੰਗਲਾ ਦੇ ਦਿਸ਼ਾ-ਨਿਰਦੇਸ਼ਾਂ 'ਤੇ ਅਸੀਂ ਪੰਜਾਬ ਭਰ ਦੀਆਂ ਗਊਸ਼ਾਲਾਵਾਂ ਤੋਂ ਗਊ ਮਾਤਾ ਨੂੰ ਪੁਚਾਉਣ ਦਾ ਕੰਮ ਸ਼ੁਰੂ ਕਰ ਦਿੱਤਾ ਹੈ।

ਇਸ ਐਕਸ਼ਨ ਵਿੱਚ ਪੂਰੀ ਗਊਸ਼ਾਲਾ ਤੱਕ ਪਹੁੰਚ ਕੀਤੀ ਜਾਵੇਗੀ। ਨਗਰ ਕੌਂਸਲ ਨਾਭਾ ਗੁਰਿੰਦਰਪਾਲ ਸਿੰਘ ਅਤੇ ਤੇਜਾ ਸਿੰਘ ਅਤੇ ਗਊਸ਼ਾਲਾ ਕਮੇਟੀ ਪ੍ਰਧਾਨ ਅਮਨ ਗੁਪਤਾ ਨੇ ਸ਼ਿਵ ਸੈਨਾ ਦੇ ਆਗੂਆਂ ਨੂੰ ਸਹਿਯੋਗ ਦਿੰਦੇ ਹੋਏ ਕਿਹਾ ਕਿ ਅਸੀਂ ਇਸ ਨੂੰ ਸੇਵਾ ਸਮਝਦੇ ਹੋਏ ਨਿਰਸਵਾਰਥ ਹੋ ਕੇ ਪੂਰਾ ਕਰਾਂਗੇ ਅਤੇ ਕਿਸੇ ਵੀ ਪਸ਼ੂ ਨੂੰ ਸੜਕ 'ਤੇ ਨਹੀਂ ਰਹਿਣ ਦੇਵਾਂਗੇ। ਵਿਧਾਨ ਸਭਾ ਹਲਕਾ ਵਿੱਚ ਐਸ.ਡੀ.ਐਮ ਤੋਂ ਮਨਜ਼ੂਰੀ ਲੈ ਕੇ ਅਸੀਂ ਇਹ ਕੰਮ ਕਰ ਰਹੇ ਹਾਂ। ਉਮੀਦ ਹੈ ਕਿ ਪੰਜਾਬ ਸਰਕਾਰ ਇਸ ਕੰਮ ਵਿੱਚ ਸਾਡਾ ਪੂਰਾ ਸਹਿਯੋਗ ਕਰੇਗੀ। ਦੂਜੇ ਪਾਸੇ ਬੀਤੇ ਦਿਨ ਪੰਜਾਬ ਦੇ ਮੁੱਖ ਮੰਤਰੀ ਤੇ ਡੀ.ਜੀ.ਪੀ ਪੰਜਾਬ ਦੇ ਨਿਰਦੇਸ਼ਾਂ 'ਤੇ ਪੰਜਾਬ ਦੇ ਗਊ ਤਸਕਰਾਂ 'ਤੇ ਪੂਰੀ ਤਰ੍ਹਾਂ ਸ਼ਿਕੰਜਾ ਕੱਸਿਆ ਗਿਆ। ਇਸ ਮੌਕੇ ਨਰੇਸ਼ ਕੁਮਾਰ, ਪੂਰਨ ਸਿੰਘ, ਕਰਨ ਕੁਮਾਰ, ਹੈਪੀ ਸਿੰਘ, ਸੰਦੀਪ ਬਾਲੀ, ਦੀਪਕ ਕੁਮਾਰ, ਸ਼ੰਕਰ ਦ੍ਰਵਿੜ ਤੇ ਲਖਬੀਰ ਸਿੰਘ ਆਦਿ ਹਾਜ਼ਰ ਸਨ।

# ਮੋਦੀ ਸਰਕਾਰ ਦੇ 9 ਸਾਲ ਪੂਰੇ ਹੋਣ 'ਤੇ ਯੂਥ ਆਗੂਆਂ ਨੇ ਕੱਢੀ ਮੋਟਰਸਾਈਕਲ ਰੈਲੀ



**ਗੁਰੂਹਰਸਹਾਏ (ਮਨਦੀਪ ਸਿੰਘ ਸੋਢੀ)**

ਕੇਂਦਰ ਦੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਸਰਕਾਰ ਦੇ 9 ਸਾਲ ਪੂਰੇ ਹੋਣ 'ਤੇ ਭਾਜਪਾ ਯੁਵਾ ਮੋਰਚਾ ਦੇ ਸੂਬਾ ਕੈਸ਼ੀਅਰ ਰਮਨ ਬਜਾਜ਼ ਦੀ ਅਗਵਾਈ ਵਿੱਚ ਭਾਜਪਾ ਦੀਆਂ 9 ਸਾਲ ਦੀਆਂ ਪ੍ਰਾਪਤੀਆਂ ਬਾਰੇ ਜਾਣੂ ਕਰਾਉਣ ਲਈ ਭਾਜਪਾ ਯੁਵਾ ਮੋਰਚਾ ਵੱਲੋਂ ਪੰਜਾਬ ਪੱਧਰੀ ਸਮਾਗਮ ਕਰਾਇਆ ਗਿਆ, ਜਿਸ ਵਿੱਚ ਯੂਥ ਬੀ.ਜੇ.ਪੀ ਦੇ ਸੂਬਾ ਪ੍ਰਧਾਨ ਇੰਜ: ਕੰਵਰਵੀਰ ਸਿੰਘ ਟੌਹੜਾ, ਸੂਬਾ ਜਰਨਲ ਸਕੱਤਰ ਨਿਤਿਨ ਗਰਗ, ਸੂਬਾ ਜਨਰਲ ਸਕੱਤਰ ਅਰਮਾਨਜੋਤ ਬਰਾੜ ਤੇ ਕਾਲਜ ਆਊਟਰੀਚ ਦੇ ਸੂਬਾ ਪ੍ਰਧਾਨ ਹਰਮਨਦੀਪ ਸਿੰਘ ਮੀਤਾ ਵੀ ਵਿਸ਼ੇਸ ਤੌਰ 'ਤੇ ਪੁੱਜੇ। ਇਸ ਮੌਕੇ ਭਾਜਪਾ ਯੁਵਾ ਮੋਰਚਾ ਦੇ ਸੂਬਾ ਕੈਸ਼ੀਅਰ ਰਮਨ ਬਜਾਜ ਵੱਲੋਂ ਵਿਸ਼ੇਸ਼ ਤੌਰ 'ਤੇ ਪੁੱਜੇ ਆਗੂਆਂ ਨੂੰ ਜਿੱਥੇ ਜੀ ਆਇਆਂ ਕਿਹਾ ਕਿ ਉਥੇ ਹੀ ਸਨਮਾਨ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਭਾਜਪਾ ਯੁਵਾ ਮੋਰਚਾ ਵੱਲੋਂ ਗੁਰੂਹਰਸਹਾਏ ਵਿਖੇ ਜਿੱਥੇ ਮੋਟਰ ਸਾਈਕਲ ਰੈਲੀ ਕੱਢੀ ਗਈ, ਉਥੇ ਹੀ ਉਨ੍ਹਾਂ ਰੈਲੀ ਦੌਰਾਨ ਕੇਂਦਰ ਦੀ ਮੋਦੀ ਸਰਕਾਰ ਦੇ 9 ਸਾਲ ਦੇ ਵਕਫੇ ਦੀਆਂ ਪ੍ਰਾਪਤੀਆਂ ਬਾਰੇ ਲੋਕਾਂ ਨੂੰ ਵਿਸਥਾਰ ਨਾਲ ਦੱਸਿਆ ਤੇ ਕਿਹਾ ਕਿ ਮੋਦੀ ਸਰਕਾਰ ਵੱਲੋਂ ਕੀਤੇ ਗਏ ਕੰਮਾਂ ਨੂੰ ਹਰ ਵਰਗ ਬਾਗੋਬਾਗ ਹੈ ਤੇ ਉਹ ਮੁੜ ਨਰਿੰਦਰ ਮੋਦੀ ਨੂੰ ਭਾਰਤ ਦਾ ਪ੍ਰਧਾਨ ਮੰਤਰੀ ਬਣਾਉਣ ਲਈ ਉਤਾਵਲੇ ਹਨ।

ਯੂਥ ਆਗੂਆਂ ਨੇ ਪ੍ਰਧਾਨ ਮੰਤਰੀਆਂ ਦੀਆਂ 9 ਸਾਲ ਦੀਆਂ ਪ੍ਰਾਪਤੀਆਂ ਦੱਸਦਿਆਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ 9 ਸਾਲਾਂ ਵਿਚ ਕੀਤੇ ਗਏ ਕੰਮ ਇਤਿਹਾਸ ਤਾਂ ਬਣਨਗੇ ਹੀ, ਬਲਕਿ ਸੁਨਹਿਰੀ ਅੱਖਰਾਂ ਵਿਚ ਵੀ ਉਨ੍ਹਾਂ ਨੂੰ ਲਿਖਿਆ ਜਾਵੇਗਾ, ਕਿਉਂਕਿ 70 ਸਾਲਾਂ ਦੇ ਬਾਅਦ ਵੀ ਦੇਸ਼ ਦੇ ਕਈ ਸੂਬਿਆਂ ਦੇ ਪਿੰਡਾਂ ਵਿੱਚ ਪੀਣ ਦਾ ਪਾਣੀ ਅਤੇ ਬਿਜਲੀ ਦੀ ਸਹੂਲਤ ਨਹੀਂ ਸੀ, ਜੋ ਪ੍ਰਧਾਨ ਮੰਤਰੀ ਨੇ 2014 ਵਿਚ ਅਹੁਦਾ ਸੰਭਾਲਦੇ ਹੀ ਉਸ 'ਤੇ ਕੰਮ ਸ਼ੁਰੂ ਕਰ ਕੇ ਲੋਕਾਂ ਨੂੰ ਬਿਜਲੀ-ਪਾਣੀ ਦੀ ਸਹੂਲਤ ਮੁਹੱਈਆ ਕਰਾ ਕੇ ਪੂਰੇ ਦੇਸ਼ ਵਿੱਚ ਇਤਿਹਾਸ ਰਚਿਆ ਹੈ।

ਇਸ ਮੌਕੇ ਗੁਰਪਰਵੇਸ ਸੈਲੇ ਸੰਧੂ, ਅਮਨਦੀਪ ਗਿਰਧਰ ਜਨਰਲ ਸਕੱਤਰ ਜ਼ਿਲ੍ਹਾ ਫ਼ਿਰੋਜ਼ਪੁਰ,ਜ਼ਿਲ੍ਹਾ ਪ੍ਰਧਾਨ ਰਾਜਨਬੀਰ ਢਿੱਲੋਂ, ਸਾਹਿਲ ਨਰੂਲਾ ਮੰਡਲ ਪ੍ਰਧਾਨ ਗੁਰੂਹਰਸਹਾਏ, ਇੰਦਰਦੀਪ ਮੰਪੀ ਬਰਾੜ ਇੰਚਾਰਜ ਫ਼ਤਿਹਗੜ੍ਹ ਸਾਹਿਬ, ਐਡਵੋਕੇਟ ਜਗਮੀਤ ਸੰਧੂ ਲੀਗਲ ਸੈਲ ਇੰਚਾਰਜ਼, ਆਰੀਅਨ ਸੀਕਰੀ ਵਾਇਸ ਪ੍ਰਧਾਨ, ਸਮਰ ਬਾਜਾਜ, ਸ਼ਰਨ ਸੇਖੋਂ ਜਰਨਲ ਸੈਕਟਰੀ ਦੇ ਇਲਾਵਾ ਵੱਡੀ ਗਿਣਤੀ 'ਚ ਯੂਥ ਆਗੂ ਤੇ ਵਰਕਰ ਹਾਜ਼ਰ ਸਨ। ਇਸ ਮੌਕੇ ਯੂਥ ਬੀ ਜੇ ਪੀ ਦੇ ਸੂਬਾ ਪ੍ਰਧਾਨ ਇੰਜ ਕੰਵਰਵੀਰ ਸਿੰਘ ਟੌਹੜਾ ਨੂੰ ਸਨਮਾਨਤ ਵੀ ਕੀਤਾ ਗਿਆ।

# ਮਹਾਰਾਜਾ ਰਣਜੀਤ ਸਿੰਘ ਕਾਲਜ ਨੇ ਮਿਲਖਾ ਸਿੰਘ ਨੂੰ ਸਮਰਪਤ ਫਿਟਨੈੱਸ ਡੇਅ ਮਨਾਇਆ



**ਮਲੋਟ (ਗੁਰਮੀਤ ਸਿੰਘ ਮੱਕੜ)**-ਮਹਾਰਾਜਾ ਰਣਜੀਤ ਸਿੰਘ ਕਾਲਜ ਵੱਲੋਂ ਉੱਡਣਾ ਸਿੱਖ ਮਿਲਖਾ ਸਿੰਘ ਦੀ ਤੀਜੀ ਬਰਸੀ ਨੂੰ ਸਮਰਪਤ ਫਿੱਟਨੈੱਸ ਡੇਅ ਵਿੱਚ ਮਨਾਇਆ ਗਿਆ। ਇਸ ਖਾਸ ਮੌਕੇ 'ਤੇ ਕਾਲਜ ਵਿਦਿਆਰਥੀਆਂ ਦੇ ਨਾਲ-ਨਾਲ ਸ਼ਹਿਰ ਵਾਸੀਆਂ ਨੇ ਵੀ ਹਿੱਸਾ ਲਿਆ। ਇਸ ਮੌਕੇ ਕਾਲਜ ਪ੍ਰਿੰਸੀਪਲ ਡਾ. ਰਜਿੰਦਰ ਸਿੰਘ ਸੇਖੋਂ ਨੇ ਸੰਬੋਧਨ ਹੁੰਦਿਆਂ ਕਿਹਾ ਕਿ ਅਸੀਂ ਆਪਣੇ ਵਿਦਿਆਰਥੀਆਂ ਨੂੰ ਸਰਵਪੱਖੀ ਵਿਕਾਸ ਵੱਲ ਲੈ ਕੇ ਜਾ ਰਹੇ ਹਾਂ। ਉਸੇ ਲੜੀ ਤਹਿਤ ਅਸੀਂ ਆਪਣੇ ਵਿਦਿਆਰਥੀਆਂ ਨੂੰ ਤੰਦਰੁਸਤੀ ਨਾਲ ਜੋੜਨ ਲਈ ਇਹ ਉੱਦਮ ਕੀਤਾ ਹੈ ਤੇ ਅੱਜ ਉੱਡਣਾ ਸਿੱਖ ਮਿਲਖਾ ਸਿੰਘ ਨੂੰ ਸਿਜਦਾ ਕਰਦਿਆਂ ਉਨ੍ਹਾਂ ਦੇ ਰਾਹ 'ਤੇ ਤੁਰਨ ਲਈ ਪ੍ਰੇਰਤ ਕੀਤਾ ਜਾ ਰਿਹਾ ਹੈ।

ਜ਼ਿਕਰਯੋਗ ਹੈ ਕਿ ਪ੍ਰਿੰਸੀਪਲ ਡਾ. ਰਜਿੰਦਰ ਸਿੰਘ ਸੇਖੋਂ ਨੇ ਮਿਲਖਾ ਸਿੰਘ ਦੀ ਮੌਤ ਉਪਰੰਤ ਇਸ ਦਿਨ ਨੂੰ ਵਿਸ਼ਵ ਵਿੱਚ ਫਿਟਨੈੱਸ ਡੇਅ ਵਜੋਂ ਮਨਾਉਣ ਲਈ ਭਾਰਤ ਸਰਕਾਰ ਤੇ ਪੰਜਾਬ ਸਰਕਾਰ ਨੂੰ ਅਪੀਲ ਕੀਤੀ ਸੀ। ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਾਲਜ ਮੈਨੇਜਮੈਂਟ ਦੇ ਚੇਅਰਮੈਨ ਮਨਦੀਪ ਸਿੰਘ ਬਰਾੜ ਨੇ ਕਾਲਜ ਪ੍ਰਿੰਸੀਪਲ, ਸਟਾਫ਼ ਤੇ ਵਿਦਿਆਰਥੀਆਂ ਨੂੰ ਮੁਬਾਰਕਬਾਦ ਦਿੰਦਿਆਂ ਕਿਹਾ ਕਿ ਸਾਨੂੰ ਅਜਿਹੇ ਉਪਰਾਲੇ ਕਰਨੇ ਚਾਹੀਦੇ ਹਨ ਤਾਂ ਜੁ ਵਿਦਿਆਰਥੀਆਂ ਵਿਚ ਉਤਸ਼ਾਹ ਭਰਿਆ ਜਾ ਸਕੇ। ਵਿਦਿਆਰਥੀਆਂ ਨੂੰ ਸੰਬੋਧਨ ਹੁੰਦਿਆਂ ਕਾਲਜ ਮੈਨੇਜਮੈਂਟ ਕਮੇਟੀ ਦੇ ਜਨਰਲ ਸਕੱਤਰ ਲਖਵਿੰਦਰ ਸਿੰਘ ਰੋਹੀਵਾਲਾ ਨੇ ਕਿਹਾ ਕਿ ਤੰਦਰੁਸਤ ਸਿਹਤ ਵਿਅਕਤੀ ਦਾ ਸਭ ਤੋਂ ਵੱਡਾ ਸਰਮਾਇਆ ਹੈ, ਸੋ ਸਾਨੂੰ ਆਪਣੀ ਸਿਹਤ ਦੀ ਤੰਦਰੁਸਤੀ ਲਈ ਰੋਜ਼ਾਨਾ ਕਸਰਤ ਕਰਨੀ ਚਾਹੀਦੀ ਹੈ।

ਇਸ ਮੌਕੇ ਕਾਲਜ ਮੈਨੇਜਮੈਂਟ ਦੇ ਖਜ਼ਾਨਾਚੀ ਦਲਜਿੰਦਰ ਸਿੰਘ ਸੰਧੂ, ਸਕੱਤਰ ਪਿਰਤਪਾਲ ਸਿੰਘ ਗਿੱਲ, ਮੈਂਬਰ ਮੇਜਰ ਸਿੰਘ, ਹਰਦੀਪ ਸਿੰਘ ਸੰਧੂ ਨੇ ਪ੍ਰਿੰਸੀਪਲ ਡਾ. ਰਜਿੰਦਰ ਸਿੰਘ ਸੇਖੋਂ ਦੀ ਮਿਲਖਾ ਸਿੰਘ ਦੀ ਤੀਜੀ ਬਰਸੀ ਨੂੰ ਇੱਕ ਵਾਰ ਫਿਰ ਫਿਟਨੈੱਸ ਡੇਅ ਵਜੋਂ ਮਨਾਉਣ ਦੀ ਸ਼ਲਾਘਾ ਕੀਤੀ।

20-JUNE-PAGE-7.qxd-advt.qxd 6/19/2023 10:23 PM Page 1



# ਨਰੇਗਾ ਦਾ ਕੰਮ ਚਲਾਉਣ ਲਈ ਬੀ ਡੀ ਪੀ ਓ ਦਫ਼ਤਰ ਸਾਹਮਣੇ ਪ੍ਰਦਰਸ਼ਨ



**ਮੁਕਤਸਰ (ਸ਼ਮਿੰਦਰਪਾਲ, ਪੂਜਾ)**
ਬੀ.ਡੀ.ਪੀ.ਓ ਦਫਤਰ ਅੱਗੇ ਪਿੰਡ ਦੇ ਆਗੂਆਂ ਲਛਮਣ ਸਿੰਘ, ਬੋਹੜ ਸਿੰਘ ਦੀ ਅਗਵਾਈ ਹੇਠ ਪ੍ਰਦਰਸ਼ਨ ਕੀਤਾ ਗਿਆ। ਮਜ਼ਦੂਰਾਂ ਨੂੰ ਸੰਬੋਧਨ ਕਰਦੇ ਹੋਏ ਦਿਹਾਤੀ ਮਜ਼ਦੂਰ ਸਭਾ ਦੇ ਸੂਬਾ ਸੰਯੁਕਤ ਸਕੱਤਰ ਜਗਜੀਤ ਸਿੰਘ ਜੱਸੇਆਣਾ ਨੇ ਕਿਹਾ ਕਿ ਬੀਤੇ ਲੰਮੇਂ ਸਮੇਂ ਤੋਂ ਪਿੰਡ ਸਗਰਾਣਾ ਵਿੱਚ ਮਜ਼ਦੂਰਾਂ ਨੂੰ ਨਰੇਗਾ ਦਾ ਕੰਮ ਨਹੀਂ ਦਿੱਤਾ ਗਿਆ, ਜਿਸ ਖਿਲਾਫ਼ ਮਜ਼ਦੂਰਾਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਕਨੂੰਨ ਮੁਤਾਬਕ ਮਜ਼ਦੂਰਾਂ ਨੂੰ ਸੌ ਦਿਨ ਕੰਮ ਦੇਣਾ ਹੁੰਦਾ ਹੈ, ਜੋ ਉਹ ਨਹੀਂ ਮਿਲਦਾ। ਉਨ੍ਹਾਂ ਕਿਹਾ ਕਿ ਨਰੇਗਾ ਮਜ਼ਦੂਰਾਂ ਨੂੰ ਸਾਰਾ ਸਾਲ ਕੰਮ ਦੇਣ ਦੀ ਗਰੰਟੀ ਕੀਤੀ ਜਾਵੇ ਤੇ ਦਿਹਾੜੀ ਸੱਤ ਸੌ ਰੁਪਏ ਕੀਤੀ ਜਾਵੇ। ਰਹਿ ਗਏ ਮਜਦੂਰਾਂ ਦੇ ਜਾਬ ਕਾਰਡ ਬਣਾਏ ਜਾਣ ਤੇ ਕੰਮ ਨਾ ਦੇਣ ਦੀ ਸੂਰਤ ਵਿੱਚ ਬੇਰੁਜ਼ਗਾਰੀ ਭੱਤਾ ਦਿੱਤਾ ਜਾਵੇ। ਨਰੇਗਾ ਕਾਨੂੰਨ ਨੂੰ ਕਮਜ਼ੋਰ ਕਰਨਾ ਬੰਦ ਕੀਤਾ ਜਾਵੇ। ਉਨ੍ਹਾਂ ਮੋਦੀ ਸਰਕਾਰ ਵੱਲੋਂ ਨਰੇਗਾ ਮਜ਼ਦੂਰਾਂ ਦੇ ਬਜਟ ਵਿੱਚ ਕੀਤੀ ਭਾਰੀ ਕਟੌਤੀ ਦੀ ਵੀ ਜ਼ੋਰਦਾਰ ਨਿੰਦਾ ਕੀਤੀ ਗਈ। ਉਨ੍ਹਾਂ ਕਿਹਾ ਕਿ ਦਿਹਾਤੀ ਮਜ਼ਦੂਰ ਸਭਾ ਵੱਲੋਂ ਪਿੰਡ-ਪਿੰਡ ਨਰੇਗਾ ਮਜ਼ਦੂਰਾਂ ਦੀਆਂ ਨੁੱਕੜ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ ਤੇ ਇਕਾਈਆਂ ਗਠਿਤ ਕੀਤੀਆਂ ਜਾ ਰਹੀਆਂ ਹਨ। ਇਸ ਸਮੇਂ ਕੰਮ ਚਲਾਉਣ ਲਈ ਨਰੇਗਾ ਮਜ਼ਦੂਰਾਂ ਨੂੰ ਆ ਰਹੀਆਂ ਮੁਸ਼ਕਲਾਂ ਤੇ ਸਮੱਸਿਆਵਾਂ ਬਾਰੇ ਮੰਗ ਪੱਤਰ ਦੇ ਜਾਣੂ ਕਰਾਇਆ ਗਿਆ।

# ਅਮਿਤ ਸ਼ਾਹ ਦੀਆਂ ਫਲਾਪ ਰੈਲੀਆਂ ਸਿਆਸੀ ਬਦਲਾਅ ਦਾ ਸੰਕੇਤ : ਗੁਰਦਾਸ

**ਸਿਰਸਾ (ਸੁਰਿੰਦਰ ਪਾਲ ਸਿੰਘ)**
ਕਾਲਾਂਵਾਲੀ ਖੇਤਰ ਦੇ ਪਿੰਡ ਲੱਕੜਵਾਲੀ ਵਿਖੇ ਕਿਸਾਨਾਂ ਨੇ ਸਰਕਾਰ ਦੀਆਂ ਤਾਨਾਸ਼ਾਹੀ ਨੀਤੀਆਂ ਦੇ ਵਿਰੋਧ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਗ੍ਰਹਿ ਮੰਤਰੀ ਅਮਿਤ ਸ਼ਾਹ ਤੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਦੇ ਪੁਤਲੇ ਫੂਕੇ।ਕਿਸਾਨ ਆਗੂ ਗੁਰਦਾਸ ਸਿੰਘ ਨੇ ਕਿਹਾ ਕਿ ਮੌਜੂਦਾ ਸਰਕਾਰ ਆਪਣੀਆਂ ਕੱਟੜ ਅਤੇ ਤਾਨਾਸ਼ਾਹੀ ਨੀਤੀਆਂ ਨਾਲ ਸਾਰੇ ਵਰਗਾਂ ਨੂੰ ਦਬਾਉਣ ਵਿੱਚ ਲੱਗੀ ਹੋਈ ਹੈ। ਕਿਸਾਨਾਂ ਨੂੰ ਖ਼ੁਸ਼ਹਾਲ ਕਰਨ ਤੇ ਉਨ੍ਹਾਂ ਦੀ ਆਮਦਨ ਦੁੱਗਣੀ ਕਰਨ ਲਈ ਲਾਲੀਪਾਪ ਦੇ ਕੇ ਸਰਕਾਰ ਆਪਣੇ ਹੱਕਾਂ ਲਈ ਆਵਾਜ਼ ਉਠਾਉਣ ਵਾਲੇ ਕਿਸਾਨਾਂ ਨੂੰ ਧੱਕੇਸ਼ਾਹੀਆਂ ਦੇ ਸਹਾਰੇ ਦਬਾਉਣ ਦੀ ਕੋਸ਼ਿਸ਼ ਕਰ ਰਹੀ ਹੈ।ਉਨ੍ਹਾਂ ਕਿਹਾ ਕਿ ਸਰਕਾਰ ਨੂੰ ਉਸੇ ਦੀ ਭਾਸ਼ਾ ਵਿੱਚ ਜਵਾਬ ਦੇਣਾ ਜ਼ਰੂਰੀ ਹੋ ਗਿਆ ਹੈ ਤੇ ਲੋਕ 2024 ਦੀਆਂ ਚੋਣਾਂ ਵਿੱਚ ਇਸ ਤਾਨਾਸ਼ਾਹੀ ਸਰਕਾਰ ਨੂੰ ਸੱਤਾ ਤੋਂ ਲਾਂਭੇ ਕਰਨ ਲਈ ਬੇਤਾਬ ਹਨ।ਇਸ ਮੌਕੇ ਪਿੰਡ ਲੱਕੜਵਾਲੀ ਤੇ ਸਾਬਕਾ ਸਰਪੰਚ ਮਨਦੀਪ ਸਿੰਘ ਸ਼ੇਰਗਿੱਲ ਦਾ ਕਹਿਣਾ ਸੀ ਕਿ ਕਿਸਾਨ ਹੋਵੇ, ਮੁਲਾਜ਼ਮ ਹੋਵੇ ਜਾਂ ਕੋਈ ਹੋਰ ਵਰਗ,


ਪ੍ਰਧਾਨ ਮੰਤਰੀ ਦਾ ਪੁਤਲਾ ਫੂਕ ਰਹੇ ਪਿੰਡ ਲੱਕੜਵਾਲੀ ਦੇ ਕਿਸਾਨ।

ਜਿਹੜਾ ਵੀ ਸਰਕਾਰ ਵਿਰੁੱਧ ਆਵਾਜ਼ ਉਠਾਉਂਦਾ ਹੈ, ਉਸਦੀ ਆਵਾਜ਼ ਨੂੰ ਕੁਚਲਿਆ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਸਾਰੇ ਵਰਗ ਸਰਕਾਰ ਦੇ ਜੁਮਲਿਆਂ ਨੂੰ ਸਮਝਣ ਲੱਗ ਪਏ ਹਨ ਤੇ ਸਰਕਾਰ ਨੂੰ ਜਵਾਬਦੇਹ ਵੀ ਠਹਿਰਾ ਰਹੇ ਹਨ, ਜਿਸ ਕਾਰਨ ਸਰਕਾਰ ਹਿੱਲ ਗਈ ਹੈ।ਉਨ੍ਹਾਂ ਕਿਹਾ ਕਿ ਸਿਰਸਾ ਵਿੱਚ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦੀ ਰੈਲੀ ਦਾ ਫਿੱਕਾਪਣ ਦਰਸਾਉਂਦਾ ਹੈ ਕਿ ਲੋਕ ਹੁਣ ਰਾਜਨੀਤਕ ਬਦਲਾਅ ਕਰਨ ਲਈ ਉਤਾਵਲੇ ਹਨ। ਇਸ ਪੁਤਲਾ ਫੂਕ ਪ੍ਰੋਗਰਾਮ ਵਿੱਚ ਕਿਸਾਨ ਵਕੀਲ ਸਿੰਘ, ਬਸੰਤ ਸਿੰਘ, ਜਸਵੀਰ ਸਿੰਘ, ਗੁਰਦੇਵਕ ਸਿੰਘ, ਗੁਰਲਾਲ ਸਿੰਘ, ਹਰਪਾਲ ਸਿੰਘ, ਕੁਲਦੀਪ ਸਿੰਘ ਨੇ ਵੀ ਆਪਣੀ ਹਾਜ਼ਰੀ ਦਰਜ ਕਰਾਈ।ਕਿਸਾਨਾਂ ਨੇ ਕਿਹਾ ਕਿ ਮੌਜੂਦਾ ਸਰਕਾਰ ਆਪਣੀਆਂ ਕੱਟੜ ਤੇ ਤਾਨਾਸ਼ਾਹੀ ਨੀਤੀਆਂ ਨਾਲ ਸਾਰੇ ਵਰਗਾਂ ਨੂੰ ਦਬਾਉਣ ਵਿੱਚ ਲੱਗੀ ਹੋਈ ਹੈ।ਕਿਸਾਨਾਂ ਨੂੰ ਖੁਸ਼ਹਾਲ ਕਰਨ ਅਤੇ ਉਨ੍ਹਾਂ ਦੀ ਆਮਦਨ ਦੁੱਗਣੀ ਕਰਨ ਲਈ ਲਾਲੀਪਾਪ ਦੇ ਕੇ ਸਰਕਾਰਾਂ ਆਪਣੇ ਹੱਕਾਂ ਲਈ ਆਵਾਜ਼ ਉਠਾਉਣ ਵਾਲੇ ਕਿਸਾਨਾਂ ਨੂੰ ਧੱਕੇਸ਼ਾਹੀਆਂ ਦੇ ਸਹਾਰੇ ਦਬਾਉਣ ਦੀ ਕੋਸ਼ਿਸ਼ ਕਰ ਰਹੀ ਹੈ।

# ਸੜਕ ਹਾਦਸੇ 'ਚ ਵਿਦੇਸ਼ੀ ਨਾਗਰਿਕ ਸਣੇ 5 ਜ਼ਖ਼ਮੀ

## ਕਾਰ ਚਾਲਕ ਵਿਰੁੱਧ ਮਾਮਲਾ ਦਰਜ


ਹਾਦਸਾਗ੍ਰਸਤ ਅਰਟੀਗਾ ਗੱਡੀ ਜੀ.ਟੀ. ਰੋਡ 'ਤੇ ਖੜੀ ਹੋਈ।

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**
ਰਾਜਪੁਰਾ-ਸਰਹਿੰਦ ਜੀ.ਟੀ. ਰੋਡ 'ਤੇ ਵਾਪਰੇ ਇੱਕ ਸੜਕ ਹਾਦਸੇ 'ਚ ਜ਼ਖ਼ਮੀ ਹੋਏ ਇੱਕ ਵਿਦੇਸ਼ੀ ਨਾਗਰਿਕ ਦੀ ਸ਼ਿਕਾਇਤ 'ਤੇ ਮੂਲੇਪੁਰ ਪੁਲਸ ਵੱਲੋਂ ਕਾਰ ਚਾਲਕ ਜਸਵਿੰਦਰ ਸਿੰਘ ਵਾਸੀ ਪਿੰਡ ਸਿਉਣਾ (ਪਟਿਆਲਾ) ਵਿਰੁੱਧ ਅ/ਧ 279, 337, 38, 427 ਆਈ.ਪੀ.ਸੀ. ਤਹਿਤ ਮੁਕੱਦਮਾ ਦਰਜ ਕੀਤੇ ਜਾਣ ਦਾ ਸਮਾਚਾਰ ਹੈ। ਮਾਮਲੇ ਦੀ ਜਾਂਚ ਕਰ ਰਹੇ ਥਾਣਾ ਮੂਲੇਪੁਰ ਦੇ ਸਹਾਇਕ ਥਾਣੇਦਾਰ ਜਸਪਾਲ ਸਿੰਘ ਨੇ ਦੱਸਿਆ ਜੀ.ਟੀ. ਰੋਡ 'ਤੇ ਪਿੰਡ ਜਿਉਣਪੁਰਾ ਨਜ਼ਦੀਕ ਸਥਿਤ ਗਿੱਲ ਢਾਬੇ ਨਜ਼ਦੀਕ ਸੜਕ ਹਾਦਸੇ 'ਚ ਕੁੱਝ ਵਿਅਕਤੀਆਂ ਦੇ ਜ਼ਖ਼ਮੀ ਹੋਣ ਦੀ ਸੂਚਨਾ ਮਿਲੀ ਸੀ, ਜਿਨ੍ਹਾਂ ਨੂੰ ਰਾਜਪੁਰਾ ਦੇ ਇੱਕ ਨਿੱਜੀ ਹਸਪਤਾਲ 'ਚ ਦਾਖਲ ਕਰਾਇਆ ਗਿਆ ਹੈ, ਜਿਨ੍ਹਾਂ 'ਚੋਂ ਅਗਕ ਅਗੋਟ ਵਾਸੀ ਜੂਬਾ (ਸੂਡਾਨ) ਹਾਲ ਵਾਸੀ ਲੁਧਿਆਣਾ ਨੇ ਪੁਲਸ ਨੂੰ ਦਿੱਤੀ ਸ਼ਿਕਾਇਤ 'ਚ ਦੱਸਿਆ ਕਿ ਉਹ ਆਪਣੇ ਚਾਰ ਸਾਥੀਆਂ, ਜਿਨ੍ਹਾਂ 'ਚ ਦੋ ਲੜਕੀਆਂ ਅਤੇ ਦੋ ਲੜਕੇ ਸਨ, ਕਿਰਾਏ 'ਤੇ ਅਰਟੀਗਾ ਗੱਡੀ ਕਰਕੇ ਦਿੱਲੀ ਤੋਂ ਲੁਧਿਆਣਾ ਜਾ ਰਹੇ ਸਨ ਤਾਂ ਰਸਤੇ 'ਚ ਉਨ੍ਹਾਂ ਵਾਲੀ ਅਰਟੀਗਾ ਗੱਡੀ ਦਾ ਚਾਲਕ ਜਸਵਿੰਦਰ ਸਿੰਘ ਬਹੁਤ ਲਾਪ੍ਰਵਾਹੀ ਤੇ ਅਣਗਹਿਲੀ ਨਾਲ ਗੱਡੀ ਚਲਾਉਣ ਲੱਗਾ, ਜਿਸ ਨੂੰ ਉਨਾਂ ਨੇ ਵਾਰ-ਵਾਰ ਸਮਝਾਉਣ ਦੀ ਕੋਸ਼ਿਸ਼ ਕੀਤੀ ਕਿ ਉਹ ਅਣਗਹਿਲੀ ਨਾਲ ਗੱਡੀ ਚਲਾ ਕੇ ਉਨਾਂ ਦੀ ਜਾਨ ਜ਼ੋਖ਼ਮ 'ਚ ਨਾ ਪਾਵੇ, ਪਰ ਉਕਤ ਚਾਲਕ ਲਾਪ੍ਰਵਾਹੀ ਨਾਲ ਗੱਡੀ ਚਲਾਉਂਦਾ ਰਿਹਾ ਤੇ ਜਿਉਣਪੁਰਾ ਨਜ਼ਦੀਕ ਉਸ ਨੇ ਉਕਤ ਅਰਟੀਗਾ ਗੱਡੀ ਤੇਜ਼ ਰਫ਼ਤਾਰੀ ਨਾਲ ਚਲਾਉਂਦੇ ਹੋਏ ਕਿਸੇ ਅਣਪਛਾਤੇ ਵਾਹਨ ਦੇ ਪਿੱਛੇ ਲਿਆ ਮਾਰੀ, ਜਿਸ ਕਾਰਨ ਉਸਦੇ ਤੇ ਉਸਦੇ ਸਾਥੀਆਂ ਦੇ ਸੱਟਾਂ ਵੱਜੀਆਂ। ਹਾਦਸਾਗ੍ਰਸਤ ਹੋਈ ਅਰਟੀਗਾ ਗੱਡੀ, ਜਿਸ 'ਤੇ ਟੈਕਸੀ ਦੀ ਬਜਾਏ ਪ੍ਰਾਈਵੇਟ ਨੰਬਰ ਪਲੇਟ ਲੱਗੀ ਹੋਈ ਸੀ, ਨੂੰ ਕਬਜ਼ੇ 'ਚ ਲੈ ਕੇ ਮੂਲੇਪੁਰ ਪੁਲਸ ਨੇ ਫਰਾਰ ਹੋਏ ਚਾਲਕ ਦੀ ਭਾਲ ਸ਼ੁਰੂ ਕਰ ਦਿੱਤੀ ਹੈ।

# ਵਧੀਆ ਸੇਵਾਵਾਂ ਬਦਲੇ 'ਲਾਇਨਜ਼ ਕਲੱਬ ਕੋਟਕਪੂਰਾ ਰਾਇਲ' ਨੂੰ ਇੱਕੋ ਸਮੇਂ ਮਿਲੇ ਪੰਜ ਐਵਾਰਡ

**ਫ਼ਰੀਦਕੋਟ/ਕੋਟਕਪੂਰਾ (ਐਲਿਗਜੈਂਡਰ ਡਿਸੂਜ਼ਾ)**
ਜ਼ਿਲ੍ਹਾ ਗਵਰਨਰ 321-ਐੱਫ ਲਲਿਤ ਬਹਿਲ ਵੱਲੋਂ ਚੌਥੀ ਕੈਬਨਿਟ ਮੀਟਿੰਗ ਸਲਾਨਾ ਡਿਸਟ੍ਰਿਕ ਐਵਾਰਡ ਸਮਾਰੋਹ ਤੇ ਐੱਮ.ਜੇ.ਐੱਫ. ਲੰਚ ਹੋਟਲ ਵੈਸਟਰਨ ਕੋਟ ਸੈਕਟਰ-10 ਪੰਚਕੂਲਾ ਵਿੱਚ ਰੱਖਿਆ ਗਿਆ, ਜਿਸ ਵਿੱਚ ਗਵਰਨਰ ਵੱਲੋਂ 01/07/2022 ਤੋਂ 31/05/2023 ਤੱਕ ਸੂਬਾ ਪੱਧਰੀ ਲਗਭਗ 154 ਕਲੱਬਾਂ ਵੱਲੋਂ ਕੀਤੇ ਗਏ ਸੇਵਾ ਕਾਰਜ ਤੇ ਸਮਾਜ ਭਲਾਈ ਦੇ ਕੰਮਾਂ ਨੂੰ ਦੇਖਦਿਆਂ ਲਾਇਨ ਲੀਡਰਾਂ, ਲਾਇਨ ਮੈਂਬਰਾਂ ਅਤੇ ਅਹੁਦੇਦਾਰਾਂ ਦਾ ਮਾਣ ਸਨਮਾਨ ਕੀਤਾ ਗਿਆ।

ਇਸੇ ਲੜੀ ਹੇਠ 'ਲਾਇਨਜ਼ ਕਲੱਬ ਕੋਟਕਪੂਰਾ ਰਾਇਲ' ਵਲੋਂ ਨੰਬਰਦਾਰ ਸੁਖਵਿੰਦਰ ਸਿੰਘ ਪੱਪੂ ਪ੍ਰਧਾਨ ਦੇ ਸਹਿਯੋਗ ਨਾਲ ਜ਼ਿਲ੍ਹਾ ਗਵਰਨਰ ਨੇ ਕਲੱਬ ਦੇ ਕੰਮਾਂ ਨੂੰ ਦੇਖਦਿਆਂ ਪ੍ਰਧਾਨ ਨੂੰ ਡਿਸਟ੍ਰਿਕ ਦੀ ਮੋਸਟ ਐਕਟਿਵ ਕਲੱਬ, ਮਨਜੀਤ ਸਿੰਘ ਲਵਲੀ ਰੀਜਨ ਚੇਅਰਮੈਨ ਐਕਸੀਲੈਂਸ, ਸੁਰਜੀਤ ਸਿੰਘ ਘੁਲਿਆਨੀ ਡਿਸਟ੍ਰਿਕ ਚੇਅਰਮੈਨ ਬਹੁਤ ਵਧੀਆ ਕਾਰਗੁਜ਼ਾਰੀ ਦਾ ਐਵਾਰਡ, ਭੁਪਿੰਦਰ ਸਿੰਘ ਮੱਕੜ ਰੀਜ਼ਨ ਐਡਵਾਈਜਰ ਨੂੰ ਵਧੀਆ ਕਾਰਗੁਜ਼ਾਰੀ ਅਤੇ ਅਸ਼ੋਕ ਕੁਮਾਰ ਸੇਠੀ ਨੂੰ ਡਿਸਟ੍ਰਿਕ ਦਾ ਬੈਸਟ ਪੀਆਰਓ ਐਵਾਰਡ ਤੇ ਗੁਰਜਸਜੀਤ ਸਿੰਘ ਬਰਾੜ ਜ਼ੋਨ ਚੇਅਰਮੈਨ ਲਾਇਨਜ ਕਲੱਬ ਖਾਰਾ ਨੂੰ ਵਧੀਆ ਸੇਵਾਵਾਂ ਲਈ ਐਵਾਰਡ ਨਾਲ ਸਨਮਾਨਤ ਕੀਤਾ ਗਿਆ। ਕਲੱਬ ਦੇ ਪੀ.ਆਰ.ਓ. ਅਸ਼ੋਕ ਕੁਮਾਰ ਸੇਠੀ ਮੁਤਾਬਕ 'ਲਾਇਨਜ ਕਲੱਬ ਕੋਟਕਪੂਰਾ ਰਾਇਲ' ਪਿਛਲੇ 23 ਸਾਲਾਂ ਤੋਂ ਮਾਨਵਤਾ ਦੀ ਸੇਵਾ ਕਰਦੀ ਆ ਰਹੀ ਹੈ, ਉਸ ਵਿੱਚ ਕੋਟਕਪੂਰਾ ਦੇ ਪੱਤਰਕਾਰਾਂ ਦਾ ਵੀ ਯੋਗਦਾਨ ਹੈ, ਇਸ ਲਈ ਹਰ ਸਾਲ ਕਲੱਬ ਨੂੰ ਡਿਸਟ੍ਰਿਕ ਤੇ ਮਲਟੀਪਲ ਐਵਾਰਡਾਂ ਨਾਲ ਸਨਮਾਨਤ ਕੀਤਾ ਜਾਂਦਾ ਹੈ। ਕਲੱਬ ਦੇ ਅਹੁਦੇਦਾਰਾਂ ਨੂੰ ਐਵਾਰਡ ਮਿਲਣ 'ਤੇ ਜਿੱਥੇ ਸਾਰੇ ਲਾਇਨ ਮੈਂਬਰਾਂ ਨੇ ਜ਼ਿਲ੍ਹਾ ਗਵਰਨਰ ਲਲਿਤ ਬਹਿਲ ਦਾ ਧੰਨਵਾਦ ਕੀਤਾ, ਉੱਥੇ ਕਮਲ ਕਾਂਤ ਸ਼ਰਮਾ ਡਿਸਟ੍ਰਿਕ ਕੈਬਨਿਟ ਸੈਕਟਰੀ ਤੇ ਰੁਪਿੰਦਰ ਸਿੰਘ ਬੇਦੀ ਡਿਸਟ੍ਰਿਕ ਪੀਆਰਓ ਦਾ ਵੀ ਧੰਨਵਾਦ ਕੀਤਾ ਗਿਆ।



# ਸ਼ਹੀਦੀ ਦਿਹਾੜਾ ਮਨਾ ਕੇ ਪਾਕਿਸਤਾਨ ਤੋਂ ਜਥਾ ਪਰਤਿਆ ਵਾਪਸ



**ਤਲਵੰਡੀ ਸਾਬੋ (ਜਗਦੀਪ ਗਿੱਲ)**-ਹਰ ਸਾਲ ਦੀ ਤਰ੍ਹਾਂ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦੇ ਸ਼ਹੀਦੀ ਦਿਹਾੜੇ ਨੂੰ ਮਨਾ ਕੇ ਵਾਹਘਾ ਬਾਰਡਰ ਰਾਹੀਂ ਸਿੱਖ ਸੰਗਤਾਂ ਦਾ ਜਥਾ ਪਾਕਿਸਤਾਨ ਤੋਂ ਵਾਪਸ ਪਰਤ ਆਇਆ ਹੈ। ਜੈਕਾਰਿਆਂ ਦੀ ਗੂੰਜ ਨਾਲ ਜਥੇਦਾਰ ਗੁਰਬਚਨ ਸਿੰਘ ਡੱਬਵਾਲੀ ਦੀ ਅਗਵਾਈ ਹੇਠ 120 ਮੈਂਬਰੀ ਜਥਾ ਤੇ ਕੁੱਲ 176 ਸ਼ਰਧਾਲੂਆਂ ਦਾ ਜੱਥਾ ਦਰਸ਼ਨ ਦੀਦਾਰੇ ਕਰਕੇ ਵਾਪਸ ਪਰਤਿਆ ਹੈ। ਇਹ ਜਾਣਕਾਰੀ ਲੋਕ ਆਵਾਜ਼ ਪ੍ਰੈੱਸ ਕਲੱਬ ਤਲਵੰਡੀ ਸਾਬੋ ਦੇ ਜਨਰਲ ਸਕੱਤਰ ਰੇਸ਼ਮ ਸਿੰਘ ਦਾਦੂ ਤੇ ਮੈਂਬਰ ਜਗਦੀਪ ਕੋਮਲ, ਜੋ ਇਸ ਜਥੇ ਨਾਲ ਗਏ ਸਨ, ਨੇ ਦੱਸਿਆ ਕਿ ਪਾਕਿਸਤਾਨ ਗਏ ਜਥੇ ਨੇ ਗੁਰਦੁਆਰਾ ਪੰਜਾ ਸਾਹਿਬ ਹਸਨ ਅਬਦਾਲ, ਨਨਕਾਣਾ ਸਾਹਿਬ, ਗੁਰਦੁਆਰਾ ਸੱਚਾ ਸੌਦਾ ਸਾਹਿਬ, ਗੁਰਦੁਆਰਾ ਦਰਬਾਰ ਸਾਹਿਬ (ਕਰਤਾਰਪੁਰ ਸਾਹਿਬ) ਗੁਰਦੁਆਰਾ ਰੋੜੀ ਸਾਹਿਬ ਤੇ ਗੁਰਦੁਆਰਾ ਡੇਹਰਾ ਸਾਹਿਬ ਲਾਹੌਰ ਅਤੇ ਵੱਖ-ਵੱਖ ਗੁਰਦੁਆਰਾ ਸਾਹਿਬਾਨ ਦੇ ਦਰਸ਼ਨ ਦੀਦਾਰੇ ਕਰਕੇ 17 ਜੂਨ ਨੂੰ ਵਾਪਸ ਬਾਘਾ ਬਾਰਡਰ ਰਾਹੀਂ ਪਰਤਿਆ।ਦੱਸ ਦੇਈਏ ਕਿ ਜਥਾ 8 ਜੂਨ ਨੂੰ ਅਟਾਰੀ ਬਾਡਰ ਰਾਹੀਂ ਬਾਘਾ ਤੋਂ ਪਾਕਿਸਤਾਨ ਦਾਖ਼ਲ ਹੋ ਕੇ ਗਿਆ ਸੀ, ਜੋ ਆਪਣੀ ਯਾਤਰਾ ਪੂਰੀ ਕਰਕੇ 17 ਜੂਨ ਨੂੰ ਵਾਪਸ ਪਰਤਿਆ ਹੈ।

# ਸੀਨੀਅਰ ਸਿਟੀਜ਼ਨਜ਼ ਵੈੱਲਫੇਅਰ ਐਸੋਸੀਏਸ਼ਨ ਦਾ ਵਫਦ ਐੱਸ ਐੱਮ ਓ ਨੂੰ ਮਿਲਿਆ



**ਧੂਰੀ (ਸੁਖਦੇਵ ਧੂਰੀ)**-ਸੀਨੀਅਰ ਸਿਟੀਜ਼ਨ ਵੈਲਫੇਅਰ ਐਸੋਸੀਏਸ਼ਨ ਦਾ ਵਫ਼ਦ ਸਿਵਲ ਹਸਪਤਾਲ ਦੇ ਪ੍ਰਬੰਧ ਵਿੱਚ ਸੁਧਾਰ ਲਿਆਉਣ ਲਈ ਸੁਖਬੀਰ ਸਿੰਘ ਪ੍ਰਧਾਨ ਦੀ ਅਗਵਾਈ ਵਿੱਚ ਐਸ ਐਮ ਓ ਡਾਕਟਰ ਮਹੁੰਮਦ ਅਖ਼ਤਰ ਨੂੰ ਮਿਲਿਆ। ਵਫਦ ਵੱਲੋਂ ਮੰਗ ਪੱਤਰ ਦਿੰਦਿਆਂ ਮੰਗ ਕੀਤੀ ਗਈ ਕਿ ਸਪੈਸ਼ਲਿਸਟ ਡਾਕਟਰਾਂ ਦੀ ਘਾਟ ਪੂਰੀ ਕੀਤੀ ਜਾਵੇ। ਖੂਨ ਦੇ ਟੈੱਸਟ, ਐਕਸ ਰੇ, ਅਲਟਰਾਸਾਊਂਡ, ਸੀਟੀ ਸਕੈਨ, ਐਮ ਆਰ ਆਈ ਤੇ ਹੋਰ ਟੈਸਟ ਵਾਜਬ ਰੇਟ 'ਤੇ ਗੁਣਵੱਤਾ ਵਾਲੇ ਟੈਸਟ ਦਾ ਪ੍ਰਬੰਧ ਕੀਤਾ ਜਾਵੇ। ਸਰਕਾਰੀ ਕ੍ਰਮਚਾਰੀ ਤੋਂ ਬਿਨਾਂ ਕੋਈ ਹੋਰ ਕਰਮਚਾਰੀ ਕਿਸੇ ਵੀ ਹਾਲਤ ਵਿੱਚ ਸੇਵਾਵਾਂ ਨਾ ਦੇਵੇ। ਸੀਨੀਅਰ ਸਿਟੀਜਨ ਦੀ ਓਪੀਡੀ ਪਰਚੀ ਲਈ ਵੱਖਰੀ ਲਾਈਨ ਦਾ ਪ੍ਰਬੰਧ ਕੀਤਾ ਜਾਵੇ। ਹਸਪਤਾਲ ਵਿੱਚ ਸਾਈਕਲ ਸਟੈਂਡ ਦਾ ਕੋਈ ਸ਼ੈੱਡ ਨਹੀਂ ਹੈ, ਸ਼ੈੱਡ ਬਣਾਇਆ ਜਾਵੇ। ਹਸਪਤਾਲ ਵਿੱਚ ਲੋਕਾਂ ਦੇ ਬੈਠਣ ਤੇ ਪੀਣ ਵਾਲੇ ਪਾਣੀ ਦਾ ਪ੍ਰਬੰਧ ਕੀਤਾ ਜਾਵੇ। ਸੇਵਾਮੁਕਤ ਮੁਲਾਜ਼ਮਾਂ ਦੇ ਮੈਡੀਕਲ ਰੀਬਰਸਮੈਂਟ ਬਿੱਲਾਂ ਲਈ ਵੱਖਰੇ ਡਾਕਟਰ ਦਾ ਪ੍ਰਬੰਧ ਕੀਤਾ ਜਾਵੇ। ਹਸਪਤਾਲ ਦੀ ਸਫ਼ਾਈ ਵੱਲ ਵੀ ਵਿਸ਼ੇਸ਼ ਧਿਆਨ ਰੱਖਿਆ ਜਾਵੇ। ਜੋ ਮੰਗਾਂ ਤੁਹਾਡੇ ਪੱਧਰ 'ਤੇ ਹੱਲ ਹੋਣ ਵਾਲੀਆਂ ਹਨ, ਪੂਰੀਆਂ ਕੀਤੀਆਂ ਜਾਣ।

ਬਾਕੀ ਸਿਹਤ ਮੰਤਰੀ ਨੂੰ ਯੋਗ ਟਿੱਪਣੀ ਨਾਲ ਭੇਜੀਆਂ ਜਾਣ। ਇਸ ਮੌਕੇ ਸਰਬਜੀਤ ਸਿੰਘ, ਜਸਪਾਲ ਸਿੰਘ ਭੁੱਲਰ, ਗਿਰਧਾਰੀ ਲਾਲ, ਗੁਰਤੇਜ ਸਿੰਘ, ਜੈਦੇਵ ਸ਼ਰਮਾ,ਜਸਵਿੰਦਰ ਸਿੰਘ, ਰਜਿੰਦਰ ਸਿੰਘ, ਕਰਮ ਸਿੰਘ ਮਾਨ, ਮੇਜਰ ਸਿੰਘ ਸੁਰਜੀਤ ਸਿੰਘ ਤੇ ਹੋਰ ਹਾਜ਼ਰ ਸਨ।

# ਸਿਵਲ ਹਸਪਤਾਲ ਅਬੋਹਰ ਦੇ ਪਾਲਣੇ 'ਚ ਮਿਲੀ ਨਵਜੰਮੀ

**ਫ਼ਾਜ਼ਿਲਕਾ (ਨਿਸ਼ਾ ਸ਼ਰਮਾ)**-ਜ਼ਿਲ੍ਹਾ ਬਾਲ ਸੁਰੱਖਿਆ ਅਫਸਰ ਰੀਤੂ ਬਾਲਾ ਨੇ ਦੱਸਿਆ ਕਿ ਸਿਵਲ ਹਸਪਤਾਲ ਅਬੋਹਰ ਦੇ ਪੰਘੂੜੇ (ਪਾਲਣੇ) ਵਿੱਚ ਨਾਜ਼ੁਕ ਹਾਲਤ ਵਿੱਚ ਨਵਜੰਮੀ ਲਵਾਰਸ ਬੱਚੀ ਮਿਲੀ। ਉਨ੍ਹਾਂ ਦੱਸਿਆ ਕਿ ਰਾਤ ਦੇ ਕਰੀਬ 1 ਵਜੇ ਨਰ ਸੇਵਾ ਨਰਾਇਨ ਸੇਵਾ ਦੇ ਮੁਖੀ ਰਾਜੂ ਚਰਾਇਆ ਵੱਲੋਂ ਉਨ੍ਹਾਂ ਨੂੰ ਟੈਲੀਫੋਨ ਰਾਹੀਂ ਦੱਸਿਆ ਗਿਆ ਕਿ ਪੰਘੂੜੇ ਵਿੱਚ ਨਵਜੰਮੀ ਬੱਚੀ ਪਈ ਹੈ, ਜਿਸਦੀ ਹਾਲਤ ਨਾਜ਼ੁਕ ਹੈ। ਉਨ੍ਹਾਂ ਦੱਸਿਆ ਕਿ ਪਤਾ ਲੱਗਣ 'ਤੇ ਤੁਰੰਤ ਉਨ੍ਹਾਂ ਆਪਣੇ ਦਫਤਰੀ ਅਮਲੇ ਦੀ ਸਹਾਇਤਾ ਨਾਲ ਬੱਚੀ ਦਾ ਸਿਵਲ ਹਸਪਤਾਲ ਵਿਖੇ ਡਾ. ਸਾਹਿਬਰਾਮ ਵੱਲੋਂ ਚੈੱਕਅਪ ਕਰਾਇਆ ਗਿਆ। ਬੱਚੀ ਦੀ ਨਾਜ਼ੁਕ ਹਾਲਤ ਦੇਖਦਿਆਂ ਡਾਕਟਰ ਦੀ ਟੀਮ ਵੱਲੋਂ ਬੱਚੀ ਨੂੰ ਸਰਕਾਰੀ ਹਸਪਤਾਲ ਫ਼ਰੀਦਕੋਟ ਵਿਖੇ ਲਿਆਇਆ ਗਿਆ, ਜਿੱਥੇ ਉਸ ਦਾ ਇਲਾਜ ਚੱਲ ਰਿਹਾ ਹੈ। ਜ਼ਿਲ੍ਹਾ ਬਾਲ ਸੁਰੱਖਿਆ ਅਫ਼ਸਰ ਰੀਤੂ ਬਾਲਾ ਨੇ ਦੱਸਿਆ ਕਿ ਪੰਘੂੜਾ (ਪਾਲਣਾ) ਇਸ ਉਦੇਸ਼ ਲਈ ਲਾਇਆ ਗਿਆ ਹੈ ਕਿ ਕੋਈ ਵੀ ਵਿਅਕਤੀ ਨਵਜਾਤ ਅਣਚਾਹੇ ਬੱਚੇ ਨੂੰ ਸੜਕ ਜਾਂ ਕਿਸੇ ਹੋਰ ਥਾਂ ਤੇ ਬੇਸਹਾਰਾ ਨਾ ਛੱਡੇ। ਜਿਹੜਾ ਵਿਅਕਤੀ ਬੱਚੇ ਨੂੰ ਛੱਡਣ ਲਈ ਮਜਬੂਰ ਹੈ ਤਾਂ ਪੰਘੂੜੇ ਵਿੱਚ ਹੀ ਛੱਡ ਸਕਦਾ ਹੈ। ਜੇਕਰ ਕੋਈ ਮਾਤਾ-ਪਿਤਾ ਮਜਬੂਰੀ ਨਾਲ ਬੱਚਾ ਛੱਡਦਾ ਹੈ ਤਾਂ 60 ਦਿਨਾਂ ਦੇ ਅੰਦਰ-ਅੰਦਰ ਉਹ ਬੱਚਾ ਆਪਣੀ ਮਜਬੂਰੀ ਦੱਸ ਕੇ ਵਾਪਸ ਲਿਜਾ ਸਕਦਾ ਹੈ। ਇਸ ਮੌਕੇ ਉਨ੍ਹਾਂ ਨਾਲ ਭੁਪਿੰਦਰ ਸਿੰਘ ਤੇ ਸਰਬਜੀਤ ਕੌਰ ਵੀ ਹਾਜ਼ਰ ਸਨ।

# ਗੁਲਾਬੀ ਸੁੰਡੀ ਦੇ ਹਮਲੇ ਦਾ ਜਾਇਜ਼ਾ ਲੈਣ ਲਈ ਖੇਤਾਂ ਦਾ ਨਿਰੀਖਣ



**ਮਾਨਸਾ (ਪੱਤਰ ਪ੍ਰੇਰਕ)**-ਡਿਪਟੀ ਕਮਿਸ਼ਨਰ ਸ੍ਰੀ ਰਿਸ਼ੀ ਪਾਲ ਸਿੰਘ ਦੀਆਂ ਹਦਾਇਤਾਂ 'ਤੇ ਖੇਤੀਬਾੜੀ ਵਿਭਾਗ ਦੀ ਜ਼ਿਲ੍ਹਾ ਪੱਧਰੀ ਪੈਸਟ ਸਰਵੇਲੈਂਸ ਅਤੇ ਕ੍ਰਿਸ਼ੀ ਵਿਗਿਆਨ ਕੇਂਦਰ ਦੀ ਟੀਮ ਵੱਲੋਂ ਗੁਲਾਬੀ ਸੁੰਡੀ ਦੇ ਹਮਲੇ ਦਾ ਜਾਇਜ਼ਾ ਲੈਣ ਲਈ ਪਿੰਡ ਭੰਮੇ ਖੁਰਦ, ਖਿਆਲੀ ਚਹਿਲਾਂ ਵਾਲੀ, ਝੁਨੀਰ ਤੇ ਬਲਾਕ ਝੁਨੀਰ ਦੀ ਟੀਮ ਦੁਆਰਾ ਪਿੰਡ ਕੋਰਵਾਲਾ, ਚਚੋਹਰ, ਦਲੇਲਵਾਲਾ, ਘੁੱਦੂਵਾਲਾ, ਨੰਦਗੜ੍ਹ ਦਾਨੇਵਾਲਾ ਆਦਿ ਪਿੰਡਾਂ ਦਾ ਦੌਰਾ ਕੀਤਾ ਗਿਆ। ਇਹ ਜਾਣਕਾਰੀ ਮੁੱਖ ਖੇਤੀਬਾੜੀ ਅਫ਼ਸਰ ਡਾ. ਸਤਪਾਲ ਸਿੰਘ ਨੇ ਦਿੱਤੀ। ਉਨ੍ਹਾਂ ਦੱਸਿਆ ਕਿ ਟੀਮ ਵੱਲੋਂ ਵੱਖ-ਵੱਖ ਖੇਤਾਂ ਦੇ ਸਰਵੇਖਣ ਦੌਰਾਨ ਗੁਲਾਬੀ ਸੁੰਡੀ ਦਾ ਹਮਲਾ 1 ਫ਼ੀਸਦੀ ਤੋਂ ਵੀ ਘੱਟ ਪਾਇਆ ਗਿਆ ਅਤੇ ਚਿੱਟੀ ਮੱਖੀ ਤੇ ਹਰੇ ਤੇਲੇ ਦਾ ਹਮਲਾ ਕਿਸੇ ਵੀ ਖੇਤ ਵਿਚ ਨਹੀਂ ਵੇਖਿਆ ਗਿਆ। ਉਨ੍ਹਾਂ ਦੱਸਿਆ ਕਿ ਇਸ ਤੋਂ ਇਲਾਵਾ ਜ਼ਿਲ੍ਹੇ ਦੀਆਂ ਵੱਖ-ਵੱਖ ਬਲਾਕ ਪੱਧਰ ਦੀਆਂ ਸਰਵੇਲਾਂਸ ਟੀਮਾਂ ਵੱਲੋਂ ਵੀ ਵੱਖ-ਵੱਖ ਪਿੰਡਾਂ ਜਿਵੇਂ ਕਿ ਡੇਲੂਆਣਾ, ਖਿਆਲਾ ਕਲਾਂ, ਕੱਲ੍ਹੋ, ਹੀਰੇਵਾਲਾ, ਜੱਸੜਵਾਲ, ਭੀਖੀ, ਕੋਟੜਾ, ਰੱਲਾ, ਅੱਕਾਂਵਾਲਾ, ਲਖਮੀਰਵਾਲਾ, ਦਾਤੇਵਾਸ, ਬੋੜਾਵਾਲ, ਫੱਤਾ ਮਾਲੋਕਾ, ਜਟਾਣਾ ਕਲਾਂ, ਖੈਰਾ ਕਲਾਂ, ਖੈਰਾ ਖੁਰਦ, ਮੀਰਪੁਰ ਕਲਾਂ ਅਤੇ ਕਾਹਨੇਵਾਲਾ ਵਿਖੇ ਨਰਮੇ ਦੇ ਖੇਤਾਂ ਦਾ ਸਰਵੇਖਣ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਇਨ੍ਹਾਂ ਖੇਤਾਂ ਵਿੱਚ ਵੀ ਗੁਲਾਬੀ ਸੁੰਡੀ ਦਾ ਹਮਲਾ 1 ਫ਼ੀਸਦੀ ਤੋਂ ਘੱਟ ਪਾਇਆ ਗਿਆ। ਡਾ. ਸਤਪਾਲ ਸਿੰਘ ਨੇ ਕਿਸਾਨਾਂ ਨੂੰ ਆਪਣੇ ਖੇਤਾਂ ਦਾ ਨਿਰੰਤਰ ਸਰਵੇਖਣ ਕਰਨ ਲਈ ਕਿਹਾ ਤਾਂ ਜੁ ਗੁਲਾਬੀ ਸੁੰਡੀ ਦੇ ਹਮਲੇ 'ਤੇ ਸ਼ੁਰੂਆਤੀ ਦੌਰ ਵਿੱਚ ਹੀ ਕਾਬੂ ਪਾਇਆ ਜਾ ਸਕੇ। ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਦੇ 250 ਖੇਤਾਂ ਵਿੱਚ ਫੀਰੋਮੋਨ ਟਰੈਪਸ ਲਗਾਏ ਜਾ ਚੁੱਕੇ ਹਨ, ਤਾਂ ਜੋ ਗੁਲਾਬੀ ਸੁੰਡੀ ਦੀ ਆਮਦ ਦੀ ਮੋਨੀਟਰਿੰਗ ਕਰਦੇ ਹੋਏ ਸਮੇਂ ਸਿਰ ਕੰਟਰੋਲ ਕਰਨ ਲਈ ਪ੍ਰਬੰਧ ਕੀਤੇ ਜਾ ਸਕਣ। ਇਸ ਮੌਕੇ ਡਾ. ਸੁਰੇਸ਼ ਕੁਮਾਰ, ਜ਼ਿਲ੍ਹਾ ਸਿਖਲਾਈ ਅਫਸਰ, ਡਾ. ਗੁਰਪ੍ਰੀਤ ਸਿੰਘ, ਖੇਤੀਬਾੜੀ ਵਿਕਾਸ ਅਫਸਰ (ਪੀ.ਪੀ), ਡਾ. ਜਸਲੀਨ ਕੌਰ ਧਾਲੀਵਾਲ, ਖੇਤੀਬਾੜੀ ਵਿਕਾਸ ਅਫਸਰ (ਟੀ.ਏ), ਡਾ. ਚਮਨਦੀਪ ਸਿੰਘ, ਡਿਪਟੀ ਪ੍ਰੋਜੈਕਟ ਡਾਇਰੈਕਟਰ (ਆਤਮਾ), ਡਾ. ਹਰਮਨਦੀਪ ਸਿੰਘ, ਏ.ਡੀ.ਓ ਤੇ ਕ੍ਰਿਸ਼ੀ ਵਿਗਿਆਨ ਕੇਂਦਰ ਵੱਲੋਂ ਡਾ. ਰਣਵੀਰ ਸਿੰਘ ਤੇ ਕੀਟ ਵਿਗਿਆਨੀ ਹਾਜ਼ਰ ਸਨ।

# ਸਿਹਤ ਵਿਭਾਗ ਵੱਲੋਂ ਮਲੇਰੀਆ ਤੇ ਤੰਬਾਕੂ ਸੰਬੰਧੀ ਕੀਤਾ ਜਾਗਰੂਕ



**ਮਾਛੀਵਾੜਾ ਸਾਹਿਬ, (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਸਿਹਤ ਬਲਾਕ ਮਾਛੀਵਾੜਾ ਸਾਹਿਬ ਵਿੱਚ ਸਿਵਲ ਸਰਜਨ ਡਾ. ਹਤਿੰਦਰ ਕੌਰ ਦੇ ਦਿਸ਼ਾ-ਨਿਰਦੇਸ਼ਾਂ ਤੇ ਸੀਨੀਅਰ ਮੈਡੀਕਲ ਅਫ਼ਸਰ ਡਾ. ਜਸਦੇਵ ਸਿੰਘ ਦੀ ਅਗਵਾਈ ਹੇਠ ਮਲੇਰੀਆ ਅਤੇ ਤੰਬਾਕੂ ਸਬੰਧੀ ਜਾਗਰੂਕ ਕੀਤਾ ਗਿਆ। ਸਬ-ਸੈਂਟਰ ਕੱਚਾ ਮਾਛੀਵਾੜਾ ਵਿਖੇ ਕਰਾਏ ਸਮਾਗਮ ਦੌਰਾਨ ਸੰਬੋਧਨ ਕਰਦਿਆਂ ਸੀਨੀਅਰ ਮੈਡੀਕਲ ਅਫ਼ਸਰ ਡਾ. ਜਸਦੇਵ ਸਿੰਘ ਨੇ ਕਿਹਾ ਕਿ ਮਲੇਰੀਆ ਮਾਦਾ ਅਨਾਫਲੀਜ਼ ਮੱਛਰ ਦੇ ਡੰਗਣ ਨਾਲ ਫੈਲਦਾ ਹੈ ਜੋ ਕਿ ਸਾਫ਼ ਖੜੇ ਪਾਣੀ ਵਿੱਚ ਪੈਦਾ ਹੁੰਦਾ ਹੈ, ਇਸ ਲਈ ਆਪਣੇ ਆਲੇ-ਦੁਆਲੇ ਪਾਣੀ ਨਾ ਖੜਨ ਦਿਓ ਤਾਂ ਜੁ ਮੱਛਰ ਨਾ ਪੈਦਾ ਹੋ ਸਕੇ। ਪ੍ਰਦੀਪ ਸਿੰਘ ਬਲਾਕ ਐਜੂਕੇਟਰ ਨੇ ਤੰਬਾਕੂ ਵਿਰੁੱਧ ਜਾਗਰੂਕਤਾ ਦੌਰਾਨ ਕਿਹਾ ਕਿ ਗੁਰੂ ਸਾਹਿਬਾਨ ਨੇ ਤੰਬਾਕੂ ਨੂੰ ਜਗਤ ਜੂਠ ਕਿਹਾ, ਕਿਉਂਕਿ ਤੰਬਾਕੂ ਦੀ ਵਰਤੋਂ ਨਾਲ ਬਿਮਾਰੀਆਂ ਹੁੰਦੀਆਂ ਹਨ ਅਤੇ ਇਸ ਤੋਂ ਬਣੇ ਪਦਾਰਥਾਂ ਦੀ ਵਰਤੋਂ ਨਹੀਂ ਕਰਨੀ ਚਾਹੀਦੀ। ਇਸ ਮੌਕੇ ਜਸਵਿੰਦਰ ਕੌਰ, ਪਰਮਵੀਰ ਸਿੰਘ, ਹਰਿੰਦਰ ਕੌਰ, ਸੁਖਵੀਰ ਸਿੰਘ, ਸਰਪੰਚ ਦਲਵੀਰ ਕੌਰ, ਮਾਸਟਰ ਦਵਿੰਦਰ ਸਿੰਘ, ਅਰਭਿੰਦਰ ਸਿੰਘ, ਹਰਪਾਲ ਸਿੰਘ ਤੇ ਵਰਿਆਮ ਸਿੰਘ ਤੋਂ ਇਲਾਵਾ ਪਤਵੰਤੇ ਹਾਜ਼ਰ ਸਨ।

# ਯੂਨੀਵਰਸਲ ਆਈ ਟੀ ਆਈ ਕਾਲਜ 'ਚ ਰੁਜ਼ਗਾਰ ਮੇਲੇ ਦਾ ਆਯੋਜਨ




**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**
ਯੂਨੀਵਰਸਲ ਕਾਲਜ ਤੇ ਆਈਟੀਆਈ ਵਿਖੇ ਜ਼ਿਲ੍ਹਾ ਰੁਜ਼ਗਾਰ ਅਤੇ ਕਾਰੋਬਾਰ ਬਿਊਰੋ ਦੇ ਸਹਿਯੋਗ ਨਾਲ ਰੋਜ਼ਗਾਰ ਮੇਲਾ ਲਾਇਆ ਗਿਆ। ਮੇਲੇ ਵਿੱਚ ਲਗਭਗ 30 ਨਾਮੀ ਕੰਪਨੀਆਂ ਨੇ ਹਿੱਸਾ ਲਿਆ ਤੇ 800 ਵਿਦਿਆਰਥੀਆਂ ਨੇ ਮੇਲੇ ਵਿੱਚ ਆ ਕੇ ਅਲੱਗ-ਅਲੱਗ ਕੰਪਨੀਆਂ ਵਿੱਚ ਇੰਟਰਵਿਊ ਦਿੱਤੀ। ਹਰਪ੍ਰੀਤ ਸਿੰਘ ਚੇਅਰਮੈਨ ਇੰਪਰੂਵਮੈਂਟ ਟਰੱਸਟ ਸੰਗਰੂਰ ਨੇ 120 ਵਿਦਿਆਰਥੀਆਂ ਨੂੰ ਮੌਕੇ 'ਤੇ ਨਿਯੁਕਤੀ ਪੱਤਰ ਵੰਡੇ, ਜਦੋਂਕਿ ਸਤਿੰਦਰ ਸਿੰਘ ਡਿਪਟੀ ਸੀਈਓ ਜ਼ਿਲ੍ਹਾ ਰੁਜ਼ਗਾਰ ਤੇ ਕਾਰੋਬਾਰ ਬਿਊਰੋ ਅਤੇ ਹਸਵਿੰਦਰ ਕੌਰ ਪ੍ਰਿੰਸੀਪਲ ਆਈਟੀਆਈ ਸਮਾਣਾ ਨੇ ਸ਼ਮੂਲੀਅਤ ਕੀਤੀ। ਇਕੱਠ ਨੂੰ ਸੰਬੋਧਨ ਕਰਦਿਆਂ ਸੰਸਥਾ ਦੇ ਚੇਅਰਮੈਨ ਬਲਜੀਤ ਸਿੰਘ ਨੇ ਕਿਹਾ ਕਿ ਪੰਜਾਬ ਵਿੱਚ ਬੇਰੁਜ਼ਗਾਰੀ ਬਹੁਤ ਵੱਡਾ ਮੁੱਦਾ ਬਣਿਆ ਹੋਇਆ ਹੈ ਅਤੇ ਇਸ ਤਰ੍ਹਾਂ ਦੇ ਰੋਜ਼ਗਾਰ ਮੇਲੇ ਬਹੁਤ ਸਾਰੇ ਬੱਚਿਆਂ ਲਈ ਵਰਦਾਨ ਸਾਬਤ ਹੁੰਦੇ ਹਨ। ਕਾਲਜ ਦੇ ਵਾਇਸ ਚੇਅਰਮੈਨ ਵਰਿੰਦਰ ਸਿੰਘ ਤੇ ਸੈਕਟਰੀ ਪਰਮਿੰਦਰ ਸਿੰਘ ਨੇ ਮੇਲੇ ਵਿੱਚ ਭਾਗ ਲੈਣ ਵਾਲੀਆਂ ਕੰਪਨੀਆਂ ਕਰੋਮਟੋਨ ਗ੍ਰੀਵਸ, ਸਵਰਾਜ ਟਰੈਕਟਰਸ, ਸੁੱਖ ਸੇਵਾ ਮਲਟੀਸਪੈਸ਼ਲਟੀ ਹਸਪਤਾਲ, ਹੈੱਡ ਮਾਸਟਰਸ ਅਕੈਡਮੀ, ਲੈੱਕਮੇ, ਇਨਫੋਵਿਜ਼ ਆਦਿ ਦਾ ਧੰਨਵਾਦ ਕੀਤਾ ਅਤੇ ਜਿਹੜੇ ਨੌਜਵਾਨਾਂ ਨੂੰ ਨੌਕਰੀਆਂ ਮਿਲੀਆਂ, ਉਨ੍ਹਾਂ ਨੂੰ ਵਧਾਈ ਦਿੱਤੀ। ਕਾਲਜ ਦੇ ਡਾਇਰੈਕਟਰ ਡਾ ਅਮਰੀਸ਼ ਧਵਨ ਨੇ ਜ਼ਿਲ੍ਹਾ ਰੁਜ਼ਗਾਰ ਬਿਊਰੋ ਦਾ ਧੰਨਵਾਦ ਕੀਤਾ ਤੇ ਕਿਹਾ ਇਸ ਤਰ੍ਹਾਂ ਦੇ ਮੇਲੇ ਆਉਣ ਵਾਲੇ ਸਮੇਂ ਵਿੱਚ ਵੀ ਲੱਗਦੇ ਰਹਿਣਗੇ। ਕਾਲਜ ਦੇ ਪ੍ਰਿੰਸੀਪਲ ਯਾਦਵਿੰਦਰ ਸਿੰਘ ਨੇ ਬੱਚਿਆਂ ਨੂੰ ਇਸ ਤਰ੍ਹਾਂ ਦੇ ਰੁਜ਼ਗਾਰ ਮੇਲੇ ਵਿੱਚ ਵੱਧ ਤੋਂ ਵੱਧ ਹਿੱਸਾ ਲੈਣ ਲਈ ਉਤਸ਼ਾਹਤ ਕੀਤਾ। ਕਾਲਜ ਦੇ ਪਲੇਸਮੈਂਟ ਅਫ਼ਸਰ ਨਵਜੋਤ ਸਿੰਘ ਦੀ ਮਿਹਨਤ ਦੀ ਸਾਰਿਆਂ ਨੇ ਸ਼ਲਾਘਾ ਕੀਤੀ।

# ਸਪੋਰਟਸ ਐਸੋਸੀਏਸ਼ਨ ਵੱਲੋਂ ਕਰਾਇਆ ਗਿਆ ਸਰੀਰਕ ਤੰਦਰੁਸਤੀ ਕੈਂਪ

**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਸਪੋਰਟਸ ਐਸੋਸੀਏਸ਼ਨ ਵੱਲੋਂ ਸ਼੍ਰੀ ਯਸ਼ਪਾਲ ਸਿੰਗਲਾ, ਡੀ ਕੇ ਸੂਦ ਅਤੇ ਸ਼ੁਭਦੀਪ ਸਿੰਘ ਮਾਨ (ਇੰਟਰਨੈਸ਼ਨਲ ਖਿਡਾਰੀ) ਦੀ ਸਰਪ੍ਰਸਤੀ ਤੇ ਬਲਜੀਤ ਸਿੰਘ ਮਿੰਟੂ ਦੀ ਪ੍ਰਧਾਨਗੀ ਹੇਠ ਸਵ. ਕੋਚ ਉਂਕਾਰ ਸਿੰਘ ਮਾਨ ਤੇ ਸਵ. ਅਵਤਾਰ ਸਿੰਘ ਜਵੰਦਾ ਦੀ ਯਾਦ ਨੂੰ ਸਮਰਪਤ ਕਰਾਏ ਗਏ ਫ਼ਿਜ਼ੀਕਲ ਫਿਟਨੈੱਸ ਕੈਂਪ ਦੇ ਅਖੀਰਲੇ ਦਿਨ ਬੱਚਿਆਂ ਨੂੰ ਇਨਾਮ ਤਕਸੀਮ ਕਰਨ ਲਈ ਕੈਬਨਿਟ ਮੰਤਰੀ ਪੰਜਾਬ ਚੇਤਨ ਸਿੰਘ ਜੌੜਾਮਾਜਰਾ ਨੇ ਸ਼ਿਰਕਤ ਕੀਤੀ। ਇਸ ਮੌਕੇ ਜੌੜਾਮਾਜਰਾ ਨੇ ਸਪੋਰਟਸ ਐਸੋਸੀਏਸ਼ਨ ਦੇ ਇਸ ਉਪਰਾਲੇ ਸ਼ਲਾਘਾ ਕਰਦਿਆਂ ਕਿਹਾ ਕਿ ਬੱਚਿਆਂ 'ਚ ਖੇਡਾਂ ਪ੍ਰਤੀ ਰੁਚੀ ਪੈਦਾ ਕਰਨ ਤੇ ਖੇਡਾਂ ਨਾਲ ਜੋੜਣ ਲਈ ਇਹ ਇੱਕ ਬਹੁਤ ਵਧੀਆ ਉਪਰਾਲਾ ਹੈ ਤੇ ਬੱਚੇ ਖੇਡਾਂ ਨਾਲ ਜੁੜਦੇ ਹੋਏ ਇਸ ਖੇਤਰ ਵਿੱਚ ਚੰਗੀਆਂ ਮੱਲਾਂ ਮਾਰ ਕੇ ਦੇਸ਼ ਦਾ ਨਾਂਅ ਰੌਸ਼ਨ ਕਰਦੇ ਹਨ।

ਉਨ੍ਹਾਂ ਅੱਗੇ ਕਿਹਾ ਕਿ ਖੇਡਾਂ ਨੂੰ ਪ੍ਰਫੁੱਲਤ ਕਰਨ ਲਈ ਪੰਜਾਬ ਸਰਕਾਰ ਕੋਈ ਕਸਰ ਨਹੀਂ ਛੱਡ ਰਹੀ, ਕਿਉਂਕਿ ਸਰਕਾਰ ਦਾ ਮੁੱਖ ਮਕਸਦ ਬੱਚਿਆਂ ਤੇ ਨੌਜਵਾਨਾਂ ਨੂੰ ਖੇਡਾਂ ਵੱਲ ਪ੍ਰੇਰਤ ਕਰਨਾ ਹੈ। ਇਸ ਮੌਕੇ ਵਿਸ਼ੇਸ਼ ਮਹਿਮਾਨ ਵਜੋਂ ਇੰਟਰਨੈਸ਼ਨਲ ਖਿਡਾਰਨ ਸੰਦੀਪ ਕੌਰ ਮਾਨ ਵੱਲੋਂ ਹਾਜ਼ਰੀ ਭਰੀ ਗਈ ਤੇ ਉਨ੍ਹਾਂ ਬੱਚਿਆਂ ਨੂੰ ਫ਼ਿਜ਼ੀਕਲ ਫਿਟਨੈੱਸ ਕੈਂਪ ਦੀ ਮਹੱਤਤਾ ਬਾਰੇ ਜਾਣਕਾਰੀ ਦਿੱਤੀ ਗਈ। ਐਸੋਸੀਏਸ਼ਨ ਸਰਪ੍ਰਸਤ ਯਸ਼ਪਾਲ ਸਿੰਗਲਾ ਤੇ ਪ੍ਰਧਾਨ ਬਲਜੀਤ ਸਿੰਘ ਮਿੰਟੂ ਨੇ ਕਿਹਾ ਕਿ ਸਵ. ਕੋਚ ਉਂਕਾਰ ਸਿੰਘ ਮਾਨ ਵਲੋਂ ਖੇਡਾਂ ਤੇ ਅਵਤਾਰ ਸਿੰਘ ਜਵੰਦਾ ਵੱਲੋਂ ਸਮਾਜਿਕ ਖੇਤਰ 'ਚ ਨਿਭਾਈਆਂ ਸੇਵਾਵਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਉਨ੍ਹਾਂ ਦੀਆਂ ਸੇਵਾਵਾਂ ਨੂੰ ਹਮੇਸ਼ਾ ਯਾਦ ਰੱਖਿਆ ਜਾਵੇਗਾ। ਇਸ ਮੌਕੇ ਐਸੋਸੀਏਸ਼ਨ ਵੱਲੋਂ ਆਏ ਹੋਏ ਮਹਿਮਾਨਾਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ ਅਤੇ ਨਾਲ ਹੀ ਗਗਨਜੋਤ ਮਾਨ (ਯੂ.ਸ.ਏ), ਸਿਮਰਤ ਮਾਨ ਯੂ.ਸ.ਏ ਅਤੇ ਇਲਾਕੇ ਦੇ ਪਤਵੰਤਿਆਂ ਦਾ ਧੰਨਵਾਦ ਕੀਤਾ ਗਿਆ, ਜਿਨ੍ਹਾਂ ਵੱਲੋਂ ਇਸ ਕੈਂਪ ਨੂੰ ਵੱਡਾ ਸਹਿਯੋਗ ਦਿੱਤਾ ਗਿਆ।

ਇਸ ਮੌਕੇ ਹਰਜਿੰਦਰ ਸਿੰਘ ਮਿੰਟੂ ਜੌੜਾਮਾਜਰਾ, ਪੀਏ ਗੁਰਦੇਵ ਟਿਵਾਣਾ, ਅਗਰਵਾਲ ਧਰਮਸ਼ਾਲਾ ਪ੍ਰਧਾਨ ਡਾ. ਮਦਨ ਮਿੱਤਲ, ਗੋਪਾਲ ਕ੍ਰਿਸ਼ਨ ਗਰਗ ਬਿੱਟੂ, ਕੁਲਬੀਰ ਸਿੰਗਲਾ ਅਤੇ ਸੰਜੇ ਮੰਤਰੀ ਵਲੋਂ ਵਿਸ਼ੇਸ਼ ਤੌਰ 'ਤੇ ਹਾਜ਼ਰੀ ਭਰੀ ਗਈ। ਇਸ ਮੌਕੇ ਬੱਚਿਆਂ ਨੇ ਭੰਗੜਾ ਤੇ ਲੜਕੀਆਂ ਨੇ ਗਿੱਧਾ, ਡਾਂਸ ਆਦਿ ਲੋਕ ਨਾਚ ਪੇਸ਼ ਕਰਕੇ ਸਭ ਨੂੰ ਮੰਤਰ ਮੁਗਧ ਕੀਤਾ। ਇਸ ਮੌਕੇ ਬੌਬੀ ਮਾਨ, ਮਹਿੰਦਰ ਸਿੰਘ ਧੀਮਾਨ, ਨਿਸ਼ਾਨ ਸਿੰਘ ਸੰਧੂ, ਐਨ.ਕੇ ਸੂਧ ਪੀਟਰ, ਬੌਬੀ ਮਾਨ, ਮਨਜਿੰਦਰ ਸਿੰਘ ਰਾਣਾ ਸੇਖੋਂ, ਪ੍ਰਦੁਮਨ ਸਿੰਘ ਵਿਰਕ, ਜਸਵਿੰਦਰ ਸਿੰਘ ਦਰਦ, ਲਾਭ ਸਿੰਘ ਸਿੱਧੂ, ਗੁਰਜੀਤ ਸਿੰਘ ਦਾਨੀਪੁਰ, ਡਾ. ਪ੍ਰੇਮ ਪਾਲ, ਰਾਜ ਕੌਰ, ਲਖਵਿੰਦਰ ਸਿੰਘ ਜਵੰਦਾ, ਵਿਸ਼ਾਲ ਗਰਗ ਡੈਮੋ, ਖੁਸ਼ਬਾਗ ਸਿੰਘ, ਮਾਸਟਰ ਪਰਮਜੀਤ ਲਾਲ, ਦਵਿੰਦਰ ਸਿੰਘ ਜਵੰਦਾ, ਮਾਸਟਰ ਜਸਵੀਰ ਸਿੰਘ, ਮਾਸਟਰ ਜਸਵਿੰਦਰ ਸਿੰਘ ਪਿਆਰੂ, ਜੈਸੀ ਮਾਨ,ਹਰਿੰਦਰ ਸਿੰਘ ਜੌੜਾਮਾਜਰਾ, ਵਿੱਕੀ ਸ਼ਰਮਾ, ਜਸਵੰਤ ਸਿੰਘ ਵਿਰਕ, ਭੁਪਿੰਦਰ ਸਿੰਘ, ਡਾ ਸ਼ਾਮ ਲਾਲ, ਕੁਲਦੀਪ ਸਿੰਘ ਦੀਪਾ, ਬਲਜੀਤ ਕੌਰ ਤੇ ਅੰਮ੍ਰਿਤ ਸਿੰਘ ਭੰਗੜਾ ਅਕੈਡਮੀ ਆਦਿ ਸਮੇਤ ਵੱਡੀ ਗਿਣਤੀ ਵਿੱਚ ਸ਼ਹਿਰ ਦੇ ਪਤਵੰਤੇ ਵੀ ਹਾਜ਼ਰ ਸਨ।




YES BANK
**ਰਜਿਸਟਰਡ ਅਤੇ ਕਾਰਪੋਰੇਟ ਦਫਤਰ : ਯੈੱਸ ਬੈਂਕ ਹਾਊਸ**, ਦਫਤਰ ਵੈਸਟਰਨ ਐੱਕਸਪ੍ਰੈੱਸ ਹਾਈਵੇਅ, ਸਾਂਤਾਕਰੂਜ਼ ਈਸਟ, ਮੁੰਬਈ- 400055, **CIN:** L65190MH2003PLC143249, ਈ-ਮੇਲ : communications@yesbank.in, **ਵੈੱਬਸਾਈਟ :** www.yesbank.in

**[ਰੂਲ 8(1)] ਕਬਜ਼ਾ ਸੂਚਨਾ (ਸੰਕੇਤਕ ਕਬਜ਼ੇ ਵਾਸਤੇ)**

ਜਦਕਿ ਨਿਮਨਹਸਤਾਖਰੀ ਨੇ ਸਕਿਓਰਟਾਈਜੇਸ਼ਨ ਐਂਡ ਰੀਕੰਸਟ੍ਰਕਸ਼ਨ ਆਫ ਫਾਇਨਾਂਸ਼ੀਅਲ ਐਸੇਟਸ ਐਂਡ ਇਨਫੋਰਸਮੈਂਟ ਆਫ ਸਕਿਓਰਿਟੀ ਇੰਟਰੈਸਟ ਐਕਟ, 2002 (54 ਆਫ਼ 2002) ਦੇ ਅਧੀਨ ਯੈੱਸ ਬੈਂਕ ਲਿਮਟਿਡ ਦਾ ਅਧਿਕਾਰਤ ਅਫ਼ਸਰ ਬਣਦੇ ਹੋਏ ਅਤੇ ਸਕਿਓਰਿਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼ 2002 ਦੇ ਨਿਯਮ 9 ਨਾਲ ਪੜ੍ਹੀ ਜਾਂਦੀ ਧਾਰਾ 13(12) ਅਧੀਨ ਪ੍ਰਾਪਤ ਹੋਈਆਂ ਸ਼ਕਤੀਆਂ ਦੀ ਵਰਤੋਂ ਕਰਦਿਆਂ ਹੋਇਆਂ **ਮਿਤੀ 28 ਫਰਵਰੀ, 2023 ਨੂੰ ਜਾਰੀ ਨੋਟਿਸ ਅਤੇ 28 ਫਰਵਰੀ 2023 ਨੂੰ ਭੇਜਿਆ ਗਿਆ, ਜੋ (1) ਮੈਸ. ਲਲਕਾ ਡੇਅਰੀ ਫਾਰਮ ਰਾਹੀਂ ਇਸਦੇ ਮਾਲਕ ਸ਼੍ਰੀ ਕਰਮ ਸਿੰਘ ਪੁੱਤਰ ਸ਼੍ਰੀ ਕਰਨੈਲ ਸਿੰਘ ਪਤਾ : ਮਕਾਨ ਨੰ. 115, ਹਰੀ ਦਾਸ ਕਾਲੋਨੀ, ਨਾਭਾ, ਪਟਿਆਲਾ, ਪੰਜਾਬ-147201, ਵਿਖੇ ਵੀ : ਹਰੀ ਦਾਸ ਕਾਲੋਨੀ, ਨਾਭਾ, ਪਟਿਆਲਾ, ਪੰਜਾਬ-147201 ("ਕਰਜ਼ਦਾਰ/ਗਾਰੰਟਰ ਅਤੇ ਗਿਰਵੀਕਾਰ") (2) ਸ਼੍ਰੀਮਤੀ ਜਸਵਿੰਦਰ ਕੌਰ ਪਤਨੀ ਸ਼੍ਰੀ ਕਰਮ ਸਿੰਘ ਪਤਾ : ਮਕਾਨ ਨੰ. 115, ਹਰੀ ਦਾਸ ਕਾਲੋਨੀ, ਨਾਭਾ, ਪਟਿਆਲਾ, ਪੰਜਾਬ-147201 ("ਸਹਿ-ਕਰਜ਼ਦਾ ਅਤੇ ਗਾਰੰਟਰ") (3) ਸ਼੍ਰੀ ਸੁਖਦੇਵ ਸਿੰਘ ਪੁੱਤਰ ਸ਼੍ਰੀ ਕਰਨੈਲ ਸਿੰਘ ਪਤਾ : ਮਕਾਨ ਨੰ. 115, ਹਰੀ ਦਾਸ ਕਾਲੋਨੀ, ਨਾਭਾ, ਪਟਿਆਲਾ, ਪੰਜਾਬ-147201 ("ਸਹਿ-ਕਰਜ਼ਦਾਰ ਅਤੇ ਗਾਰੰਟਰ")** ਨੂੰ ਨੋਟਿਸ ਵਿੱਚ ਵਰਨਣ **ਮਿਤੀ 16 ਫਰਵਰੀ, 2023 ਅਨੁਸਾਰ ਰੁ. 25,77,078.34 (ਰੁਪਏ ਪੱਚੀ ਲੱਖ ਸਤੱਤਰ ਹਜ਼ਾਰ ਅਠੱਤਰ ਅਤੇ ਚੌਤੀ ਪੈਸੇ ਕੇਵਲ)** ਦੀ **ਮਿਤੀ 16 ਜੂਨ, 2023 ਤਕ ਇਸ ਉੱਪਰ ਬਣਦੇ ਹੋਰ ਵਿਆਜ, ਖਰਚਿਆਂ ਅਤੇ ਹੋਰ ਚਾਰਜਿਜ਼** ਆਦਿ ਸਹਿਤ ਨੋਟਿਸ ਦੇ ਪ੍ਰਾਪਤ ਹੋਣ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ-ਅੰਦਰ ਅਦਾਇਗੀ ਕਰਨ ਲਈ ਕਿਹਾ ਸੀ।

ਕਰਜ਼ਦਾਰ ਅਤੇ ਗਾਰੰਟਰ ਰਾਸ਼ੀ ਦੀ ਅਦਾਇਗੀ ਕਰਨ ਵਿਚ ਅਸਫ਼ਲ ਰਹੇ ਹਨ। ਇਸ ਦੁਆਰਾ ਕਰਜ਼ਦਾਰ, ਗਾਰੰਟਰ ਅਤੇ ਆਮ ਜਨਤਾ ਨੂੰ ਸੂਚਨਾ ਦਿੱਤੀ ਜਾਂਦੀ ਹੈ ਕਿ ਨਿਮਨਹਸਤਾਖਰੀ ਨੇ ਖੁਦ ਨੂੰ (ਪੁਰਸ਼/ਮਹਿਲਾ) ਦਰਸਾਏ ਰੂਲਜ਼ ਦੇ ਨਿਯਮ 9 ਨਾਲ ਦਰਸਾਏ ਐਕਟ ਦੀ ਪੜ੍ਹੀ ਜਾਂਦੀ ਧਾਰਾ 13(4) ਅਧੀਨ ਪ੍ਰਾਪਤ ਸ਼ਕਤੀਆਂ ਦੀ ਵਰਤੋਂ ਕਰਦਿਆਂ ਹੋਇਆਂ ਇਥੇ ਹੇਠਾਂ ਹਰੇਕ ਜਾਇਦਾਦ ਦੇ ਸਾਹਮਣੇ ਦਰਸਾਈਆਂ **ਮਿਤੀ 16 ਜੂਨ, 2023 ਨੂੰ ਕਬਜ਼ਾ ਲੈ ਲਿਆ ਹੈ।**

ਕਰਜ਼ਦਾਰ ਅਤੇ ਗਾਰੰਟਰ ਨੂੰ ਖਾਸ ਕਰਕੇ ਅਤੇ ਜਨਤਾ ਨੂੰ ਆਮ ਕਰਕੇ ਇਸ ਦੁਆਰਾ ਚੌਕਸ ਕੀਤਾ ਜਾਂਦਾ ਹੈ ਕਿ ਉਹ ਜਾਇਦਾਦ/ਜਾਇਦਾਦਾਂ ਦਾ ਕੋਈ ਲੈਣ-ਦੇਣ ਨਾ ਕਰਨ ਅਤੇ ਜਾਇਦਾਦ/ਜਾਇਦਾਦਾਂ ਦਾ ਕੋਈ ਵੀ ਲੈਣ-ਦੇਣ ਕਰਨ ਲਈ **ਮਿਤੀ 16 ਫਰਵਰੀ, 2023 ਅਨੁਸਾਰ ਰੁ. 25,77,078.34 (ਰੁਪਏ ਪੱਚੀ ਲੱਖ ਸਤੱਤਰ ਹਜ਼ਾਰ ਅਠੱਤਰ ਅਤੇ ਚੌਤੀ ਪੈਸੇ ਕੇਵਲ) ਅਤੇ ਇਸ 'ਤੇ ਬਣਦੇ ਵਿਆਜ, ਹੋਰ ਖਰਚਿਆਂ ਦੇ ਲਈ ਯੈੱਸ ਬੈਂਕ** ਦੇ ਚਾਰਜ ਹੇਠ ਹੋਵੇਗਾ।

**ਕਰਜ਼ਦਾਰ ਦਾ ਸੁਰੱਖਿਅਤ ਅਸਾਸਿਆਂ ਨੂੰ ਮੁਕਤ ਕਰਵਾਉਣ ਵਾਸਤੇ ਉਪਲਬੱਧ ਸਮੇਂ ਦੇ ਸਬੰਧ ਵਿੱਚ ਐਕਟ ਦੀ ਧਾਰਾ 13 ਦੀ ਸਬ-ਧਾਰਾ (8) ਦੀਆਂ ਵਿਵਸਥਾਵਾਂ ਪ੍ਰਤੀ ਧਿਆਨ ਦਿਵਾਇਆ ਜਾਂਦਾ ਹੈ।**

ਗਿਰਵੀ ਰੱਖੀ ਅਚੱਲ ਦਾ ਵੇਰਵਾ

| ਗਿਰਵੀ ਰੱਖੀ ਅਚੱਲ ਦਾ ਵੇਰਵਾ | ਗਿਰਵੀਕਾਰ |
|---|---|
| ਇੱਕ ਮਕਾਨ ਨੰ. ਰਕਬਾ 0ਕੇ-8ਐਮ ਭਾਵ 245.6 ਵਰਗ ਗਜ਼, ਜਿਸਦਾ ਖੇਵਟ ਨੰ. 1648, ਖਤੌਨੀ ਨੰ. 2645, ਖਸਰਾ ਨੰ. 2645, ਖਸਰਾ ਨੰ. 20//5/3/2 ਮਿਨ (0-8), (ਹੁਣ ਖਾਤਾ ਨੰ. 1724/2641 ਵਿਚ ਜਮ੍ਹਾਂਬੰਦੀ ਵਾਸਤੇ ਸਾਲ 2015-2016 ਅਨੁਸਾਰ), ਹਰੀਦਾਸ ਕਾਲੋਨੀ, ਨਾਭਾ, ਤਹਿਸੀਲ ਨਾਭਾ-147201 ਵਿਖੇ ਸਥਿਤ ਜਮ੍ਹਾਂਬੰਦੀ ਵਾਸਤੇ ਸਾਲ 2000-2001 ਅਨੁਸਾਰ। | ਸ਼੍ਰੀ ਕਰਮ ਸਿੰਘ ਪੁੱਤਰ ਸ਼੍ਰੀ ਕਰਨੈਲ ਸਿੰਘ |

**ਮਿਤੀ : ਜੂਨ, 16, 2023**
**ਸਥਾਨ : ਨਾਭਾ**
**ਸ਼੍ਰੀ ਅਮਿਤ ਸ਼ਰਮਾ**
**ਅਧਿਕਾਰਤ ਅਫਸਰ**
**ਵਾਸਤੇ ਯੈੱਸ ਬੈਂਕ ਲਿਮਟਿਡ**



G20 — Azadi Ka Amrit Mahotsav

**ਉੱਤਰ ਰੇਲਵੇ**

**ਈ-ਨਿਵਿਦਾ ਸੂਚਨਾ**

ਸੀਨੀਅਰ ਮੰਡਲ ਇੰਜੀਨੀਅਰ-ਸੈਕਿੰਡ ਫਿਰੋਜਪੁਰ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਹੇਠਾਂ ਲਿਖਤ ਈ-ਨਿਵਿਦਾਵਾਂ, ਅੰਤਮ ਮਿਤੀ **10.07.2023** ਸਮਾਂ **15:00** ਵਜੇ ਤਕ www.ireps.gov.in ਤੇ ਮੰਗ ਕੀਤੀ ਜਾਂਦੀ ਹੈ। ਨਿਵਿਦਾਕਰਤਾ ਆਪਣੇ ਮੂਲ/ਸੰਸ਼ੋਧਿਤ ਟੈਂਡਰ ਬੰਦ ਹੋਣ ਦੀ ਮਿਤੀ ਅਤੇ ਸਮੇਂ ਤਕ ਪੇਸ਼ ਕਰ ਸਕਦੇ ਹਨ। ਮੈਨੂੰਅਲ ਪ੍ਰਸਤਾਵ ਇਸ ਟੈਂਡਰ ਦੇ ਲਈ ਮਾਨਯ ਨਹੀਂ ਹਨ ਅਤੇ ਐਸੇ ਕਿਸੇ ਵੀ ਪ੍ਰਸਤਾਵ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ। ਠੇਕੇਦਾਰ ਟੈਂਡਰ ਫਾਰਮ ਦੀ ਬਿਆਨਾ ਰਾਸ਼ੀ ਦੀ ਜਗ੍ਹਾ ਦਾ ਭੁਗਤਾਨ www.ireps.gov.in ਪੋਰਟਲ 'ਤੇ ਉਪਲਬਧ ਆਨ ਲਾਈਨ ਸਾਧਨਾਂ ਦੇ ਮਾਧਿਅਮ ਨਾਲ ਜਿਵੇਂ ਨੈਟ ਬੈਂਕਿੰਗ, ਡੇਬਿਟ ਕਾਰਡ ਕਰੈਡਿਟ ਕਾਰਡ ਆਦਿ ਦੇ ਭੁਗਤਾਨ ਨਾਲ ਕਰ ਸਕਦੇ ਹਨ। ਡਿਮਾਂਡ ਡ੍ਰਾਫਟ, ਬੈਂਕਰਸ ਚੈਕ, ਐਫ.ਡੀ.ਆਰ. ਤੇ ਰਸੀਦਾਂ ਆਦਿ ਦੇ ਮਾਧਿਅਮ ਨਾਲ ਭੁਗਤਾਨ ਦੀ ਇਜਾਜਤ ਨਹੀਂ ਹੈ।

| ਨਿਵਿਦਾ ਪ੍ਰਕਾਰ | ਖੁੱਲ੍ਹਾ | ਨਿਵਿਦਾ ਅਨੁਭਾਗ | ਕੰਮ | ਬੋਲੀ ਪ੍ਰਣਾਲੀ | ਏਕਲ ਬੋਲੀ ਪ੍ਰਣਾਲੀ |
|---|---|---|---|---|---|
| ਟੈਂਡਰ ਅਪਲੋਡ ਕਰਨ ਦੀ ਮਿਤੀ | 16.06.2023<br>17.06.2023 | ਨਿਵਿਦਾ ਸ਼ੁਰੂ ਦੀ ਮਿਤੀ | 26.06.2023<br>26.06.2023 | ਨਿਵਿਦਾ ਸਮਾਪਨ ਦੀ ਮਿਤੀ ਅਤੇ ਸਮਾਂ | 10.07.2023 / 15:00 ਵਜੇ<br>10.07.2023 / 15:00 ਵਜੇ |

| ਲ.ਨੰ. | ਨਿਵਿਦਾ ਨੰਬਰ | ਨਿਵਿਦਾ ਦਾ ਵੇਰਵਾ | ਵਿਗਿਆਪਨ ਮੁੱਲ | ਬਿਆਨਾ ਰਾਸ਼ੀ | ਆਫਰ ਦੀ ਵੈਲੇਡਿਟੀ | ਸਮਾਪਤੀ ਦਾ ਸਮਾਂ | ਸਮਾਨ ਨੇਚਰ ਦਾ ਕੰਮ |
|---|---|---|---|---|---|---|---|
| 1. | 85-2023-24-PTK-DRM-FZR | ਸਹਾਇਕ ਮੰਡਲ ਇੰਜੀਨੀਅਰ ਫਸਟ/ਪਠਾਨਕੋਟ ਦੇ ਤਹਿਤ ਸੀਨੀਅਰ ਸੈਕਸ਼ਨ ਇੰਜੀਨੀਅਰ/ਵਰਕਸ/ਪਠਾਨਕੋਟ ਅਤੇ ਪਠਾਨਕੋਟ ਕੈਂਟ ਦੇ ਸੇਕਸ਼ਨ ਵਿਚ ਸਾਧਾਰਨ ਮੁਰੰਮਤ ਅਤੇ ਰਖਰਖਾਅ ਦੇ ਲਈ ਸਲਾਨਾ ਜੋਨ ਦਾ ਕੰਮ ਕਰਨ ਲਈ। | ₹1,94,99,839.02 | ₹2,47,500/- | 60 ਦਿਨ | 12 ਮਹੀਨੇ | "ਟ੍ਰੈਕ ਕੰਮ ਦੇ ਇਲਾਵਾ ਕੋਈ ਵੀ ਸਿਵਿਲ ਕੰਮ"। |
| 2. | 86-2023-24-PTK-DRM-FZR | ਸਹਾਇਕ ਮੰਡਲ ਇੰਜੀਨੀਅਰ ਫਸਟ/ਪਠਾਨਕੋਟ ਦੇ ਤਹਿਤ ਸੀਨੀਅਰ ਸੈਕਸ਼ਨ ਇੰਜੀਨੀਅਰ/ਵਰਕਸ/ਮੁਕੇਰੀਆਂ ਦੇ ਸੇਕਸ਼ਨ ਵਿਚ ਸਾਧਾਰਨ ਮੁਰੰਮਤ ਅਤੇ ਰਖਰਖਾਅ ਦੇ ਲਈ ਸਲਾਨਾ ਜੋਨ ਦਾ ਕੰਮ ਕਰਨ ਲਈ। | ₹1,69,99,962.39 | ₹2,35,000/- | 60 ਦਿਨ | 12 ਮਹੀਨੇ | "ਟ੍ਰੈਕ ਕੰਮ ਦੇ ਇਲਾਵਾ ਕੋਈ ਵੀ ਸਿਵਿਲ ਕੰਮ"। |
| 3. | 87-2023-24-JRC-DRM-FZR | ਸਹਾਇਕ ਮੰਡਲ ਇੰਜੀਨੀਅਰ /ਜਲੰਧਰ ਕੈਂਟ ਦੇ ਤਹਿਤ ਮੇਮੂ ਸ਼ੇਡ, ਬ੍ਰਿਜ ਵਰਕਸ਼ਾਪ / ਜਲੰਧਰ ਕੈਂਟ ਅਤੇ ਵਿਭਾਗੀ ਟਰੇਨਿੰਗ ਸੰਸਥਾਨ ਜਲੰਧਰ ਵਿਚ ਸਾਧਾਰਨ ਮੁਰੰਮਤ ਅਤੇ ਰਖਰਖਾਅ ਦੇ ਲਈ ਸਲਾਨਾ ਜੋਨ ਦਾ ਕੰਮ ਕਰਨ ਲਈ। | ₹79,98,075 | ₹1,60,000/- | 60 ਦਿਨ | 12 ਮਹੀਨੇ | "ਟ੍ਰੈਕ ਕੰਮ ਦੇ ਇਲਾਵਾ ਕੋਈ ਵੀ ਸਿਵਿਲ ਕੰਮ"। |
| 4. | 90-2023-24-PLMX-DRM-FZR | ਸਹਾਇਕ ਮੰਡਲ ਇੰਜੀਨੀਅਰ ਪਾਲਮਪੁਰ ਦੇ ਤਹਿਤ ਸੀਨੀਅਰ ਸੈਕਸ਼ਨ ਇੰਜੀਨੀਅਰ/ਵਰਕਸ/ਪਾਲਮਪੁਰ ਦੇ ਸੇਕਸ਼ਨ ਵਿਚ ਪਾਲਮਪੁਰ ਅਤੇ ਮਨਾਲੀ ਵਿਚ ਅਫਸਰ ਰੈਸਟ ਹਾਊਸ ਸਮੇਤ ਮੁਰੰਮਤ ਸਾਧਾਰਨ ਅਤੇ ਰਖਰਖਾਅ ਦੇ ਲਈ ਸਲਾਨਾ ਜੋਨ ਦਾ ਕੰਮ ਕਰਨ ਲਈ। | ₹1,44,99,842.67 | ₹2,22,500/- | 60 ਦਿਨ | 12 ਮਹੀਨੇ | "ਟ੍ਰੈਕ ਕੰਮ ਦੇ ਇਲਾਵਾ ਕੋਈ ਵੀ ਸਿਵਿਲ ਕੰਮ"। |
| 5. | 91-2023-24-PLMX-DRM-FZR | ਸਹਾਇਕ ਮੰਡਲ ਇੰਜੀਨੀਅਰ/ਪਾਲਮਪੁਰ ਦੇ ਤਹਿਤ ਸੀਨੀਅਰ ਸੈਕਸ਼ਨ ਇੰਜੀਨੀਅਰ/ਵਰਕਸ/ਨਗਰੋਟਾ ਦੇ ਸੇਕਸ਼ਨ ਵਿਚ ਸਾਧਾਰਨ ਮੁਰੰਮਤ ਅਤੇ ਰਖਰਖਾਅ ਦੇ ਲਈ ਸਲਾਨਾ ਜੋਨ ਦਾ ਕੰਮ ਕਰਨ ਲਈ। | ₹1,44,93,377.92 | ₹2,22,500/- | 60 ਦਿਨ | 12 ਮਹੀਨੇ | "ਟ੍ਰੈਕ ਕੰਮ ਦੇ ਇਲਾਵਾ ਕੋਈ ਵੀ ਸਿਵਿਲ ਕੰਮ"। |
| 6. | 92-2023-24-JRC-DRM-FZR | ਸਹਾਇਕ ਮੰਡਲ ਇੰਜੀਨੀਅਰ/ਜਲੰਧਰ ਕੈਂਟ ਦੇ ਤਹਿਤ ਸੀਨੀਅਰ ਸੈਕਸ਼ਨ ਇੰਜੀਨੀਅਰ/ਕੰਮ/ ਜਲੰਧਰ ਸ਼ਹਿਰ ਦੇ ਸੇਕਸ਼ਨ ਵਿਚ ਸਾਧਾਰਨ ਅਤੇ ਮੁਰੰਮਤ ਅਤੇ ਰਖਰਖਾਅ ਦੇ ਲਈ ਸਲਾਨਾ ਜੋਨ ਦਾ ਕੰਮ ਕਰਨ ਲਈ। | ₹1,59,99,589.10 | ₹2,30,000/- | 60 ਦਿਨ | 12 ਮਹੀਨੇ | "ਟ੍ਰੈਕ ਕੰਮ ਦੇ ਇਲਾਵਾ ਕੋਈ ਵੀ ਸਿਵਿਲ ਕੰਮ"। |
| 7. | 93-2023-24-JRC-DRM-FZR | ਸਹਾਇਕ ਮੰਡਲ ਇੰਜੀਨੀਅਰ/ਜਲੰਧਰ ਕੈਂਟ ਦੇ ਤਹਿਤ ਸੀਨੀਅਰ ਸੈਕਸ਼ਨ ਇੰਜੀਨੀਅਰ/ਕੰਮ/ ਜਲੰਧਰ ਕੈਂਟ ਦੇ ਸੇਕਸ਼ਨ ਵਿਚ ਸਾਧਾਰਨ ਅਤੇ ਮੁਰੰਮਤ ਅਤੇ ਰਖਰਖਾਅ ਦੇ ਲਈ ਸਲਾਨਾ ਜੋਨ ਦਾ ਕੰਮ ਕਰਨ ਲਈ। | ₹1,59,99,581.66 | ₹2,30,000/- | 60 ਦਿਨ | 12 ਮਹੀਨੇ | "ਟ੍ਰੈਕ ਕੰਮ ਦੇ ਇਲਾਵਾ ਕੋਈ ਵੀ ਸਿਵਿਲ ਕੰਮ"। |

ਨੋਟ : 1. ਨਿਵਿਦਾ ਪਾਉਣ ਤੋਂ ਪਹਿਲਾਂ ਨਿਵਿਦਾਕਰਤਾ ਨਿਵਿਦਾ ਦੇ ਸਬੰਧ ਵਿਚ ਜਾਰੀ ਕੀਤੇ ਗਏ ਕਿਸੇ ਵੀ ਸ਼ੁਧੀਪੱਤਰ ਦੀ ਜਾਂਚ ਕਰਨਗੇ।
2. ਹਿੰਦੀ ਵਿਚ ਕਿਸੇ ਵੀ ਗਲਤੀ ਲਈ ਅੰਗ੍ਰੇਜੀ ਵਰਜਨ ਦਾ ਅਵਲੋਕਨ ਕਰੋ, ਅਤੇ ਅੰਗ੍ਰੇਜੀ ਵਰਜਨ ਹੀ ਮਾਨਯ ਹੋਣਗੇ।

ਨਿਵਿਦਾ ਸੂਚਨਾ ਪੱਤਰ ਨੰ.:-770-W/169/WA/FZR/85 & 86-2023-24-PTK-DRM-FZR & 87, 92 & 93-2023-24-JRC-DRM-FZR & 90-91-2023-24-PLMX-FZR Date: 17.06.2023 1075/2023

**ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ**

20-June-PAGE-8.qxd 6/19/2023 10:28 PM Page 1



# ਗੈਂਗਸਟਰ ਗੁਰਜਿੰਦਰ ਸਿੰਘ ਉਰਫ ਗਿੰਦਾ ਸਣੇ 5 ਗ੍ਰਿਫ਼ਤਾਰ, ਖੋਹੀ ਗਈ ਸਵਿਫਟ ਕਾਰ ਬਰਾਮਦ

**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)**-ਸ੍ਰੀਨਗਰ ਘੁੰਮ ਕੇ ਵਾਪਸ ਆ ਰਹੀ ਸਵਿਫਟ ਕਾਰ ਖੋਹਣ ਦੇ ਦੋਸ਼ 'ਚ ਪੁਲਸ ਨੇ ਬੀ-ਕੈਟਾਗਰੀ ਦੇ ਗੈਂਗਸਟਰ ਗੁਰਜਿੰਦਰ ਸਿੰਘ ਉਰਫ ਗਿੰਦਾ ਸਣੇ 5 ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰ ਕੇ ਖੋਹੀ ਗਈ ਸਵਿਫਟ ਕਾਰ ਬਰਾਮਦ ਕੀਤੀ ਹੈ।

ਪ੍ਰੈੱਸ ਕਾਨਫਰੰਸ ਵਿਚ ਜਾਣਕਾਰੀ ਦਿੰਦੇ ਹੋਏ ਐੱਸ. ਸੀ. (ਆਪ੍ਰੇਸ਼ਨ) ਡਾ. ਮੁਕੇਸ਼ ਸ਼ਰਮਾ ਨੇ ਦੱਸਿਆ ਕਿ ਟੈਕਸੀ ਚਲਾਉਣ ਵਾਲਾ ਵਿਜੈ ਕੁਮਾਰ ਪੁੱਤਰ ਗਿਰੀ ਰਾਜ ਵਾਸੀ ਫਰੀਦਕੋਟ (ਹਰਿਆਣਾ) ਬੀਤੀ 14 ਜੂਨ ਨੂੰ ਆਪਣੀ ਪ੍ਰਾਈਵੇਟ ਸਵਿਫਟ ਕਾਰ 'ਚ ਸਵਾਰੀਆਂ ਨੂੰ ਲੈ ਕੇ ਸ੍ਰੀਨਗਰ ਤੋਂ ਚੰਡੀਗੜ੍ਹ ਵੱਲ ਜਾ ਰਿਹਾ ਸੀ ਕਿ ਰਾਤ ਤਕਰੀਬਨ ਸਾਢੇ 8 ਵਜੇ ਸਵਾਰੀਆਂ ਦੇ ਕਹਿਣ 'ਤੇ ਖਾਣਾ ਖਾਣ ਲਈ ਬਲਾਚੌਰ ਸਥਿਤ ਇਕ ਹੋਟਲ ਵਿਖੇ ਰੁਕੇ। ਕਾਰ ਵਿਚ ਸਵਾਰ ਸਵਾਰੀਆਂ ਰਾਤ ਅਰਾਮ ਕਰਨ ਲਈ ਹੋਟਲ ਵਿਚ ਸਥਿਤ ਕਮਰੇ ਵਿਚ ਚਲੀਆਂ ਗਈਆਂ ਅਤੇ ਉਕਤ ਟੈਕਸੀ ਚਾਲਕ ਆਪਣੀ ਕਾਰ ਵਿਚ ਹੀ ਬੈਠਾ ਸੀ ਕਿ 2 ਨੌਜਵਾਨਾਂ ਨੇ ਉਸ ਕੋਲ ਆ ਕੇ ਗੋਲੀ ਮਾਰਨ ਦਾ ਡਰ ਦਿਖਾ ਕੇ ਉਸ ਦੀ ਸਵਿਫਟ ਕਾਰ ਨੂੰ ਖੋਹ ਕੇ ਫਰਾਰ ਹੋ ਗਏ। ਐੱਸ. ਪੀ. ਡਾ. ਮੁਕੇਸ਼ ਨੇ ਦੱਸਿਆ ਕਿ ਅਪਰਾਧ ਦੀ ਗੰਭੀਰਤਾ ਨੂੰ ਦੇਖਦੇ ਹੋਏ ਜਾਣਕਾਰੀ ਮਿਲਣ 'ਤੇ ਤੁਰੰਤ ਬਾਅਦ ਐੱਸ. ਐੱਚ. ਓ. ਥਾਣਾ ਬਲਾਚੌਰ ਸਣੇ ਹੋਰ ਪੁਲਸ ਅਫਸਰ ਮੌਕੇ 'ਤੇ ਪਹੁੰਚ ਗਏ ਅਤੇ ਸੀ. ਸੀ. ਟੀ. ਵੀ. ਕੈਮਰਿਆਂ ਦੀ ਮਦਦ ਨਾਲ ਅਪਰਾਧੀਆਂ ਦੀ ਧਰ ਪਕੜ ਲਈ ਵੱਖ-ਵੱਖ ਪੁਲਸ ਅਧਿਕਾਰੀਆਂ ਦੀ ਅਗਵਾਈ ਹੇਠ ਟੀਮਾਂ ਦਾ ਗਠਨ ਕਰ ਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਉਨ੍ਹਾ ਦੱਸਿਆ ਕਿ ਪੁਲਸ ਨੂੰ ਮਿਲੀ ਗੁਪਤ ਸੂਚਨਾ ਦੇ ਆਧਾਰ 'ਤੇ ਪੁਲਸ ਨੇ ਪਿੰਡ ਜੈਨਪੁਰ ਦੀ ਹੱਦ ਵਿਚ ਕਾਰ ਨੂੰ ਖੋਹਣ ਲਈ 4 ਦੋਸ਼ੀਆਂ, ਜਿਸ ਵਿਚ ਗਰੋਹ ਦਾ ਸਰਗਣਾ ਗੁਰਜਿੰਦਰ ਸਿੰਘ ਉਰਫ ਗਿੰਦਾ ਪੁੱਤਰ ਜੁਝਾਰ ਸਿੰਘ ਵਾਸੀ ਪਿੰਡ ਮਹਿਦਪੁਰ ਥਾਣਾ ਬਲਾਚੌਰ, ਗੁਰਦੀਪ ਸਿੰਘ, ਉਰਫ ਦੀਪ ਪੁੱਤਰ ਕਸ਼ਮੀਰ ਸਿੰਘ ਵਾਸੀ ਪਿੰਡ ਭਾਰਾਪੁਰ, ਪ੍ਰਦੀਪ ਕੁਮਾਰ ਉਰਫ ਅੰਬੀ ਪੁੱਤਰ ਬਲਵੀਰ ਸਿੰਘ ਵਾਸੀ ਪਿੰਡ ਬੱਕਾਪੁਰ, ਗੁਰਜੀਤ ਸਿੰਘ ਪੁੱਤਰ ਤਰਸੇਮ ਸਿੰਘ ਵਾਸੀ ਮਹਿੰਦੀਪੁਰ ਥਾਣਾ ਬਲਾਚੌਰ ਅਤੇ ਬਲਤੇਜ ਸਿੰਘ ਉਰਫ ਤੇਜ਼ਾ ਪੁੱਤਰ ਚੈਂਚਲ ਸਿੰਘ ਵਾਸੀ ਜਨੇਤਪੁਰ ਥਾਣਾ ਜਗਰਾਓਂ ਸ਼ਾਮਲ ਹਨ।

ਗਰੋਹ ਦੇ ਸਰਗਣਾ ਗੁਰਜਿੰਦਰ ਸਿੰਘ ਖਿਲਾਫ ਕਤਲ ਸਣੇ 17 ਅਪਰਾਧਕ ਮਾਮਲੇ ਦਰਜ ਹਨ। ਐੱਸ ਪੀ ਡਾ. ਮੁਕੇਸ਼ ਸ਼ਰਮਾ ਨੇ ਦੱਸਿਆ ਕਿ ਗਰੋਹ ਦਾ ਮੁਖੀ ਗੁਰਜਿੰਦਰ ਸਿੰਘ ਬੀਤੇ ਮਹੀਨਿਆਂ ਵਿਚ ਪੁਲਸ ਮੁੱਠਭੇੜ 'ਚ ਮਾਰੇ ਗਏ ਗੈਂਗਸਟਰ ਤਜਿੰਦਰ ਸਿੰਘ ਉਰਫ ਤੇਜਾ ਦਾ ਸਕਾ ਭਰਾ ਹੈ ਤੇ ਬੀ-ਕੈਟਾਗਰੀ ਦਾ ਗੈਂਗਸਟਰ ਹੈ ਅਤੇ ਹੁਣ ਕੁਝ ਦਿਨ ਪਹਿਲਾਂ ਹੀ ਜੇਲ੍ਹ ਵਿਚੋਂ ਸਜ਼ਾ ਕੱਟ ਕੇ ਬਾਹਰ ਆਇਆ ਹੈ। ਡਾ. ਮੁਕੇਸ਼ ਨੇ ਦੱਸਿਆ ਕਿ ਗ੍ਰਿਫਤਾਰ ਮੁਲਜ਼ਮਾਂ ਨੂੰ ਅਦਾਲਤ 'ਚ ਪੇਸ਼ ਕਰ ਕੇ 2 ਦਿਨ ਦੇ ਪੁਲਸ ਰਿਮਾਂਡ 'ਤੇ ਲਿਆ ਗਿਆ ਹੈ।

## ਰੋਜ਼ਾ ਸ਼ਰੀਫ ਮੰਢਾਲੀ ਵਿਖੇ ਮੇਲਾ 29 ਤੋਂ

**ਬਹਿਰਾਮ (ਅਵਤਾਰ ਕਲੇਰ)** ਦਰਬਾਰ ਸੱਯਦ ਉੱਲ ਸੇਖ ਬਾਬਾ ਅਬਦੁੱਲਾ ਸ਼ਾਹ ਕਾਦਰੀ ਰੋਜਾ ਸ਼ਰੀਫ



ਮੰਢਾਲੀ ਵਿਖੇ ਸਾਲਾਨਾ ਮੇਲਾ 29 ਜੂਨ ਤੋਂ 3 ਜੁਲਾਈ ਤੱਕ ਮਨਾਇਆ ਜਾ ਰਿਹਾ ਹੈ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਗੱਦੀ ਨਸ਼ੀਨ ਸਾਈਂ ਉਮਰੇ ਸ਼ਾਹ ਕਾਦਰੀ ਨੇ ਦੱਸਿਆ ਕਿ ਇਸ ਪੰਜ ਦਿਨਾਂ ਦਿਨ - ਰਾਤ ਚੱਲਣ ਵਾਲੇ ਮੇਲੇ ਦੌਰਾਨ ਵੱਖ ਵੱਖ ਦਰਬਾਰਾਂ ਤੋਂ ਸੰਤ ਮਹਾਂਪੁਰਸਾਂ ਸ਼ਿਰਕਤ ਕਰਨਗੇ। ਪੰਜਾਬ ਦੇ ਮਸ਼ਹੂਰ ਕੱਵਾਲ ਪਾਰਟੀਆਂ ਅਤੇ ਕਲਾਕਾਰ ਸੰਗਤਾਂ ਨੂੰ ਨਿਹਾਲ ਕਰਨਗੇ। 29 ਜੂਨ ਨੂੰ ਸ਼ਾਮ ਨੂੰ ਨਿਸ਼ਾਨ ਸਾਹਿਬ ਦੀ ਰਸਮ ਉਪਰੰਤ ਚਿਰਾਗਾਂ ਦੀ ਰਸਮ। 3 ਜੁਲਾਈ ਨੂੰ ਚਾਦਰ ਦੀ ਰਸਮ ਅਦਾ ਕੀਤੀ ਜਾਵੇਗੀ। ਇਸ ਮੌਕੇ ਸਾਂਈ ਉਮਰੇ ਸ਼ਾਹ ਕਾਦਰੀ, ਮੁਹੰਮਦ ਆਸ਼ਿਕ ਨੀਲਾ, ਸਰਵਣ ਸਿੰਘ, ਚਰਨਜੀਤ ਰਾਏ, ਡਾ. ਜਗਦੀਸ਼ ਮੁਹੰਮਦ, ਕਮਲਜੀਤ ਗੜ੍ਹੀ, ਡਾ ਸਤਨਾਮ ਪਰਸੋਵਾਲ, ਗੋਰਾ ਚੱਕ ਪ੍ਰੇਮਾ, ਸੋਨੂੰ ਜੱਸੋਮਜਾਰਾ, ਮੀਰਾ ਸ਼ਰਮਾ ਸਰਪੰਚ ਮੰਢਾਲੀ, ਬਲਜੀਤ ਸਿੰਘ ਸਰਪੰਚ ਕੁਲਥਮ, ਕਮਲਜੀਤ ਕੌਰ ਸਾਬਕਾ ਸਰਪੰਚ ਮੰਢਾਲੀ, ਧਰਮਿੰਦਰ ਸਿੰਘ ਮੰਢਾਲੀ, ਮਨੀ, ਗੱਗੀ, ਹਨੀ ਆਦਿ ਹਾਜ਼ਰ ਸਨ।

## ਧੀਰੇਮਾਜਰਾ ਡਾਇਰੀਆ ਦਾ ਪ੍ਰਕੋਪ

**ਮੋਹਾਲੀ, (ਗੁਰਜੀਤ ਬਿੱਲਾ)** - ਡੀ ਸੀ ਆਸ਼ਿਕਾ ਜੈਨ ਨੇ ਮੋਹਾਲੀ ਵਿਖੇ ਲਾਲੜੂ ਦੇ ਪਿੰਡ ਧੀਰੇਮਾਜਰਾ ਵਿੱਚ ਗੰਭੀਰ ਡਾਇਰੀਆ ਦੀ ਬਿਮਾਰੀ ਦੇ ਪ੍ਰਭਾਵ ਦਾ ਜਾਇਜ਼ਾ ਲੈਣ ਲਈ ਵੱਖ-ਵੱਖ ਵਿਭਾਗਾਂ ਨਾਲ ਮੀਟਿੰਗ ਬਾਅਦ ਦੱਸਿਆ ਕਿ ਸਥਿਤੀ ਕਾਬੂ ਹੇਠ ਹੈ ਅਤੇ ਸ਼ਨੀਵਾਰ ਦੁਪਹਿਰ ਤੋਂ ਬਾਅਦ ਕੋਈ ਨਵਾਂ ਕੇਸ ਸਾਹਮਣੇ ਨਹੀਂ ਆਇਆ।

ਉਨ੍ਹਾਂ ਕਿਹਾ ਕਿ ਪਿਛਲੇ ਤਿੰਨ ਦਿਨਾਂ ਦੌਰਾਨ ਕੁੱਲ 65 ਕੇਸ ਸਾਹਮਣੇ ਆਏ ਹਨ ਜਦਕਿ ਦੋ ਬੱਚਿਆਂ ਦੀ ਮੌਤ (ਇੱਕ ਤਿੰਨ ਮਹੀਨੇ ਅਤੇ ਦੂਜਾ ਡੇਢ ਸਾਲ) ਡਾਕਟਰੀ ਜਾਂਚ ਦਾ ਹਿੱਸਾ ਹਨ ਅਤੇ ਇਨ੍ਹਾਂ ਦੇ ਕਾਰਨਾਂ ਦੀ ਜਾਂਚ ਤੋਂ ਬਾਅਦ ਹੀ ਇਨ੍ਹਾਂ ਦੇ ਡਾਇਰੀਆ ਨਾਲ ਹੋਣ ਜਾਂ ਨਾ ਹੋਣ ਬਾਰੇ ਪੁਸ਼ਟੀ ਕੀਤੀ ਜਾ ਸਕੇਗੀ। ਉਨ੍ਹਾਂ ਕਿਹਾ ਕਿ ਡਾਇਰੀਆ ਦੀ ਬਿਮਾਰੀ ਤੋਂ ਪ੍ਰਭਾਵਿਤ 65 ਮਾਮਲਿਆਂ 'ਚੋਂ, ਸਾਰੇ ਸਥਿਰ ਹਨ ਅਤੇ ਠੀਕ ਹੋਣ ਦੇ ਪੜਾਅ ਵਿੱਚ ਹਨ। ਇਨ੍ਹਾਂ ਚੋਂ ਕੇਵਲ ਇੱਕ ਦਾ ਡੇਰਾਬਸੀ ਹਸਪਤਾਲ ਵਿੱਚ ਇਲਾਜ ਚੱਲ ਰਿਹਾ ਹੈ, ਪਰ ਉਹ ਵੀ ਖਤਰੇ ਤੋਂ ਬਾਹਰ ਹੈ। ਉਨ੍ਹਾਂ ਅੱਗੇ ਦੱਸਿਆ ਕਿ 'ਸੋਰਸ ਵਾਟਰ' (ਟਿਊਬਵੈੱਲ) ਦੀ ਜਾਂਚ ਕੀਤੀ ਗਈ ਹੈ ਅਤੇ ਉਸ ਦੀ ਕੈਮੀਕਲ ਕੰਪੋਜੀਸਨ ਸਹੀ ਪਾਈ ਗਈ ਹੈ ਜਦੋਂ ਕਿ ਖਪਤਕਾਰਾਂ ਦੇ ਪਾਣੀ ਦੀ ਰਿਪੋਰਟ ਅਜੇ ਉਡੀਕ ਕੀਤੀ ਜਾ ਰਹੀ ਹੈ ਪਰ ਇਹਤਿਆਤ ਵਜੋਂ ਦੋ ਟੈਂਕਰਾਂ ਰਾਹੀਂ ਪੀਣ ਵਾਲੇ ਕਲੋਰੀਨੇਟਿਡ ਪਾਣੀ ਦੀ ਸਪਲਾਈ ਕੀਤੀ ਜਾ ਰਹੀ ਹੈ। ਸਬ ਡਿਵੀਜਨਲ ਮੈਜਿਸਟਰੇਟ, ਹਿਮਾਂਸ਼ੂ ਗੁਪਤਾ ਨੇ ਡਾਇਰੀਆ ਰੋਕਥਾਮ ਦੇ ਉਪਾਵਾਂ ਬਾਰੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਮੈਡੀਕਲ ਟੀਮਾਂ ਨੇ ਹੁਣ ਤੱਕ ਤਿੰਨ ਵਾਰ ਕੁੱਲ 186 ਘਰਾਂ ਦਾ ਘਰ-ਘਰ ਜਾ ਕੇ ਸਰਵੇਖਣ ਕੀਤਾ ਹੈ। ਡਿਪਟੀ ਕਮਿਸ਼ਨਰ ਨੇ ਪਿੰਡ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਇਸ ਬਿਮਾਰੀ ਤੋਂ ਬਚਾਅ ਲਈ ਉਬਾਲੇ ਹੋਏ ਠੰਢੇ ਪਾਣੀ ਦਾ ਸੇਵਨ ਕਰਨ ਅਤੇ ਦਸਤ ਤੇ ਉਲਟੀਆਂ ਦੇ ਲੱਛਣਾਂ ਦੀ ਸੂਰਤ ਵਿੱਚ ਤੁਰੰਤ ਡਾਕਟਰ ਦੀ ਸਲਾਹ ਲੈਣ।

ਸਿਵਲ ਸਰਜਨ ਡਾ: ਮਹੇਸ਼ ਕੁਮਾਰ ਆਹੂਜਾ ਨੇ ਦੱਸਿਆ ਕਿ ਡਾ: ਧਰਮਿੰਦਰ ਕੁਮਾਰ, ਐਸ ਐਮ ਓ ਡੇਰਾਬਸੀ ਅਤੇ ਡਾ: ਨਵੀਨ ਕੌਸ਼ਿਕ ਐਸ ਐਮ ਓ ਲਾਲੜੂ ਦੀ ਨਿਗਰਾਨੀ ਹੇਠ ਮੈਡੀਕਲ ਟੀਮਾਂ ਪਹਿਲਾਂ ਹੀ ਇਸ ਬਿਮਾਰੀ 'ਤੇ ਕਾਬੂ ਪਾਉਣ ਲਈ ਕੰਮ ਕਰ ਰਹੀਆਂ ਹਨ। ਉਨ੍ਹਾਂ ਕਿਹਾ, ਕਿਸੇ ਵੀ ਐਮਰਜੈਂਸੀ ਜਾਂ ਡਾਕਟਰੀ ਜਰੂਰਤ ਦੇ ਮਾਮਲੇ ਵਿੱਚ, 104 ਨੰਬਰ ਵੀ ਡਾਇਲ ਕੀਤਾ ਜਾ ਸਕਦਾ ਹੈ।

## ਸੜਕਾਂ ਕੰਢੇ ਪਸ਼ੂ ਬਦਬੂ ਮਾਰਦਾ ਕੂੜਾ ਖਾਣ ਲਈ ਮਜਬੂਰ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**- ਬਰਸਾਤਾਂ ਦੇ ਦਿਨਾਂ ਵਿਚ ਘਰਾਂ ਦੇ ਵੈਸਟ ਅਤੇ ਹੋਰ ਅਲੱਗ ਅਲੱਗ ਤਰ੍ਹਾਂ ਦੇ ਕੂੜੇ ਦੇ ਢੇਰਾਂ ਨੂੰ ਸੰਭਾਲਣ ਲਈ ਅਨੇਕਾਂ ਵਾਰ ਸਰਕਾਰੀ ਘੋਸ਼ਣਾਵਾਂ ਹੋ ਚੁੱਕੀਆਂ ਹਨ ਪਰ ਉਹ ਘੋਸ਼ਣਾਵਾਂ ਸਿਰਫ ਘੋਸ਼ਣਾਵਾਂ ਤੱਕ ਹੀ ਸੀਮਤ ਹੋ ਕੇ ਖਤਮ ਹੋ ਜਾਂਦੀਆਂ ਹਨ। ਦੇਸ਼ ਵਿਚ ਅੰਤਰਰਾਸ਼ਟਰੀ ਪੱਧਰ ਦੇ ਕਈ ਤਰ੍ਹਾਂ ਚੰਗੇ ਕਾਨੂੰਨ ਹਨ, ਪਰ ਦੁਖਾਂਤ ਇਹ ਹੈ ਕਿ ਰਾਜਨੀਤੀਵਾਨਾਂ ਨੇ ਪੜ੍ਹੇ ਲਿਖੇ ਅਧਿਕਾਰੀਆਂ ਨੂੰ ਕੰਮ ਕਰਨ ਦੀ ਥਾਂ ਆਪਣੀ ਕਠਪੁਤਲੀ ਬਣਾ ਕੇ ਰੱਖਿਆ ਹੋਇਆ ਹੈ ਤੇ ਜਿਸ ਦੇ ਮਾੜੇ ਨਤੀਜੇ ਸਾਡੇ ਸਾਹਮਣੇ ਹਨ। ਅਕਸਰ ਵੇਖਣ ਵਿੱਚ ਆਉਂਦਾ ਹੈ ਕਿ ਨਗਰ ਨਿਗਮ ਹੁਸ਼ਿਆਰਪੁਰ ਦੇ ਅਧਿਕਾਰੀਆਂ ਅਤੇ ਲੋਕ ਪ੍ਰਤੀਨਿਧਾਂ ਵੱਲੋਂ ਚੰਗੇ ਤੇ ਉਸਾਰੂ ਪ੍ਰਬੰਧ ਨਾ ਕਰਨ ਕਰਕੇ ਧਿਆਨ ਨਾ ਦੇਣ ਕਾਰਨ ਸ਼ਹਿਰ ਵਾਸੀਆਂ ਵੱਲੋਂ ਫਗਵਾੜਾ ਰੋਡ ਤੇ ਰੇਲਵੇ ਲਾਈਨ ਦੇ ਨਜ਼ਦੀਕ ਸੁੱਟੇ ਜਾਂਦੇ ਕੂੜੇ ਕਾਰਨ ਬਦਬੂ ਮਾਰਦੀ ਹਵਾ ਤੇ ਆਸ ਪਾਸ ਘਰਾਂ ਵਿਚ ਤਰ੍ਹਾਂ ਤਰ੍ਹਾਂ ਦੀਆਂ ਬਿਮਾਰੀਆਂ ਫੈਲਣ ਦਾ ਡਰ ਬਣਿਆ ਹੋਇਆ ਹੈ। ਨਗਰ ਨਿਗਮ ਦੀਆਂ ਇਨ੍ਹਾਂ ਨੀਤੀਆਂ ਦੀ ਸਖਤ ਸ਼ਬਦਾਂ ਵਿਚ ਨਿੰਦਾ ਕਰਨੀ ਬਣਦੀ ਹੈ। ਪੰਜਾਬ ਸਰਕਾਰ ਵੱਲੋਂ ਕਰੋੜਾਂ ਰੁਪਏ ਦੀ ਕਾਓ ਸੈਸ ਦੀ ਚੰਗੇ ਤਰੀਕੇ ਨਾਲ ਵਰਤੋਂ ਨਾ ਕਰਨ ਦੇ ਮਾੜੇ ਨਤੀਜੇ ਲੋਕਾਂ ਨੂੰ ਭੁਗਤਣੇ ਪੈ ਸਕਦੇ ਹਨ। ਇਲਾਕਾ ਵਾਸੀਆਂ ਨੇ ਕਿਹਾ ਕਿ ਸੋਲਿਡ ਵੇਸਟ ਮੈਨੇਜਮੈਂਟ ਰੂਲਜ਼ 2000 ਦੇ ਸਾਰੇ ਨਿਯਮਾਂ ਨੂੰ ਤਾਕ 'ਤੇ ਰੱਖ ਕੇ ਨਗਰ ਨਿਗਮ ਵਿਕਾਸ ਦੀਆਂ ਝੂਠੀਆਂ ਡੀਂਗਾਂ ਮਾਰ ਰਹੀ ਹੈ ਤੇ ਲੋਕਾਂ ਦੀ ਸਿਹਤ ਨਾਲ ਵੱਡਾ ਖਿਲਵਾੜ ਕਰ ਰਹੀ ਹੈ। ਅਜਿਹਾ ਕਰਨਾ ਮੂਲ ਸੰਵਿਧਾਨਕ ਅਧਿਕਾਰਾਂ ਨਾਲ ਵੱਡਾ ਖਿਲਵਾੜ ਦਿਸ ਰਿਹਾ ਹੈ। ਕੂੜੇ 'ਚੋਂ ਹੋ ਰਿਹਾ ਰਸਾਬ ਵਾਤਾਵਰਣ ਨੂੰ ਦੂਸ਼ਿਤ ਤਾਂ ਕਰ ਰਿਹਾ ਹੈ ਤੇ ਨਾਲ ਨਾਲ ਲੋਕਾਂ ਨੂੰ ਵੀ ਹਸਪਤਾਲ ਵਿਚ ਪਹੁੰਚਾਉਣ ਦਾ ਕੰਮ ਕਰ ਰਿਹਾ ਹੈ। ਸਮੇਂ ਸਮੇਂ ਦੀਆਂ ਸਰਕਾਰਾਂ ਸ਼ਹਿਰ/ਪੰਜਾਬ ਦੇ ਲੋਕਾਂ ਦੀ ਤੰਦਰੁਸਤੀ ਨਾਲ ਖਿਲਵਾੜ ਕਰ ਰਹੀਆਂ ਹਨ। ਇਨ੍ਹਾਂ ਅਣਗਹਿਲੀਆਂ ਅਤੇ ਫੈਲੇ ਭ੍ਰਿਸ਼ਟਾਚਾਰ ਦਾ ਖਮਿਆਜ਼ਾ ਸਾਰੇ ਸ਼ਹਿਰ ਵਾਸੀਆਂ ਨੂੰ ਬਿਮਾਰੀਆਂ ਦੇ ਰੂਪ ਵਿਚ ਭੁਗਤਣਾ ਪੈ ਰਿਹਾ ਹੈ। ਸ਼ਹਿਰ ਦੇ ਲੋਕ ਨਰਕ ਭਰਿਆ ਜੀਵਨ ਬਤੀਤ ਕਰ ਰਹੇ ਹਨ। ਅਜਿਹਾ ਹੀ ਸਿਵਲ ਹਸਪਤਾਲ ਹੁਸ਼ਿਆਰਪੁਰ ਦੇ ਆਲੇ ਦੁਆਲੇ ਦਾ ਹੈ।

## ਚਮਨ ਲਾਲ ਮਹਿਤਾ ਨੂੰ ਸੈਂਕੜੇ ਨਮ ਅੱਖਾਂ ਨੇ ਦਿੱਤੀ ਭਾਵਭਿੰਨ ਸ਼ਰਧਾਂਜਲੀ

**ਮੋਰਿੰਡਾ ( ਜੈਜੀ ਸਰਦਾਰ)** ਡੀ ਪੀ ਆਰ ਓ ਰੂਪਨਗਰ ਕਰਨ ਮਹਿਤਾ ਦੇ ਪਿਤਾ ਚਮਨ ਲਾਲ ਮਹਿਤਾ (72) ਦੀ ਅੰਤਿਮ ਅਰਦਾਸ ਮੌਕੇ ਗੁਰਦੁਆਰਾ ਸ੍ਰੀ ਹੈੱਡ ਦਰਬਾਰ ਕੋਟ ਪੁਰਾਣ ਸਾਹਿਬ ਵਿਖੇ ਸ਼ਰਧਾਂਜਲੀਆਂ ਭੇਟ ਕੀਤੀਆਂ ਗਈਆਂ। ਇਸ ਮੌਕੇ ਵੱਖ-ਵੱਖ ਬੁਲਾਰਿਆਂ ਨੇ ਬੋਲਦਿਆਂ ਜਿਨ੍ਹਾਂ ਵਿੱਚ ਬਾਬਾ ਅਵਤਾਰ ਸਿੰਘ ਹੈੱਡ ਦਰਬਾਰ ਕੋਟ ਪੁਰਾਣ ਸਾਹਿਬ ਵਾਲਿਆਂ, ਸਾਬਕਾ ਸਿਹਤ ਮੰਤਰੀ ਬਲਬੀਰ ਸਿੰਘ ਸਿੱਧੂ ਅਤੇ ਸ਼ਿਵਜੀਤ ਸਿੰਘ ਮਾਣਕੂ ਨੇ ਚਮਨ ਲਾਲ ਮਹਿਤਾ ਦੇ ਜੀਵਨ 'ਤੇ ਚਾਨਣਾ ਪਾਉਂਦਿਆਂ ਦੱਸਿਆ ਕਿ ਉਨ੍ਹਾਂ ਦਾ ਜਨਮ 10 ਅਗਸਤ 1950 ਨੂੰ ਲੇਟ ਵਤਨ ਚੰਦ ਦੇ ਘਰ ਪਿੰਡ ਮਹਿੰਦਪੁਰ ਡਾਕ. ਖੇੜਾ ਕਲਮੋਟ ਵਿਖੇ ਹੋਇਆ। ਉਨ੍ਹਾਂ ਵੱਲੋਂ ਐਫ ਸੀ ਆਈ (ਬਤੌਰ ਇੰਸਪੈਕਟਰ) ਨੌਕਰੀ ਕਰਦਿਆਂ ਉਨ੍ਹਾਂ ਵੱਲੋਂ ਇਮਾਨਦਾਰੀ ਤੇ ਤਨਦੇਹੀ ਨਾਲ ਡਿਊਟੀ ਨਿਭਾਉਂਦੇ ਹੋਏ ਸਮਾਜ ਦੇ ਹਰ ਵਰਗ ਦੀ ਸੇਵਾ ਕੀਤੀ। ਵਿਧਾਇਕ ਦਿਨੇਸ਼ ਚੱਢਾ ਅਤੇ ਵਿਧਾਇਕ ਡਾ. ਚਰਨਜੀਤ ਸਿੰਘ, ਬੀਬੀ ਜਗਜੀਤ ਕੌਰ, ਬਾਰ ਐਸੋਸੀਏਸ਼ਨ ਰੂਪਨਗਰ ਅਤੇ ਡੀ.ਏ.ਵੀ. ਪਬਲਿਕ ਸੀਨੀਅਰ ਸੈਕੰਡਰੀ ਸਕੂਲ ਰੋਪੜ ਵੱਲੋਂ ਸੋਕ ਸੰਦੇਸ਼ ਭੇਜੇ ਗਏ। ਇਸ ਮੌਕੇ ਕਰਨ ਮਹਿਤਾ ਨਾਲ ਦੁੱਖ ਵੰਡਾਉਂਦਿਆ ਸੂਚਨਾ ਤੇ ਲੋਕ ਸੰਪਰਕ ਵਿਭਾਗ ਤੋਂ ਜੁਆਇੰਟ ਡਾਇਰੈਕਟਰ ਪ੍ਰੀਤ ਕੰਵਲ ਸਿੰਘ, ਸੇਵਾ ਮੁਕਤ



ਵਧੀਕ ਡਾਇਰੈਕਟਰ ਉਪਿੰਦਰ ਸਿੰਘ ਲਾਂਬਾ, ਸੇਵਾ ਮੁਕਤ ਅਜੀਤ ਸਿੰਘ ਹਮਦਰਦ, ਡੀ ਪੀ ਆਰ ਓ ਰਾਜ ਕੁਮਾਰ, ਡੀ ਪੀ ਆਰ ਓ ਰਵੀਇੰਦਰ ਸਿੰਘ ਮੱਕੜ, ਏ.ਡੀ.ਪੀ.ਆਰ.ਓ ਰਸ਼ਿਮ ਵਰਮਾ, ਪੀ.ਆਰ.ਓ. ਨਵਦੀਪ ਸਿੰਘ ਗਿੱਲ, ਪੀ ਆਰ ਓ ਅਮਨਪ੍ਰੀਤ ਸਿੰਘ, ਪੀ ਆਰ ਓ ਕੁਲਤਾਰ ਸਿੰਘ ਮੀਆਂਪੁਰੀ, ਪੀ ਆਰ ਓ ਕੁਲਜੀਤ ਸਿੰਘ ਮੀਆਂਪੁਰੀ, ਪੀ ਆਰ ਓ ਗਗਨੀਤ ਸਿੰਘ ਔਜਲਾ, ਏ ਪੀ ਆਰ ਓ ਬਲਜਿੰਦਰ ਸਿੰਘ, ਪੀ ਆਰ ਓ ਹਰਮੀਤ ਸਿੰਘ, ਪੀ ਆਰ ਓ ਦੀਪਕ ਕਪੂਰ, ਪੀ ਆਰ ਓ ਰਮਨਦੀਪ ਕੌਰ, ਪੀ ਆਰ ਓ ਦਲਬੀਰ ਕੌਰ, ਪੀ ਆਰ ਓ ਸੁਰੇਸ਼ ਕੁਮਾਰ, ਪੀ ਆਰ ਓ ਅਸ਼ੋਕ ਕੁਮਾਰ ਵੀ ਹਾਜ਼ਰ ਸਨ।

ਇਸ ਅੰਤਿਮ ਅਰਦਾਸ ਦੌਰਾਨ ਐਸ ਐਸ ਪੀ ਵਿਵੇਕ ਐਸ ਸੋਨੀ, ਸਾਬਕਾ ਸਿੱਖਿਆ ਮੰਤਰੀ ਡਾ. ਦਲਜੀਤ ਸਿੰਘ ਚੀਮਾ, ਸਾਬਕਾ ਵਿਧਾਇਕ ਅਮਰਜੀਤ ਸਿੰਘ ਸੰਦੋਆ, ਇੰਮਪਰੂਵਮੈਂਟ ਟਰੱਸਟ ਨੰਗਲ ਦੇ ਚੇਅਰਮੈਨ ਰਾਮ ਕੁਮਾਰ ਮੁਕਾਰੀ, ਅਕਾਲੀ ਦਲ ਦੇ ਜਿਲ੍ਹਾ ਪ੍ਰਧਾਨ ਗੁਰਿੰਦਰ ਸਿੰਘ ਗੋਗੀ, ਕਾਂਗਰਸ ਦੇ ਜਿਲ੍ਹਾ ਪ੍ਰਧਾਨ ਜੈਲਦਾਰ ਸਤਵਿੰਦਰ ਸਿੰਘ ਚੈੜੀਆਂ, ਬਹੁਜਨ ਸਮਾਜ ਪਾਰਟੀ ਤੋਂ ਐਡਵੋਕੇਟ ਚਰਨਜੀਤ ਸਿੰਘ ਘਈ, ਭਾਰਤੀ ਜਨਤਾ ਪਾਰਟੀ ਤੋਂ ਜਗਦੀਸ ਚੰਦਰ ਕਾਜਲਾ, ਆਮ ਆਦਮੀ ਪਾਰਟੀ ਦੇ ਸ਼ਹਿਰੀ ਪ੍ਰਧਾਨ ਸ਼ਿਵ ਕੁਮਾਰ ਲਾਲਪੁਰਾ, ਐਡਵੋਕੇਟ ਸਤਨਾਮ ਗਿੱਲ, ਪਾਰਟੀ ਵਰਕਰ ਸੰਦੀਪ ਜੋਸ਼ੀ, ਭਾਗ ਸਿੰਘ ਮਦਾਨ, ਸੰਤੋਖ ਸਿੰਘ ਵਾਲੀਆ, ਨਗਰ ਕੌਂਸਲ ਦੇ ਸਾਬਕਾ ਪ੍ਰਧਾਨ ਪਰਮਜੀਤ ਸਿੰਘ ਮੱਕੜ, ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੇ ਪ੍ਰਧਾਨ ਇੰਦਰਪਾਲ ਸਿੰਘ ਚੱਢਾ, ਡਿਪਟੀ ਮਾਸ ਮੀਡੀਆ ਅਫਸਰ ਸਰਨਜੀਤ ਸਿੰਘ, ਐਸ.ਡੀ.ਐਮ. ਦਫਤਰ ਤੋਂ ਸੁਪਰਡੈਂਟ ਹਰਪਾਲ ਕੌਰ, ਸਾਬਕਾ ਡੀ.ਐਸ. ਪੀ. ਸੋਹਣ ਲਾਲ ਸੰਧੂ, ਸਿਹਤ ਵਿਭਾਗ ਤੋਂ, ਡੀ.ਏ.ਵੀ. ਮੈਨੇਜਮੈਂਟ ਦੇ ਵਾਈਸ ਚੇਅਰਮੈਨ ਪੰਕਜ ਮੋਹਨ ਸਰਮਾ, ਐਫ ਸੀ ਆਈ ਤੋਂ, ਲੋਕ ਸੰਪਰਕ ਵਿਭਾਗ ਤੋਂ, ਡਿਪਟੀ ਕਮਿਸਨਰ ਦਫਤਰ ਰੂਪਨਗਰ ਤੋਂ ਹੋਰ ਵੀ ਬਹੁਤ ਸਾਰੇ ਅਧਿਕਾਰੀ ਕਰਮਚਾਰੀ ਸਮੇਤ ਵੱਡੀ ਗਿਣਤੀ ਵਿਚ ਪੱਤਵੰਤੇ ਸੱਜਣ ਆਦਿ ਹਾਜ਼ਰ ਸਨ।

## ਅੰਬੇਡਕਰ ਭਵਨਾਂ ਦੀ ਮੁਰੰਮਤ ਤੇ ਰੱਖ-ਰਖਾਅ ਲਈ 2 ਕਰੋੜ ਰੁਪਏ ਦੀ ਰਾਸ਼ੀ ਜਾਰੀ : ਡਾ. ਬਲਜੀਤ ਕੌਰ

**ਚੰਡੀਗੜ੍ਹ, (ਗੁਰਜੀਤ ਬਿੱਲਾ)**- ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਅਨੁਸੂਚਿਤ ਜਾਤੀਆਂ, ਪਛੜੀਆਂ ਸ਼੍ਰੇਣੀਆਂ ਅਤੇ ਹੋਰ ਗਰੀਬ ਵਰਗ ਦੇ ਲੋਕਾਂ ਦੇ ਜੀਵਨ ਪੱਧਰ ਨੂੰ ਉੱਚਾ ਚੁੱਕਣ ਲਈ ਲਗਾਤਾਰ ਯਤਨਸ਼ੀਲ ਹੈ। ਸੂਬਾ ਸਰਕਾਰ ਵੱਲੋਂ ਇਸ ਸੰਬੰਧੀ ਕਈ ਸਕੀਮਾਂ ਚਲਾਈਆਂ ਜਾ ਰਹੀਆਂ ਹਨ। ਸਮਾਜਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਮੰਤਰੀ ਡਾ. ਬਲਜੀਤ ਕੌਰ ਨੇ ਦੱਸਿਆ ਕਿ ਡਾ.ਬੀ.ਆਰ.ਅੰਬੇਡਕਰ ਭਵਨਾਂ ਦੀ ਮੁਰੰਮਤ ਅਤੇ ਰੱਖ ਰਖਾਅ ਤਹਿਤ 2 ਕਰੋੜ ਰੁਪਏ ਦੀ ਰਾਸ਼ੀ ਜਾਰੀ ਕੀਤੀ ਗਈ ਹੈ।

ਇਸ ਸੰਬੰਧੀ ਜਾਣਕਾਰੀ ਦਿੰਦੇ ਹੋਏ ਸਮਾਜਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਮੰਤਰੀ ਡਾ.ਬਲਜੀਤ ਕੌਰ ਨੇ ਦੱਸਿਆ ਕਿ ਸੂਬੇ ਦੇ ਜ਼ਿਲ੍ਹਿਆਂ ਵਿੱਚ ਬਣੇ ਡਾ.ਬੀ.ਆਰ.ਅੰਬੇਡਕਰ ਭਵਨਾਂ ਦੀ ਮੁਰੰਮਤ ਅਤੇ ਰੱਖ ਰਖਾਅ ਤਹਿਤ 2 ਕਰੋੜ ਰੁਪਏ ਦੀ ਰਾਸ਼ੀ ਜ਼ਿਲ੍ਹਾ ਅੰਮ੍ਰਿਤਸਰ, ਪਟਿਆਲਾ, ਸੰਗਰੂਰ, ਫਿਰੋਜ਼ਪੁਰ, ਫਰੀਦਕੋਟ, ਰੂਪਨਗਰ, ਮੋਗਾ, ਗੁਰਦਾਸਪੁਰ, ਹੁਸ਼ਿਆਰਪੁਰ, ਫਤਿਹਗੜ੍ਹ ਸਾਹਿਬ, ਕਪੂਰਥਲਾ ਅਤੇ ਸ਼ਹੀਦ ਭਗਤ ਸਿੰਘ ਨਗਰ ਨੂੰ ਜਾਰੀ ਕੀਤੀ ਗਈ ਹੈ। ਸਰਕਾਰ ਵੱਲੋਂ ਹਰ ਜ਼ਿਲ੍ਹੇ ਵਿੱਚ ਡਾ.ਬੀ.ਆਰ.ਅੰਬੇਡਕਰ ਭਵਨ ਸਥਾਪਤ ਕਰਨ ਦਾ ਫੈਸਲਾ ਲਿਆ ਗਿਆ ਸੀ ਤਾਂ ਜੋ ਅਨੁਸੂਚਿਤ ਜਾਤੀਆਂ, ਪਛੜੀਆਂ ਸ਼੍ਰੇਣੀਆਂ ਅਤੇ ਹੋਰ ਗਰੀਬ ਵਰਗ ਦੇ ਲੋਕਾਂ ਲਈ ਇੱਕ ਛੱਤ ਹੇਠ ਸਹੂਲਤਾਂ ਮੁਹੱਈਆ ਕਰਵਾਈਆਂ ਜਾ ਸਕਣ। ਕੈਬਨਿਟ ਮੰਤਰੀ ਨੇ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਡਾ.ਬੀ.ਆਰ.ਅੰਬੇਡਕਰ ਭਵਨਾਂ ਦੀ ਮੁਰੰਮਤ ਅਤੇ ਰੱਖ ਰਖਾਅ ਦੇ ਕੰਮ ਲਈ ਉਹ ਸਰਕਾਰੀ ਕੰਮਾਂ ਵਿੱਚ ਪਾਰਦਰਸ਼ਤਾ ਅਤੇ ਗੁਣਵੱਤਾ ਨੂੰ ਯਕੀਨੀ ਬਣਾਉਣ ਅਤੇ ਵਿੱਤੀ ਨਿਯਮਾਂ ਦੀ ਸਖਤੀ ਨਾਲ ਪਾਲਣਾ ਕਰਨ।

## ਬਿਜਲੀ ਦੀ ਸਪਲਾਈ ਬੰਦ ਹੋਣ 'ਤੇ ਕਿਸਾਨਾਂ ਨੇ ਕੀਤੀ ਨਾਅਰੇਬਾਜ਼ੀ

**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**-ਨੂਰਮਹਿਲ ਦੇ ਨਜ਼ਦੀਕੀ ਪਿੰਡ ਤਲਵਣ ਵਿਚ ਅੱਜ ਕਿਸਾਨਾਂ ਨੇ 6 ਦਿਨ ਤੋਂ ਮੋਟਰਾਂ ਨੂੰ ਦਿੱਤੀ ਜਾਂਦੀ ਬਿਜਲੀ ਦੀ ਸਪਲਾਈ ਬੰਦ ਹੋਣ ਕਾਰਨ 66 ਕੇ.ਵੀ ਸਬ ਸਟੇਸ਼ਨ ਵਿਚ ਆਪਣਾ ਰੋਸ ਜ਼ਾਹਰ ਕੀਤਾ ਤੇ ਸਰਕਾਰ ਖਿਲਾਫ ਨਾਅਰੇਬਾਜ਼ੀ ਕੀਤੀ। ਕਿਸਾਨਾਂ ਨੇ ਦੱਸਿਆ ਕਿ ਉਨ੍ਹਾਂ ਨੂੰ 6 ਦਿਨ ਤੋਂ ਬਿਜਲੀ ਦੀ ਸਪਲਾਈ ਨਹੀਂ ਮਿਲ ਰਹੀ ਤੇ ਉਨ੍ਹਾਂ ਵੱਲੋਂ ਲਾਈ ਗਈ ਪਨੀਰੀ ਸੁੱਕ ਰਹੀ ਹੈ। ਉਨ੍ਹਾਂ ਦੱਸਿਆ ਕਿ ਰੋਸ ਪ੍ਰਦਰਸ਼ਨ ਮੌਕੇ ਕੋਈ ਵੀ ਸਰਕਾਰੀ ਮੁਲਾਜ਼ਮ ਉਨ੍ਹਾਂ ਨੂੰ ਮਿਲਣ ਨਹੀਂ ਆਇਆ। ਇਸ ਮੌਕੇ ਗੁਰਪ੍ਰੀਤ ਸਿੰਘ ਗੋਪੀ, ਜਤਿੰਦਰ ਸਿੰਘ ਕਿਸਾਨ ਆਗੂ, ਬਲਵਿੰਦਰ ਸਿੰਘ, ਮੰਗਾ ਸਿੰਘ, ਬਲਵਿੰਦਰ ਸਿੰਘ, ਚਰਨਜੀਤ ਸਿੰਘ ਅਤੇ ਹੋਰ ਕਿਸਾਨ ਹਾਜ਼ਰ ਸਨ। ਜਦੋਂ ਐਸ ਡੀ ਓ ਭੁਪਿੰਦਰ ਸਿੰਘ ਨਾਲ ਗੱਲ ਕੀਤੀ ਤਾ ਉਨ੍ਹਾ ਦੱਸਿਆ ਕਿ ਹਨੇਰੀ ਆਉਣ ਕਰਕੇ ਲਾਈਨਾਂ ਵਿਚ ਤਕਨੀਕੀ ਨੁਕਸ ਪੈ ਗਏ ਹਨ, ਇਕ ਦੋ ਦਿਨਾਂ ਵਿਚ ਠੀਕ ਕਰ ਕੇ ਬਿਜਲੀ ਸਪਲਾਈ ਚਾਲੂ ਕਰ ਦਿੱਤੀ ਜਾਵੇਗੀ।

## ਗੱਡੀਆਂ ਦੀ ਟੱਕਰ ਹੋਣ ਕਾਰਨ ਇੱਕ ਦੀ ਮੌਤ

**ਫਿਲੌਰ (ਨਿਰਮਲ)**- ਬੀਤੀ ਰਾਤ ਫਿਲੌਰ ਨੇੜੇ ਸਿਕਸ-ਲੇਨ 'ਤੇ ਦੋ ਆਪਸ ਵਿੱਚ ਗੱਡੀਆਂ ਦੇ ਟੱਕਰ ਹੋਣ ਕਾਰਨ ਇਕ ਵਿਅਕਤੀ ਦੀ ਮੌਤ ਹੋ ਗਈ ਅਤੇ ਦੋਵੇਂ ਕਾਰਾਂ ਬੁਰੀ ਤਰ੍ਹਾਂ ਟੁੱਟ ਭੱਜ ਗਈਆਂ। ਇਸ ਸੰਬੰਧ ਵਿੱਚ ਜਾਣਕਾਰੀ ਦਿੰਦੇ ਹੋਏ ਥਾਣਾ ਫਿਲੌਰ ਦੇ ਥਾਣੇਦਾਰ ਜਸਵਿੰਦਰ ਸਿੰਘ ਨੇ ਦੱਸਿਆ ਕਿ ਮ੍ਰਿਤਕ ਕਾਰ ਚਾਲਕ ਦਾ ਨਾਂਅ ਗੁਰਦੀਪ ਸਿੰਘ ਪੁੱਤਰ ਪਰਮਿੰਦਰ ਸਿੰਘ ਵਾਸੀ ਖੁਡ ਮੁਹੱਲਾ (ਲੁਧਿਆਣਾ) ਵੱਜੋਂ ਹੋਈ। ਦੂਜਾ ਕਾਰ ਚਾਲਕ ਮੌਕੇ ਤੋਂ ਭੱਜਣ ਵਿੱਚ ਸਫਲ ਹੋ ਗਿਆ। ਲਾਸ਼ ਪੋਸਟਮਾਰਟਮ ਲਈ ਸਿਵਲ ਹਸਪਤਾਲ ਫਿਲੌਰ ਲਿਆਂਦੀ ਗਈ ਅਤੇ ਮ੍ਰਿਤਕ ਦੇ ਵਾਰਸਾਂ ਨੂੰ ਸੂਚਿਤ ਕੀਤਾ। ਮੌਕੇ 'ਤੇ ਪਰਵਾਰ ਪੁੱਜ ਗਏ ਤੇ ਵਾਰਸਾਂ ਦੇ ਬਿਆਨਾ ਉਪਰਾਂਤ ਅਗਲੇਰੀ ਕਾਰਵਾਈ ਕੀਤੀ ਜਾਵੇਗੀ।

## 'ਲਾਡੀ ਸਾਈਂ ਦੇ ਘੁੰਗਰੂ' ਦਾ ਪੋਸਟਰ ਰਿਲੀਜ਼

**ਨੂਰਮਹਿਲ (ਬਾਲ ਕ੍ਰਿਸਨ ਬਾਲੀ)** ਸੂਫੀ ਗਾਇਕ ਗੁਲਾਮ ਅਲੀ ਦੇ ਨਵੇਂ ਸੂਫੀ ਟਰੈਕ 'ਲਾਡੀ ਸਾਈਂ ਦੇ ਘੁੰਗਰੂ' ਦਾ ਪੋਸਟਰ ਡੇਰਾ ਬਾਬਾ ਮੁਰਾਦ ਸ਼ਾਹ ਦਰਬਾਰ 'ਤੇ



ਰਿਲੀਜ ਕੀਤਾ ਗਿਆ। ਜਾਣਕਾਰੀ ਦਿੰਦੇ ਹੋਏ ਗਾਇਕ ਗੁਲਾਮ ਅਲੀ ਨੇ ਦੱਸਿਆ ਕਿ ਇਸ ਸੂਫੀ ਗੀਤ ਨੂੰ ਕਲਮਬੱਧ ਕੀਤਾ ਹੈ ਸਿੱਧੂ ਸਿੱਧਵਾਂ ਵਾਲੇ ਨੇ ਅਤੇ ਸੰਗੀਤ ਦਿੱਤਾ ਹੈ ਸਾਚੀ ਸਟੂਡੀਓ ਨੇ। ਇਹ ਟਰੈਕ ਹੈਲੋ ਮਿਊਜ਼ਿਕ ਕੰਪਨੀ ਵਲੋਂ ਰਿਲੀਜ ਕੀਤਾ ਜਾ ਰਿਹਾ ਹੈ। ਇਸ ਸੂਫੀ ਟਰੈਕ ਦਾ ਵੀਡੀਓ ਐਸ ਐਸ ਟੀਮ ਵੱਲੋਂ ਵੀਡੀਓ ਡਾਇਰੈਕਟਰ ਮੁਨੀ, ਠੁਕਰਾਲ ਵੱਲੋਂ ਵੱਖ ਵੱਖ ਲੋਕੇਸ਼ਨ 'ਤੇ ਸੂਟ ਕੀਤਾ ਗਿਆ ਹੈ ਜੋ ਕਿ ਜਲਦੀ ਹੀ ਯੂਟਿਊਬ ਦੇ ਨਾਲ ਨਾਲ ਵੱਖ ਵੱਖ ਚੈਨਲ 'ਤੇ ਦੇਖਣ ਨੂੰ ਮਿਲੇਗਾ। ਇਸ ਮੌਕੇ ਗਾਇਕ ਗੁਲਾਮ ਅਲੀ, ਜਾਣੂੰ ਚੀਮਾ, ਅਜੈ ਆਦੇਕਾਲੀ ਅਤੇ ਡੇਰੇ ਦੇ ਸੇਵਾਦਾਰ ਹਾਜ਼ਰ ਸਨ।

## ਦਰਗਾਹ ਬਾਬਾ ਰਹੀਮ ਸ਼ਾਹ ਨੌਗਜਾ ਪੀਰ ਨਵਾਜਘਾਟ ਦਾ ਸਾਲਾਨਾ ਮੇਲਾ 22 ਨੂੰ

**ਕੁਰਾਲੀ (ਮੋਹਨ ਅੱਗਰਵਾਲ)** ਮੋਹਾਲੀ ਜਿਲ੍ਹੇ ਦੇ ਪਿੰਡ ਸਿਸਵਾਂ ਸਥਿਤ ਬਾਬਾ ਰਹੀਮ ਸ਼ਾਹ ਨੌਂਗਜਾ ਪੀਰ ਸਿਸਵਾਂ ਦੇ 28ਵੇਂ ਉਰਸ ਮੁਬਾਰਕ ਜੂਨ ਨੂੰ ਕਰਵਾਇਆ ਜਾ ਰਿਹਾ ਹੈ। ਗੱਦੀ ਨਸ਼ੀਨ ਸਈਅਦ ਮੌਲਾਨਾ ਮੁੰਤਰਜੀਮ ਅਲੀ ਅਤੇ ਇਲਾਕੇ ਦੀਆਂ ਸੰਗਤਾਂ ਵੱਲੋਂ ਸਾਂਝੇ ਤੌਰ 'ਤੇ ਇਹ ਉਰਸ ਮੁਬਾਰਕ ਕਾਫੀ ਸਮੇਂ ਤੋਂ ਕਰਵਾਇਆ ਜਾ ਰਿਹਾ ਹੈ। ਗੱਲਬਾਤ ਕਰਦਿਆਂ ਬਾਬਾ ਰਹੀਮ ਸ਼ਾਹ ਨੌਂਗਜਾ ਪੀਰ ਦੇ ਗੱਦੀ ਨਸ਼ੀਨ ਸਈਅਦ ਮੌਲਾਨਾ ਮੁੰਤਰਜੀਮ ਅਲੀ ਨੇ ਦੱਸਿਆ ਕਿ ਇਸ ਦਰਗਾਹ ਦੇ ਇਸ 28ਵੇਂ ਉਰਸ ਮੁਬਾਰਕ ਵੇਲੇ ਇਸ ਸਥਾਨ ਤੇ 22 ਜੂਨ ਨੂੰ ਸਵੇਰੇ 11:00 ਵਜੇ ਚਾਦਰ ਚੜਾਉਣ ਦੀ ਰਸਮ ਅਦਾ ਕੀਤੀ ਜਾਵੇਗੀ ਅਤੇ ਦੁਪਹਿਰ 12:00 ਵਜੇ ਸਮੂਹ ਸੰਗਤਾਂ ਵਲੋਂ ਅਰਦਾਸ ਦੁਆ ਕੀਤੀ ਜਾਵੇਗੀ। ਇਸ ਤੋਂ ਉਪਰੰਤ ਬਾਅਦ ਦੁਪਹਿਰ 4 ਵਜੇ ਕਵਾਲੀ ਮਹਿਫਲ ਦਾ ਅਗਾਜ ਹੋਵੇਗਾ। ਇਹ ਕਵਾਲੀ ਮਹਿਫਲ 4:00 ਵਜੇ ਤੋਂ ਦੇਰ ਰਾਤ ਤੱਕ ਹੋਵੇਗੀ। ਇਸ ਕਵਾਲੀ ਮਹਿਫਲ 'ਚ ਮਸ਼ਹੂਰ ਪਲੇਅਬੈਕ ਸਿੰਗਰ ਮੋਹੰਮਦ ਸ਼ਾਹਰੁਖ ਨਜੀਬਾਬਾਦੀ ਐਂਡ ਪਾਰਟੀ ਅਤੇ ਸਾਹਿਰ ਪ੍ਰਿੰਸ ਅਟਵਾਲ ਐਂਡ ਪਾਰਟੀ ਵੱਲੋਂ ਕਵਾਲੀ ਮਹਿਫਲ ਸਜਾਈ ਜਾਵੇਗੀ।

## ਸਤਿਗੁਰੂ ਰਵਿਦਾਸ ਮਹਾਰਾਜ ਦਾ ਜੋਤੀ ਜੋਤ ਦਿਵਸ ਮਨਾਇਆ

**ਬਹਿਰਾਮ (ਅਵਤਾਰ ਕਲੇਰ)** ਬੰਗਾ ਹਲਕੇ ਦੇ ਪਿੰਡ ਮੰਢਾਲੀ ਵਿਖੇ ਸਤਿਗੁਰੂ ਰਵਿਦਾਸ ਮਹਾਰਾਜ ਜੀ ਦਾ 495ਵਾਂ ਜੋਤੀ ਜੋਤ ਦਿਵਸ ਪ੍ਰਬੰਧਕ ਕਮੇਟੀ ਅਤੇ ਸਮੂਹ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਗੁਰਦੁਆਰਾ ਸਾਹਿਬ ਵਿਖੇ ਮਨਾਇਆ ਗਿਆ। ਸ੍ਰੀ ਸੁਖਮਨੀ ਸਾਹਿਬ ਦੇ ਪਾਠ ਦਾ ਭੋਗ ਪਾਉਣ ਉਪਰੰਤ ਸੰਤ ਜੀਤ ਦਾਸ ਮਾਹਿਲ ਗਹਿਲਾਂ ਵਾਲਿਆਂ ਨੇ ਪ੍ਰਵਚਨ ਕਰਦਿਆਂ ਰਸਭਿੰਨੇ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਪ੍ਰਬੰਧਕ ਕਮੇਟੀ ਨੇ ਸੰਤਾਂ ਨੂੰ ਸਿਰਪਾਓ ਨਾਲ ਸਨਮਾਨਿਤ ਕੀਤਾ। ਇਸ ਉਪਰੰਤ ਗੁਰੂ ਦਾ ਲੰਗਰ ਵਰਤਾਇਆ ਗਿਆ। ਇਸ ਮੌਕੇ ਪ੍ਰਧਾਨ ਬਿਕਰਮਜੀਤ, ਮਲਕੀਤ ਮੰਢਾਲੀ, ਵਿਜੈ ਕੁਮਾਰ, ਲਖਵਿੰਦਰ ਕੁਮਾਰ, ਭਗਵੰਤ ਸਿੰਘ, ਅਮਰਜੀਤ ਪੰਚ, ਕਮਲਜੀਤ ਕੌਰ ਸਾਬਕਾ ਸਰਪੰਚ, ਬਲਵੀਰ ਫੌਜੀ, ਮੰਗਤ ਰਾਮ, ਬਲਦੇਵ, ਜੋਵਨ, ਪਰਮਜੀਤ ਸਿੰਘ, ਵੰਸ਼, ਸੋਨੂ, ਸੁੱਚਾ ਰਾਮ, ਸੰਤੋਖ ਦਾਸ ਅਤੇ ਸਮੂਹ ਸੰਗਤ ਹਾਜ਼ਰ ਸਨ।



## ਖੇਤੀ 'ਚ ਵਿਭਿੰਨਤਾ ਲਿਆਉਣ ਲਈ ਸਹੋੜਾ ਵਿਖੇ ਮੱਕੀ ਦੀ ਬਿਜਾਈ ਕਰਵਾਈ



**ਕੁਰਾਲੀ (ਮੋਹਨ ਅੱਗਰਵਾਲ)** ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਐਸ ਏ ਐਸ ਨਗਰ ਵੱਲੋਂ ਖੇਤੀ ਵਿੱਚ ਵਿਭਿੰਨਤਾ ਲਿਆਉਣ ਅਤੇ ਪਾਣੀ ਦੀ ਬੱਚਤ ਲਈ ਝੋਨੇ ਹੇਠੋਂ ਰਕਬਾ ਘਟਾਉਣ ਲਈ ਕੰਡੀ ਖੇਤਰ ਵਿੱਚ ਮੱਕੀ, ਬਾਸਮਤੀ, ਸੋਇਆਬੀਨ, ਤਿੱਲ ਅਤੇ ਝੋਨੇ ਦੀ ਸਿੱਧੀ ਬਿਜਾਈ ਨੂੰ ਤਰਜੀਹ ਦੇਣੀ ਚਾਹੀਦੀ ਹੈ। ਡਾ. ਗੁਰਬਚਨ ਸਿੰਘ ਮੁੱਖ ਖੇਤੀਬਾੜੀ ਅਫ਼ਸਰ ਐਸ ਏ ਐਸ ਨਗਰ ਦੀ ਅਗਵਾਈ ਹੇਠ ਡਾ ਅਜੈ ਕੁਮਾਰ ਏ ਈ ਓ ਨੇ ਕਿਸਾਨਾਂ ਨੂੰ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਫਸਲੀ ਵਿਭਿੰਨਤਾ ਨੂੰ ਉਤਸ਼ਾਹਿਤ ਕਰਨ ਅਤੇ ਪਾਣੀ ਦੀ ਘਾਟ ਨੂੰ ਮੁੱਖ ਰੱਖਦੇ ਹੋਏ ਮੱਕੀ ਦੇ ਬੀਜ ਤੇ ਸਬਸਿਡੀ ਦਿੱਤੀ ਜਾ ਰਹੀ ਹੈ। ਮੱਕੀ ਦੀ ਫਸਲ ਨੂੰ ਉਤਸਾਹਿਤ ਕਰਨ ਲਈ ਬਲਾਕ ਖਰੜ ਦੇ ਪਿੰਡ ਸਹੋੜਾ ਵਿਖੇ ਨੁਮੈਟੀਕ ਪਲਾਂਟ ਨਾਲ ਮੱਕੀ ਦੀ ਬਿਜਾਈ ਕਰਵਾਉਂਦੇ ਹੋਏ। ਉਨ੍ਹਾਂ ਕਿਸਾਨਾਂ ਨੂੰ ਦੱਸਿਆ ਕਿ ਬਲਾਕ ਦੇ ਦਫ਼ਤਰਾਂ ਵਿੱਚ ਅਡਵਾਂਟਾ ਕੰਪਨੀ ਦਾ ਮੱਕੀ ਦਾ ਬੀਜ 100/-ਰੁਪਏ ਪ੍ਰਤੀ ਕਿਲੋ ਦੇ ਹਿਸਾਬ ਨਾਲ ਸਬਸਿਡੀ ਤੇ ਦਿੱਤਾ ਜਾ ਰਿਹਾ ਹੈ। ਇਸ ਮੌਕੇ ਉਨ੍ਹਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਪਾਣੀ ਅਤੇ ਬਿਜਲੀ ਦੀ ਬੱਚਤ ਲਈ ਕੱਦੂ ਵਾਲੇ ਝੋਨੇ ਹੇਠੋਂ ਰਕਬਾ ਘਟਾਕੇ ਮੱਕੀ, ਬਾਸਮਤੀ ਅਤੇ ਝੋਨੇ ਦੀ ਸਿੱਧੀ ਬਿਜਾਈ ਹੇਠ ਲਿਆਂਦਾ ਜਾਵੇ, ਤਾਂ ਜੋ ਕੁਦਰਤੀ ਸੋਮੇ ਪਾਣੀ ਨੂੰ ਬਚਾ ਸਕੀਏ ਅਤੇ ਆਪਣੇ ਵਾਤਾਵਰਣ ਨੂੰ ਸਾਫ-ਸੁਥਰਾ ਰੱਖ ਸਕੀਏ। ਇਸ ਮੌਕੇ ਪਿੰਡ ਦੇ ਕਿਸਾਨ ਅਤੇ ਵਿਭਾਗ ਦੇ ਕਰਮਚਾਰੀ ਹਾਜ਼ਰ ਸਨ।

## ਮਾਨ ਨੂੰ ਮਿਲਿਆ ਮਿਊਂਸਪਲ ਸਫ਼ਾਈ ਕਰਮਚਾਰੀ ਯੂਨੀਅਨ (ਇੰਟਕ) ਦਾ ਵਫ਼ਦ

**ਫਗਵਾੜਾ** : ਮਿਊਂਸਪਲ ਸਫ਼ਾਈ ਕਰਮਚਾਰੀ ਯੂਨੀਅਨ (ਰਜਿ.) ਇੰਟਕ ਦਾ ਇੱਕ ਵਫ਼ਦ ਪ੍ਰਧਾਨ ਕੁਲਵੰਤ ਰਾਏ ਸੌਂਧੀ ਦੀ ਅਗਵਾਈ ਹੇਠ ਆਮ ਆਦਮੀ ਪਾਰਟੀ ਵਿਧਾਨ ਸਭਾ ਹਲਕਾ ਫਗਵਾੜਾ ਦੇ ਇੰਚਾਰਜ ਜੋਗਿੰਦਰ ਸਿੰਘ ਮਾਨ ਨੂੰ ਮਿਲਿਆ। ਉਨ੍ਹਾਂ ਹਲਕਾ ਇੰਚਾਰਜ ਮਾਨ ਨੂੰ ਮੰਗ ਪੱਤਰ ਸੌਂਪਦਿਆਂ ਨਗਰ ਨਿਗਮ ਫਗਵਾੜਾ ਵਿੱਚ ਕੰਮ ਕਰਦੇ 134 ਕੱਚੇ ਸਫਾਈ ਕਰਮਚਾਰੀਆਂ ਨੂੰ ਡੀ.ਸੀ. ਗਰੇਡ ਕਰਨ ਦੀ ਮੰਗ ਕੀਤੀ। ਇਸ ਦੌਰਾਨ ਯੂਨੀਅਨ ਦੇ ਅਹੁਦੇਦਾਰਾਂ ਨੇ ਦੱਸਿਆ ਕਿ ਇਹ ਸਫਾਈ ਸੇਵਕ ਲੰਬੇ ਸਮੇਂ ਤੋਂ ਕੰਮ ਕਰ ਰਹੇ ਹਨ।

ਇਸ ਲਈ ਸੀ.ਐਮ. ਭਗਵੰਤ ਮਾਨ ਵੱਲੋਂ ਚੋਣਾਂ ਸਮੇਂ ਕੀਤੇ ਆਪਣੇ ਵਾਅਦੇ ਨੂੰ ਪੂਰਾ ਕਰਦਿਆਂ ਉਨ੍ਹਾਂ ਨੂੰ ਡੀ.ਸੀ. ਗਰੇਡ ਦੇ ਹਿਸਾਬ ਨਾਲ ਤਨਖਾਹ ਅਤੇ ਭੱਤੇ ਦਿੱਤੇ ਜਾਣ। ਜੋਗਿੰਦਰ ਸਿੰਘ ਮਾਨ ਨੇ ਵਫਦ ਨੂੰ ਭਰੋਸਾ ਦਿੱਤਾ ਕਿ ਉਨ੍ਹਾਂ ਦੀ ਜਾਇਜ਼ ਮੰਗ ਨੂੰ ਪੰਜਾਬ ਸਰਕਾਰ ਅਤੇ ਸੰਬੰਧਤ ਵਿਭਾਗ ਅੱਗੇ ਮਜ਼ਬੂਤੀ ਨਾਲ ਰੱਖਿਆ ਜਾਵੇਗਾ।

ਯੂਨੀਅਨ ਦੇ ਉਪ ਪ੍ਰਧਾਨ ਜੋਗਰਾਜ ਨਾਹਰ, ਸਲਾਹਕਾਰ ਮਹਿੰਦਰਪਾਲ ਥਾਪਰ, ਚੇਅਰਮੈਨ ਰਮੇਸ਼ ਕੁਮਾਰ ਗਿੱਲ, ਵਿਕਰਮ ਸੇਠੀ, ਜਨਰਲ ਸਕੱਤਰ ਸੰਨੀ ਸਰਵਟਾ, ਪਦਮ ਕੁਮਾਰ, ਨਰੇਸ਼ ਗਿੱਲ, ਕੈਸ਼ੀਅਰ ਰਾਕੇਸ਼ ਭੱਟੀ, ਅਸ਼ਵਨੀ ਸਲਹੋਤਰਾ, ਮਦਨ ਲਾਲ ਤੋਂ ਇਲਾਵਾ ਰਵੀ ਸਰਵਟਾ, ਰਿੱਕੀ ਸਰਵਟਾ, ਸਰਜੂ ਹੰਸ, ਪਰਮਿੰਦਰ, ਸੁਭਾਸ਼ ਚੰਦਰ, ਸੁਨੀਲ ਦੱਤ, ਦੇਵਰਾਜ, ਰਮਨ ਕੁਮਾਰ ਆਦਿ ਹਾਜ਼ਰ ਸਨ।

## ਪੇਂਡੂ ਮਜ਼ਦੂਰ ਯੂਨੀਅਨ ਵੱਲੋਂ ਮਜ਼ਦੂਰਾਂ ਦੀ ਦਿਹਾੜੀ 'ਚ ਵਾਧੇ ਨੂੰ ਲੈ ਕੇ ਜ਼ਿਲ੍ਹਾ ਪੱਧਰੀ ਮੀਟਿੰਗ

**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ )**- ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਨੇ ਮਜ਼ਦੂਰਾਂ ਦੀ ਦਿਹਾੜੀ, ਮਗਨਰੇਗਾ ਸਮੇਤ ਲਗਾਤਾਰ ਰੁਜ਼ਗਾਰ ਅਤੇ ਲਾਲ ਲਕੀਰ ਵਿੱਚ ਰਹਿੰਦੇ ਲੋਕਾਂ ਨੂੰ ਮਾਲਕੀ ਹੱਕ ਦੇਣ ਦੇ ਸਵਾਲ ਨੂੰ ਲੈ ਕੇ ਪਿੰਡ ਪੱਧਰੀ ਘੋਲ ਚਲਾਉਣ ਲਈ 30 ਜੂਨ ਨੂੰ ਨਵਾਂਸ਼ਹਿਰ ਵਿਖੇ ਭਰਵੀਂ ਮਜ਼ਦੂਰ ਮੀਟਿੰਗ ਕਰਨ ਦਾ ਐਲਾਨ ਕੀਤਾ ਹੈ। ਇਸ ਦੀ ਤਿਆਰੀ ਸੰਬੰਧੀ ਅੱਜ ਯੂਨੀਅਨ ਦੀ ਜ਼ਿਲ੍ਹਾ ਪੱਧਰੀ ਮੀਟਿੰਗ ਪਿੰਡ ਸ਼ਹਾਬਪੁਰ ਵਿਖੇ ਸ਼ਹੀਦ ਮਾਸਟਰ ਗਿਆਨ ਸਿੰਘ ਸੰਘਾ ਦੀ ਯਾਦਗਾਰ ਤੇ ਕੀਤੀ ਗਈ। ਯੂਨੀਅਨ ਦੇ ਸੂਬਾ ਆਗੂ ਕਮਲਜੀਤ ਸਿੰਘ ਸਨਾਵਾ ਨੇ ਦੱਸਿਆ ਕਿ ਦਿੱਲੀ ਮਾਡਲ ਲਾਗੂ ਕਰਨ ਦੀਆਂ ਟਾਹਰਾਂ ਮਾਰਨ ਵਾਲੀ ਭਗਵੰਤ ਸਿੰਘ ਮਾਨ ਸਰਕਾਰ ਵੀ ਪਹਿਲੀਆਂ ਸਰਕਾਰਾਂ ਵਰਗੀ ਬੇਜ਼ਮੀਨੇ ਮਜ਼ਦੂਰਾਂ ਵਿਰੋਧੀ ਸਰਕਾਰ ਸਾਬਤ ਹੋਈ ਹੈ। ਉਨ੍ਹਾਂ ਕਿਹਾ ਇਸ ਕਰਕੇ ਹੀ ਗਾਰੰਟੀ ਦੇ ਬਾਵਜੂਦ ਮਹਿਜ਼ ਮਗਨਰੇਗਾ ਤਹਿਤ 100 ਦਿਨ ਮਿਲਣ ਵਾਲਾ ਰੁਜ਼ਗਾਰ ਵੀ ਨਹੀਂ ਮਿਲ ਰਿਹਾ। ਸੂਬਾ ਸਰਕਾਰ ਨੂੰ ਆਪਣੀ ਤਰਫੋਂ 200 ਦਿਨ ਦਾ ਰੁਜ਼ਗਾਰ ਮੁਹੱਈਆ ਕਰਵਾਉਣ ਦੀ ਗਾਰੰਟੀ ਦੇਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਕੰਮ ਉੱਪਰ ਹਾਜ਼ਰ ਹੋਣ 'ਤੇ ਦਿਹਾੜੀ ਦੀ ਹੋ ਰਹੀ ਕਟੌਤੀ ਬੰਦ ਕੀਤੀ ਜਾਵੇ, ਦਿੱਲੀ ਮਾਡਲ ਤਹਿਤ ਆਲ ਇੰਡੀਆ ਲੇਬਰ ਕਾਨਫਰੰਸ 1956 ਤਹਿਤ ਹਰ ਖੇਤਰ ਵਿੱਚ ਮਜ਼ਦੂਰਾਂ ਦੀ ਦਿਹਾੜੀ 1000 ਰੁਪਏ ਕਰਨ ਦੀ ਗਾਰੰਟੀ ਕੀਤੀ ਜਾਵੇ ਅਤੇ ਲਾਲ ਲਕੀਰ ਵਿੱਚ ਰਹਿੰਦੇ ਲੋਕਾਂ ਨੂੰ ਮਾਲਕੀ ਦੇ ਹੱਕ ਦਿੱਤੇ ਜਾਣ। ਉਨ੍ਹਾਂ ਕਿਹਾ ਕਿ ਇਨ੍ਹਾਂ ਬੁਨਿਆਦੀ ਮੁੱਦਿਆਂ ਉੱਪਰ ਮਜ਼ਦੂਰਾਂ ਨੂੰ ਲਾਮਬੰਦ ਕਰਨ ਲਈ ਜ਼ਿਲ੍ਹੇ ਭਰ ਦੇ 100 ਤੋਂ ਵੱਧ ਪਿੰਡਾਂ ਵਿੱਚ ਮਜ਼ਦੂਰਾਂ ਤੱਕ ਪਹੁੰਚ ਕੀਤੀ ਜਾਵੇਗੀ।

## ਰਾਜਾ ਦੀ ਅਗਵਾਈ 'ਚ ਟਾਂਡਾ ਉੜਮੁੜ ਦਾ ਸਮੁੱਚਾ ਵਿਕਾਸ ਹੋ ਰਿਹਾ : ਕੇਸ਼ਵ ਸੈਣੀ

**ਟਾਂਡਾ ਉੜਮੁੜ, ( ਜਸਵਿੰਦਰ ਸੰਧੂ, ਉਂਕਾਰ ਸਿੰਘ)**-ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਸੂਬੇ ਦੇ ਪਿੰਡਾਂ ਅਤੇ ਸ਼ਹਿਰਾਂ ਦੇ ਵਿਕਾਸ ਕਾਰਜਾਂ ਲਈ ਫੰਡਾਂ ਦੀ ਕੋਈ ਕਮੀ ਨਹੀਂ ਰਹਿਣ ਦਿੱਤੀ ਜਾਵੇਗੀ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਆਮ ਆਦਮੀ ਪਾਰਟੀ ਦੇ ਬਲਾਕ ਪ੍ਰਧਾਨ ਟਾਂਡਾ ਕੇਸਵ ਸਿੰਘ ਸੈਣੀ ਨੇ ਪਿੰਡ ਪਲਾਹਚੱਕ ਦੇ ਵਿਕਾਸ ਕਾਰਜਾਂ ਲਈ ਪਿੰਡ ਦੀ ਪੰਚਾਇਤ ਗ੍ਰਾਂਟ ਦਾ ਚੈੱਕ ਭੇਟ ਕਰਨ ਸਮੇਂ ਕੀਤਾ। ਇਸ ਮੌਕੇ ਉਨ੍ਹਾਂ ਪਿੰਡ ਦੇ ਸਰਪੰਚ ਜਗਦੀਪ ਸਿੰਘ ਅਤੇ ਅਤਵਾਰ ਸਿੰਘ ਨੂੰ ਪਿੰਡ ਦੀ ਬਿਹਤਰੀ ਵਾਸਤੇ 2 ਲੱਖ ਰੁਪਏ ਦੀ ਗ੍ਰਾਂਟ ਦਾ ਚੈੱਕ ਭੇਟ ਕਰਦਿਆਂ ਕਿਹਾ ਕਿ ਜਿੱਥੇ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਦੀ ਅਗਵਾਈ ਵਿੱਚ ਸਮੁੱਚੇ ਪੰਜਾਬ ਅੰਦਰ ਵਿਕਾਸ ਕਾਰਜ ਹੋ ਰਹੇ ਹਨ, ਉਥੇ ਹੀ ਹਲਕਾ ਉੜਮੁੜ ਟਾਂਡਾ ਵਿਚ ਆਮ ਆਦਮੀ ਪਾਰਟੀ ਦੇ ਸੂਬਾ ਉਪ ਪ੍ਰਧਾਨ ਵਿਧਾਇਕ ਜਸਵੀਰ ਰਾਜਾ ਦੀ ਅਗਵਾਈ ਵਿਚ ਸੂਬੇ ਵਿਚ ਵਿਕਾਸ ਦੇ ਕਾਰਜ ਹੋ ਰਹੇ ਹਨ, ਜਿਸ ਕਾਰਨ ਪਿੰਡਾਂ ਤੇ ਸ਼ਹਿਰਾਂ ਦੀ ਨੁਹਾਰ ਬਦਲੀ ਜਾ ਰਹੀ ਹੈ। ਇਸ ਮੌਕੇ ਉਨ੍ਹਾਂ ਹੋਰ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ ਇਨ੍ਹਾਂ ਵਿਕਾਸ ਕਾਰਜਾਂ ਵਿਚ ਹੋਰ ਵੀ ਤੇਜ਼ੀ ਲਿਆ ਕੇ ਰਹਿੰਦੇ ਕਾਰਜ ਪੂਰੇ ਕੀਤੇ ਜਾਣਗੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਪੰਚ ਮਹਿੰਦਰ ਸਿੰਘ, ਬਲਵੀਰ ਸਿੰਘ, ਕਸ਼ਮੀਰ ਸਿੰਘ, ਬਲਵਿੰਦਰ ਸਿੰਘ, ਅਮਰਜੀਤ ਸਿੰਘ ਆਦਿ ਵੀ ਹਾਜ਼ਰ ਸਨ।

## ਹਾਈ ਵੋਲਟੇਜ ਤਾਰਾਂ ਨੂੰ ਨਾ ਠੀਕ ਕਰਨ 'ਤੇ ਪਾਵਰਕਾਮ ਵਿਰੁੱਧ ਰੋਸ ਮੁਜ਼ਾਹਰਾ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**- ਪੰਡੋਰੀ ਲੱਧਾ ਸਿੰਘ ਦੇ ਤਰਨਪਾਲ ਸਿੰਘ (ਸਾਬਕਾ ਸਰਪੰਚ) ਨੇ ਪਿੰਡ ਵਿਚ ਇੱਕ ਗਲੀ ਵਿਚ ਹਾਈ ਵੋਲਟੇਜ ਲਮਕ ਰਹੀਆਂ ਤਾਰਾਂ ਨੂੰ ਠੀਕ ਕਰਨ ਨੂੰ ਲੈ ਕੇ 1 ਸਾਲ ਪਹਿਲਾਂ ਦਿੱਤੀ ਅਰਜ਼ੀ ਉਤੇ ਕਾਰਵਾਈ ਨਾ ਕਰਨ ਅਤੇ ਪਿੰਡ ਵਿਚ ਨਵਾਂ ਟਰਾਂਸਫਾਰਮਰ ਨਾ ਰੱਖਣ ਨੂੰ ਲੈ ਕੇ ਬਿਜਲੀ ਅਧਿਕਾਰੀਆਂ ਵੱਲੋਂ ਅਣਗਹਿਲੀਆਂ ਵਰਤਣ ਪ੍ਰਤੀ ਰੋਸ ਪ੍ਰਗਟ ਕਰਦਿਆਂ ਕਿਹਾ ਕਿ ਅਜਿਹੀਆਂ ਅਣਗਹਿਲੀਆਂ ਕਦੇ ਵੀ ਕਿਸੇ ਵੇਲੇ ਵੀ ਕਿਸੇ ਘਟਨਾ ਨੂੰ ਅੰਜਾਮ ਦੇ ਸਕਦੀਆਂ ਹਨ। ਸਾਬਕਾ ਸਰਪੰਚ ਨੇ ਦੱਸਿਆ ਕਿ ਪਿੰਡ ਵਾਸੀਆਂ ਵੱਲੋਂ ਪਹਿਲਾਂ 13 ਜੂਨ 2022 ਨੂੰ ਲਿਖਤੀ ਕੋਟ ਫਤੂਹੀ ਬਿਜਲੀ ਘਰ ਸ਼ਿਕਾਇਤ ਦਰਜ ਕਰਵਾਈ ਸੀ ਕਿ ਇਨ੍ਹਾਂ ਲਮਕ ਰਹੀਆਂ ਤਾਰਾਂ ਨੂੰ ਉਚਾ ਕੀਤਾ ਜਾਵੇ ਤੇ ਪਿੰਡ ਵਿਚ ਘਟਦੀ ਵਧਦੀ ਵੋਲਟੇਜ ਨੂੰ ਦਰੁਸਤ ਕੀਤਾ ਜਾਵੇ। ਪਰ 1 ਸਾਲ ਬੀਤਣ ਬਾਅਦ ਵੀ ਪਾਵਰਕਾਮ ਦੇ ਅਧਿਕਾਰੀ ਠੀਕ ਕਰਨ ਵਿਚ ਬੁਰੀ ਤਰ੍ਹਾਂ ਅਸਫਲ ਰਹੇ। ਫਿਰ ਦੁਬਾਰਾ ਮਿਤੀ 19 ਮਈ 2023 ਨੂੰ ਲਿਖਤੀ ਸ਼ਿਕਾਇਤ ਦਰਜ ਕਰਵਾਈ ਪਰ ਫਿਰ ਵੀ ਕੋਈ ਕਾਰਵਾਈ ਨਹੀਂ ਕੀਤੀ ਗਈ। ਉਨ੍ਹਾ ਕਿਹਾ ਕਿ ਬਿਜਲੀ ਦੀ ਵੋਲਟੇਜ ਪੂਰੀ ਨਾ ਮਿਲਣ ਕਾਰਨ ਲੋਕਾਂ ਦੇ ਘਰਾਂ ਵਿਚ ਲੱਗੇ ਮਹਿੰਗੇ ਬਿਜਲੀ ਉਪਕਰਨਾਂ ਦਾ ਭਾਰੀ ਨੁਕਸਾਨ ਹੋ ਸਕਦਾ ਹੈ ਤੇ ਉਸ ਲਈ ਪੰਜਾਬ ਸਰਕਾਰ ਪੂਰੀ ਤਰ੍ਹਾਂ ਜ਼ੁੰਮੇਵਾਰ ਹੋਵੇਗੀ। ਉਨ੍ਹਾ ਕਿਹਾ ਕਿ ਬਿਜਲੀ ਦੇ ਖੇਤਰ ਵਿਚ 1 ਮਿੰਟ ਦੀ ਅਣਗਹਿਲੀ ਬਹੁਤ ਘਾਤਕ ਹੈ ਤੇ ਕਿਸੇ ਦੀ ਜਾਨ ਲੈ ਸਕਦੀ ਹੈ। ਸਰਪੰਚ ਨੇ ਕਿਹਾ ਕਿ ਪਿੰਡ ਵਿਚ ਇਕ ਟਰਾਂਸਫਾਰਮਰ ਤੋਂ ਬਿਨਾਂ ਕਿਸੇ ਬਰੇਕਰ ਤੋਂ ਸਿੱਧੀਆਂ ਤਾਰਾਂ ਲਗਾ ਕੇ ਸਪਲਾਈ ਦਿੱਤੀ ਹੋਈ ਹੈ ਤੇ ਉਸ ਨੂੰ ਵੀ ਠੀਕ ਨਹੀਂ ਕੀਤਾ ਜਾ ਰਿਹਾ। ਉਨ੍ਹਾ ਕਿਹਾ ਕਿ ਅਸਲ ਵਿਚ ਪਾਵਰਕਾਮ ਦੇ ਅੰਦਰ ਠੇਕੇਦਾਰੀ ਪ੍ਰਬੰਧ ਐਨਾ ਖਸਤਾ ਹੈ ਕਿ ਇਲਾਕੇ ਵਿਚ ਕੋਈ ਵੀ ਕੰਮ ਸਮੇਂ ਸਿਰ ਨਹੀਂ ਹੋ ਰਿਹਾ। ਦਫਤਰ ਵਿਚ ਮੁਲਾਜ਼ਮਾਂ ਦੀ ਵੱਡੀ ਘਾਟ ਵੀ ਦਰਜ ਹੈ। ਉਨ੍ਹਾ ਕਿਹਾ ਕਿ ਅਗਰ ਬਿਜਲੀ ਦੀਆਂ ਤਾਰਾਂ ਨੂੰ 1 ਹਫਤੇ ਵਿਚ ਠੀਕ ਨਹੀਂ ਕੀਤਾ ਗਿਆ ਤਾਂ ਕੋਟ ਫਤੂਹੀ ਬਿਜਲੀ ਘਰ ਅੱਗੇ ਧਰਨਾ ਦਿੱਤਾ ਜਾਵੇਗਾ ਤੇ ਜਿਸ ਦੀ ਨਿਰੋਲ ਜ਼ੁੰਮੇਵਾਰੀ ਸੰਬੰਧਤ ਅਧਿਕਾਰੀਆਂ ਦੀ ਹੋਵੇਗੀ। ਇਸ ਸੰਬੰਧ ਵਿਚ ਸਰਪੰਚ ਨੇ ਡਿਪਟੀ ਚੀਫ ਇੰਜੀਨੀਅਰ ਦੇ ਧਿਆਨ ਹੇਠ ਮਾਮਲਾ ਲਿਆਂਦਾ ਹੈ। ਇਸ ਮੌਕੇ ਗੁਰਦੀਪ ਸਿੰਘ, ਗੁਰਮਿੰਦਰ ਸਿੰਘ, ਸੁਖਪ੍ਰੀਤ ਸਿੰਘ, ਚਰਨਜੀਤ ਸਿੰਘ, ਵਿਜੇਪਾਲ ਸਿੰਘ ਨੰਬਰਦਾਰ, ਵੇਦ ਰਾਜ ਕਮੁਾਰ, ਚੰਦਨਜੀਤ ਸਿੰਘ, ਪਰਦੀਪ ਸਿੰਘ, ਪਵਨਪ੍ਰੀਤ ਸਿੰਘ ਅਤੇ ਅੰਮ੍ਰਿਤਪਾਲ ਸਿੰਘ ਆਦਿ ਹਾਜ਼ਰ ਸਨ। ਇਸ ਸੰਬੰਧ ਵਿਚ ਐਸ ਡੀ ਓ ਨੇ ਕਿਹਾ ਕਿ ਮੌਕਾ ਵੇਖ ਕੇ ਜਲਦੀ ਕੰਮ ਕਰਵਾਉਂਦਾ ਹਾਂ।



ਲੋਕ ਸਭਾ ਮੈਂਬਰ ਸੁਸ਼ੀਲ ਕੁਮਾਰ ਰਿੰਕੂ 72ਵੇਂ ਸਲਾਨਾ ਸ਼ਹੀਦੀ ਜੋੜ ਮੇਲੇ ਮੌਕੇ ਗੁਰਦੁਆਰਾ ਸ਼ਹੀਦਾਂ ਬਾਬਾ ਨਿਹਾਲ ਸਿੰਘ ਜੀ ਪਿੰਡ ਤੱਲ੍ਹਣ ਵਿਖੇ ਨਤਮਸਤਕ ਹੋਏ। ਇਸ ਮੌਕੇ ਉਨ੍ਹਾ ਨਾਲ ਪੰਜਾਬ ਕੰਟੇਨਰ ਤੇ ਵੇਅਰ ਹਾਊਸਿੰਗ ਕਾਰਪੋਰੇਸ਼ਨ ਦੀ ਚੇਅਰਪਰਸਨ ਰਾਜਵਿੰਦਰ ਕੌਰ ਥਿਆੜਾ, ਆਪ ਆਗੂ ਜਗਰੂਪ ਸਿੰਘ ਸੇਖਵਾਂ, ਸੁਰਿੰਦਰ ਭਾਪਾ, ਹਰਜਿੰਦਰ ਲੱਢਾ ਵੀ ਮੌਜੂਦ ਸਨ। (ਫੋਟੋ ਤੇ ਵੇਰਵਾ - ਸ਼ੈਲੀ ਐਲਬਰਟ)



ਧਾਰਮਿਕ ਗੀਤ ਸੋਹਣਾ ਯਾਰ ਦੀ ਸੂਟਿੰਗ ਰੋਜਾ ਸ਼ਰੀਫ ਮੰਢਾਲੀ ਵਿਖੇ ਕੀਤੀ ਗਈ। ਇਸ ਮੌਕੇ ਗਾਇਕ ਨੂਰ ਮੁਹੰਮਦ, ਸੰਗੀਤਕਾਰ ਪ੍ਰੀਤ ਬਲਿਹਾਰ ਅਤੇ ਹੋਰ ਹਾਜ਼ਰ ਸਨ। (ਫੋਟੋ ਤੇ ਵੇਰਵਾ ਬਹਿਰਾਮ ਅਵਤਾਰ ਕਲੇਰ)



ਪਿੰਡ ਕੱਟ ਦੇ ਨੌਜਵਾਨਾਂ ਵਲੋਂ ਬਹਿਰਾਮ ਰੇਲਵੇ ਫਾਟਕਾਂ ਤੇ ਖਰਬੂਜਿਆਂ ਦਾ ਲੰਗਰ ਅਤੇ ਠੰਢੇ ਮਿੱਠੇ ਜਲ ਦੀ ਛਬੀਲ ਲਗਾਈ ਗਈ । ਇਸ ਮੌਕੇ ਜਗਦੀਸ਼ ਬਿੱਲੂ ਪੰਚ, ਜਥੇਦਾਰ ਜੋਗਾ ਸਿੰਘ ਖੜੌਦ, ਪਰਮਜੀਤ ਸਿੰਘ, ਬੂਟਾ ਸਿੰਘ, ਤੀਰਥ ਸਿੰਘ ਲੇਹਲ, ਹਰਭਜਨ ਸਿੰਘ, ਅਮਰਜੀਤ ਸਾਈਂ, ਜੋਗਾ ਸਿੰਘ ਮੱਲ, ਰਿੱਕੀ ਸੈਂਪਲੇ, ਜਸ਼ਨਦੀਪ ਸਿੰਘ, ਮਨਿੰਦਰ ਸਿੰਘ, ਗੁਰਦੀਪ ਸਿੰਘ, ਮਨਜਿੰਦਰ ਸਿੰਘ, ਅਮਰਜੀਤ ਸਿੰਘ ਅੰਬੀ ਆਦਿ ਹਾਜ਼ਰ ਸਨ। ਫੋਟੋ ਤੇ ਵੇਰਵਾ- ਬਹਿਰਾਮ ਅਵਤਾਰ ਕਲੇਰ

# ਗੁਰਮਤਿ ਸਮਾਗਮ ਕਰਵਾਇਆ



**ਕਰਤਾਰਪੁਰ (ਹਰਮੇਸ਼ ਦੱਤ)** ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਪ੍ਰਕਾਸ਼ ਪੁਰਬ ਦੇ ਸੰਬੰਧ 'ਚ ਤੀਸਰਾ ਗੁਰਮਤਿ ਸਮਾਗਮ ਗੁਰਦੁਆਰਾ ਬੇਰ ਬਾਬਾ ਗੁਰਦਿੱਤਾ, ਮੱਲੀਆਂ ਖੂਹ ਕਰਤਾਰਪੁਰ ਸਾਹਿਬ ਵਿਖੇ ਮਦਾਨ ਪਰਵਾਰ ਅਤੇ ਭਾਈ ਘਨ੍ਹਈਆ ਸੇਵਾ ਸੁਸਾਇਟੀ (ਰਜਿ.) ਵੱਲੋਂ ਸਮੂਹ ਸੰਗਤ ਦੇ ਸਹਿਯੋਗ ਨਾਲ ਕਰਵਾਇਆ ਗਿਆ। ਜਿਸ 'ਚ ਗੁਰਦੁਆਰਾ ਬੇਰ ਬਾਬਾ ਗੁਰਦਿੱਤਾ ਦੇ ਹੈੱਡ ਗ੍ਰੰਥੀ ਭਾਈ ਸਰਬਜੀਤ ਸਿੰਘ ਵੱਲੋਂ ਸ਼ਾਮ ਨੂੰ ਰਹਿਰਾਸ ਸਾਹਿਬ ਦਾ ਪਾਠ ਕੀਤਾ ਗਿਆ ਉਪਰੰਤ ਰਾਗੀ ਜਥੇ ਭਾਈ ਪਵਨਦੀਪ ਸਿੰਘ ਕਾਲਾ ਬਾਹੀਆ, ਭਾਈ ਬ੍ਰਹਮਜੋਤ ਸਿੰਘ ਜਲੰਧਰ ਵਾਲੇ ਅਤੇ ਭਾਈ ਹਰਜੋਤ ਸਿੰਘ ਜਖਮੀ ਜਲੰਧਰ ਵਾਲਿਆਂ ਦੇ ਜਥਿਆਂ ਵੱਲੋਂ ਸੰਗਤ ਨੂੰ ਰਸ ਭਿੰਨੇ ਕੀਰਤਨ ਅਤੇ ਗੁਰਬਾਣੀ ਵਿਚਾਰ ਰਾਹੀਂ ਨਿਹਾਲ ਕੀਤਾ ਗਿਆ। ਇਸ ਦੌਰਾਨ ਭਾਈ ਘਨ੍ਹਈਆ ਜੀ ਸੇਵਾ ਸੁਸਾਇਟੀ (ਰਜਿ.) ਵੱਲੋਂ ਠੰਡੇ ਮਿੱਠੇ ਜਲ ਦੀ ਛਬੀਲ ਵੀ ਲਗਾਈ ਗਈ। ਸੰਗਤ ਨੂੰ ਗੁਰੂ ਕਾ ਲੰਗਰ ਬੜੀ ਸਰਧਾ ਅਤੇ ਸਤਿਕਾਰ ਨਾਲ ਛਕਾਇਆ ਗਿਆ। ਐਸ ਜੀ ਪੀ ਸੀ ਮੈਂਬਰ ਰਣਜੀਤ ਸਿੰਘ ਕਾਹਲੋਂ ਅਤੇ ਐਮ ਐਲ ਏ ਬਲਕਾਰ ਸਿੰਘ ਵੱਲੋਂ ਵਿਸ਼ੇਸ਼ ਤੌਰ 'ਤੇ ਗੁਰਮਤਿ ਸਮਾਗਮ 'ਚ ਹਾਜ਼ਰੀ ਭਰੀ ਗਈ। ਇਸ ਮੌਕੇ ਸਮੂਹ ਮਦਾਨ ਪਰਵਾਰ ਹਰਪ੍ਰੀਤ ਸਿੰਘ ਲੱਕੀ, ਭਾਈ ਘਨ੍ਹਈਆ ਜੀ ਸੇਵਾ ਸੁਸਾਇਟੀ (ਰਜਿ.) ਦੇ ਮੈਂਬਰ ਤਜਿੰਦਰ ਸਿੰਘ ਪ੍ਰਧਾਨ, ਮਨਜੀਤ ਸਿੰਘ, ਗੁਰਪ੍ਰੀਤ ਸਿੰਘ ਖਾਲਸਾ, ਗੁਰਦਿੱਤ ਸਿੰਘ, ਪ੍ਰਭਜੋਤ ਸਿੰਘ ਹੈਪੀ, ਉਂਕਾਰ ਸਿੰਘ, ਮਾਸਟਰ ਅਮਰੀਕ ਸਿੰਘ, ਅਮਰਜੀਤ ਸਿੰਘ, ਪਰਮਜੀਤ ਸਿੰਘ ਮਦਾਨ, ਤਜਿੰਦਰ ਸਿੰਘ ਮਦਾਨ, ਪਰਮਵੀਰ ਸਿੰਘ ਮਦਾਨ, ਪਲਪਿੰਦਰ ਸਿੰਘ, ਹਰਜੋਤ ਸਿੰਘ,ਮਨਿੰਦਰ ਸਿੰਘ,ਹਰਜੋਧ ਸਿੰਘ, ਰਣਦੀਪ ਸਿੰਘ, ਅਜੇਪਾਲ ਸਿੰਘ, ਹਰਮਨ ਸਿੰਘ, ਹੈਰੀ , ਰਾਣਾ, ਪਰਮਪ੍ਰੀਤ ਸਿੰਘ, ਭਵਨਦੀਪ ਸਿੰਘ, ਮਨਕੀਰਤ ਸਿੰਘ, ਤਰਨਜੋਤ ਸਿੰਘ, ਹਰਜੀਤ ਸਿੰਘ, ਪ੍ਰਭਜੋਤ ਸਿੰਘ, ਹਰਦੀਪ ਸਿੰਘ, ਬੀਬੀ ਅਮਰਜੀਤ ਕੌਰ ਕੌਂਸਲਰ, ਮਨਜਿੰਦਰ ਕੌਰ ਕੌਂਸਲਰ, ਗਗਨਦੀਪ ਕੌਰ ਮਦਾਨ, ਜਤਿੰਦਰ ਕੌਰ ਮਦਾਨ, ਗੁਰਪ੍ਰੀਤ ਕੌਰ ਮਦਾਨ, ਅੰਤਰਪ੍ਰੀਤ ਕੌਰ, ਕੁਲਵੰਤ ਕੌਰ, ਤਨਜੀਤ ਕੌਰ, ਕੁਲਵਿੰਦਰ ਕੌਰ, ਜਸਲੀਨ ਕੌਰ, ਸਮੂਹ ਸੰਗਤ ਮੱਲੀਆਂ ਖੂਹ ਅਤੇ ਹੋਰ ਸੰਗਤਾਂ ਹਾਜ਼ਰ ਸਨ।

## ਮਾਨ ਮੋਹਾਲੀ 'ਚ ਆਰਜ਼ੀ ਸ਼ੈੱਡਾਂ 'ਚ ਖੁੱਲ੍ਹੇ ਠੇਕਿਆਂ ਤੇ ਅਹਾਤਿਆਂ ਨੂੰ ਮਾਰਕਿਟਾਂ 'ਚ ਭੇਜਣ ਦੇ ਤੁਰੰਤ ਹੁਕਮ ਦੇਣ : ਬਲਬੀਰ ਸਿੱਧੂ

**ਐੱਸ.ਏ.ਐੱਸ ਨਗਰ, (ਗੁਰਜੀਤ ਬਿੱਲਾ)**- ਸੀਨੀਅਰ ਭਾਜਪਾ ਆਗੂ ਅਤੇ ਸੂਬੇ ਦੇ ਸਾਬਕਾ ਸਿਹਤ ਮੰਤਰੀ ਬਲਬੀਰ ਸਿੰਘ ਸਿੱਧੂ ਨੇ ਅੱਜ ਪੰਜਾਬ ਦੇ ਮੁੱਖ ਮੰਤਰੀ ਤੋਂ ਮੰਗ ਕੀਤੀ ਹੈ ਕਿ ਜੇ ਉਹ ਮੋਹਾਲੀ ਨੂੰ ਸੱਚੀਂ ਮੁੱਚੀਂ ਸਮਾਰਟ ਸਿਟੀ ਵਜੋਂ ਵਿਕਸਤ ਕਰਨਾ ਲੋਚਦੇ ਹਨ ਤਾਂ ਉਹ ਸਭ ਤੋਂ ਪਹਿਲਾਂ ਸ਼ਹਿਰ ਵਿਚ ਸੜਕਾਂ ਉਤੇ ਖੁੱਲ੍ਹੇ ਸ਼ਰਾਬ ਦੇ ਠੇਕਿਆਂ ਅਤੇ ਅਹਾਤਿਆਂ ਨੂੰ ਮਾਰਕਿਟਾਂ ਵਿਚ ਭੇਜਣ ਦੇ ਹੁਕਮ ਦੇਣ। ਉਨ੍ਹਾ ਕਿਹਾ ਕਿ ਸੜਕਾਂ ਉਤੇ ਆਰਜ਼ੀ ਸ਼ੈਡ ਬਣਾ ਕੇ ਖੋਲ੍ਹੇ ਗਏ ਠੇਕੇ ਅਤੇ ਅਹਾਤੇ ਨੇੜਲੇ ਵਸਨੀਕਾਂ ਅਤੇ ਰਾਹਗੀਰਾਂ ਲਈ ਬਹੁਤ ਵੱਡੀ ਸਿਰਦਰਦੀ ਬਣੇ ਹੋਏ ਹਨ। ਸਿੱਧੂ ਨੇ ਕਿਹਾ ਕਿ ਸਮੇਂ ਵਾਈ.ਪੀ.ਐਸ. ਚੌਕ ਵਿਚ ਸੜਕ ਕਿਨਾਰੇ ਖੁੱਲ੍ਹਿਆ ਠੇਕਾ ਅਤੇ ਅਹਾਤਾ ਚੰਡੀਗੜ੍ਹ ਤੋਂ ਮੋਹਾਲੀ ਸ਼ਹਿਰ ਵਿਚ ਦਾਖਲ ਹੋਣ ਵਾਲੇ ਸ਼ਹਿਰੀਆਂ ਅਤੇ ਰਾਹਗੀਰਾਂ ਦਾ ਸਵਾਗਤ ਕਰਦਾ ਹੈ। ਉਨ੍ਹਾ ਕਿਹਾ ਕਿ ਸ਼ਾਮ ਵੇਲੇ ਇਥੇ ਗਾਹਕਾਂ ਅਤੇ ਪਿਆਕੜਾਂ ਦੀਆਂ ਲਗਦੀਆਂ ਲੰਬੀਆਂ ਲਾਈਨਾਂ ਜਿਥੇ ਆਵਾਜਾਈ ਵਿਚ ਵਿਘਨ ਪਾਉਂਦੀਆਂ ਹਨ ਉਥੇ ਨੌਜਵਾਨਾਂ ਖਾਸ ਕਰ ਕੇ ਬੱਚਿਆਂ ਦੀ ਅੱਲੜ ਮਾਨਸਿਕਤਾ ਉਤੇ ਮਾੜਾ ਪ੍ਰਭਾਵ ਪਾਉਂਦੀਆਂ ਹਨ। ਸਿੱਧੂ ਨੇ ਕਿਹਾ ਕਿ ਅਜਿਹੀਆਂ ਥਾਵਾਂ ਉਤੇ ਕਿਸੇ ਵੇਲੇ ਵੀ ਕੋਈ ਦੁਰਘਟਨਾ ਵਾਪਰ ਸਕਦੀ ਹੈ। ਸਾਬਕਾ ਸਿਹਤ ਮੰਤਰੀ ਨੇ ਕਿਹਾ ਕਿ ਸ਼ਹਿਰ ਦੇ ਵਾਈ.ਪੀ.ਐਸ. ਚੌਕ ਤੋਂ ਬਿਨਾਂ, ਗੁਰਦੁਆਰਾ ਸਾਹਿਬ ਸੋਹਾਣਾ ਅਤੇ ਸੈਕਟਰ 69-70 ਦੀਆਂ ਲਾਈਟਾਂ ਨੇੜੇ ਆਰਜ਼ੀ ਸ਼ੈਡਾਂ ਵਿਚ ਚੱਲ ਰਹੇ ਠੇਕੇ ਲੋਕਾਂ ਲਈ ਸਭ ਤੋਂ ਵੱਧ ਪ੍ਰੇਸ਼ਾਨੀ ਦਾ ਕਾਰਨ ਬਣੇ ਹੋਏ ਹਨ। ਉਨ੍ਹਾ ਕਿਹਾ ਕਿ ਇਥੇ ਨਿੱਤ-ਦਿਨ ਹੁੰਦੇ ਲੜਾਈ ਝਗੜੇ ਕਿਸੇ ਵੇਲੇ ਵੀ ਕਿਸੇ ਵੱਡੀ ਦੁਰਘਟਨਾ ਬਣ ਸਕਦੇ ਹਨ। ਉਨ੍ਹਾ ਕਿਹਾ ਕਿ ਇਸ ਲਈ ਪੇਸ਼ਗੀ ਕਦਮ ਚੁੱਕਦਿਆਂ ਸ਼ਹਿਰ ਦੇ ਸਾਰੇ ਠੇਕਿਆਂ ਅਤੇ ਅਹਾਤਿਆਂ ਨੂੰ ਅਧਿਕਾਰਤ ਮਾਰਕਿਟਾਂ ਵਿਚ ਤਬਦੀਲ ਕਰਨਾ ਚਾਹੀਦਾ ਹੈ। ਸਿੱਧੂ ਨੇ ਕਿਹਾ ਕਿ ਚੰਡੀਗੜ੍ਹ ਪ੍ਰਸ਼ਾਸਨ ਵੱਲੋਂ ਇਹ ਫੈਸਲਾ ਕਈ ਸਾਲ ਪਹਿਲਾਂ ਲੈ ਲਿਆ ਗਿਆ ਸੀ ਅਤੇ ਅੱਜ ਕੋਈ ਵੀ ਠੇਕਾ ਜਾਂ ਅਹਾਤਾ ਮਾਰਕਿਟਾਂ ਤੋਂ ਬਾਹਰ ਆਰਜ਼ੀ ਸ਼ੈਡਾਂ ਵਿਚ ਨਹੀਂ ਚੱਲ ਰਿਹਾ। ਉਨ੍ਹਾ ਕਿਹਾ ਕਿ ਜੇ ਮੁੱਖ ਮੰਤਰੀ ਭਗਵੰਤ ਮਾਨ ਇਹ ਕਾਰਜ ਕਰ ਦਿੰਦੇ ਹਨ ਤਾਂ ਮੋਹਾਲੀ ਨੂੰ ਸਮਾਰਟ ਸਿਟੀ ਬਣਾਉਣ ਵੱਲ ਉਨ੍ਹਾ ਦਾ ਇਹ ਪਹਿਲਾ ਸਾਰਥਕ ਕਦਮ ਹੋਵੇਗਾ।

20-June-PAGE-9.qxd 6/19/2023 10:27 PM Page 1



# ਜਿਊਲਰਜ਼ ਦੀ ਦੁਕਾਨ 'ਤੇ ਗੋਲੀਆਂ ਚਲਾਉਣ ਵਾਲੇ ਦੋਸ਼ੀ ਬੇਨਕਾਬ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**- ਸਰਤਾਜ ਸਿੰਘ ਚਾਹਲ ਸੀਨੀਅਰ ਪੁਲਸ ਕਪਤਾਨ ਹੁਸ਼ਿਆਰਪੁਰ ਦੀ ਰਹਿਨੁਮਾਈ ਹੇਠ ਮਾੜੇ ਅਨਸਰਾਂ ਖਿਲਾਫ ਚਲਾਈ ਗਈ ਵਿਸ਼ੇਸ਼ ਮੁਹਿੰਮ ਤਹਿਤ ਸਰਬਜੀਤ ਸਿੰਘ ਬਾਹੀਆ ਐਸ ਪੀ ਤਫਤੀਸ਼ ਜ਼ਿਲ੍ਹਾ ਹੁਸ਼ਿਆਰਪੁਰ ਦੀ ਨਿਗਰਾਨੀ ਹੇਠ ਪਰਮਿੰਦਰ ਸਿੰਘ ਮੰਡ ਉਪ ਪੁਲਸ ਕਪਤਾਨ ਡਿਟੈਕਟਿਵ ਹੁਸ਼ਿਆਰਪੁਰ, ਦਲਜੀਤ ਸਿੰਘ ਖੱਖ ਉਪ ਪੁਲਸ ਕਪਤਾਨ ਸਬ ਡਵੀਜ਼ਨ ਗੜ੍ਹਸ਼ੰਕਰ, ਇੰਸਪੈਕਟਰ ਬਲਵਿੰਦਰ ਪਾਲ ਇੰਚਾਰਜ ਸੀ ਆਈ ਏ ਸਟਾਫ, ਐਸ ਆਈ ਬਲਜਿੰਦਰ ਸਿੰਘ ਮੱਲ੍ਹੀ ਮੁੱਖ ਅਫਸਰ ਥਾਣਾ ਮਾਹਿਲਪੁਰ ਅਤੇ ਐਸ ਆਈ ਜੋਗਿੰਦਰ ਸਿੰਘ ਸੰਧਰ ਮੁੱਖ ਅਫਸਰ ਥਾਣਾ ਮੁਕੇਰੀਆਂ ਤਹਿਤ ਵਿਸ਼ੇਸ਼ ਟੀਮਾਂ ਵੱਲੋਂ ਕਸਬਾ ਮਾਹਿਲਪੁਰ ਵਿੱਚ 22 ਮਈ ਦੀ ਰਾਤ ਨੂੰ ਨਰਾਇਣ ਜਿਊਲਰਜ਼ ਦੀ ਦੁਕਾਨ 'ਤੇ ਫਾਇਰਿੰਗ ਕਰਨ ਵਾਲੇ ਬੰਬੀਹਾ ਗੈਂਗ ਨਾਲ ਸੰਬੰਧਤ 4 ਦੋਸ਼ੀ ਕਾਬੂ, 2 ਹੋਰ ਦੋਸ਼ੀ ਨਜਾਇਜ਼ ਅਸਲੇ ਸਮੇਤ ਕਾਬੂ ਅਤੇ ਇੱਕ ਦੋਸ਼ੀ ਨਜਾਇਜ਼ ਸ਼ਰਾਬ ਸਮੇਤ ਕਾਬੂ ਕਰਨ ਵਿੱਚ ਸਫਲਤਾ ਹਾਸਲ ਕੀਤੀ ਗਈ। ਪੱਤਰਕਾਰਾਂ ਨੂੰ ਜਾਣਕਾਰੀ ਦਿੰਦੇ ਹੋਏ ਸਰਤਾਜ ਸਿੰਘ ਚਾਹਲ ਸੀਨੀਅਰ ਪੁਲਸ ਕਪਤਾਨ ਹੁਸ਼ਿਆਰਪੁਰ ਨੇ ਦੱਸਿਆ ਕਿ 22 ਮਈ ਦੀ ਰਾਤ ਨੂੰ ਅਣਪਛਾਤੇ ਵਿਅਕਤੀਆਂ ਵੱਲੋਂ ਕਸਬਾ ਮਾਹਿਲਪੁਰ ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਸਥਿਤ ਨਰਾਇਣ ਜਿਊਲਰਜ਼ ਦੀ ਦੁਕਾਨ 'ਤੇ ਫਾਇਰਿੰਗ ਕਰਕੇ ਕਸਬਾ ਮਾਹਿਲਪੁਰ ਵਿੱਚ ਡਰ ਦਾ ਮਾਹੌਲ ਪੈਦਾ ਕੀਤਾ ਸੀ।

ਜਿਸ 'ਤੇ ਅਣਪਛਾਤੇ ਦੋਸ਼ੀਆਂ ਖਿਲਾਫ ਮੁਕੱਦਮਾ ਥਾਣਾ ਮਾਹਿਲਪੁਰ ਦਰਜ ਕੀਤਾ ਗਿਆ ਸੀ। ਜਿਸ 'ਤੇ ਸਰਬਜੀਤ ਸਿੰਘ ਬਾਹੀਆ ਐਸ ਪੀ ਤਫਤੀਸ਼ ਜ਼ਿਲ੍ਹਾ ਹੁਸ਼ਿਆਰਪੁਰ ਦੀ ਨਿਗਰਾਨੀ ਹੇਠ ਇੰਚਾਰਜ ਸੀ ਆਈ ਏ ਸਟਾਫ ਅਤੇ ਮੁੱਖ ਅਫਸਰ ਥਾਣਾ ਮਾਹਿਲਪੁਰ ਦੀ ਵਿਸ਼ੇਸ਼ ਟੀਮ ਤਿਆਰ ਕੀਤੀ ਗਈ। ਉਪਰੋਕਤ ਵਾਰਦਾਤ ਤੋਂ ਬਾਅਦ ਨਰਾਇਣ ਜਿਊਲਰਜ਼ ਦੇ ਮਾਲਕ ਰਾਹੁਲ ਰਾਏ ਪੁੱਤਰ ਅਵਿਨਾਸ਼ ਚੰਦਰ ਵਾਸੀ ਸੈਲਾ ਖੁਰਦ ਥਾਣਾ ਮਾਹਿਲਪੁਰ ਜ਼ਿਲ੍ਹਾ ਹੁਸ਼ਿਆਰਪੁਰ ਪਾਸੋਂ ਉਪਰੋਕਤ ਵਾਰਦਾਤ ਕਰਨ ਵਾਲੇ ਦੋਸ਼ੀ ਲਗਾਤਾਰ ਫਿਰੌਤੀ ਦੀ ਮੰਗ ਕਰ ਰਹੇ ਸਨ। ਜਿਸ 'ਤੇ ਉਪਰੋਕਤ ਟੀਮ ਵੱਲੋਂ ਉਪਰੋਕਤ ਵਾਰਦਾਤ ਨੂੰ ਅੰਜਾਮ ਦੇਣ ਵਾਲੇ ਵਿਅਕਤੀਆਂ ਨੂੰ ਟਰੇਸ ਕੀਤਾ ਗਿਆ ਤੇ 12 ਜੂਨ ਨੂੰ ਜ਼ਿਲ੍ਹਾ ਅੰਬਾਲਾ, ਹਰਿਆਣਾ, ਜ਼ਿਲ੍ਹਾ ਸਹਾਰਨਪੁਰ, ਉੱਤਰ ਪ੍ਰਦੇਸ਼ ਅਤੇ ਜ਼ਿਲ੍ਹਾ ਹਰਿਦੁਆਰ ਕਸਬਾ ਮੰਗਲੌਰ, ਉਤਰਾਖੰਡ ਵਿੱਚ ਵੱਖ-ਵੱਖ ਸਥਾਨਾਂ 'ਤੇ ਲਗਾਤਾਰ ਰੇਡਾਂ ਕਰਕੇ ਮੁੱਦਈ ਨੂੰ ਉਸ ਦੇ ਮੋਬਾਈਲ 'ਤੇ ਫਿਰੌਤੀ ਲਈ ਧਮਕੀਆਂ ਦੇਣ ਵਾਲੇ ਮੁੱਖ ਦੋਸ਼ੀ ਵਿਕਾਸ ਉਰਫ ਵੀਸ਼ ਕੁਮਾਰ ਉਰਫ ਵੀਸ਼ੂ ਪੁੱਤਰ ਗਜਰਾਜ ਵਾਸੀ ਜਬੀਰਨ ਥਾਣਾ ਮੰਗਲੌਰ ਜ਼ਿਲ੍ਹਾ ਹਰਿਦੁਆਰ ਸਟੇਟ ਉੱਤਰਾਖੰਡ ਨੂੰ ਗ੍ਰਿਫਤਾਰ ਕਰਨ ਵਿੱਚ ਸਫਲਤਾ ਹਾਸਲ ਕੀਤੀ ਗਈ। ਜਿਸ ਉਪਰੰਤ ਉਸ ਦੇ ਕੀਤੇ ਗਏ ਇੰਕਸ਼ਾਫ ਮੁਤਾਬਕ ਉਕਤ ਵਾਰਦਾਤ ਨੂੰ ਅੰਜਾਮ ਦੇਣ ਵਾਲੇ ਦੋਸ਼ੀ ਜਿਸ ਵਿੱਚ ਗੁਰਪ੍ਰੀਤ ਸਿੰਘ ਉਰਫ ਗੋਪੀ ਪੁੱਤਰ ਲੇਟ ਸੁਰਿੰਦਰ ਸਿੰਘ ਅਤੇ ਗੁਰਪ੍ਰਤਾਪ ਸਿੰਘ ਉਰਫ ਗੋਰਾ ਪੁੱਤਰ ਬੋਹੜ ਸਿੰਘ ਵਾਸੀਆਨ ਅਬਾਦੀ ਬਾਬਾ ਸੋਢੀ ਭਿੱਖੀਵਿੰਡ ਥਾਣਾ ਭਿੱਖੀਵਿੰਡ ਜ਼ਿਲ੍ਹਾ ਤਰਨ ਤਾਰਨ ਅਤੇ ਅਕਾਸ਼ਦੀਪ ਸਿੰਘ ਉਰਫ ਅਕਾਸ਼ ਉਰਫ ਮਹਿਕ ਉਰਫ ਕਾਬੂ ਪੁੱਤਰ ਜੱਸਾ ਸਿੰਘ ਵਾਸੀ ਬਾਬਾ ਜੀਵਨ ਸਿੰਘ ਗੁਰਦੁਆਰਾ ਨੇੜੇ ਬਾਬਾ ਬਾਲਮੀਕ ਦੀ ਜਗ੍ਹਾ ਬੋਹੜ ਲਾਗੇ ਸੋਢੀ ਭਿਖੀਵਿੰਡ ਥਾਣਾ ਭਿੱਖੀਵਿੰਡ ਜ਼ਿਲ੍ਹਾ ਤਰਨ ਤਾਰਨ ਨੂੰ ਵਾਰਦਾਤ ਨੂੰ ਅੰਜਾਮ ਦੇਣ ਲਈ ਵਰਤੇ ਗਏ ਮੋਟਰਸਾਈਕਲ ਸਮੇਤ ਕਾਬੂ ਕਰਨ ਵਿੱਚ ਸਫਲਤਾ ਹਾਸਲ ਕੀਤੀ ਗਈ। ਉਪਰੋਕਤ ਵਾਰਦਾਤ ਦੇ ਮਾਸਟਰ ਮਾਈਂਡ ਵਿਦੇਸ਼ ਵਿੱਚ ਬੈਠੇ ਦੋਸ਼ੀ ਇਸ਼ੂ ਪੰਡਤ ਵਾਸੀ ਮੈਲੀ ਥਾਣਾ ਮਾਹਿਲਪੁਰ ਜ਼ਿਲ੍ਹਾ ਹੁਸ਼ਿਆਰਪੁਰ ਅਤੇ ਬਾਬਾ ਅਗਮ ਸਿੰਘ ਵਾਸੀ ਜਲੰਧਰ ਹਨ।

ਇਸ਼ੂ ਪੰਡਤ ਉਕਤ ਦੀ ਨਰਾਇਣ ਜਿਊਲਰਜ਼ ਦੇ ਮਾਲਕਾਂ ਨਾਲ ਨਿੱਜੀ ਰੰਜਿਸ਼ ਚਲਦੀ ਹੈ। ਉਪਰੋਕਤ ਵਾਰਦਾਤ ਵਿੱਚ ਇਸ਼ੂ ਪੰਡਤ, ਬਾਬਾ ਅਗਮ ਸਿੰਘ ਉਕਤਾਨ ਅਤੇ ਚੰਦੂ ਪੁੱਤਰ ਖੁਲਾ ਸਿੰਘ ਵਾਸੀ ਅਬਾਦੀ ਬਾਬਾ ਸੋਢੀ ਭਿੱਖੀਵਿੰਡ ਥਾਣਾ ਭਿਖੀਵਿੰਡ ਜ਼ਿਲ੍ਹਾ ਤਰਨ ਤਾਰਨ ਅਜੇ ਗ੍ਰਿਫਤਾਰ ਕਰਨੇ ਬਾਕੀ ਹਨ।

# ਸੰਤੋਸ਼ ਦਾ ਜਨਮ ਦਿਨ ਡਾਕਟਰ ਅੰਬੇਡਕਰ ਮਿਸ਼ਨ ਨੂੰ ਸਮਰਪਤ ਕਰਕੇ ਮਨਾਇਆ



**ਹੁਸ਼ਿਆਰਪੁਰ (ਓ ਪੀ ਰਾਣਾ)**- ਉਚ ਕੋਟੀ ਦੇ ਆਰਕੀਟੈਕਚਰ ਜਿਨ੍ਹਾਂ ਦੀ ਕਲਮ ਤੋਂ ਤਿਆਰ ਨਕਸ਼ੇ ਦੀਆਂ ਨਾਮੀ ਇਮਾਰਤਾਂ ਭਾਰਤ ਵਿੱਚ ਖੜ੍ਹੀਆਂ ਹਨ ਅਤੇ ਉਘੇ ਸਮਾਜ ਸੇਵੀ ਹਮੇਸ਼ਾ ਸੰਤਾ ਮਹਾਂਪੁਰਸ਼ਾਂ ਦੀ ਸਰਨ ਵਿੱਚ ਰਹਿਣ ਵਾਲੇ ਠੰਢੇ ਸੁਭਾਅ ਦੇ ਮਾਲਕ ਡਾ. ਭੀਮ ਰਾਓ ਅੰਬੇਡਕਰ ਦੀ ਵਿਚਾਰਧਾਰਾ ਨੂੰ ਜਨ ਜਨ ਤੱਕ ਪਹੁੰਚਣ ਲਈ ਉਪਰਾਲੇ ਕਰਨ ਵਾਲੇ ਭੈਣ ਸੰਤੋਸ਼ ਕੁਮਾਰੀ ਪ੍ਰਧਾਨ ਨਾਰੀ ਸ਼ਕਤੀ ਫਾਊਂਡੇਸ਼ਨ ਦਾ ਜਨਮ ਦਿਨ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਦੇ ਮਿਸ਼ਨ ਨੂੰ ਸਮਰਪਤ ਕਰਕੇ ਮਨਾਇਆ ਗਿਆ। ਇਨਾਂ ਸ਼ਬਦਾਂ ਦਾ ਪ੍ਰਗਟਾਵਾ ਕਰਦਿਆਂ ਪ੍ਰਸ਼ੋਤਮ ਰਾਜ ਅਹੀਰ ਪੰਜਾਬ ਪ੍ਰਧਾਨ ਸੰਯੁਕਤ ਸਮਾਜ ਮੋਰਚਾ (ਲੇਬਰ ਵਿੰਗ) ਨੇ ਕਿਹਾ ਕਿ ਇਸ ਸਮੇਂ ਵਿਸ਼ੇਸ਼ ਤੌਰ 'ਤੇ ਭੈਣ ਸੰਤੋਸ਼ ਦੇ ਕਰੀਬੀ ਲੋਕਾਂ ਵੱਲੋਂ ਕੇਕ ਲਿਆ ਕੇ ਕੱਟਿਆ ਗਿਆ ਅਤੇ ਮੁਬਾਰਕਬਾਦ ਦਿੰਦੇ ਹੋਏ ਤੰਦਰੁਸਤੀ ਤੇ ਚੜ੍ਹਦੀ ਕਲਾ ਲਈ ਅਰਦਾਸ ਕੀਤੀ। ਇਸ ਮੌਕੇ ਪ੍ਰਸ਼ੋਤਮ ਅਹੀਰ ਨੇ ਕਿਹਾ ਕਿ ਸਮਾਜ ਵਿਚ ਬਹੁਤ ਸਾਰੇ ਅਜਿਹੇ ਲੋਕ ਹਨ, ਖਾਸ ਕਰਕੇ ਸਮਾਜ ਦੀਆਂ ਭੈਣਾਂ ਬੱਚੀਆਂ ਜੋ ਆਪਣੇ ਨੇਕ ਸੁਭਾਅ ਅਤੇ ਗੁਣਾਂ ਨਾਲ ਸਮਾਜ ਨੂੰ ਇਕ ਨਵੀਂ ਦਿਸ਼ਾ ਪ੍ਰਦਾਨ ਕਰਦੇ ਹਨ, ਜਿਨ੍ਹਾਂ ਵਿਚ ਭੈਣ ਸੰਤੋਸ਼ ਨੇ ਸ੍ਰੀ ਗੁਰੂ ਰਵਿਦਾਸ ਪਬਲਿਕ ਸਕੂਲ (ਰਜਿ.) ਚੂਹੜਵਾਲੀ ਸੀ.ਬੀ.ਐਸ.ਈ, ਹਰਿਦੁਆਰ ਵਿਖੇ ਸ੍ਰੀ ਗੁਰੂ ਰਵਿਦਾਸ ਮਹਾਰਾਜ ਦਾ ਯਾਦਗਾਰੀ ਸੁੰਦਰ ਗੇਟ, ਫਗਵਾੜਾ ਵਿਖੇ ਸੁੰਦਰ ਗੇਟ, ਮੇਹਲੀ ਵਿਖੇ ਸੁੰਦਰ ਹਾਲ ਦੇ ਨਕਸ਼ੇ ਡਿਜ਼ਾਈਨ ਤਿਆਰ ਕਰਕੇ ਦਿੱਤੇ ਹਨ। ਉਨ੍ਹਾਂ ਕਿਹਾ ਕਿ ਮਹਾਤਮਾ ਜੋਤੀਬਾ ਫੂਲੇ, ਬਾਬੂ ਮੰਗੂ ਰਾਮ ਮੁੱਗੋਵਾਲੀਆ, ਡਾ. ਅੰਬੇਡਕਰ ਸਾਹਿਬ ਦੀ "ਪੜ੍ਹੋ, ਜੁੜੋ ਤੇ ਸੰਘਰਸ਼ ਕਰੋ" ਦੀ ਵਿਚਾਰਧਾਰਾ ਨੂੰ ਜਨ ਜਨ ਤੱਕ ਪਹੁੰਚਾਉਣ ਲਈ ਵਿਸ਼ੇਸ਼ ਉਪਰਾਲੇ ਕਰਨ ਵਾਲੀ ਭੈਣ ਸੰਤੋਸ਼ 'ਤੇ ਕੌਮ ਨੂੰ ਹਮੇਸ਼ਾ ਮਾਣ ਰਹੇਗਾ। ਇਸ ਮੌਕੇ ਸੰਤ ਨਿਰਮਲ ਦਾਸ ਜੀ ਬਾਬੇ ਜੌੜੇ ਪ੍ਰਧਾਨ ਗੁਰੂ ਰਵਿਦਾਸ ਸਾਧੂ ਸੰਪਰਦਾਇ ਨੇ ਵਿਸ਼ੇਸ਼ ਤੌਰ 'ਤੇ ਸੰਗਤਾਂ ਨੂੰ ਅਸ਼ੀਰਵਾਦ ਦਿੱਤਾ। ਇਸ ਮੌਕੇ ਭਾਰੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ।

## ਬੇਗਮਪੁਰ ਦੇ ਨੌਜਵਾਨਾਂ ਨੇ ਠੰਢੇ ਮਿੱਠੇ ਜਲ ਦੀ ਛਬੀਲ ਲਗਾਈ



**ਨੂਰਪੁਰ ਬੇਦੀ (ਸੁਰਜੀਤ ਸਿੰਘ ਕਾਹਲੋਂ)**- ਨੂਰਪੁਰ ਬੇਦੀ ਰੋਪੜ ਰੋਡ ਤੇ ਪੈਂਦੇ ਪਿੰਡ ਬੇਗਮਪੁਰ ( ਨੰਗਲ ਅਬਿਆਣਾ ) ਦੇ ਨੌਜਵਾਨਾਂ ਵੱਲੋਂ ਠੰਢੇ ਮਿੱਠੇ ਜਲ ਦੀ ਛਬੀਲ ਲਗਾਈ ਗਈ। ਇਸ ਮੌਕੇ ਕੁਲਵੰਤ ਸਿੰਘ, ਭੁਪਿੰਦਰ ਸਿੰਘ, ਸੁਖਵਿੰਦਰ ਸਿੰਘ, ਜਸਪੁਨੀਤ ਸਿੰਘ, ਸੁਖਪ੍ਰੀਤ ਸਿੰਘ, ਸ਼ੈਰੀ ਮਾਨ , ਮਨਦੀਪ ਸਿੰਘ, ਸੁਖਚੈਨ ਸਿੰਘ,ਖੁਸ਼ੀ ਰਾਮ, ਅਸ਼ਵਨੀ ਕੁਮਾਰ ,ਰਾਜ ਕੁਮਾਰ,ਲਵਪ੍ਰੀਤ ਸਿੰਘ,ਅਮਨਦੀਪ ਸਿੰਘ,ਬਿੰਦਰ ਦਿੱਲੀ ,ਅਮਰਿੰਦਰ ਸਿੰਘ,ਜੋਗਿੰਦਰ ਸਿੰਘ,ਗੁਰਪ੍ਰੀਤ ਸਿੰਘ ,ਲਖਵਿੰਦਰ ਸਿੰਘ ,ਬਲਜੀਤ ਸਿੰਘ,ਹਰਮਨ ਮਾਜਰਾ,ਇੰਦਰਜੀਤ ਸਿੰਘ ,ਹਰਸ਼ਪ੍ਰੀਤ ਸਿੰਘ,ਅਮ੍ਰਿਤ ਸਿੰਘ, ਖੁਸ਼ਦੀਪ ਸਿੰਘ ਆਦਿ ਨੌਜਵਾਨ ਮੌਜੂਦ ਸਨ ।

## ਗਿਆਰ੍ਹਵੀਂ ਵਾਲੀ ਸਰਕਾਰ ਦਾ 9ਵਾਂ ਸਾਲਾਨਾ ਮੇਲਾ ਸ਼ੁਰੂ



**ਨੂਰਮਹਿਲ, (ਬਾਲ ਕ੍ਰਿਸ਼ਨ ਬਾਲੀ)**- ਗੌਂਸਲੇਅਜਮ ਮੀਰਾ ਗਿਆਰ੍ਹਵੀਂ ਵਾਲੀ ਸਰਕਾਰ ਦਾ 9ਵਾਂ ਸਾਲਾਨਾ ਮੇਲਾ ਹਰ ਸਾਲ ਵਾਂਗ ਇਸ ਸਾਲ ਵੀ 19 ਜੂਨ ਦਿਨ ਸੋਮਵਾਰ ਸਵੇਰੇ 11 ਵਜੇ ਚਿਰਾਗ ਅਤੇ ਝੰਡੇ ਦੀ ਰਸਮ ਤੋਂ ਆਰੰਭ ਹੋਇਆ। 20 ਜੂਨ ਦਿਨ ਮੰਗਲਵਾਰ ਸ਼ਾਮ 5 ਵਜੇ ਦਾਤਾ ਸਾਹਿਬ ਦੀ ਮਹਿੰਦੀ ਦੀ ਰਸਮ ਅਤੇ 6 ਵਜੇ ਨਕਾਲ ਪਾਰਟੀ ਵੱਲੋਂ ਨਕਲਾਂ ਪੇਸ਼ ਕੀਤੀਆਂ ਜਾਣਗੀਆਂ। 21 ਜੂਨ ਦਿਨ ਬੁੱਧਵਾਰ ਨੂੰ ਸ਼ਾਮ 7 ਵਜੇ ਦਾਤਾ ਹਜੂਰ ਦੇ ਮੁੱਖ ਮੇਲੇ ਦਾ ਆਗਾਜ਼ ਹੋਵੇਗਾ ਤੇ ਰਾਤ ਭਰ ਚਲਦਾ ਰਹੇਗਾ ਜਿਸ ਦਾ ਸਾਰਾ ਕਾਰਜ ਪ੍ਰੀਤਮ ਸਵੀਟ ਸ਼ੌਪ ਵਾਲੀ ਗਲੀ 7, ਸਾਹਮਣੇ ਕ੍ਰਿਸ਼ਨਾ ਸਵੀਟ ਸ਼ੌਪ, ਰਾਮਾਂਮੰਡੀ, ਜਲੰਧਰ ਦਰਬਾਰ ਵਿਖੇ ਗਿਆਰ੍ਹਵੀਂ ਵਾਲੀ ਸਰਕਾਰ ਮੀਰਾ ਗੌਂਸਪਾਕ ਦਰਵਾਰ ਪ੍ਰਬੰਧਕ ਕਮੇਟੀ ਦੀ ਦੇਖ ਰੇਖ ਹੇਠ ਕੀਤਾ ਜਾ ਰਿਹਾ ਹੈ। ਦਰਬਾਰ ਮੁੱਖ ਸੇਵਾਦਾਰ ਤੇ ਗੱਦੀਨਸ਼ੀਨ ਸੋਨੂੰ ਸਾਈਂ ਨੇ ਦੱਸਿਆ ਕੇ ਹਰ ਸਾਲ ਮੀਰਾ ਗੌਂਸਪਾਕ ਦੇ ਵਿਆਹ ਦੇ ਦਿਨ ਸਾਲਾਨਾ ਮੇਲਾ ਕਰਵਾਇਆ ਜਾਂਦਾ ਹੈ। ਇਸ ਵਾਰ ਵੀ 3 ਦਿਨ ਤੱਕ ਸਰਕਾਰਾਂ ਦਾ ਮੇਲਾ ਕਰਵਾਇਆ ਜਾ ਰੇਹਾ ਹੈ। ਜਿਸ ਦੌਰਾਨ 21 ਜੂਨ ਸ਼ਾਮ 7 ਵਜੇ ਦਰਬਾਰੀ ਕਵਾਲ ਵੱਲੋਂ ਮੇਲੇ ਦੀ ਸ਼ੁਰੂਆਤ ਹੋਵੇਗੀ। ਸੂਫੀ ਕਲਾਕਾਰ ਜੱਸਾ ਫਤਹਿਪੁਰੀਆ, ਜੱਸ ਧਾਲੀਵਾਲ, ਜਗਦੇਵ ਸੇਹਜਾਦਾ, ਬਲਵਿੰਦਰ ਮਤੇਹਪੁਰੀਆ ਮੇਲੇ ਦੌਰਾਨ ਸੂਫੀਆਨਾ ਕਲਾਮਾਂ ਰਾਹੀਂ ਮੁੱਖ ਹਾਜ਼ਰੀਆਂ ਭਰਨਗੇ। ਮੇਲੇ ਵਿੱਚ ਆਈਆਂ ਹੋਈਆਂ ਸੰਗਤਾਂ ਲਈ 3 ਦਿਨ ਲੰਗਰ ਦਾ ਖਾਸ ਪ੍ਰਬੰਧ ਕੀਤਾ ਗਿਆ ਹੈ।

## ਸੀਨੀਅਰ ਸਿਟੀਜ਼ਨ ਕੌਂਸਲ ਨੇ ਕਰਵਾਇਆ ਸੈਮੀਨਾਰ

**ਫਗਵਾੜਾ (ਡਾ. ਰਮਨ)**- ਸੀਨੀਅਰ ਸਿਟੀਜ਼ਨ ਕੌਂਸਲ (ਰਜਿ.) ਕੋਰਟ ਕੰਪਲੈਕਸ ਫਗਵਾੜਾ ਵੱਲੋਂ ਬਜ਼ੁਰਗਾਂ ਨੂੰ ਦਰਪੇਸ਼ ਮੁਸ਼ਕਲਾਂ ਅਤੇ ਉਹਨਾਂ ਦੇ ਲਈ ਸਰਕਾਰ ਵੱਲੋਂ ਸ਼ੁਰੂ ਕੀਤੇ ਗਏ ਹੈਲਪ ਲਾਈਨ ਨੰਬਰ 14567 ਸੰਬੰਧੀ ਜਾਣਕਾਰੀ ਦੇਣ ਦੇ ਮਕਸਦ ਨਾਲ ਇਕ ਸੈਮੀਨਾਰ ਦਾ ਆਯੋਜਨ ਕੌਂਸਲ ਦੇ ਪ੍ਰਧਾਨ ਰਾਕੇਸ਼ ਗੌੜ ਦੀ ਅਗਵਾਈ ਹੇਠ ਕੀਤਾ ਗਿਆ। ਜਿਸ ਵਿਚ ਮੁੱਖ ਬੁਲਾਰਿਆਂ ਵਜੋਂ ਐਸ.ਐਮ.ਓ. ਫਗਵਾੜਾ ਲੈਂਬਰ ਰਾਮ ਅਤੇ ਵਿਕਰਮਜੀਤ ਸਿੰਘ ਫੀਲਡ ਰਿਸੋਰਸ ਅਫਸਰ ਸ਼ਾਮਲ ਹੋਏ। ਇਸ ਤੋਂ ਇਲਾਵਾ ਸੀ.ਡੀ.ਪੀ.ਓ. ਵਿਭਾਗ ਤੋਂ ਸੁਪਰਵਾਈਜ਼ਰ ਕਰਮਜੀਤ ਕੌਰ ਤੇ ਅਮਰਜੀਤ ਕੌਰ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਸੈਮੀਨਾਰ ਦੌਰਾਨ ਮੌਜੂਦ ਮੈਂਬਰਾਂ ਨੂੰ ਜ਼ਰੂਰਤ ਮਹਿਸੂਸ ਹੋਣ ਸਮੇਂ ਹੈਲਪ ਲਾਈਨ ਨੰਬਰ ਦੀ ਵਰਤੋਂ ਅਤੇ ਸੀਨੀਅਰ ਸਿਟੀਜ਼ਨਸ ਨੂੰ ਮਿਲਣ ਵਾਲੀਆਂ ਹੋਰ ਸਹੂਲਤਾਂ ਵਾਰੇ ਦੱਸਿਆ ਗਿਆ। ਇਸ ਤੋਂ ਇਲਾਵਾ ਬਜ਼ੁਰਗਾਂ ਨੂੰ ਦਰਪੇਸ਼ ਮੁਸ਼ਕਲਾਂ ਅਤੇ ਚੁਣੌਤੀਆਂ ਬਾਰੇ ਵੀ ਵਿਚਾਰ ਵਟਾਂਦਰਾ ਕੀਤਾ ਗਿਆ। ਵੱਖ-ਵੱਖ ਬੁਲਾਰਿਆਂ ਨੇ ਵਡਮੁੱਲੇ ਵਿਚਾਰ ਪੇਸ਼ ਕੀਤੇ ਅਤੇ ਸੀਨੀਅਰ ਪੱਤਰਕਾਰ ਟੀ.ਡੀ. ਚਾਵਲਾ, ਬਲੱਡ ਬੈਂਕ ਦੇ ਪ੍ਰਧਾਨ ਮਲਕੀਅਤ ਸਿੰਘ ਰਘਬੋਤਰਾ ਅਤੇ ਤਾਰਾ ਚੰਦ ਚੁੰਬਰ ਨੇ ਸੰਬੋਧਨ ਕਰਦਿਆਂ ਕਿਹਾ ਕਿ ਹਰ ਜਵਾਨ ਔਲਾਦ ਨੂੰ ਆਪਣੇ ਬਜ਼ੁਰਗ ਮਾਤਾ-ਪਿਤਾ ਦਾ ਪੂਰਾ ਮਾਣ ਸਤਿਕਾਰ ਕਰਨਾ ਚਾਹੀਦਾ ਹੈ। ਇਸ ਦੌਰਾਨ ਇੰਦਰਜੀਤ ਸਿੰਘ ਵਾਸੂ ਅਤੇ ਸੁਖਦੇਵ ਸਿੰਘ ਗੰਢਵਾਂ ਨੇ ਕਵਿਤਾਵਾਂ ਰਾਹੀਂ ਸਮਾਂ ਬੰਨ੍ਹਿਆ। ਸਟੇਜ ਦੀ ਸੇਵਾ ਰਵਿੰਦਰ ਸਿੰਘ ਚੋਟ ਵੱਲੋਂ ਬਾਖੂਬੀ ਨਿਭਾਈ ਗਈ। ਅਖੀਰ 'ਚ ਕੌਂਸਲ ਦੇ ਪ੍ਰਧਾਨ ਰਾਕੇਸ਼ ਗੌੜ ਨੇ ਸਮੂਹ ਪਤਵੰਤਿਆਂ ਅਤੇ ਸਾਥੀਆਂ ਦਾ ਪਹੁੰਚਣ ਲਈ ਤਹਿ ਦਿਲੋਂ ਧੰਨਵਾਦ ਕੀਤਾ। ਇਸ ਮੌਕੇ ਡਾ: ਹਰਮੇਲ ਸਿੰਘ, ਐਮ.ਐਸ. ਛਤਵਾਲ, ਬ੍ਰਹਮਦੱਤ, ਐਸ.ਪੀ. ਸਲਹੋਤਰਾ, ਰਮੇਸ਼ ਧੀਮਾਨ, ਕੇ.ਕੇ. ਕਾਂਡਾ, ਰਮਨ ਨਹਿਰਾ, ਵੀ.ਕੇ. ਜੈਨ, ਰਵਿੰਦਰ ਪਨੇਸਰ, ਰਜਿੰਦਰ ਸਾਹਨੀ, ਬਲਦੇਵ ਸ਼ਰਮਾ, ਚਮਨ ਲਾਲ ਕੰਡਾ, ਦਰਸ਼ਨ ਲਾਲ, ਐਨ.ਕੇ. ਚੋਪੜਾ, ਐਨ.ਐਸ. ਨੰਦਾ, ਆਰ.ਐਸ. ਸੁਰਖਪੁਰੀਆ, ਜੀ.ਐਸ ਵਧਵਾ ਆਦਿ ਹਾਜ਼ਰ ਸਨ।

# 260 ਗ੍ਰਾਮ ਹੈਰੋਇਨ ਸਮੇਤ 3 ਕਾਬੂ



**ਫਿਲੌਰ (ਨਿਰਮਲ)**- ਡੀ.ਐਸ.ਪੀ ਫਿਲੌਰ ਜਗਦੀਸ਼ ਰਾਜ ਦੀ ਅਗਵਾਈ ਹੇਠ ਥਾਣਾ ਮੁਖੀ ਗੁਰਾਇਆ ਇੰਸਪੈਕਟਰ ਸੁਰਿੰਦਰ ਕੁਮਾਰ ਦੀ ਟੀਮ ਵੱਲੋਂ ਪਤੀ ਪਤਨੀ ਅਤੇ ਨਾਮਵਰ ਸਮੱਗਲਰ ਅਮਨਦੀਪ ਕੁਮਾਰ ਉਰਫ਼ ਰਿੰਕੂ ਦੀ ਪਤਨੀ ਮੀਨਾ ਸਮੇਤ 3 ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕਰਕੇ 260 ਗ੍ਰਾਮ ਹੈਰੋਇਨ ਬਰਾਮਦ ਕਰਕੇ ਕਾਮਯਾਬੀ ਹਾਸਲ ਕੀਤੀ ਹੈ। ਇਸ ਸੰਬੰਧੀ ਪੱਤਰਕਾਰਾਂ ਨੂੰ ਜਾਣਕਾਰੀ ਦਿੰਦੇ ਹੋਏ ਡੀ.ਐਸ.ਪੀ ਫਿਲੌਰ ਜਗਦੀਸ਼ ਰਾਜ ਨੇ ਦੱਸਿਆ ਕਿ 17 ਜੂਨ ਨੂੰ ਥਾਣਾ ਮੁਖੀ ਗੁਰਾਇਆ ਇੰਸਪੈਕਟਰ ਸੁਰਿੰਦਰ ਕੁਮਾਰ ਦੀ ਪੁਲਸ ਪਾਰਟੀ ਸਹਾਇਕ ਸਬ-ਇੰਸਪੈਕਟਰ ਮੋਹਣ ਲਾਲ ਥਾਣਾ ਗੁਰਾਇਆ ਸਮੇਤ ਸਾਥੀ ਕਰਮਚਾਰੀਆਂ ਨੇ ਲਾਂਗੜ੍ਹੀਆ ਮੁਹੱਲਾ ਗੁਰਾਇਆ ਤੋਂ ਸੁਖਵਿੰਦਰ ਕੁਮਾਰ ਉਰਫ਼ ਸੁੱਖਾ ਬੈਂਸ ਪੁੱਤਰ ਨਿਰਮਲ ਕੁਮਾਰ ਵਾਸੀ ਲਾਂਗੜ੍ਹੀਆ ਮੁਹੱਲਾ ਗੁਰਾਇਆ, ਅੰਜਲੀ ਪਤਨੀ ਸੁਖਵਿੰਦਰ ਕੁਮਾਰ ਉਰਫ਼ ਸੁੱਖਾ ਬੈਂਸ ਵਾਸੀ ਲਾਂਗੜ੍ਹੀਆ ਮੁਹੱਲਾ ਗੁਰਾਇਆ ਅਤੇ ਮੀਨਾ ਰਾਣੀ ਪਤਨੀ ਅਮਨਦੀਪ ਕੁਮਾਰ ਉਰਫ਼ ਰਿੰਕੂ ਵਾਸੀ ਲਾਂਗੜ੍ਹੀਆ ਮੁਹੱਲਾ ਗੁਰਾਇਆ, ਥਾਣਾ ਗੁਰਾਇਆ ਨੂੰ ਕਾਬੂ ਕਰਕੇ ਤਿੰਨਾਂ ਪਾਸੋਂ 260 ਗ੍ਰਾਮ ਹੈਰੋਇਨ ਬਰਾਮਦ ਕੀਤੀ। ਜਿਸ 'ਤੇ ਮੁਕੱਦਮਾ ਐਨ.ਡੀ.ਪੀ.ਐਸ. ਐਕਟ ਤਹਿਤ ਥਾਣਾ ਗੁਰਾਇਆ ਵਿਖੇ ਦਰਜ ਕੀਤਾ ਗਿਆ। ਦੋਸ਼ੀ ਸੁਖਵਿੰਦਰ ਕੁਮਾਰ ਉਰਫ਼ ਸੁੱਖਾ ਬੈਂਸ ਨੇ ਪੁੱਛਗਿੱਛ ਦੌਰਾਨ ਦੱਸਿਆ ਕਿ ਉਹ ਬਹੁਤ ਸਾਲਾਂ ਤੋਂ ਇਸ ਧੰਦੇ ਨੂੰ ਚਲਾ ਰਿਹਾ ਹੈ। ਪਿਛਲੇ ਤਿੰਨ ਸਾਲ ਤੋਂ ਉਹ ਪੰਜਾਬ ਪੀ.ਐਸ.ਪੀ.ਸੀ.ਐਲ ਮਹਿਕਮਾ ਫਿਲੌਰ ਵਿਖੇ ਨੌਕਰੀ ਕਰ ਰਿਹਾ ਹੈ ਤੇ ਨਾਲ-ਨਾਲ ਹੈਰੋਇਨ ਵੇਚਣ ਦਾ ਵੀ ਧੰਦਾ ਕਰਦਾ ਹੈ। ਇਸ ਦੇ ਬਾਕੀ ਪਰਵਾਰਕ ਮੈਂਬਰ ਵੀ ਇਸ ਧੰਦੇ ਵਿੱਚ ਸ਼ਾਮਲ ਹਨ। ਕਰੀਬ ਡੇਢ ਸਾਲ ਪਹਿਲਾਂ ਇਸ ਦਾ ਵਿਆਹ ਅੰਜਲੀ ਨਾਲ ਹੋਇਆ ਜੋ ਕਿ ਇਸੇ ਨਾਲ ਹੀ ਹੈਰੋਇਨ ਸਮੇਤ ਗ੍ਰਿਫ਼ਤਾਰ ਕੀਤੀ ਗਈ। ਅੰਜਲੀ ਪਤਨੀ ਸੁਖਵਿੰਦਰ ਕੁਮਾਰ ਨੇ ਪੁੱਛਗਿੱਛ ਦੌਰਾਨ ਦੱਸਿਆ ਕਿ ਉਸ ਦਾ ਪੇਕੇ ਪਿੰਡ ਲੰਗੜੋਆ ਜ਼ਿਲ੍ਹਾ ਨਵਾਂਸ਼ਹਿਰ ਹੈ। ਇਸ ਦੀ 8 ਮਹੀਨੇ ਦੀ ਇੱਕ ਬੱਚੀ ਵੀ ਹੈ। ਇਹ ਲਾਂਗੜ੍ਹੀਆ ਮੁਹੱਲਾ ਘਰ ਵਿੱਚ ਇਸ ਦਾ ਪਤੀ ਸੁਖਵਿੰਦਰ ਕੁਮਾਰ ਉਰਫ਼ ਸੁੱਖਾ ਬੈਂਸ ਅਤੇ ਮੀਨਾ ਰਾਣੀ ਪਤਨੀ ਅਮਨਦੀਪ ਕੁਮਾਰ ਉਰਫ਼ ਰਿੰਕੂ ਨਾਲ ਰਲ ਮਿਲ ਕੇ ਲਾਂਗੜ੍ਹੀਆ ਮੁਹੱਲਾ ਘਰ ਵਿੱਚ ਅਤੇ ਮੁਹੱਲੇ ਦੇ ਏਰੀਆ ਵਿੱਚ ਘੁੰਮ ਫਿਰ ਕੇ ਨਸ਼ਾ ਤਸਕਰੀ ਕਰਦੇ ਹਨ। ਮੀਨਾ ਰਾਣੀ ਨੇ ਪੁੱਛਗਿੱਛ ਦੌਰਾਨ ਦੱਸਿਆ ਕਿ ਇਹ ਸਮਾਨ ਅੰਜਲੀ ਅਤੇ ਸੁਖਵਿੰਦਰ ਕੁਮਾਰ ਉਰਫ਼ ਸੁੱਖਾ ਬੈਂਸ ਕੋਲੋਂ ਖਰੀਦ ਕਰਦੀ ਹੈ। ਇਸ ਦਾ ਘਰ ਵਾਲਾ ਅਮਨਦੀਪ ਕੁਮਾਰ ਉਰਫ਼ ਰਿੰਕੂ ਵੀ ਨਸ਼ੇ ਦੀ ਤਸਕਰੀ ਦੇ ਕੇਸਾਂ ਵਿੱਚ ਸ਼ਾਮਲ ਹੈ ਜੋ ਕਪੂਰਥਲਾ ਕੇਂਦਰੀ ਜੇਲ੍ਹ ਵਿੱਚ ਬੰਦ ਹੈ। ਇਸ ਦੇ ਪੇਕੇ ਪਰਵਾਰ ਪਿੰਡ ਕੜਿਆਣਾ ਤੋਂ ਵੀ ਪਹਿਲਾਂ ਨਸ਼ੇ ਦੀ ਸਪਲਾਈ ਲੈਂਦੀ ਸੀ ਅਤੇ ਇਸ ਦੇ ਪੇਕੇ ਪਰਵਾਰ ਦੇ ਵੀ ਨਸ਼ਾ ਵੇਚਣ ਦੇ ਵੱਖ-ਵੱਖ ਧਾਰਾਵਾਂ ਹੇਠ ਮੁਕੱਦਮੇ ਦਰਜ ਹਨ। ਇਹ ਕਈ ਸਾਲਾਂ ਤੋਂ ਨਸ਼ਾ ਵੇਚਣ ਦਾ ਧੰਦਾ ਕਰ ਰਹੀ ਹੈ ਪਰ ਅੱਜ ਤੱਕ ਇਹ ਪੁਲਸ ਦੇ ਹੱਥੇ ਨਹੀਂ ਚੜ੍ਹੀ। ਸੁਖਵਿੰਦਰ ਕੁਮਾਰ ਉਰਫ਼ ਸੁੱਖਾ ਤੇ ਅੰਜਲੀ ਨਸ਼ੇ ਦੀ ਵੱਡੀ ਖੇਪ ਅੰਮ੍ਰਿਤਸਰ ਸਾਈਡ ਹਿੰਦ-ਪਾਕ ਬਾਰਡਰ ਦੇ ਨਾਲ ਲੱਗਦੇ ਪਿੰਡ ਤੋਂ ਲੈ ਕੇ ਆਉਂਦੇ ਹਨ। ਜਿਸ ਦੀ ਤਫਤੀਸ਼ ਜਾਰੀ ਹੈ। ਇਨ੍ਹਾਂ ਦੀ ਗ੍ਰਿਫ਼ਤਾਰੀ ਨਾਲ ਲਾਂਗੜ੍ਹੀਆ ਮੁਹੱਲਾ ਅਤੇ ਗੁਰਾਇਆ ਏਰੀਆ ਵਿੱਚ ਨਸ਼ੇ ਦੀ ਸਪਲਾਈ ਕਾਫੀ ਹੱਦ ਤੱਕ ਰੁਕੇਗੀ। ਦੋਸ਼ੀਆਂ ਨੂੰ ਮਾਣਯੋਗ ਇਲਾਕਾ ਮੈਜਿਸਟਰੇਟ ਫਿਲੌਰ ਦੀ ਅਦਾਲਤ ਵਿੱਚ ਪੇਸ਼ ਕੀਤਾ ਜਾ ਰਿਹਾ ਹੈ ਤੇ ਦੋਸ਼ੀਆਂ ਦਾ ਪੁਲਸ ਰਿਮਾਂਡ ਹਾਸਲ ਕੀਤਾ ਜਾਵੇਗਾ। ਇਨ੍ਹਾਂ ਨੇ ਕਾਫੀ ਜਾਇਦਾਦ ਬਣਾਈ ਹੋਈ ਹੈ ਅਤੇ ਇਸ ਦੇ ਨਸ਼ਾ ਤਸਕਰਾਂ ਨਾਲ ਲਿੰਕ ਹੋਣ ਸੰਬੰਧੀ ਤਫਤੀਸ਼ ਕੀਤੀ ਜਾ ਰਹੀ ਹੈ।

## ਚੌਧਰੀ ਸੰਤੋਖ ਸਿੰਘ ਦਾ 77ਵਾਂ ਜਨਮ ਦਿਨ ਮਨਾਇਆ



**ਫਿਲੌਰ (ਨਿਰਮਲ)**- ਸਵ.ਚੌਧਰੀ ਸੰਤੋਖ ਸਿੰਘ ਦਾ 77ਵਾਂ ਜਨਮ ਦਿਨ ਮਨਾਇਆ ਗਿਆ। ਇਸ ਮੌਕੇ ਹਵਨ ਯੱਗ ਕਰਵਾਇਆ ਗਿਆ। ਗੌਰਤਲਬ ਹੈ ਕਿ ਸਵ ਚੌਧਰੀ ਸੰਤੋਖ ਸਿੰਘ ਜੋ ਕਿ ਲੋਕ ਸਭਾ ਹਲਕਾ ਜਲੰਧਰ ਤੋਂ 2 ਵਾਰ ਸਾਂਸਦ ਰਹੇ ਅਤੇ ਪੰਜਾਬ ਵਿਧਾਨ ਸਭਾ ਵਿੱਚ ਬਤੌਰ ਕੈਬਨਿਟ ਮੰਤਰੀ ਵੱਖ-ਵੱਖ ਅਹੁਦਿਆਂ 'ਤੇ ਬਿਰਾਜਮਾਨ ਰਹੇ। ਉਨ੍ਹਾ ਵੱਲੋਂ ਇਲਾਕੇ ਨੂੰ ਦਿੱਤੀਆ ਸੇਵਾਵਾਂ ਨੂੰ ਯਾਦ ਕੀਤਾ ਗਿਆ ਅਤੇ ਚੌਧਰੀ ਸਾਹਿਬ ਵੱਲੋਂ ਦੱਸੇ ਹੋਏ ਮਾਰਗ 'ਤੇ ਚੱਲਣ ਲਈ ਪ੍ਰਣ ਲਿਆ। ਇਸ ਮੌਕੇ ਉਨ੍ਹਾ ਦੇ ਸਪੁੱਤਰ ਵਿਧਾਇਕ ਫਿਲੌਰ ਵਿਕਰਮਜੀਤ ਸਿੰਘ ਚੌਧਰੀ, ਲਾਲਾ ਕ੍ਰਿਸ਼ਨ ਲਾਲ ਬਠਲਾ, ਨਰਿੰਦਰ ਕੁਮਾਰ ਗੋਇਲ, ਰਮੇਸ਼ ਕਨੋਜੀਆ, ਪ੍ਰਦੀਪ ਦੁਸਾਂਝ, ਜੈ ਕ੍ਰਿਸ਼ਨ ਵਡੇਰਾ, ਬਾਲਕ ਰਾਮ , ਕਮਲ ਰਾਣਾ, ਪੰਡਿਤ ਰਾਜੇਸ਼ ਕੁਮਾਰ, ਪੀਯੂਸ਼, ਆਸ਼ਾ ਰਾਣੀ ਮਹਿਲਾ ਵਿੰਗ ਅਤੇ ਡਾ. ਅਸ਼ਵਨੀ ਕੁਮਾਰ ਆਸ਼ੂ ਸਾਬਕਾ ਜਨਰਲ ਸਕੱਤਰ ਜ਼ਿਲ੍ਹਾ ਕਾਂਗਰਸ ਕਮੇਟੀ ਜਲੰਧਰ ਦਿਹਾਤੀ ਅਤੇ ਹੋਰ ਹਾਜ਼ਰ ਸਨ।

## ਜਲੰਧਰ ਦੇ ਵਿਦਿਆਰਥੀ ਨੇ ਆਲ ਇੰਡੀਆ ਰੈਂਕ 222 ਹਾਸਲ ਕੀਤਾ

**ਜਲੰਧਰ ( ਇਕਬਾਲ ਸਿੰਘ ਉੱਭੀ )**- ਜੁਆਇੰਟ ਐਂਟਰਨਸ ਪ੍ਰੀਖਿਆ ( ਜੇ ਈ ਈ ) ਐਡਵਾਂਸ 2023 ਦੀ ਪ੍ਰੀਖਿਆ ਵਿੱਚ ਜਲੰਧਰ ਦੇ ਆਕਾਸ਼ ਬਾਈਜੂਸ ਦੇ ਵਿਦਿਆਰਥੀ ਸਿਧਾਰਥ ਮਿਗਲਾਨੀ ਨੇ 360 ਵਿਚੋਂ 267 ਨੰਬਰ ਲੈ ਕੇ ਆਲ ਇੰਡੀਆ ਰੈਂਕ 222 ਹਾਸਲ ਕੀਤਾ। ਇਸ ਉਪਲਬਧੀ ਮੌਕੇ ਆਕਾਸ਼ ਇੰਸਟੀਚਿਊਟ ਦੇ ਕਸਲਟਰ ਬ੍ਰਾਂਚ ਹੈਡ ਵਿਵੇਕ ਬਢੋੜਿਆ ਨੇ ਵਿਦਿਆਰਥੀ ਸਿਧਾਰਥ ਮਿਗਲਾਨੀ ਨੂੰ ਫੁੱਲਾਂ ਦਾ ਗੁਲਦਸਤਾ ਭੇਟ ਕਰ ਸਨਮਾਨਤ ਕੀਤਾ। ਪੱਤਰਕਾਰ ਸੰਮੇਲਨ ਦੌਰਾਨ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਵਿਵੇਕ ਬਢੋੜਿਆ ਨੇ ਦੱਸਿਆ ਕਿ ਸਾਡੇ ਵਿਦਿਆਰਥੀ ਨੇ ਅਜਿਹਾ ਰੈਂਕ ਹਾਸਲ ਕਰਕੇ ਨਾ ਕੇਵਲ ਆਪਣੇ ਮਾਤਾ ਪਿਤਾ ਦਾ ਨਾਂਅ ਵਧਾਇਆ ਬਲਕਿ ਸੰਸਥਾ ਅਤੇ ਸਮੁੱਚੇ ਸਟਾਫ ਦਾ ਨਾਂਅ ਚਮਕਾਇਆ ਹੈ। ਉਨ੍ਹਾ ਦੱਸਿਆ ਕਿ ਵਿਦਿਆਰਥੀ ਸਿਧਾਰਥ ਮਿਗਲਾਨੀ ਸ਼ੁਰੂ ਤੋਂ ਹੀ ਬਹੁਤ ਸੁਲਝਿਆ ਅਤੇ ਲਾਇਕ ਵਿਦਿਆਰਥੀ ਰਿਹਾ ਹੈ। ਸਿਧਾਰਥ ਨੇ ਹਮੇਸ਼ਾ ਤੋਂ ਪੜ੍ਹਾਈ ਨੂੰ ਸਖਤੀ ਅਤੇ ਚੌਕਸੀ ਨਾਲ ਲਿਆ ਹੈ ਜਿਸ ਦਾ ਨਤੀਜਾ ਅੱਜ ਸਾਡੇ ਸਾਰੀਆਂ ਦੇ ਸਾਹਮਣੇ ਹੈ । ਇਸ ਮੌਕੇ ਆਕਾਸ਼ ਇੰਸਟੀਚਿਊਟ ਦੇ ਅਕੈਡਮਿਕ ਹੈਡ ਇੰਜੀਨੀਰਿੰਗ ਰਵਿੰਦਰ ਵਿਰਕ ਅਤੇ ਫੈਕਲਟੀ ਮੈਂਬਰ ਸੁਵਿਤ ਜੈਨ ਹਾਜ਼ਰ ਸਨ।

## ਡੇਰਾ ਰੂਹਾਨੀਅਤ ਪ੍ਰਕਾਸ਼ ਟਾਂਡਾ ਵਿਖੇ ਸਾਲਾਨਾ ਸਮਾਗਮ



**ਟਾਂਡਾ ਉੜਮੁੜ, ( ਜਸਵਿੰਦਰ ਸੰਧੂ ,ਉਂਕਾਰ ਸਿੰਘ )**- ਡੇਰਾ ਰੂਹਾਨੀਅਤ ਪ੍ਰਕਾਸ਼ ਦਸਮੇਸ਼ ਟਾਂਡਾ ਵਿਖੇ ਸੰਤ ਬਾਬਾ ਬੂਟਾ ਸਿੰਘ ਦੀ ਯਾਦ ਨੂੰ ਸਮਰਪਤ ਸਾਲਾਨਾ ਸਮਾਗਮ ਕਰਵਾਇਆ ਗਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਛਤਰ ਛਾਇਆ ਹੇਠ ਤੇ ਮੁੱਖ ਸੇਵਾਦਾਰ ਸੰਤ ਬਾਬਾ ਜਸਵੀਰ ਸਿੰਘ ਦੀ ਅਗਵਾਈ ਹੇਠ ਕਰਵਾਏ ਗਏ ਇਸ ਸਮਾਗਮ ਦੌਰਾਨ ਵੱਡੀ ਗਿਣਤੀ ਵਿੱਚ ਸੰਗਤ ਨੇ ਹਾਜ਼ਰੀ ਲਗਵਾਈ। ਇਸ ਮੌਕੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ ਉਪਰੰਤ ਸਜਾਏ ਗਏ ਗੁਰਮਤਿ ਸਮਾਗਮ ਦੌਰਾਨ ਵਿਚ ਭਾਈ ਸੁਰਜੀਤ ਸਿੰਘ ਦਸਮੇਸ਼ ਨਗਰ, ਭਾਈ ਮਨਜੀਤ ਸਿੰਘ ਅਤੇ ਭਾਈ ਨਰਿੰਦਰਪਾਲ ਸਿੰਘ ਦੇ ਰਾਗੀ ਜਥੇ ਨੇ ਸਮੂਹ ਸੰਗਤ ਨੂੰ ਗੁਰਬਾਣੀ ਕੀਰਤਨ ਅਤੇ ਗੁਰਮਤਿ ਵੀਚਾਰਾਂ ਰਾਹੀ ਨਿਹਾਲ ਕਰਦੇ ਹੋਏ ਸੇਵਾ ਤੇ ਸਿਮਰਨ ਨਾਲ ਜੁੜਨ ਦੀ ਪ੍ਰੇਰਨਾ ਦਿੱਤੀ। ਸਮਾਗਮ ਦੌਰਾਨ ਮੁੱਖ ਸੇਵਾਦਾਰ ਸੰਤ ਬਾਬਾ ਜਸਵੀਰ ਸਿੰਘ ਨੇ ਸਮੂਹ ਸੰਗਤ ਨੂੰ ਪ੍ਰਵਚਨਾਂ ਰਾਹੀਂ ਨਿਹਾਲ ਕੀਤਾ। ਇਸ ਮੌਕੇ ਸਟੇਜ ਸਕੱਤਰ ਦੀ ਭੂਮਿਕਾ ਨਿਭਾ ਰਹੇ ਹਨ ਹੈਡਮਾਸਟਰ ਰਛਪਾਲ ਸਿੰਘ ਨੇ ਸਮੂਹ ਸੰਗਤ ਦਾ ਧੰਨਵਾਦ ਕੀਤਾ। ਇਸ ਮੌਕੇ ਸਮਾਗਮ ਦੇ ਪ੍ਰਬੰਧਕਾਂ ਵੱਲੋਂ ਪਹੁੰਚੀਆਂ ਪ੍ਰਮੁੱਖ ਸ਼ਖਸੀਅਤਾਂ ਨੂੰ ਸਿਰੋਪਾਓ ਭੇਟ ਕੀਤੇ ਗਏ। ਇਸ ਮੌਕੇ ਗੁਰਬਖਸ਼ ਕੌਰ, ਅਮਰੀਕ ਸਿੰਘ, ਪਰਮਜੀਤ ਸਿੰਘ ਪਠਾਨਕੋਟ, ਤਿਲਕ ਰਾਜ ਰਾਣਾ, ਦਰਸ਼ਨ ਸਿੰਘ, ਨੰਬਰਦਾਰ ਹਰਬੰਸ ਸਿੰਘ, ਇੰਦਰਜੀਤ ਸਿੰਘ, ਪਰਮਜੀਤ ਸਿੰਘ, ਗੁਰਪ੍ਰੀਤ ਸਿੰਘ, ਸੁਖਵਿੰਦਰ ਸਿੰਘ, ਬਲਵੰਤ ਸਿੰਘ, ਸਿਮਰਨਜੀਤ ਸਿੰਘ, ਕਾਕਾ ਦਸਮੇਸ਼ ਨਗਰ ਆਦਿ ਵੀ ਮੌਜੂਦ ਸਨ।

## ਬਲੱਡ ਬੈਂਕ ਵਿਖੇ ਲਗਾਇਆ ਫ੍ਰੀ ਫਿਜ਼ੀਓਥਰੈਪੀ ਕੈਂਪ

**ਫਗਵਾੜਾ (ਡਾ. ਰਮਨ)**- ਬਲੱਡ ਬੈਂਕ ਗੁਰੂ ਹਰਗੋਬਿੰਦ ਨਗਰ ਫਗਵਾੜਾ ਵਿਖੇ ਲਵਲੀ ਪ੍ਰੋਫ਼ੈਸ਼ਨਲ ਯੂਨੀਵਰਸਿਟੀ ਦੇ ਫਿਜ਼ੀਓਥੈਰੇਪੀ ਵਿਭਾਗ ਦੇ ਸਹਿਯੋਗ ਨਾਲ ਮੁਫਤ ਮੈਡੀਕਲ ਕੈਂਪ ਬਲੱਡ ਬੈਂਕ ਦੇ ਪ੍ਰਧਾਨ ਮਲਕੀਅਤ ਸਿੰਘ ਰਘਬੋਤਰਾ ਦੀ ਦੇਖ-ਰੇਖ ਹੇਠ ਲਗਾਇਆ ਗਿਆ। ਇਸ ਦੌਰਾਨ ਡਾ. ਮਨੀਸ਼ਾ ਅਤੇ ਕੈਂਪ ਕੋਆਰਡੀਨੇਟਰ ਗਗਨਦੀਪ ਸਿੰਘ ਨੇ ਜੋੜਾਂ ਸਮੇਤ ਵੱਖ-ਵੱਖ ਦਰਦਾਂ ਨਾਲ ਪੀੜਤ ਕਰੀਬ ਤਿੰਨ ਦਰਜਨ ਮਰੀਜ਼ਾਂ ਦੀ ਜਾਂਚ ਕੀਤੀ ਅਤੇ ਉਨ੍ਹਾਂ ਨੂੰ ਅਗਲੇਰੇ ਇਲਾਜ ਲਈ ਲਵਲੀ ਆਟੋਜ਼ ਜੀ.ਟੀ.ਰੋਡ ਸਥਿਤ ਸਿਹਤ ਕੇਂਦਰ ਵਿਖੇ ਆਉਣ ਦੀ ਹਦਾਇਤ ਕੀਤੀ। ਮਲਕੀਅਤ ਸਿੰਘ ਰਘਬੋਤਰਾ ਅਨੁਸਾਰ ਕੈਂਪ ਵਿੱਚ ਗਰਦਨ, ਕਮਰ, ਗੋਡਿਆਂ ਆਦਿ ਦੇ ਦਰਦ ਤੋਂ ਪੀੜਤ ਮਰੀਜ਼ਾਂ ਦੀ ਜਾਂਚ ਕਰਕੇ ਰਜਿਸਟ੍ਰੇਸ਼ਨ ਕੀਤੀ ਗਈ ਹੈ ਜਿਨ੍ਹਾਂ ਦਾ ਇਲਾਜ ਬਿਲਕੁਲ ਫ੍ਰੀ ਕੀਤਾ ਜਾਵੇਗਾ। ਉਨ੍ਹਾ ਦੱਸਿਆ ਕਿ ਅਗਲਾ ਕੈਂਪ 1 ਜੁਲਾਈ ਨੂੰ ਬਲੱਡ ਬੈਂਕ ਵਿੱਚ ਲਗਾਇਆ ਜਾਵੇਗਾ। ਇਸ ਮੌਕੇ ਕ੍ਰਿਸ਼ਨ ਕੁਮਾਰ, ਤਾਰਾ ਚੰਦ ਚੁੰਬਰ, ਰਮਨ ਨਹਿਰਾ, ਵਿਸ਼ਵਾਮਿੱਤਰ ਸ਼ਰਮਾ, ਗੁਲਾਬ ਸਿੰਘ ਠਾਕੁਰ, ਸੁਧਾ ਬੇਦੀ ਆਦਿ ਹਾਜ਼ਰ ਸਨ।

## ਸੀ ਐੱਮ ਦੀ ਯੋਗਸ਼ਾਲਾ ਸਮਾਗਮ ਦੇ ਮੱਦੇਨਜ਼ਰ ਟ੍ਰੈਫਿਕ ਦੇ ਬਦਲਵੇਂ ਰੂਟਾਂ ਦਾ ਵੇਰਵਾ ਜਾਰੀ

**ਜਲੰਧਰ, (ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ)** :- ਪੀ.ਏ.ਪੀ. ਗਰਾਊਂਡ ਜਲੰਧਰ ਵਿਖੇ 20 ਜੂਨ ਨੂੰ ਕਰਵਾਏ ਜਾ ਰਹੇ ਸੀ.ਐਮ. ਦੀ ਯੋਗਸ਼ਾਲਾ ਸਮਾਗਮ, ਜਿਸ ਵਿੱਚ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਬਤੌਰ ਮੁੱਖ ਮਹਿਮਾਨ ਸ਼ਿਰਕਤ ਕੀਤੀ ਜਾ ਰਹੀ ਹੈ, ਦੇ ਮੱਦੇਨਜ਼ਰ ਕਮਿਸ਼ਨਰੇਟ ਪੁਲਸ ਜਲੰਧਰ ਵੱਲੋਂ ਟ੍ਰੈਫਿਕ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਟ੍ਰੈਫਿਕ ਡਾਇਵਰਸ਼ਨ/ਪਾਰਕਿੰਗ ਦਾ ਵੇਰਵਾ ਜਾਰੀ ਕੀਤਾ ਗਿਆ ਹੈ। ਇਸ ਸੰਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਵਧੀਕ ਡਿਪਟੀ ਕਮਿਸ਼ਨਰ ਪੁਲਸ ਟ੍ਰੈਫਿਕ ਜਲੰਧਰ ਕੰਵਲਪ੍ਰੀਤ ਸਿੰਘ ਚਾਹਲ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪ੍ਰੋਗਰਾਮ ਵਿੱਚ ਪਹੁੰਚ ਰਹੇ ਮਹਿਮਾਨਾਂ, ਵਲੰਟੀਅਰਾਂ, ਸਕੂਲਾਂ/ਕਾਲਜਾਂ ਦੇ ਵਿਦਿਆਰਥੀਆਂ ਦੀਆਂ ਕਾਰਾਂ, ਬੱਸਾਂ ਅਤੇ ਦੋ-ਪਹੀਆ ਵਾਹਨਾਂ ਦੀ ਢੁੱਕਵੀਂ ਪਾਰਕਿੰਗ ਦਾ ਪ੍ਰਬੰਧ ਕੀਤਾ ਗਿਆ ਹੈ। ਉਨ੍ਹਾ ਦੱਸਿਆ ਕਿ ਬੀ.ਐਸ.ਐਫ. ਚੌਕ ਤੋਂ ਲਾਡੋਵਾਲੀ ਰੋਡ ਤੱਕ ਦੋਵੇਂ ਪਾਸੇ ਆਯੂਸ਼ ਤੇ ਨਰਸਿੰਗ ਸਟਾਫ ਲਈ, ਗੁਰੂ ਨਾਨਕਪੁਰਾ ਰੋਡ ਤੋਂ ਚਾਲੀ ਕੁਆਰਟਰ ਸਟੇਸ਼ਨ ਸਾਈਡ ਵਲੰਟੀਅਰਾਂ ਲਈ, ਗੁਰੂ ਨਾਨਕਪੁਰਾ ਰੋਡ ਤੋਂ ਚਾਲੀ ਕੁਆਰਟਰ ਸਟੇਸ਼ਨ ਸਾਈਡ ਅੰਦਰਲੇ ਪਾਸੇ ਜਨਰਲ ਪਾਰਕਿੰਗ ਦੋ ਪਹੀਆ, ਕ੍ਰਿਸ਼ਨਾ ਫੈਕਟਰੀ ਲਾਈਟਾਂ ਤੋਂ ਕੱਟ ਚਾਲੀ ਕੁਆਰਟਰ ਸਟੇਸ਼ਨ ਸਾਈਡ ਖੱਬੇ ਪਾਸੇ ਸਟਾਫ ਲਈ, ਕੱਟ ਚਾਈ ਕੁਆਰਟਰ ਤੋਂ ਫਾਟਕ ਗੁਰੂ ਨਾਨਕਪੁਰ ਵੱਲ ਖੱਬੇ ਪਾਸੇ ਸਕੂਲੀ ਬੱਸਾਂ ਲਈ, ਗੁਰੂ ਨਾਨਕਪੁਰ ਫਾਟਕ ਤੋਂ ਗੇਟ ਬੈਕ ਸਾਈਡ ਪੀ.ਏ.ਪੀ. ਗਰਾਊਂਡ ਕਾਲਜ ਬੱਸਾਂ ਲਈ ਅਤੇ ਗੇਟ ਬੈਕ ਸਾਈਡ ਪੀ.ਏ.ਪੀ. ਗਰਾਊਂਡ ਤੋਂ ਕ੍ਰਿਸ਼ਨਾ ਫੈਕਟਰੀ ਲਾਈਟਾਂ ਜਨਰਲ ਪਾਰਕਿੰਗ ਲਈ ਨਿਰਧਾਰਤ ਕੀਤੀਆਂ ਗਈਆਂ ਹਨ। ਟ੍ਰੈਫਿਕ ਦੇ ਬਦਲਵੇਂ ਰੂਟਾਂ ਬਾਰੇ ਜਾਣਕਾਰੀ ਦਿੰਦਿਆਂ ਏ.ਡੀ.ਸੀ.ਪੀ. ਨੇ ਦੱਸਿਆ ਕਿ ਕੋਟ ਰਾਮਦਾਸ/ਲੱਧੇਵਾਲੀ/ਬੇਅੰਤ ਨਗਰ ਸਾਈਡ ਤੋਂ ਜਲੰਧਰ ਸ਼ਹਿਰ ਆਉਣ ਵਾਲੀ ਟ੍ਰੈਫਿਕ ਵਾਇਆ ਪੀ.ਏ.ਪੀ. ਪੁਲ ਰਾਹੀਂ ਸ਼ਹਿਰ ਅੰਦਰ ਪ੍ਰਵੇਸ਼ ਕਰੇਗੀ। ਬੀ.ਐਸ.ਐਫ. ਚੌਕ ਤੋਂ ਗੁਰੂ ਨਾਨਕਪੁਰਾ/ਕੋਟ ਰਾਮਦਾਸ/ਲੱਧੇਵਾਲੀ/ਬੇਅੰਤ ਨਗਰ ਸਾਈਡ ਜਾਣ ਵਾਲੀ ਟ੍ਰੈਫਿਕ ਵਾਇਆ ਪੀ.ਏ.ਪੀ./ਰਾਮਾ ਮੰਡੀ ਪੁਲ ਰਾਹੀਂ ਸ਼ਹਿਰ ਤੋਂ ਬਾਹਰ ਜਾਵੇਗੀ। ਬੀ.ਐਸ.ਐਫ. ਚੌਕ ਤੋਂ ਲਾਡੋਵਾਲੀ ਰੋਡ ਨੂੰ ਜਾਣ ਵਾਲੀ ਟ੍ਰੈਫਿਕ ਵਾਇਆ ਬੱਸ ਸਟੈਂਡ ਪੁਲ ਰਾਹੀਂ ਜਾਵੇਗੀ। ਰੇਲਵੇ ਸਟੇਸ਼ਨ ਤੋਂ ਗੁਰੂ ਨਾਨਕਪੁਰਾ/ਬੀ.ਐਸ.ਐਫ. ਚੌਕ ਨੂੰ ਜਾਣ ਵਾਲੀ ਟ੍ਰੈਫਿਕ ਅਲਾਸਕਾ ਚੌਕ ਤੋਂ ਬੱਸ ਸਟੈਂਡ ਸਾਈਡ ਜਾਵੇਗੀ।ਉਨ੍ਹਾ ਆਮ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ 20 ਜੂਨ ਨੂੰ ਸਵੇਰੇ 6 ਵਜੇ ਤੋਂ 9 ਵਜੇ ਤੱਕ ਆਉਣ-ਜਾਣ ਲਈ ਟ੍ਰੈਫਿਕ ਦੇ ਪ੍ਰਬੰਧਾਂ ਨੂੰ ਮੁੱਖ ਰੱਖਦੇ ਹੋਏ ਬਦਲਵੇਂ ਰੂਟਾਂ ਦੀ ਵਰਤੋਂ ਕੀਤੀ ਜਾਵੇ ਤਾਂ ਜੋ ਕੋਈ ਮੁਸ਼ਕਲ ਪੇਸ਼ ਨਾ ਆਵੇ। ਉਨ੍ਹਾ ਕਿਹਾ ਕਿ ਟ੍ਰੈਫਿਕ ਪ੍ਰਬੰਧਾਂ ਬਾਰੇ ਵਧੇਰੇ ਜਾਣਕਾਰੀ ਲੈਣ ਲਈ ਹੈਲਪ ਲਾਈਨ ਨੰਬਰ 0181-2227296 'ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਹੁਸ਼ਿਆਰਪੁਰ ਦੇ ਸਰਬਪੱਖੀ ਵਿਕਾਸ 'ਚ ਕੋਈ ਕਮੀ ਨਹੀਂ ਛੱਡੀ ਜਾਵੇਗੀ : ਬ੍ਰਮ ਸ਼ੰਕਰ ਜਿੰਪਾ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**- ਕੈਬਨਿਟ ਮੰਤਰੀ ਬ੍ਰਮ ਸ਼ੰਕਰ ਜਿੰਪਾ ਨੇ ਕਿਹਾ ਕਿ ਹੁਸ਼ਿਆਰਪੁਰ ਦੇ ਸਰਬਪੱਖੀ ਵਿਕਾਸ ਵਿੱਚ ਕੋਈ ਕਮੀ ਨਹੀਂ ਛੱਡੀ ਜਾਵੇਗੀ। ਉਨ੍ਹਾ ਕਿਹਾ ਕਿ ਪਿਛਲੇ ਇੱਕ ਸਾਲ ਤੋਂ ਪੰਜਾਬ ਸਰਕਾਰ ਲਗਾਤਾਰ ਸੂਬੇ ਦੇ ਸ਼ਹਿਰਾਂ ਅਤੇ ਪਿੰਡਾਂ ਦੇ ਵਿਕਾਸ ਲਈ ਲਗਾਤਾਰ ਕੰਮ ਕਰ ਰਹੀ ਹੈ। ਉਨ੍ਹਾ ਕਿਹਾ ਕਿ ਪੰਜਾਬ ਸਰਕਾਰ ਦਾ ਉਦੇਸ਼ ਲੋਕਾਂ ਤੱਕ ਵੱਧ ਤੋਂ ਵੱਧ ਸਹੂਲਤਾਂ ਪਹੁੰਚਾਉਣਾ ਹੈ। ਉਹ ਵਾਰਡ ਨੰਬਰ 3 ਵਿਚ ਕਰੀਬ 21 ਲੱਖ ਰੁਪਏ ਦੀ ਲਾਗਤ ਨਾਲ ਸੜਕ ਦੇ ਨਿਰਮਾਣ ਕਾਰਜ ਦੀ ਸ਼ੁਰੂਆਤ ਕਰਵਾਉਣ ਮੌਕੇ ਇਲਾਕਾ ਨਿਵਾਸੀਆਂ ਨੂੰ ਸੰਬੋਧਨ ਕਰ ਰਹੇ ਸਨ। ਉਨ੍ਹਾ ਕਿਹਾ ਕਿ ਇਹ ਵਾਰਡ ਸੀਨੀਅਰ ਡਿਪਟੀ ਮੇਅਰ ਪ੍ਰਵੀਨ ਸੈਣੀ ਦਾ ਵਾਰਡ ਹੈ ਜਿੱਥੋਂ ਉਹ ਲਗਾਤਾਰ ਪੰਜ ਵਾਰ ਕੌਂਸਲਰ ਰਹੇ ਹਨ। ਉਨ੍ਹਾ ਕਿਹਾ ਕਿ ਇਸ ਸੜਕ ਦੇ ਨਿਰਮਾਣ ਨਾਲ ਇਲਾਕਾ ਵਾਸੀਆਂ ਦੀ ਲੰਮੇ ਸਮੇਂ ਦੀ ਮੰਗ ਪੂਰੀ ਹੋ ਜਾਵੇਗੀ। ਉਨ੍ਹਾ ਕਿਹਾ ਕਿ ਇਸ ਤੋਂ ਬਾਅਦ ਵਾਰਡ ਦੇ ਬਾਕੀ ਪੈਂਡਿੰਗ ਕੰਮ ਵੀ ਮੁਕੰਮਲ ਕਰਵਾਏ ਜਾਣਗੇ। ਇਸ ਮੌਕੇ ਮੇਅਰ ਸੁਰਿੰਦਰ ਕੁਮਾਰ, ਸੀਨੀਅਰ ਡਿਪਟੀ ਮੇਅਰ ਪ੍ਰਵੀਨ ਸੈਣੀ, ਡਿਪਟੀ ਮੇਅਰ ਰਣਜੀਤ ਚੌਧਰੀ, ਸਹਾਇਕ ਕਮਿਸ਼ਨਰ ਸੰਦੀਪ ਤਿਵਾੜੀ, ਕੌਂਸਲਰ ਸਾਹਿਬਾਨ ਅਤੇ ਇਲਾਕੇ ਦੀਆਂ ਉਘੀਆਂ ਸ਼ਖਸੀਅਤਾਂ ਹਾਜ਼ਰ ਸਨ।

## ਮਹਿੰਦਵਾਨੀ ਗੁੱਜਰਾਂ ਦੇ ਅਨੇਕਾਂ ਪਰਵਾਰ ਆਪ 'ਚ ਸ਼ਾਮਲ



**ਮਾਹਿਲਪੁਰ, (ਨਿਰਮਲ ਸਿੰਘ ਮੁੱਗੋਵਾਲ)**-ਅੱਜ ਆਮ ਆਦਮੀ ਪਾਰਟੀ ਨੂੰ ਹਲਕਾ ਗੜ੍ਹਸ਼ੰਕਰ 'ਚ ਭਾਰੀ ਬਲ ਮਿਲਿਆ ਜਦੋਂ ਬੀਤ ਇਲਾਕੇ ਦੇ ਚਰਚਿਤ ਪਿੰਡ ਮਹਿੰਦਵਾਨੀ ਗੁੱਜਰਾਂ ਦੇ ਦੋ ਦਰਜਨ ਦੇ ਕਰੀਬ ਪਰਵਾਰਾਂ ਨੇ ਹਲਕਾ ਵਿਧਾਇਕ ਤੇ ਡਿਪਟੀ ਸਪੀਕਰ ਜੈ ਕ੍ਰਿਸ਼ਨ ਸਿੰਘ ਰੋੜੀ ਦੀ ਅਗਵਾਈ 'ਚ ਆਮ ਆਦਮੀ ਪਾਰਟੀ ਦਾ ਪੱਲਾ ਫੜਿਆ।

ਆਪ 'ਚ ਸ਼ਾਮਲ ਹੋਏ ਸਾਥੀਆਂ ਨੂੰ ਜੀ ਆਇਆਂ ਆਖਦਿਆਂ ਰੋੜੀ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਆਉਣ ਵਾਲੀਆਂ ਚੋਣਾਂ ਲਈ ਨਹੀਂ ਸਗੋਂ ਆਉਣ ਵਾਲੀ ਜਨਰੇਸ਼ਨ ਲਈ ਕੰਮ ਕੰਮ ਕਰ ਰਹੇ ਹਨ। ਉਨ੍ਹਾ ਕਿਹਾ ਕਿ ਬੀਤ ਇਲਾਕੇ ਦੇ ਵੱਖ ਵੱਖ 8 ਪਿੰਡਾਂ ਚ ਸਿੰਜਾਈ ਵਾਲੇ ਡੂੰਘੇ ਟਿਊਬਵੈਲ ਲਗਾਏ ਜਾ ਰਹੇ ਹਨ ਜਿਨ੍ਹਾਂ ਕੰਮ ਲਗਭਗ ਮੁਕੰਮਲ ਹੋਣ ਵਾਲਾ ਹੈ। ਇਹਨਾਂ ਟਿਊਬਲਾਂ ਦੇ ਲੱਗਣ ਨਾਲ ਬੀਤ ਇਲਾਕੇ ਦੇ ਕਿਸਾਨਾਂ ਨੂੰ ਵਧੇਰੇ ਲਾਭ ਹੋਵੇਗਾ। ਉਨਾ ਕਿਹਾ ਅੱਜ ਲੋਕ ਆਪ ਮੁਹਾਰੇ ਪਾਰਟੀ ਚ ਸ਼ਾਮਲ ਹੋ ਰਹੇ ਹਨ । ਸ਼ਾਮਲ ਹੋਏ ਸਾਥੀਆਂ ਨੂੰ ਪਾਰਟੀ 'ਚ ਮਾਣ ਸਨਮਾਨ ਮਿਲੇਗਾ। ਆਪ 'ਚ ਸ਼ਾਮਲ ਹੋਣ ਵਾਲਿਆਂ 'ਚ ਚੌਧਰੀ ਰਾਮ ਸਰੂਪ, ਹਰਿਕ੍ਰਿਸ਼ਨ, ਸੁਭਾਸ਼ ਚੰਦ, ਸੰਦੀਪ ਚੇਚੀ, ਹੁਸਨ ਲਾਲ, ਸਤਪਾਲ ਸਿੰਘ, ਰਣਬੀਰ ਸਿੰਘ, ਮੋਹਿੰਦਰ ਸਿੰਘ, ਰਾਜੀਵ ਕੁਮਾਰ, ਗਗਨਦੀਪ ਸਿੰਘ, ਸੰਤੋਸ਼ ਦੇਵੀ, ਗੁਰਮੀਤ ਸਿੰਘ, ਅੰਜੂ ਦੇਵੀ, ਰੀਨਾ ਦੇਵੀ, ਨਿਰਮਲਾ ਦੇਵੀ, ਮਮਤਾ ਦੇਵੀ, ਬਬਲੀ ਦੇਵੀ, ਆਸ਼ਾ ਰਾਣੀ, ਭਜਨ ਕੌਰ ਤੋਂ ਇਲਾਵਾ ਭਾਰੀ ਗਿਣਤੀ 'ਚ ਪਿੰਡ ਵਾਸੀ ਸ਼ਾਮਲ ਸਨ।

## ਸਾਂਝੇ ਫਰੰਟ ਵੱਲੋਂ ਕਰਮਵੀਰ ਸ਼ਿੰਘ ਘੁੰਮਣ ਨੂੰ ਦਿੱਤਾ ਰੋਸ ਪੱਤਰ

**ਹੁਸ਼ਿਆਰਪੁਰ, (ਬਲਬੀਰ ਸਿੰਘ ਸੈਣੀ)** ਇੱਥੇ ਪ੍ਰਧਾਨ ਰਾਜੀਵ ਸ਼ਰਮਾ, ਜੁਗਰਾਜ ਸਿੰਘ, ਮਨਮੋਹਣ ਸਿੰਘ, ਰਣਜੀਤ ਕੌਰ, ਸੁਸ਼ਮਾ ਦੇਵੀ ਦੀ ਪ੍ਰਧਾਨਗੀ ਹੇਠ ਸਾਂਝੀਆ ਮੰਗਾ ਲਈ ਇਕ ਰੋਸ ਪੱਤਰ ਹਲਕਾ ਦਸੂਹਾ ਦੇ ਵਿਧਾਇਕ ਕਰਮਵੀਰ ਸ਼ਿੰਘ ਘੁੰਮਣ ਨੂੰ ਓਹਨਾਂ ਦੇ ਤਲਵਾੜਾ ਦਫ਼ਤਰ ਵਿਖੇ ਦਿੱਤਾ ਗਿਆ, ਜਿਸ ਵਿੱਚ ਉਚੇਚੇ ਤੌਰ 'ਤੇ ਪੁਰਾਣੀ ਪੈਨਸ਼ਨ ਬਹਾਲੀ ਕਮੇਟੀ ਦੇ ਸੂਬਾ ਕਨਵੀਨਰ ਜਸਬੀਰ ਤਲਵਾੜਾ ਵੀ ਹਾਜ਼ਰ ਰਹੇ। ਇਹ ਮੰਗ ਪੱਤਰ ਮੁੱਖ ਮੰਤਰੀ ਦੇ ਨਾਂਅ ਭੇਜਿਆ ਗਿਆ, ਜਿਸ 'ਚ ਪਿਛਲੇ ਲਗਭਗ ਇਕ ਸਾਲ ਬੀਤਣ ਤੋਂ ਬਾਅਦ ਵੀ ਮੁੱਖ਼ ਮੰਤਰੀ ਵੱਲੋਂ ਜੱਥੇਬੰਦੀ ਨਾਲ ਮੀਟਿੰਗ ਕਰਨਾ ਜ਼ਰੂਰੀ ਨਹੀਂ ਸਮਝਿਆ। ਜਿਸ ਕਰਕੇ ਮੁਲਾਜਮਾਂ ਤੇ ਪੈਨਸ਼ਨਰਜ਼ ਦੀਆਂ ਮੰਗਾ ਪੂਰੀਆਂ ਕਰਵਾਉਣ ਲਈ ਹਲਕਾ ਵਿਧਾਇਕ ਨੂੰ ਮੰਗ ਪੱਤਰ ਦੇ ਕੇ ਸਾਡੀ ਅਵਾਜ਼ ਵਿਧਾਨਸਭਾ ਵਿਚ ਉਠਾਈ ਜਾਵੇ ਅਤੇ 23 ਜੂਨ ਨੂੰ ਪੰਜਾਬ ਭਵਨ ਚੰਡੀਗੜ੍ਹ ਵਿਖੇ ਵਿੱਤ ਮੰਤਰੀ ਨਾਲ ਹੋ ਰਹੀ ਮਹੱਤਵਪੂਰਨ ਮੀਟਿੰਗ 'ਚ ਸਰਕਾਰ ਮੁਲਾਜ਼ਮ ਅਤੇ ਪੈਨਸ਼ਨਰਜ ਮੰਗਾ ਪ੍ਰਤੀ ਸਕਾਰਾਤਮਕ ਰੁੱਖ ਅਪਨਾਏ ਤਾਂ ਜੋ ਸਾਨੂੰ ਇਨਸਾਫ ਮਿਲ ਸਕੇ। ਇਸ ਰੋਸ ਪੱਤਰ ਦੇਣ ਲਈ ਰਣਜੀਤ ਸਿੰਘ ਫਾਰੈਸਟ ਅਫਸਰ, ਰਜੇਸ਼ ਕੁਮਾਰ, ਨਿਰਮਲ ਬੱਧਣ, ਸਸੀਕਾਂਤ, ਉਂਕਾਰ ਚੰਦ, ਸ਼ਾਮ ਸਿੰਘ, ਓਮ ਦੱਤ, ਦਵਿੰਦਰ ਸਿੰਘ, ਕਮਲਜੀਤ ਕੌਰ, ਕਮਲੇਸ਼ ਕੌਰ, ਕੇਵਲ ਕ੍ਰਿਸ਼ਨ , ਯਾਦਵਿੰਦਰ ਸਿੰਘ, ਰਾਜ ਕੁਮਾਰ, ਨਰਿੰਦਰ ਸਿੰਘ, ਬਲਵਿੰਦਰ ਬਿੱਟੂ, ਜਗਦੀਸ਼ ਸਿੰਘ ਤੇ ਦਿਲਦਾਰ ਸਿੰਘ ਕਰਮਚਾਰੀ, ਪੈਨਸ਼ਨਰਜ ਤੇ ਵਰਕਰ ਆਦਿ ਹਾਜ਼ਰ ਸਨ।

## ਬਾਬਾ ਕਾਮੂਆਣਾ ਅਸਥਾਨ 'ਤੇ ਸਲਾਨਾ ਜੋੜ ਮੇਲਾ ਆਰੰਭ



**ਟਾਂਡਾ ਉੜਮੁੜ, ( ਜਸਵਿੰਦਰ ਸੰਧੂ, ਉਂਕਾਰ ਸਿੰਘ )**-ਪਿੰਡ ਰਾਜਪੁਰ-ਗਹੋਤ ਵਿਖੇ ਬਾਬਾ ਕਾਮੂਆਣਾ ਦੇ ਅਸਥਾਨ ਤੇ ਕਰੀਬ 1 ਮਹੀਨਾ ਚੱਲਣ ਵਾਲੇ ਸਲਾਨਾ ਜੋੜ ਮੇਲੇ ਦੌਰਾਨ ਪਹਿਲੇ ਐਤਵਾਰ ਸਮਾਗਮ ਕਰਵਾਇਆ ਗਿਆ । ਇਸ ਮੌਕੇ ਸਭ ਤੋਂ ਪਹਿਲਾਂ 16 ਜੂਨ ਤੋਂ ਸ਼ੁਰੂ ਕੀਤੇ ਗਏ ਸ੍ਰੀ ਅਖੰਡ ਪਾਠ ਸਾਹਿਬ ਦੀ ਲੜੀ ਦੇ ਭੋਗ ਪਾਏ ਗਏ ਉਪਰੰਤ ਸਜਾਏ ਗਏ ਗੁਰਮਤਿ ਸਮਾਗਮ ਦੌਰਾਨ ਭਾਈ ਮਨਜੀਤ ਸਿੰਘ ਦਸਮੇਸ਼ ਨਗਰ ਟਾਂਡਾ ਤੇ ਭਾਈ ਸਵਰਨ ਸਿੰਘ ਜੋਸ਼ ਦੇ ਰਾਗੀ ਜਥੇ ਨੇ ਸਮੂਹ ਸੰਗਤ ਨੂੰ ਗੁਰਬਾਣੀ ਕੀਰਤਨ ਅਤੇ ਗੁਰਮਤਿ ਵੀਚਾਰਾਂ ਰਾਹੀ ਨਿਹਾਲ ਕੀਤਾ। ਇਸ ਮੌਕੇ ਸਟੇਜ ਸਕੱਤਰ ਦੀ ਭੂਮਿਕਾ ਮਾਸਟਰ ਚਰਨਜੀਤ ਸਿੰਘ ਨੇ ਨਿਭਾਈ।

ਇਸ ਮੌਕੇ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਅਖੰਡ ਪਾਠ ਸਾਹਿਬ ਦੀ ਸੇਵਾ ਨਿਭਾਉਣ ਵਾਲੇ ਤੇ ਹੋਰਨਾਂ ਸੇਵਾਦਾਰਾਂ ਨੂੰ ਸਿਰੋਪਾਓ ਭੇਟ ਕੀਤੇ ਗਏ। ਇਸ ਮੌਕੇ ਚਾਹ-ਪਕੌੜਿਆਂ ਤੇ ਗੁਰੂ ਦੇ ਲੰਗਰ ਵੀ ਵਰਤਾਏ ਗਏ। ਇਸ ਮੌਕੇ ਸਮਾਗਮ ਪ੍ਰਬੰਧਕ ਸੇਵਾਦਾਰਾਂ ਨੇ ਦੱਸਿਆ ਕਿ ਪਹਿਲੇ ਬੁੱਧਵਾਰ ਦਾ ਸਮਾਗਮ 21 ਜੂਨ ਨੂੰ ਹੋਵੇਗਾ। ਇਸ ਮੌਕੇ ਪ੍ਰਧਾਨ ਕੈਪਟਨ ਗੁਰਜੀਤ ਸਿੰਘ, ਸੁਰਜੀਤ ਸਿੰਘ, ਰਣਜੀਤ ਸਿੰਘ, ਹਰਨਾਮ ਸਿੰਘ, ਗੁਰਬਖਸ਼ ਸਿੰਘ, ਜਸਵੀਰ ਸਿੰਘ, ਗਿਆਨੀ ਜਗਦੀਸ਼ ਸਿੰਘ, ਜਸਵੀਰ ਸਿੰਘ, ਸਤਨਾਮ ਸਿੰਘ, ਮਾਸਟਰ ਗੁਰਮਿੰਦਰ ਸਿੰਘ, ਪਰਮਜੀਤ ਸਿੰਘ, ਨਵਜੋਤ ਸੈਣੀ, ਮਾਸਟਰ ਗੁਰਪ੍ਰੀਤ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿਚ ਸੰਗਤਾਂ ਹਾਜ਼ਰ ਸਨ ।

# ਮਿਆਰੀ ਬੀਜਾਂ, ਕੀਟਨਾਸ਼ਕਾਂ ਤੇ ਖਾਦਾਂ ਦੀ ਵਿਕਰੀ ਯਕੀਨੀ ਬਣਾਉਣ ਲਈ ਸੱਤ ਫਲਾਇੰਗ ਸਕੁਐਡ ਟੀਮਾਂ ਗਠਿਤ

**ਚੰਡੀਗੜ੍ਹ, (ਗੁਰਜੀਤ ਬਿੱਲਾ)**- ਪੰਜਾਬ ਦੇ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਵੱਲੋਂ ਸੂਬੇ ਦੇ ਕਿਸਾਨਾਂ ਨੂੰ ਮਿਆਰੀ ਬੀਜਾਂ, ਖਾਦਾਂ ਅਤੇ ਕੀਟਨਾਸ਼ਕਾਂ ਦੀ ਸਪਲਾਈ ਯਕੀਨੀ ਬਣਾਉਣ ਲਈ ਫਲਾਇੰਗ ਸਕੁਐਡ ਦੀਆਂ ਸੱਤ ਟੀਮਾਂ ਦਾ ਗਠਨ ਕੀਤਾ ਗਿਆ ਹੈ।

ਇਸ ਸੰਬੰਧੀ ਜਾਣਕਾਰੀ ਦਿੰਦਿਆਂ ਪੰਜਾਬ ਦੇ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਦੱਸਿਆ ਕਿ ਇਹ ਟੀਮਾਂ ਬੀਜਾਂ, ਖਾਦਾਂ ਅਤੇ ਕੀਟਨਾਸ਼ਕਾਂ ਦੇ ਨਿਰਮਾਣ ਯੂਨਿਟਾਂ ਅਤੇ ਦੁਕਾਨਾਂ ਦਾ ਦੌਰਾ ਕਰਨਗੀਆਂ। ਇਸ ਦੇ ਨਾਲ ਹੀ ਇਹ ਟੀਮਾਂ ਇਨ੍ਹਾਂ ਉਤਪਾਦਾਂ ਦੀ ਗੁਣਵੱਤਾ ਦੀ ਨਿਯਮਤ ਤੌਰ 'ਤੇ ਜਾਂਚ ਕਰਨ ਅਤੇ ਨਮੂਨੇ ਲੈਣ ਦੇ ਨਾਲ-ਨਾਲ ਕਿਸਾਨਾਂ ਨੂੰ ਵੇਚੇ ਜਾਣ ਵਾਲੇ ਉਕਤ ਉਤਪਾਦਾਂ ਦੀਆਂ ਕੀਮਤਾਂ 'ਤੇ ਵੀ ਨਜ਼ਰ ਰੱਖਣਗੀਆਂ।

ਉਨ੍ਹਾ ਅੱਗੇ ਦੱਸਿਆ ਕਿ ਵਿਭਾਗ ਦੇ ਜੁਆਇੰਟ ਡਾਇਰੈਕਟਰਾਂ ਅਤੇ ਮੁੱਖ ਖੇਤੀਬਾੜੀ ਅਫਸਰਾਂ ਦੀ ਅਗਵਾਈ ਹੇਠ ਗਠਿਤ ਕੀਤੀਆਂ ਫਲਾਇੰਗ ਸਕੁਐਡ ਦੀਆਂ ਇਹ ਟੀਮਾਂ ਕਿਸਾਨਾਂ ਦੇ ਹਿੱਤਾਂ ਲਈ ਬੀਜਾਂ, ਕੀਟਨਾਸ਼ਕਾਂ ਅਤੇ ਖਾਦਾਂ ਦੀ ਵਿਕਰੀ 'ਤੇ ਨੇੜਿਓਂ ਨਜ਼ਰ ਰੱਖਣ ਦੇ ਨਾਲ-ਨਾਲ ਕਿਸਾਨਾਂ ਨੂੰ ਲੋੜੀਂਦੇ ਉਤਪਾਦਾਂ ਦੀ ਮੰਗ ਅਤੇ ਸਪਲਾਈ ਦਾ ਵੀ ਧਿਆਨ ਰੱਖਣਗੀਆਂ। ਜ਼ਿਕਰਯੋਗ ਹੈ ਕਿ ਤਿੰਨ ਤੋਂ ਚਾਰ ਜ਼ਿਲ੍ਹਿਆਂ ਲਈ ਫਲਾਇੰਗ ਸਕੁਐਡ ਦੀ ਇੱਕ ਟੀਮ ਗਠਿਤ ਕੀਤੀ ਗਈ ਹੈ। ਖੇਤੀਬਾੜੀ ਮੰਤਰੀ ਨੇ ਦੱਸਿਆ ਕਿ ਕਿਸਾਨ ਕੋਈ ਵੀ ਖੇਤੀ ਉਤਪਾਦ ਖਰੀਦਣ ਵੇਲੇ ਵਿਕਰੇਤਾ ਤੋਂ ਉਸ ਦਾ ਬਿੱਲ ਜ਼ਰੂਰ ਲੈਣ ਅਤੇ ਬਿੱਲਾਂ 'ਤੇ ਦਰਸਾਈ ਗਈ ਰਕਮ ਹੀ ਅਦਾ ਕਰਨੀ ਯਕੀਨੀ ਬਣਾਉਣ।

ਉਨ੍ਹਾ ਕਿਹਾ ਕਿ ਜੇਕਰ ਵਿਕਰੇਤਾਵਾਂ ਵੱਲੋਂ ਬਿੱਲ ਨਹੀਂ ਦਿੱਤਾ ਜਾਂਦਾ ਤਾਂ ਕਿਸਾਨ ਵੱਲੋਂ ਜ਼ਿਲ੍ਹੇ ਦੇ ਸੰਬੰਧਤ ਖੇਤੀਬਾੜੀ ਅਧਿਕਾਰੀ ਕੋਲ ਸ਼ਿਕਾਇਤ ਕੀਤੀ ਜਾਵੇ ਅਤੇ ਇਸ ਸੰਬੰਧੀ ਸਖਤ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

## ਸੇਵਾ ਸਮਿਤੀ ਨੇ ਅਮਰਨਾਥ ਯਾਤਰੀਆਂ ਲਈ ਲੰਗਰ ਸਮਗਰੀ ਭੇਜੀ

**ਕਰਤਾਰਪੁਰ, (ਹਰਮੇਸ਼ ਦੱਤ )** : ਬਾਬਾ ਬਰਫਾਨੀ ਸ੍ਰੀ ਅਮਰਨਾਥ ਦੀ ਯਾਤਰਾ ਜੋ ਕਿ ਜੂਨ ਤੋਂ ਸ਼ੁਰੂ ਹੋਣ ਜਾ ਰਹੀ ਹੈ ਅਤੇ ਇਸ ਵਿੱਚ ਲੱਖਾਂ ਦੀ ਗਿਣਤੀ ਵਿੱਚ ਸ਼ਿਵ ਭਗਤ ਬਾਬਾ ਬਰਫਾਨੀ ਦੇ ਦਰਸ਼ਨਾਂ ਲਈ ਜਾਂਦੇ ਹਨ ਅਤੇ ਬਹੁਤ ਸਾਰੇ ਸ਼ਿਵ ਭਗਤ ਆਪਣੀ ਸਹੂਲਤ ਲਈ ਉੱਥੇ ਲੰਗਰ ਵਰਤਾਉਂਦੇ ਹਨ। ਇਸੇ ਤਹਿਤ ਸ੍ਰੀ ਅਮਰਨਾਥ ਬਰਫਾਨੀ ਸੇਵਾ ਸੰਮਤੀ ਸ੍ਰੀ ਅਮਰਨਾਥ ਬਰਫਾਨੀ ਸੇਵਾ ਦਲ ਖੰਨਾ ਸਰਹਿੰਦ ਵੱਲੋਂ ਪੰਜਤਰਨੀ ਬਾਲਟਾਲ ਵਿਖੇ ਲਗਾਏ ਜਾ ਰਹੇ ਸ੍ਰੀ ਅਮਰਨਾਥ ਯਾਤਰੀਆਂ ਦੇ ਲੰਗਰ ਲਈ ਕਰਤਾਰਪੁਰ ਸ਼ਹਿਰ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਰਜਿਸਟਰਡ ਸ੍ਰੀ ਅਮਰਨਾਥ ਬਰਫਾਨੀ ਸੇਵਾ ਦਲ ਖੰਨਾ ਸਰਹਿੰਦ ਵੱਲੋਂ ਗਊਸ਼ਾਲਾ ਮੰਦਰ ਪਰਿਸਰ ਤੋਂ ਲੰਗਰ ਸਮੱਗਰੀ ਪ੍ਰਧਾਨ ਰਣਦੀਪ ਸਿੰਘ ਦੀ ਦੇਖ-ਰੇਖ ਹੇਠ ਭੇਜੀ ਗਈ। ਗੌੜ, ਸਰਪ੍ਰਸਤ ਸੰਜੀਵ ਭੱਲਾ, ਸਰਪ੍ਰਸਤ ਬਚਨ ਸਿੰਘ ਅਤੇ ਸਮੂਹ ਅਹੁਦੇਦਾਰ ਮੌਜੂਦ ਸਨ। ਸ੍ਰੀ ਅਮਰਨਾਥ ਬਰਫਾਨੀ ਸੇਵਾ ਦਲ ਖੰਨਾ ਤੋਂ ਅਮਿਤ ਸਰਮਾ, ਸ਼ਿਵ ਸਹਿਦੇਵ, ਰਾਜੀਵ ਕੁਮਾਰ, ਵਿਜੇ ਮਹਿੰਦਰੂ, ਨਰਿੰਦਰ, ਸਰਹਿੰਦ ਕੁਮਾਰ, ਜਸਪਾਲ ਪੁਰੀ, ਕਰਤਾਰਪੁਰ ਤੋਂ ਰਾਜਕੁਮਾਰ ਅਰੋੜਾ ਦੇ ਨਾਲ ਚਰਨਜੀਤ ਸਹਿਦੇਵ, ਮਾਸਟਰ ਅਮਰੀਕ ਸਿੰਘ, ਅਜੈ ਸਕਸੈਨਾ, ਰਿਸ਼ੂ ਬਾਹਰੀ, ਹਰਵਿੰਦਰ ਸਿੰਘ ਰਿੱਕੂ, ਗਊਸ਼ਾਲਾ ਪ੍ਰਧਾਨ ਬਲਰਾਮ ਗੁਪਤਾ, ਓਮਪ੍ਰਕਾਸ਼, ਕ੍ਰਿਸ਼ਨ ਭਨੋਟ, ਗੋਪਾਲਾ, ਬਚਨ ਸਿੰਘ, ਅੰਕੁਰ ਵਾਲੀਆ, ਸੁਧੀਰ ਵਾਲੀਆ, ਵਿਨਯਾ ਸੁਰੀਆ , ਸੁਨੀਲ ਬੰਸ, ਪ੍ਰਦੀਪ ਗੌੜ, ਬਰਿੰਦਰ ਬਿੱਲਾ, ਕਿੱਟੂ ਵਾਲੀਆ, ਰੁਵਲ ਵਾਲੀਆ, ਦੀਪਕ ਮਹਿੰਦਰੂ, ਪੰਡਿਤ ਵੇਦ ਪ੍ਰਕਾਸ਼, ਰੁਦਰਾਕਸ਼ ਭੱਲਾ ਅਤੇ ਸ਼ਹਿਰ ਦੇ ਕਈ ਪਤਵੰਤੇ ਅਤੇ ਸ਼ਿਵ ਭਗਤ ਹਾਜ਼ਰ ਸਨ।

## ਸੇਂਟ ਸੋਲਜਰ 'ਚ ਵਿਦਿਆਰਥੀਆਂ ਦੇ ਡਾਂਸ ਕਰਕੇ ਮਨਾਇਆ ਫਾਦਰਜ਼-ਡੇ



**ਜਲੰਧਰ, :(ਇਕਬਾਲ ਸਿੰਘ ਉਭੀ)** - ਪਿਤਾ ਹਮੇਸ਼ਾ ਬੱਚਿਆਂ ਨੂੰ ਤਰੱਕੀ ਦੇ ਰਾਹ 'ਤੇ ਚੱਲਣ ਦੀ ਪ੍ਰੇਰਨਾ ਦਿੰਦਾ ਹਨ ਅਤੇ ਹਰ ਔਖੀ ਘੜੀ ਵਿਚ ਪਿਤਾ ਦਾ ਸਾਥ ਦਿੰਦਾ ਹੈ। ਸੇਂਟ ਸੋਲਜਰ ਗਰੁੱਪ ਆਫ਼ ਇੰਸਟੀਚਿਊਸ਼ਨਜ਼ ਦੇ ਜਲੰਧਰ-ਅੰਮ੍ਰਿਤਸਰ ਬਾਈਪਾਸ ਦੇ ਕੋਲ ਸਥਿਤ ਬ੍ਰਾਂਚ ਵਿਚ ਪਿਤਾ ਦੇ ਜਜ਼ਬੇ ਨੂੰ ਸਲਾਮ ਕਰਦੇ ਹੋਏ ਪਿਤਾ ਦਿਵਸ ਮਨਾਇਆ ਗਿਆ। ਜਿਸ ਵਿੱਚ ਸੇਂਟ ਸੋਲਜਰ ਦੇ ਵਿਦਿਆਰਥੀਆਂ ਨੇ ਆਪਣੇ ਫਾਦਰਸ ਨਾਲ ਭਾਗ ਲਿਆ। ਇਸ ਮੌਕੇ ਵੱਖ-ਵੱਖ ਖੇਡਾਂ ਅਤੇ ਮਾਡਲਿੰਗ ਰਾਊਂਡ ਕਰਵਾਏ ਗਏ। ਇਸ ਮੌਕੇ ਵਿਦਿਆਰਥੀਆਂ ਨੇ ਭਾਵੁਕ ਹੋ ਕੇ ਆਪਣੇ ਪਿਤਾ ਦਾ ਧੰਨਵਾਦ ਕੀਤਾ ਅਤੇ ਉਨ੍ਹਾਂ ਦੀ ਲੰਬੀ ਉਮਰ ਦੀ ਕਾਮਨਾ ਕੀਤੀ। ਲਾਅ ਕਾਲਜ ਦੇ ਡਾਇਰੈਕਟਰ ਡਾ.ਐਸ.ਸੀ ਸ਼ਰਮਾ, ਸਕੂਲ਼ ਪ੍ਰਿੰਸੀਪਲ ਸ਼੍ਰੀਮਤੀ ਰੀਨ ਅਗਨੀਹੋਤਰੀ ਨੇ ਸਭ ਨਾਲ ਮਿਲ ਕੇ ਫਾਦਰਜ਼ ਡੇ ਦਾ ਕੇਕ ਕੱਟਿਆ, ਇੱਕ ਦੂਜੇ ਦਾ ਮੂੰਹ ਮਿੱਠਾ ਕਰਵਾਇਆ ਅਤੇ ਸਭ ਨੂੰ ਫਾਦਰਜ਼ ਡੇ ਦੀਆਂ ਵਧਾਈਆਂ ਦਿੱਤੀਆਂ ਅਤੇ ਸਭ ਨੇ ਮਿਲ ਕੇ ਖੂਬ ਡਾਂਸ ਕੀਤਾ। ਇਸ ਮੌਕੇ ਸਾਰਿਆਂ ਨੂੰ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਰਾਜਨ ਚੋਪੜਾ, ਪ੍ਰਿੰਸ ਚੋਪੜਾ ਨੇ ਪਿਤਾ ਅਨਿਲ ਚੋਪੜਾ (ਚੇਅਰਮੈਨ, ਸੇਂਟ ਸੋਲਜਰ ਗਰੁੱਪ) ਨੂੰ ਗੁਲਦਸਤਾ ਦੇ ਕੇ ਸਾਰਿਆਂ ਨੂੰ ਇਸ ਦਿਨ ਦੀ ਵਧਾਈ ਦਿੱਤੀ। ਸ਼੍ਰੀ ਅਨਿਲ ਚੋਪੜਾ, ਸ਼੍ਰੀਮਤੀ ਸੰਗੀਤਾ ਚੋਪੜਾ ਨੇ ਸਾਰੇ ਪਿਤਾਵਾਂ ਨੂੰ ਪਿਤਾ ਦਿਵਸ ਦੀਆਂ ਬਹੁਤ-ਬਹੁਤ ਮੁਬਾਰਕਾਂ ਦਿੰਦੇ ਹੋਏ, ਉਨ੍ਹਾਂ ਨੂੰ ਆਪਣੇ ਬੱਚਿਆਂ 'ਤੇ ਮਾਣ ਕਰਨ ਦੀ ਅਪੀਲ ਕੀਤੀ ਅਤੇ ਕਿਹਾ ਕਿ ਪਿਤਾ ਪਰਿਵਾਦ ਦੀ ਮਜ਼ਬੂਤ ਨੀਂਹ ਹਨ ਜੋ ਆਪਣੇ ਪਰਿਵਾਰ ਦਾ ਆਰਥਿਕ ਅਤੇ ਮਾਨਸਿਕ ਤੌਰ 'ਤੇ ਸਹਾਰਾ ਬਣਦੇ ਹਨ। ਉਨ੍ਹਾਂ ਸਮੂਹ ਬੱਚਿਆਂ ਨੂੰ ਆਪਣੇ ਮਾਪਿਆਂ ਦਾ ਸਤਿਕਾਰ ਕਰਨ ਅਤੇ ਸੇਵਾ ਕਰਨ ਲਈ ਕਿਹਾ।

## ਐੱਸ ਰਾਮਾਨੁਜਨ ਸੋਸਾਇਟੀ ਆਫ ਮੈਥੇਮੈਟਿਕਸ ਵੱਲੋਂ ਸਮੂਹ ਚਰਚਾ ਕਰਵਾਈ



**ਜਲੰਧਰ (ਇਕਬਾਲ ਸਿੰਘ ਉੱਭੀ)**- ਪੀ.ਸੀ.ਐਮ.ਐਸ.ਡੀ. ਕਾਲਜ ਫਾਰ ਵੂਮੈਨ ਦੀ ਐਸ.ਰਾਮਾਨੁਜਨ ਸੋਸਾਇਟੀ ਆਫ ਮੈਥੇਮੈਟਿਕਸ ਨੇ 'ਦਿਵਸ' ਮਨਾਉਣ ਲਈ 'ਐਪਲੀਕੇਸ਼ਨ ਆਫ' ਵਿਸ਼ੇ 'ਤੇ ਅੰਤਰ-ਕਲਾਸ ਗਰੁੱਪ ਚਰਚਾ ਦਾ ਆਯੋਜਨ ਕੀਤਾ। ਇਸ ਸਮਾਗਮ ਦਾ ਮੁੱਖ ਉਦੇਸ਼ ਗਣਿਤ ਦੇ ਮਹੱਤਵ ਅਤੇ ਸਾਡੇ ਸੰਸਾਰ ਵਿੱਚ ਵਿਸ਼ਾਲ ਦਰਸ਼ਕਾਂ ਲਈ ਗਣਿਤ ਦੀ ਸੁੰਦਰਤਾ ਅਤੇ ਪ੍ਰਸੰਗਿਕਤਾ ਨੂੰ ਉਤਸ਼ਾਹਿਤ ਕਰਨ ਲਈ ਆਕਾਰ ਦੇਣ ਵਿੱਚ ਇਸ ਦੀ ਭੂਮਿਕਾ ਬਾਰੇ ਜਾਗਰੂਕਤਾ ਪੈਦਾ ਕਰਨਾ ਸੀ। ਬੀ.ਏ., ਬੀ.ਐਸ.ਸੀ. (ਨਾਨ ਮੈਡ), ਬੀ.ਐਸ.ਸੀ. (ਸੀ.ਐਸ.ਸੀ.), ਬੀ.ਐਸ.ਸੀ. (ਈਕੋ) ਅਤੇ ਬੀ.ਏ.ਬੀ.ਐੱਡ ਦੇ ਸਮੈਸਟਰ , ਸਮੈਸਟਰ ਅਤੇ ਸਮੈਸਟਰ ਦੇ ਵਿਦਿਆਰਥੀਆਂ ਨੇ ਆਪਣੇ ਵਿਚਾਰ ਪ੍ਰਗਟ ਕੀਤੇ। ਇਸ ਮੌਕੇ ਪ੍ਰਧਾਨ ਨਰੇਸ਼ ਕੁਮਾਰ ਬੁਧੀਆ, ਸੀਨੀਅਰ ਉਪ-ਪ੍ਰਧਾਨ ਵਿਨੋਦ ਦਾਦਾ , ਪ੍ਰਬੰਧਕੀ ਕਮੇਟੀ ਦੇ ਮਾਣਯੋਗ ਮੈਂਬਰ ਅਤੇ ਯੋਗ ਪ੍ਰਿੰਸੀਪਲ ਪ੍ਰੋ. (ਡਾ.) ਪੂਜਾ ਪਰਾਸ਼ਰ ਨੇ ਵਿਦਿਆਰਥੀਆਂ ਦੀ ਭਰਪੂਰ ਸ਼ਮੂਲੀਅਤ ਲਈ ਸ਼ਲਾਘਾ ਕੀਤੀ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਅਜਿਹੇ ਅਕਾਦਮਿਕ ਸਮਾਗਮਾਂ ਵਿੱਚ ਭਾਗ ਲੈਣ ਲਈ ਉਤਸ਼ਾਹਿਤ ਕਰਨ ਸੰਬੰਧੀ ਗਣਿਤ ਵਿਭਾਗ ਦੇ ਯਤਨਾਂ ਦੀ ਵੀ ਸ਼ਲਾਘਾ ਕੀਤੀ।

CMYK

# ਡੀਜ਼ਲ ਤੇ ਪੈਟਰੋਲ ਉੱਪਰ ਵੈਟ 'ਚ ਕੀਤੇ ਵਾਧੇ ਨੂੰ ਵਾਪਸ ਲਿਆ ਜਾਵੇ : ਐੱਮ ਸੀ ਪੀ ਆਈ ਯੂ

**ਦੋਰਾਹਾ (ਹਰਮਿੰਦਰ ਸੇਠ)**

ਭਾਰਤੀ ਕਮਿਊਨਿਸਟ ਪਾਰਟੀ (ਯੂਨਾਈਟਡ), ਦੀ ਜ਼ਿਲ੍ਹਾ ਇਕਾਈ ਲੁਧਿਆਣਾ ਦੀ ਪ੍ਰਮਜੀਤ ਸਿੰਘ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਵਿੱਚ ਬਿਛੜ ਗਏ ਸਾਥੀਆਂ ਬੀਤੇ ਦਿਨੀ ਉਡੀਸ਼ਾ ਅੰਦਰ ਵਾਪਰੀ ਦੁਰਘਟਨਾ ਅੰਦਰ ਮਾਰੇ ਗਏ ਯਾਤਰੀਆਂ ਨੂੰ ਸ਼ਰਧਾਂਜਲੀ ਭੇਂਟ ਕੀਤੀ ਗਈ।



ਜ਼ਿਲ੍ਹਾ ਕਮੇਟੀ ਨੂੰ ਸੰਬੋਧਨ ਕਰਦਿਆਂ ਐਮ ਸੀ ਪੀ ਆਈ (ਯੂ) ਦੇ ਕੌਮੀ ਸਕੱਤਰ ਕੁਲਦੀਪ ਸਿੰਘ ਨੇ ਸਮਸਤੀਪੁਰ, ਬਿਹਾਰ ਵਿੱਖੇ 21 ਮਈ ਤੋਂ 24 ਮਈ ਤੱਕ ਹੋਈ ਕੁੱਲ ਹਿੰਦ ਡੈਲੀਗੇਟ ਕਾਨਫਰੰਸ ਬਾਰੇ ਵਿਸਥਾਰ ਪੂਰਵਕ ਦਸਦਿਆਂ ਕਿਹਾ ਕਿ ਡੈਲੀਗੇਟ ਕਾਨਫਰੰਸ ਵਿੱਚ ਪਾਰਟੀ ਨੂੰ ਅਤੇ ਇਸਦੀਆਂ ਜਨਤੱਕ ਜਥੇਬੰਦੀਆਂ ਨੂੰ ਮਜਬੂਤ ਕਰਨ ਅਤੇ ਬੀ ਜੇ ਪੀ ਦੀ ਅਗਵਾਈ ਹੇਠ ਬਣੀ ਕੇਂਦਰ ਸਰਕਾਰ ਦੀ ਇਜ਼ਾਰੇਦਾਰ ਅਤੇ ਕਾਰਪੋਰੇਟ ਘਰਾਣਿਆ ਪੱਖੀ ਏਕਾ-ਅਧਿਕਾਰ ਨੀਤੀਆਂ ਦੀ ਸਖਤ ਨਖੇਧੀ ਕਰਦਿਆਂ ਇਨ੍ਹਾਂ ਨੀਤੀਆਂ ਵਿਰੁੱਧ ਦੇਸ਼ ਦੀਆਂ ਜਮਹੂਰੀ ਅਤੇ ਖੱਬੇ ਪੱਖੀ ਸ਼ਕਤੀਆਂ ਦਾ ਇੱਕ ਸਾਂਝਾ ਪਲੈਟਫਾਰਮ ਹੀ ਮੁਕਾਬਲਾ ਕਰ ਸਕਦਾ ਹੈ, ਜਿਹੜੀ ਅੱਜ ਸਮੇਂ ਦੀ ਅਹਿਮ ਲੋੜ ਹੈ।ਅਜਿਹਾ ਏਕਾ ਉਸਾਰਨ ਲਈ ਅੰ ਸੀ ਪੀ ਆਈ (ਯੂ) ਅਹਿਮ ਭੂਮਿਕਾ ਨਿਭਾਏਗੀ। ਐਮ ਸੀ ਪੀ ਆਈ (ਯੂ) ਵਲੋਂ ਦੇਸ਼ ਦੀ ਵਿਗੜਦੀ ਜਾ ਰਹੀ ਅਮਨ ਕਾਨੂੰਨ ਦੀ ਹਾਲਤ ਅਤੇ ਦੇਸ਼ ਅੰਦਰ ਫੈਲਾਈ ਰਹੀ ਜਾ ਰਹੀ ਫਿਰਕੂ ਜ਼ਹਿਰ, ਸੂਬਿਆਂ ਦੇ ਅਧਿਕਾਰਾ ਨੂੰ ਸੀਮਤ ਕਰਨ ਅਤੇ ਫਾਸ਼ੀ ਵਾਦੀ ਨੀਤੀਆਂ ਅਪਨਾਉਣ ਦਾ ਗੰਭੀਰ ਨੋਟਿਸ ਲੈਂਦਿਆਂ ਲੋਕਾਂ ਨੂੰ ਇਨ੍ਹਾਂ ਲੋਕ ਵਿਰੋਧੀ ਨੀਤੀਆਂ ਵਿਰੁੱਧ ਲਾਮ ਬੰਧ ਹੋਣ ਦਾ ਸੱਦਾ ਦਿੱਤਾ। ਪੰਜਾਬ ਅੰਦਰ ਨਿੱਤ ਵਾਪਰ ਰਹੀਅ ਕਤਲੋਗਾਰਦ, ਲੁੱਟ ਖੋਹ ਅਤੇ ਫਿਰੌਤੀ ਦੀਆਂ ਘੱਟਨਾਵਾਂ ਅਤੇ ਨਸ਼ਿਆਂ ਦਾ ਸ਼ਰੇਆਮ ਬਿਕਣਾ ਅਤੇ ਨਸ਼ਿਆਂ ਕਾਰਨ ਨੌਜਵਾਨਾ ਮਰਨਾ ਬਹੁਤ ਹੀ ਚਿੰਤਾਜਨਕ ਸਤਿਥੀ ਬਣੀ ਹੋਈ ਹੈ ਸਰਕਾਰ ਦਾ ਇਸ ਪਾਸੇ ਕੋਈ ਧਿਆਨ ਨਾ ਦੇਣਾ ਅੱਤ ਚਿੰਤਾਂ ਵਾਲੀ ਹਾਲਤ ਬਣੀ ਹੋਈ ਹੈ। ਸਰਕਾਰ ਦੀ ਫੋਕੀ ਸ਼ੋਹਰਤ ਲਈ ਕਰੋੜਾਂ ਰੁਪਏ ਖਰਚ ਕਰਨ ਦੀ ਥਾਂ ਸਰਕਾਰ ਨੂੰ ਇਸ ਪੈਸੇ ਦੀ ਲੋਕ ਭਲਾਈ ਸਕੀਮਾਂ ਲਈ ਖਰਚ ਕਰਨ ਦੀ ਲੋੜ ਹੈ। ਇੱਕ ਮਤੇ ਰਾਂਹੀ ਪਹਿਲਵਾਨ ਲੜਕੀਆਂ ਵਲੋਂ ਭਾਰਤੀ ਕੁਸ਼ਤੀ ਫੈਡਰੇਸ਼ਨ ਦੇ ਪ੍ਰਧਾਨ ਉੱਪਰ ਲਗਾਏ ਦੋਸ਼ਾਂ ਦੇ ਮੱਦੇ ਨਜਰ ਉਸਨੂੰ ਤੁਰੰਤ ਹਟਾਏਜਾਣ ਅਤੇ ਗਰਿਫਤਾਰ ਕਰਨ ਦੀ ਮੰਗ ਕੀਤੀ ਔਰਤ ਪਹਿਲਵਾਨਾਂ ਦੇ ਸੰਘਰਸ਼ ਦਾ ਸਮਰਥਨ ਕੀਤਾ।

ਪੰਜਾਬ ਸਰਕਾਰ ਵਲੋਂ ਦੂਜੀ ਵਾਰ ਪੈਟਰੋਲ ਅਤੇ ਡੀਜ਼ਲ ਪੱਰ ਵੈਟ ਵਿੱਚ ਵਾਧਾ ਕਰਨ ਦੀ ਸਖਤ ਨਿਖੇਧੀ ਕਰਦਿਆਂ ਇਸ ਵਾਧੇ ਨੂੰ ਤੁਰੰਤ ਵਾਪਸ ਲਏ ਜਾਣ ਦੀ ਮੰਗ ਕੀਤੀ। ਦੇਸ਼ ਅੰਦਰ ਵੱਧਦੀ ਜਾ ਰਹੀ ਮਹਿੰਗਾਈ, ਬੇਰੁਜਗਾਰੀ ਅਤੇ ਵੱਧ ਰਹੀ ਗਰੀਬੀ ਆਦਿ ਉਪੱਰ ਚਿੰਤਾ ਦਾ ਪ੍ਰਗਟਾਵਾ ਕਰਦਿਆਂ ਇਸਦੀ ਸਖਤ ਨਿਖੇਧੀ ਕਰਦਿਆਂ ਕਾਰਪੋਟ ਘਰਾਣਿਆਂ ਦੇ ਅਨ੍ਹੇ ਮੁਨਾਫੇ ਉਪੱਰ ਤੁਰੰਤ ਰੋਕ ਲਗਾਉਣ ਦੀ ਮੰਗ ਕੀਤੀ ਗਈ। ਮੀਟਿੰਗ ਨੂੰ ਪਵਨ ਕੁਮਾਰ ਕੌਸ਼ਲ, ਸੁਖਦੇਵ ਸਿੰਘ, ਪਰਮਜੀਤ ਸਿੰਘ, ਅਮਰਜੀਤ ਸਿੰਘ ਖੰਨਾ ਅਤੇ ਜੋਗਿੰਦਰ ਸਿੰਘ ਸ਼ਹਿਯਾਦ ਨੇ ਸੰਬੋਧਨ ਕੀਤਾ।

## 35 ਅੱਖਰੀ ਮੁਕਾਬਲਿਆਂ ਦੇ ਜੇਤੂ ਬੱਚਿਆਂ ਦਾ ਸਨਮਾਨ



**ਫ਼ਰੀਦਕੋਟ/ਕੋਟਕਪੂਰਾ (ਐਲਿਗਜੈਂਡਰ ਡਿਸੂਜਾ)**-ਗੁਰੂ ਨਾਨਕ ਦੇਵ ਜੀ ਸਤਿਸੰਗ ਸਭਾ ਫੇਰੂਮਾਨ ਚੌਂਕ ਕੋਟਕਪੂਰਾ ਵਿਖੇ ਗੁਰਦਵਾਰਾ ਪ੍ਰਬੰਧਕ ਕਮੇਟੀ ਵਲੋਂ ਕਰਾਏ ਗਏ ਸੁੰਦਰ 35 ਅੱਖਰੀ ਮੁਕਾਬਲਿਆਂ 'ਚ ਲਗਭਗ 35 ਬੱਚੇ-ਬੱਚੀਆਂ ਨੇ ਪੂਰੇ ਉਤਸ਼ਾਹ ਨਾਲ ਭਾਗ ਲਿਆ। ਗੁਰਦਵਾਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਮੋਹਰ ਸਿੰਘ ਮੱਕੜ ਤੇ ਦਰਸ਼ਨ ਸਿੰਘ ਮੱਕੜ ਮੁਤਾਬਕ ਉਕਤ ਮੁਕਾਬਲਿਆਂ ਨੂੰ ਤਿੰਨ ਵਰਗਾਂ ਵਿੱਚ ਵੰਡਿਆ ਗਿਆ, ਜਿਵੇਂ ਕਿ ਪਹਿਲੇ ਗਰੁੱਪ ਪਹਿਲੀ ਕਲਾਸ, ਦੂਜੇ ਗਰੁੱਪ ਵਿੱਚ ਦੂਜੀ ਤੋਂ ਛੇਵੀਂ ਅਤੇ ਤੀਜੇ ਗਰੁੱਪ ਵਿੱਚ 7ਵੀਂ ਤੋਂ ਬਾਰਵੀਂ ਜਮਾਤ ਤੱਕ ਦੇ ਬੱਚੇ-ਬੱਚੀਆਂ ਨੂੰ ਸ਼ਾਮਲ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਸੇਵਾਦਾਰ ਵੀਰ-ਭੈਣਾਂ ਦੇ ਸਹਿਯੋਗ ਨਾਲ ਕਰਾਏ ਗਏ ਉਕਤ ਮੁਕਾਬਲਿਆਂ ਦੇ ਪਹਿਲੇ ਵਰਗ ਵਿੱਚੋਂ ਪ੍ਰਵਾਜਦੀਪ ਸਿੰਘ ਨੇ ਪਹਿਲਾ ਤੇ ਗੁਰਲੀਨ ਕੌਰ ਨੇ ਦੂਜਾ ਸਥਾਨ ਹਾਸਲ ਕੀਤਾ। ਇਸੇ ਤਰ੍ਹਾਂ ਦੂਜੇ ਵਰਗ ਵਿੱਚੋਂ ਪ੍ਰਭਨੂਰ ਸਿੰਘ ਅਤੇ ਤੀਜੇ ਵਰਗ ਵਿੱਚੋਂ ਪ੍ਰਨੀਤ ਕੌਰ ਜੇਤੂ ਰਹੇ। ਉਨ੍ਹਾਂ ਦੱਸਿਆ ਕਿ ਜੇਤੂ ਬੱਚਿਆਂ ਨੂੰ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸੁਰਿੰਦਰ ਸਿੰਘ ਅਤੇ ਸਕੱਤਰ ਜੈਮਲ ਸਿੰਘ ਦੀ ਅਗਵਾਈ ਵਿੱਚ ਸਮੂਹ ਅਹੁਦੇਦਾਰਾਂ ਤੇ ਮੈਂਬਰਾਂ ਵੱਲੋਂ 35 ਅੱਖਰੀ ਫੱਟੀ, ਪੈਨ ਅਤੇ ਫਲ-ਫਰੂਟ ਸੌਂਪ ਕੇ ਸਨਮਾਨਤ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਬੱਚਿਆਂ ਨੂੰ ਮਾਂ ਬੋਲੀ ਪੰਜਾਬੀ ਨਾਲ ਜੋੜੀ ਰੱਖਣ ਲਈ ਇਸ ਤਰਾਂ ਦੇ ਉਪਰਾਲੇ ਭਵਿੱਖ ਵਿੱਚ ਵੀ ਜਾਰੀ ਰਹਿਣਗੇ।

# ਸੜਕ ਕਿਨਾਰੇ ਘਰਾਂ ਮੂਹਰੇ ਬਣੇ ਵੱਡੇ ਰੈਂਪ ਬਣ ਰਹੇ ਲੋਕਾਂ ਲਈ ਪ੍ਰੇਸ਼ਾਨੀ ਦਾ ਕਾਰਨ

**ਨਾਭਾ (ਵਰਿੰਦਰ ਵਰਮਾ)**-ਜਿੱਥੇ ਸਮਾਜ ਅੰਦਰ ਇਨਸਾਨਾਂ ਵੱਲੋਂ ਆਪਣੇ ਸਵਾਰਥ ਲਈ ਕੁਦਰਤ ਨਾਲ ਖਿਲਵਾੜ ਕੀਤੀ ਜਾਂਦੀ ਹੈ, ਉੱਥੇ ਹੀ ਅਪਣੀ ਨਿੱਜਪ੍ਰਸਤੀ ਨੂੰ ਅੱਗੇ ਰੱਖ ਸ਼ਹਿਰਾਂ ਤੇ ਪਿੰਡਾਂ ਵਿੱਚ ਸੜਕ ਕਿਨਾਰੇ ਰਹਿਣ ਵਾਲੇ ਕੁਝ ਲੋਕਾਂ ਵੱਲੋਂ ਆਪਣੇ ਘਰਾਂ ਅੱਗੇ ਵੱਡੇ-ਵੱਡੇ ਰੈਂਪ ਬਣਾ ਕੇ ਉਨ੍ਹਾਂ ਨੂੰ ਬਚਾਉਣ ਲਈ ਉਨ੍ਹਾਂ ਦੁਆਲੇ ਵੱਡੇ ਵੱਡੇ ਪੱਥਰ ਰੱਖ ਦਿੱਤੇ ਜਾਣ ਕਾਰਨ ਜਿੱਥੇ ਹਾਦਸੇ ਵਾਪਰਦੇ ਹਨ, ਉੱਥੇ ਹੀ ਰਾਹਗੀਰਾਂ ਲਈ ਪ੍ਰੇਸ਼ਾਨੀ ਦਾ ਕਾਰਨ ਬਣਦੇ ਹਨ। ਕਈ ਲੋਕ ਤਾਂ ਇੱਥੋਂ ਤੱਕ ਗਿਰ ਜਾਂਦੇ ਹਨ ਕਿ ਸੜਕ ਦੀ ਜਗ੍ਹਾ ਵੀ ਕਵਰ ਕਰ ਲੈਂਦੇ ਹਨ, ਜਿਸ ਕਾਰਨ ਰਸਤਾ ਤੰਗ ਹੋਣ ਕਾਰਨ ਆਵਾਜਾਈ ਪ੍ਰਭਾਵਤ ਹੁੰਦੀ ਹੈ।



ਪ੍ਰੰਤੂ ਨਗਰ ਕੌਂਸਲ ਤੇ ਪੰਚਾਇਤ ਦੇ ਪ੍ਰਬੰਧਕ ਅਪਣੀ ਵੋਟ ਬੈਂਕ ਨੂੰ ਦੇਖਦਿਆਂ ਚੁੱਪੀ ਧਾਰੀ ਰੱਖਦੇ ਹਨ, ਜਿਸ ਦਾ ਖਮਿਆਜ਼ਾ ਰਾਹਗੀਰਾਂ ਨੂੰ ਕਈ ਵਾਰ ਆਪਣੀ ਜਾਨ ਦੇ ਕੇ ਚੁਕਾਉਣਾ ਪੈਂਦਾ ਹੈ। ਸ਼ਹਿਰ ਤੇ ਇਲਾਕਾ ਵਾਸੀਆਂ ਨੇ ਮੰਗ ਕੀਤੀ ਕਿ ਸਬੰਧਤ ਪ੍ਰਬੰਧਕ ਤੇ ਅਧਿਕਾਰ ਨੂੰ ਇਨ੍ਹਾਂ ਲੋਕਾਂ ਦੀ ਨਿਸ਼ਾਨਦੇਹੀ ਕਰਕੇ ਪਬਲਿਕ ਪਲੇਸ ਐਕਟ ਤਹਿਤ ਮਾਮਲਾ ਦਰਜ ਕਰ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ ਤਾਂ ਜੁ ਅੱਗੇ ਤੋਂ ਕੋਈ ਵਿਅਕਤੀ ਅਜਿਹੀ ਅਵੱਗਿਆ ਨਾ ਕਰੇ ਤੇ ਰਾਹਗੀਰਾਂ ਨੂੰ ਮੁਸ਼ਕਲਾਂ ਦਾ ਸਾਹਮਣਾ ਨਾ ਕਰਨਾ ਪਵੇ। ਜਦੋਂ ਐਸ ਡੀ ਐਮ ਨਾਭਾ ਤਰਸੇਮ ਚੰਦ ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਕਿਹਾ ਕਿ ਇਸ ਸਬੰਧੀ ਕੋਈ ਵੀ ਪੀੜਤ ਐਕਸ਼ਨ ਪੀ ਡਬਲਿਊ ਡੀ ਨੂੰ ਸ਼ਿਕਾਇਤ ਕਰੇ, ਉਸ ਦੀ ਇੱਕ ਕਾਪੀ ਐਸ ਡੀ ਐਮ ਦਫ਼ਤਰ ਭੇਜੀ ਜਾਵੇ ਤਾਂ ਇਸ ਸਬੰਧੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇ।

## ਕਾਤਰਾਂ

### ਜਸ਼ਨਪ੍ਰੀਤ ਸਿੰਘ ਨੇ ਆਲ ਇੰਡੀਆ 'ਚੋਂ 171ਵਾਂ ਰੈਂਕ ਪ੍ਰਾਪਤ ਕੀਤਾ



**ਜਲਾਲਾਬਾਦ (ਸਤਨਾਮ ਸਿੰਘ, ਜੀਤ ਕੁਮਾਰ)**-ਨੈਸ਼ਨਲ ਟੈਸਟਿੰਗ ਏਜੰਸੀ (ਏਟੀਏ) ਵੱਲੋਂ ਜੇ.ਈ.ਈ. ਅਡਵਾਂਸ ਦਾ ਨਤੀਜਾ ਐਲਾਨਿਆ ਗਿਆ ਹੈ। ਜੇ.ਈ.ਈ. ਅਡਵਾਂਸ ਦੇ ਨਤੀਜੇ ਵਿਚੋਂ ਜਲਾਲਾਬਾਦ ਨਿਵਾਸੀ ਜਸ਼ਨਪ੍ਰੀਤ ਸਿੰਘ ਨੇ 273 ਅੰਕ ਲੈ ਕੇ ਆਲ ਇੰਡੀਆ 171ਵਾਂ ਰੈਂਕ ਪ੍ਰਾਪਤ ਕੀਤਾ ਹੈ। ਜਸ਼ਨਪ੍ਰੀਤ ਸਿੰਘ ਦੇ ਮਾਤਾ-ਪਿਤਾ ਪੇਸ਼ੇ ਵਜੋਂ ਅਧਿਆਪਕ ਹਨ। ਪਿਤਾ ਹਰਬੰਸ ਸਿੰਘ ਲੈਕਚਰਾਰ ਤੇ ਮਾਤਾ ਮੈਡਮ ਸਿਮਰਜੀਤ ਕੌਰ ਹਨ। ਇਸ ਮੌਕੇ ਰਿਸ਼ਤੇਦਾਰਾਂ ਤੇ ਮਿੱਤਰਾਂ ਨੇ ਪਰਿਵਾਰ ਨਾਲ ਖੁਸ਼ੀ ਸਾਂਝੀ ਕੀਤੀ ਅਤੇ ਲੱਡੂ ਵੰਡ ਕੇ ਪਰਵਾਰ ਨੂੰ ਮੁਬਾਰਕਬਾਦ ਦਿੱਤੀ। ਫੁੰਮਣ ਸਿੰਘ ਸੀਨੀਅਰ ਐਕਸੀਅਨ ਪੀ ਐਸ ਪੀ ਸੀ ਐਲ ਮੌਜੂਦਾ ਵਿਜਿਟਿੰਗ ਪ੍ਰੋਫੈਸਰ ਤੇ ਮੈਂਬਰ ਬੋਰਡ ਆਫ ਸਟੱਡੀਜ ਇਲੈਕਟ੍ਰੀਕਲ ਇੰਜਨੀਅਰ ਡਿਪਾਰਟਮੈਂਟ ਸ਼ਹੀਦ ਭਗਤ ਸਿੰਘ ਟੈਕਨੀਕਲ ਯੂਨੀਵਰਸਿਟੀ ਮੋਗਾ ਰੋਡ ਫਿਰੋਜਪੁਰ, ਹਰਬੰਸ ਸਿੰਘ ਲੈਕਚਰਾਰ ਪੰਜਾਬੀ, ਹਰਸਿਮਰਨ ਸਿੰਘ ਬੀ.ਐਸ. ਵਿਸ਼ੇਸ਼ ਤੌਰ 'ਤੇ ਹਾਜ਼ਰ ਰਹੇ।

### ਯੋਗਾ ਦੇ ਸ਼ਾਨਦਾਰ ਨਤੀਜਿਆਂ ਤੋਂ ਜਾਣੂ ਹੋਣਾ ਜ਼ਰੂਰੀ : ਪ੍ਰਿਆ

**ਸਿਰਸਾ (ਸੁਰਿੰਦਰ ਪਾਲ ਸਿੰਘ)**-ਯੋਗਾ ਮਿੱਤਰ ਚੈਰੀਟੇਬਲ ਟਰੱਸਟ ਵੱਲੋਂ ਭਲਕੇ ਵਿਸ਼ਵ ਯੋਗ ਦਿਵਸ ਮਨਾਇਆ ਜਾਵੇਗਾ।ਯੋਗਾ ਮਿੱਤਰ ਚੈਰੀਟੇਬਲ ਟਰੱਸਟ ਦੇ ਮੁਖੀ ਮੁਕੇਸ਼ ਕੁਮਾਰ ਅਤੇ ਸਕੱਤਰ ਜੁਗਤੀਰਾਮ ਨੇ ਦੱਸਿਆ ਕਿ ਜਿੱਥੇ ਦਵਾਈਆਂ ਅਤੇ ਹੋਰ ਵਿਧੀਆਂ ਕੰਮ ਨਹੀਂ ਕਰ ਰਹੀਆਂ, ਉੱਥੇ ਯੋਗਾ ਆਸ ਦੀ ਕਿਰਨ ਦੇ ਰੂਪ ਵਿੱਚ ਸ਼ਾਨਦਾਰ ਨਤੀਜੇ ਦੇ ਰਿਹਾ ਹੈ।ਇਸੇ ਕਰਕੇ ਦੁਨੀਆਂ ਦੇ ਵਿਕਸਤ ਦੇਸ਼ਾਂ ਵਿੱਚ ਵੀ ਇਸ ਦਾ ਪ੍ਰਚਾਰ ਵਧ ਰਿਹਾ ਹੈ।ਉਨ੍ਹਾਂ ਕਿਹਾ ਕਿ ਆਯੂਸ਼ ਵਿਭਾਗ ਤੇ ਹਰਿਆਣਾ ਯੋਗਾ ਵੱਲੋਂ ਇਹ ਯਤਨ ਕੀਤੇ ਜਾ ਰਹੇ ਹਨ ਕਿ ਯੋਗ ਦਿਵਸ ਨੂੰ ਤਿਉਹਾਰ ਵਾਂਗ ਮਨਾਇਆ ਜਾਵੇ।ਉਨ੍ਹਾਂ ਕਿਹਾ ਕਿ ਸਾਰੇ ਲੋਕਾਂ ਨੂੰ ਯੋਗ ਦੇ ਅਸਲ ਫ਼ਾਇਦਿਆਂ ਤੋਂ ਜਾਣੂ ਕਰਾ ਕੇ ਸਿਹਤਮੰਦ ਰਹਿਣਾ ਚਾਹੀਦਾ ਹੈ।ਯੋਗ ਮਿੱਤਰ ਚੈਰੀਟੇਬਲ ਟਰੱਸਟ ਦੀ ਮਹਿਲਾ ਸੂਬਾ ਪ੍ਰਧਾਨ ਪ੍ਰਿਆ ਗੋਇਲ ਤੇ ਟਰੱਸਟ ਵਿੱਚ ਕੰਮ ਕਰ ਰਹੇ ਯੋਗਾ ਅਧਿਆਪਕ ਵਿਨੋਦ, ਮੁਕੇਸ਼, ਅਕਸ਼ੈ ਆਦਿ ਦੇ ਸਹਿਯੋਗ ਨਾਲ ਸਿਰਸਾ ਸ਼ਹਿਰ ਅਤੇ ਪਿੰਡਾਂ ਵਿੱਚ ਯੋਗ ਦਾ ਪ੍ਰਚਾਰ ਕੀਤਾ ਜਾ ਰਿਹਾ ਹੈ।

### ਹੈਰੋਇਨ ਸਣੇ ਔਰਤ ਕਾਬੂ

**ਜਲਾਲਾਬਾਦ (ਜੀਤ ਕੁਮਾਰ)**-ਥਾਣਾ ਸਦਰ ਦੀ ਪੁਲਸ ਵੱਲੋਂ ਇਕ ਔਰਤ ਪਾਸੋਂ 5 ਗ੍ਰਾਮ ਹੈਰੋਇਨ ਬਰਾਮਦ ਹੋਣ 'ਤੇ ਮੁਕੱਦਮਾ ਦਰਜ ਕੀਤਾ ਗਿਆ ਹੈ। ਸਹਾਇਕ ਥਾਣੇਦਾਰ ਬਿਸ਼ਨ ਰਾਮ ਪੁਲਸ ਪਾਰਟੀ ਸਮੇਤ ਗਸ਼ਤ ਦੌਰਾਨ ਸ਼ੱਕੀ ਪੁਰਸ਼ਾਂ ਦੀ ਚੈਕਿੰਗ ਕਰਦੇ ਹੋਏ ਬੱਸ ਅੱਡਾ ਸੁਖੇਰਾ ਬੋਦਲਾ ਵਿਖੇ ਪੁੱਜੇ ਤਾਂ ਮੁਖਬਰ ਖਾਸ ਨੇ ਇਤਲਾਹ ਦਿੱਤੀ ਕਿ ਕੈਲਾਸ਼ ਰਾਣੀ ਉਰਫ਼ ਕੰਵਲਜੀਤ ਕੌਰ ਪੱਤਨੀ ਸੁਰਜੀਤ ਸਿੰਘ ਉਰਫ਼ ਸੀਤੂ ਵਾਸੀ ਸੁਖੇਰਾ ਬੋਦਲਾ, ਜੋ ਆਪਣੇ ਘਰ ਅੰਦਰ ਹੈਰੋਇਨ ਵੇਚਣ ਦਾ ਧੰਦਾ ਕਰਦੀ ਹੈ। ਅੱਜ ਵੀ ਆਪਣੇ ਘਰ ਵਿਚ ਬੈਠ ਕੇ ਹੈਰੋਇਨ ਵੇਚਣ ਲਈ ਗਾਹਕਾਂ ਦੀ ਉਡੀਕ ਕਰ ਰਹੀ ਹੈ। ਇਤਲਾਹ ਠੋਸ ਹੋਣ ਕਾਰਨ ਪੁਲਸ ਪਾਰਟੀ ਨੇ ਛਾਪੇਮਾਰੀ ਕਰਕੇ ਕੈਲਾਸ਼ ਰਾਣੀ ਨੂੰ 5 ਗ੍ਰਾਮ ਹੈਰੋਇਨ ਅਤੇ ਇਕ ਮੋਬਾਇਲ ਸਮੇਤ ਕਾਬੂ ਕੀਤਾ ਗਿਆ ਹੈ, ਜਿਸਦੇ ਖਿਲਾਫ਼ ਪੁਲਸ ਨੇ ਮੁਕੱਦਮਾ ਨੰਬਰ 78 ਮਿਤੀ 18-06-2023 ਨੂੰ ਧਾਰਾ 21,61,85 ਐਨ.ਡੀ.ਪੀ.ਐਸ. ਐਕਟ ਤਹਿਤ ਮੁਕੱਦਮਾ ਦਰਜ ਕੀਤਾ ਹੈ। ਪੁਲਸ ਵੱਲੋਂ ਅਗਲੀ ਕਾਰਵਾਈ ਕੀਤੀ ਜਾ ਰਹੀ ਹੈ।

### ਆਤਮਾ ਰਾਮ ਮੈਮੋਰੀਅਲ ਕਾਨਵੈਂਟ ਸਕੂਲ 'ਚ ਲੱਗੇਗਾ ਰੁਜ਼ਗਾਰ ਮੇਲਾ

**ਬਰੇਟਾ (ਗੋਬਿੰਦ ਸ਼ਰਮਾ)**-ਆਸਰਾ ਫਾਊਂਡੇਸ਼ਨ ਵੱਲੋਂ ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਦੇ ਸਹਿਯੋਗ ਨਾਲ ਬੇਰੁਜ਼ਗਾਰ ਪ੍ਰਾਰਥੀਆਂ ਨੂੰ ਰੋਜ਼ਗਾਰ ਮੁਹੱਈਆ ਕਰਾਉਣ ਲਈ 21 ਜੂਨ ਨੂੰ ਸਵੇਰੇ 10:00 ਵਜੇ ਤੋਂ ਬਾਅਦ ਦੁਪਹਿਰ 02:00 ਵਜੇ ਤੱਕ ਆਤਮਾ ਰਾਮ ਮੈਮੋਰੀਅਲ ਕਾਨਵੈਂਟ ਸਕੂਲ ਬਰੇਟਾ ਵਿਖੇ ਰੋਜ਼ਗਾਰ ਮੇਲਾ ਲਗਾਇਆ ਜਾ ਰਿਹਾ ਹੈ। ਇਹ ਜਾਣਕਾਰੀ ਜ਼ਿਲ੍ਹਾ ਰੋਜ਼ਗਾਰ ਅਫ਼ਸਰ ਸ੍ਰੀ ਹਰਪ੍ਰੀਤ ਸਿੰਘ ਮਾਨਸ਼ਾਹੀਆ ਨੇ ਦਿੱਤੀ। ਉਨ੍ਹਾਂ ਦੱਸਿਆ ਕਿ ਰੋਜ਼ਗਾਰ ਮੇਲੇ ਵਿੱਚ ਟਰਾਈਡੈਂਟ, ਹੀਰੋ ਮੋਟਰ, ਵਰਤਮਾਨ ਤੇ ਸਕਿਊਰਟੀ ਏਜੰਸੀ ਸਮੇਤ ਹੋਰ ਬਹੁਤ ਸਾਰੀਆਂ ਹੋਰ ਨਾਮੀ ਕੰਪਨੀਆਂ ਵੱਲੋਂ ਪ੍ਰਾਰਥੀਆਂ ਦੀ ਚੋਣ ਕੀਤੀ ਜਾਵੇਗੀ। ਰੋਜ਼ਗਾਰ ਮੇਲੇ ਵਿੱਚ 10ਵੀਂ, ਆਈ.ਟੀ.ਆਈ, ਬਾਰ੍ਹਵੀਂ ਤੇ ਬੀ.ਏ ਪਾਸ ਪ੍ਰਾਰਥੀ ਭਾਗ ਲੈ ਸਕਦੇ ਹਨ। ਉਨ੍ਹਾਂ ਕਿਹਾ ਕਿ ਮੇਲੇ ਵਿੱਚ ਭਾਗ ਲੈਣ ਲਈ ਪ੍ਰਾਰਥੀ ਆਪਣੀ ਯੋਗਤਾ ਦੇ ਸਰਟੀਫਿਕੇਟਾਂ ਦੀਆਂ ਫੋਟੋ ਕਾਪੀਆਂ, ਅਧਾਰ ਕਾਰਡ ਦੀ ਫੋਟੋ ਕਾਪੀ ਤੇ ਯੋਗਤਾ ਦਾ ਵੇਰਵਾ (ਰਜ਼ਿਊਮ) ਨਾਲ ਲੈ ਕੇ ਆਉਣ।

# ਸ਼ਹਿਰ ਦੀਆਂ ਸਮੱਸਿਆਵਾਂ ਤੋਂ ਨਗਰ ਕੌਂਸਲ ਨੇ ਬਣਾਈ ਦੂਰੀ

**ਜੈਤੋ (ਸਤੀਸ਼ ਕੁਮਾਰ ਭੀਰੀ)**-ਕਾਂਗਰਸੀ ਪ੍ਰਧਾਨ ਦੇ ਕਬਜ਼ੇ ਹੇਠ ਨਗਰ ਕੌਂਸਲ ਵੱਲੋਂ ਜਾਰੀ ਬੇਨਿਯਮੀਆਂ, ਭ੍ਰਿਸ਼ਟਾਚਾਰ ਤੇ ਨਰਕ ਭਰੀ ਜ਼ਿੰਦਗੀ ਜਿਉਣ ਲਈ ਸਹਿਰੀਆਂ ਨੂੰ ਮਜਬੂਰ ਕਰਨ ਕਰਕੇ ਸ਼ਹਿਰ ਵਾਸੀ ਯਾਦਵਿੰਦਰ ਜ਼ੈਲਦਾਰ ਦੀ ਪ੍ਰਧਾਨਗੀ ਨੂੰ ਯਾਦ ਕਰਦਿਆਂ ਭਾਵੁਕ ਹੋ ਰਹੇ ਹਨ। ਉਨ੍ਹਾਂ ਬਸ਼ਿੰਦਿਆਂ ਦੀ ਦਾਸਤਾਨ ਦੱਸਦੇ ਹੋਏ ਨਗਰ ਕੌਂਸਲ ਦੀਆਂ ਪੋਲਾਂ ਖੋਲ੍ਹਦੇ ਹੋਏ ਦੱਸਿਆ ਜਾਵੇ ਤਾਂ ਇਹ ਕਿ ਸ਼ਹਿਰ ਦੀਆਂ ਅਨੇਕਾਂ ਗਲੀਆਂ ਗੁਜਰਾਤ ਗੈਸ ਕੰਪਨੀ ਵੱਲੋਂ ਪਾਈਪਾਂ ਪਾਉਣ ਲਈ ਪੁੱਟ ਦਿੱਤੀਆਂ ਗਈਆਂ ਹਨ ਤੇ ਇਸਦੀ ਇਵਜ਼ ਵਿੱਚ ਉਸ ਗੈਸ ਕੰਪਨੀ ਵੱਲੋਂ ਲੱਖਾਂ ਰੁਪਏ ਨਗਰ ਕੌਂਸਲ ਪਾਸ ਜਮ੍ਹਾਂ ਕਰਾਏ ਗਏ, ਪ੍ਰੰਤੂ ਉਹ ਲੱਖਾਂ ਰੁਪਏ ਕਿੱਧਰ ਗਏ, ਕਿਸੇ ਨੂੰ ਕੁਝ ਨਹੀਂ ਪਤਾ।

ਗੁਜਰਾਤ ਗੈਸ ਕੰਪਨੀ ਵੱਲੋਂ ਗਲੀਆਂ ਵਿੱਚ ਪੁੱਟੇ ਖੱਡਿਆਂ ਕਾਰਨ ਬੱਚੇ ਤੇ ਬਜ਼ੁਰਗਾਂ ਸਮੇਤ ਤਮਾਮ ਇਲਾਕਾ ਨਿਵਾਸੀ ਨਿੱਤ ਰੋਜ਼ ਡਿੱਗਣ ਕਾਰਨ ਸੱਟਾਂ ਖਾ ਰਹੇ ਹਨ। ਦੂਜੇ ਨੰਬਰ 'ਤੇ ਸਟਰੀਟ ਲਾਈਟਾਂ ਦਾ ਪ੍ਰਬੰਧ ਨੀਵੇਂ ਪੱਧਰ ਨੂੰ ਛੂਹ ਗਿਆ ਹੈ ਤੇ ਇਸ ਸਮੱਸਿਆ ਤੋਂ ਛੁਟਕਾਰਾ ਦਿਵਾਉਣ ਲਈ ਤੇ ਸੁਣਵਾਈ ਲਈ ਨਗਰ ਕੌਂਸਲ ਵਿੱਚ ਕੋਈ ਨਜ਼ਰ ਨਹੀਂ ਆਉਂਦਾ। ਸੱਚਾਈ ਤੋਂ ਪਰਦਾ ਚੁੱਕ ਕੇ ਦੱਸਿਆ ਜਾਵੇ ਤਾਂ ਸ਼ਹਿਰ ਵਿੱਚ ਬਣੀਆਂ ਹੋਈਆਂ ਤਿੰਨ ਪੁਰਾਣੀਆਂ ਤੇ ਗੰਦਗੀ ਨਾਲ ਲਬਰੇਜ ਟਾਇਲਟਾਂ ਵਰਤਣ ਤੇ ਉਲਟੀ ਆਉਣਾ ਤੇ ਸਿਰ ਚਕਰਾਉਣਾ ਆਮ ਗੱਲ ਹੈ।

## ਸੱਤਾਧਾਰੀ ਧਿਰ ਦੀ ਹੋ ਰਹੀ ਕਿਰਕਿਰੀ

ਅੱਗੇ ਇਲਾਕਾ ਵਾਸੀਆਂ ਦੀ ਜ਼ਿੰਦਗੀ ਦੁੱਭਰ ਕਰਨ ਵਿੱਚ ਸਹਾਈ ਹੋ ਰਹੀਆਂ ਸਮੱਸਿਆਵਾਂ ਜਿਵੇਂ ਕਿ ਜੈਤੋ ਦੀ ਬਾਜਾ ਚੌਂਕ, ਬੱਸ ਅੱਡਾ ਚੌਂਕ, ਹਸਪਤਾਲ ਦੇ ਬਿਲਕੁਲ ਸਾਹਮਣੇ ਵਾਲੀ ਸੜਕ, ਪੋਸਟ ਆਫ਼ਿਸ ਰੋਡ ਸਮੇਤ ਅਨੇਕਾਂ ਹੋਰ ਮੁੱਖ ਸੜਕਾਂ ਗਾਇਬ ਹੋ ਚੁੱਕੀਆਂ ਹਨ। ਹੋਰ ਪੋਲਾਂ ਖੋਲ੍ਹਦੇ ਹੋਏ ਜਾਣਕਾਰੀ ਦਿੱਤੀ ਜਾਵੇ ਤਾਂ ਪ੍ਰਾਚੀਨ ਦੁਰਗਾ ਮੰਦਰ ਕੋਲ ਗੰਦਗੀ ਦਾ ਡੰਪ, ਭਾਈ ਜਗਤਾ ਜੀ ਗੁਰਦੁਆਰਾ ਕੋਲ ਗੰਦਗੀ ਦੇ ਢੇਰ, ਬਿਜਲੀ ਬੋਰਡ ਦੇ ਬਿਲਕੁਲ ਸਾਹਮਣੇ ਗੰਦਗੀ ਦਾ ਢੇਰ ਤੇ ਹਰਲ-ਹਰਲ ਕਰਦੇ ਆਵਾਰਾ ਪਸ਼ੂਆਂ ਤੋਂ ਨਿਜ਼ਾਤ ਦਿਵਾਉਣ ਲਈ ਨਗਰ ਕੌਂਸਲ ਵੱਲੋਂ ਕੋਈ ਕਦਮ ਨਹੀਂ ਚੁੱਕੇ ਜਾਣ ਕਾਰਨ ਇਲਾਕੇ ਦੇ ਲੋਕ ਨਰਕ ਵਾਸੀ ਕਹਾਉਣ ਲਈ ਮਜਬੂਰ ਹਨ। ਜ਼ਿਕਰਯੋਗ ਹੈ ਕਿ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਹੋਣ ਦੇ ਬਾਵਜੂਦ ਨਗਰ ਕੌਂਸਲ ਦਾ ਪ੍ਰਧਾਨ ਕਾਂਗਰਸ ਪਾਰਟੀ ਤੋਂ ਹੋਣ ਕਰਕੇ ਨਗਰ ਕੌਂਸਲ ਆਪਣੀਆਂ ਮਨਮਾਨੀਆਂ ਕਰਨ 'ਤੇ ਉਤਾਰੂ ਹੈ। ਇਨ੍ਹਾਂ ਸਮੱਸਿਆਵਾਂ ਤੋਂ ਨਿਜ਼ਾਤ ਦਿਵਾਉਣ ਲਈ ਸਰਕਾਰ ਵੱਲੋਂ ਚੁੱਕੇ ਜਾਣ ਵਾਲੇ ਕਦਮਾਂ ਬਾਰੇ ਪੱਖ ਲੈਣ ਲਈ ਐਮ ਐਲ ਏ ਅਮੋਲਕ ਸਿੰਘ ਨੂੰ ਫੋਨ ਕੀਤਾ ਤਾਂ ਉਨ੍ਹਾਂ ਨਾਲ ਸੰਪਰਕ ਨਹੀਂ ਹੋ ਸਕਿਆ।

## ਪੁਲਸ 'ਚ ਭਰਤੀ ਕਰਾਉਣ ਲਈ 13 ਲੱਖ ਦੀ ਠੱਗੀ, 2 ਨਾਮਜ਼ਦ

**ਜਲਾਲਾਬਾਦ (ਜੀਤ ਕੁਮਾਰ)**-ਥਾਣਾ ਸਿਟੀ ਪੁਲਸ ਵੱਲੋਂ ਪੁਲਸ ਵਿੱਚ ਨੌਕਰੀ ਦਿਵਾਉਣ ਦਾ ਝਾਂਸਾ ਦੇ ਕੇ 13 ਲੱਖ ਰੁਪਏ ਦੀ ਠੱਗੀ ਮਾਰਨ ਦੇ ਦੋਸ਼ ਵਿੱਚ 2 ਵਿਅਕਤੀਆਂ ਖਿਲਾਫ਼ ਪਰਚਾ ਦਰਜ ਕੀਤਾ ਗਿਆ ਹੈ। ਪ੍ਰਾਪਤ ਜਾਣਕਾਰੀ ਦੇ ਅਨੁਸਾਰ ਮੁਦੱਈ ਸੁਰੇਸ਼ ਕੁਮਾਰ ਪੁੱਤਰ ਅਮੋਲਕ ਚੰਦ ਵਾਸੀ ਢਾਬ ਕੜਿਆਲ ਨੇ ਪੁਲਸ ਕੋਲ ਦਰਖਾਸਤ ਨੰਬਰ 825-ਐਸਪੀਐਲ-ਜੇਡੀ ਮਿਤੀ 22-11-2022 ਤੇ 1133 ਮਿਤੀ 25-05-2022 ਨੂੰ ਪੁਲਸ ਦੇ ਸੀਨੀਅਰ ਅਫ਼ਸਰਾਂ ਕੋਲ ਦਿੱਤੀਆਂ ਗਈਆਂ ਸੀ। ਜਿਸ ਵਿਚ ਮੁਦੱਈ ਨੇ ਦੋਸ਼ ਲਾਇਆ ਹੈ ਕਿ ਵਿਜੈ ਕੁਮਾਰ ਪੁੱਤਰ ਅਮਾਨਤ ਰਾਮ ਅਤੇ ਕਰਨ ਕੁਮਾਰ ਪੁੱਤਰ ਵਿਜੈ ਕੁਮਾਰ ਵਾਸੀਆਨ ਚੱਕ ਮਹੰਤਾ ਵਾਲਾ ਉਰਫ ਬੂੰਗੀ ਥਾਣਾ ਗੁਰੂਹਰਸਹਾਏ ਵੱਲੋਂ ਉਸਨੂੰ ਪੁਲਸ ਵਿਚ ਭਰਤੀ ਕਰਾਉਣ ਲਈ 13 ਲੱਖ ਰੁਪਏ ਵਸੂਲ ਕੇ ਉਸ ਨਾਲ ਠੱਗੀ ਮਾਰੀ ਹੈ। ਉਕਤ ਦਰਖਾਸਤਾਂ ਸਮੇਤ ਅਪਰੂਵਲ ਸੀਨੀਅਰ ਕਪਤਾਨ ਪੁਲਸ ਫ਼ਾਜ਼ਿਲਕਾ ਵੱਲੋਂ ਥਾਣੇ ਵਿਚ ਮੌਸੂਲ ਹੋਣ ਉਪਰੰਤ ਥਾਣਾ ਸਿਟੀ ਦੀ ਪੁਲਸ ਵੱਲੋਂ ਵਿਜੈ ਕੁਮਾਰ ਤੇ ਕਰਨ ਕੁਮਾਰ ਦੇ ਖਿਲਾਫ ਮੁਕੱਦਮਾ ਨੰਬਰ 110 ਮਿਤੀ 18-06-2023 ਨੂੰ ਧਾਰਾ 420 ਅਤੇ 120ਬੀ ਆਈਪੀਸੀ ਤਹਿਤ ਦਰਜ ਕੀਤਾ ਗਿਆ ਹੈ।

# ਭਾਰਤ ਗਰੁੱਪ ਕਾਲਜ 'ਚ ਨਵੇਂ ਕੋਰਸਾਂ ਨੂੰ ਮਿਲੀ ਮਨਜ਼ੂਰੀ



**ਸਰਦੂਲਗੜ੍ਹ (ਅਵਤਾਰ ਜਟਾਣਾ)**

ਭਾਰਤ ਗਰੁੱਪ ਕਾਲਜ ਵਿਖੇ ਨਵੇਂ ਕੋਰਸ ਦੀ ਪ੍ਰਵਾਨਗੀ ਮਿਲਣ 'ਤੇ ਕਾਲਜ ਦੇ ਸੀ.ਈ.ਓ. ਰਾਜੇਸ਼ ਗਰਗ ਅਤੇ ਅਡਮਿਸ਼ਨ ਡਾਇਰੈਕਟਰ ਮੋਹਿਤ ਜੈਨ ਨੇ ਕਿਹਾ ਕਿ ਵਿਦਿਆਰਥੀਆਂ ਦੇ ਸਰਬਪੱਖੀ ਵਿਕਾਸ ਅਤੇ ਉਚੇਰੀ ਸਿੱਖਿਆ ਨੂੰ ਧਿਆਨ ਵਿੱਚ ਰੱਖਦੇ ਹੋਏ ਇਸ ਸੈਸ਼ਨ ਤੋਂ ਕਾਲਜ ਵਿੱਚ ਦੋ ਨਵੇਂ ਕੋਰਸ ਬੀ.ਏ (ਕੰਪਿਊਟਰ ਸਾਇੰਸ) ਪੰਜਾਬੀ ਮੀਡੀਅਮ ਵਿੱਚ ਤੇ ਐਮ. ਐਲ.ਐਸ (ਲੈਬੋਰਟਰੀ) ਕੋਰਸ ਸ਼ੁਰੂ ਕੀਤੇ ਹਨ। ਕਾਲਜ ਦੇ ਪ੍ਰਿੰਸੀਪਲ ਡਾ. ਗੀਤੇਸ਼ ਗੋਗਾ ਨੇ ਦੱਸਿਆ ਕਿ ਇਸ ਕਾਲਜ ਦਾ ਮੁੱਖ ਮੰਤਵ ਪੇਡੂ ਖੇਤਰ ਵਿੱਚ ਉੱਚ ਸਿੱਖਿਆ ਪ੍ਰਦਾਨ ਕਰਨਾ ਹੈ। ਇਸ ਮੌਕੇ ਕਾਲਜ ਦੇ ਸੀ.ਈ.ਓ ਰਾਜੇਸ਼ ਗਰਗ ਅਤੇ ਐਡਮਿਸ਼ਨ ਡਾਇਰੈਕਟਰ ਮੋਹਿਤ ਜੈਨ, ਡਾਇਰੈਕਟਰ ਪ੍ਰਿੰਸੀਪਲ ਡਾ. ਗੀਤੇਸ਼ ਗੋਗਾ ਨੇ ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ ਦੇ ਵਾਇਸ ਚਾਂਸਲਰ ਡਾਕਟਰ ਬੂਟਾ ਸਿੰਘ ਦਾ ਕੋਰਸਾਂ ਦੀ ਪ੍ਰਵਾਨਗੀ ਦੇਣ 'ਤੇ ਧੰਨਵਾਦ ਕੀਤਾ। ਪ੍ਰਿੰਸੀਪਲ ਡਾ. ਗੀਤੇਸ਼ ਗੋਗਾ ਨੇ ਕਿਹਾ ਕਿ ਇਹ ਕੋਰਸ ਵਿਦਿਆਰਥੀਆਂ ਦੇ ਭਵਿੱਖ ਲਈ ਸਾਰਥਿਕ ਸਿੱਧ ਹੋਣਗੇ, ਜਿਸ ਨਾਲ ਬੱਚੇ ਆਪਣਾ ਭਵਿੱਖ ਸੰਵਾਰ ਸਕਣਗੇ ਅਤੇ ਆਰਥਿਕ ਪੱਖੋਂ ਲਾਹਾ ਪ੍ਰਾਪਤ ਕਰ ਸਕਦੇ ਹਨ। ਉਨ੍ਹਾਂ ਦੱਸਿਆ ਕਿ ਇਸ ਕਾਲਜ ਵਿੱਚ ਪਿਛਲੇ ਸਾਲਾਂ ਤੋ ਬੀ.ਟੈਕ.ਇਲੈਕਟ੍ਰੀਕਲ ਇੰਜਨੀਅਰਿੰਗ, ਸਿਵਲ ਇੰਜਨੀਅਰਿੰਗ, ਮਕੈਨੀਕਲ ਇੰਜਨੀਅਰਿੰਗ, ਕੰਪਿਊਟਰ ਸਾਇੰਸ ਇੰਜਨੀਅਰਿੰਗ, ਐਮ.ਬੀ.ਏ, ਬੀ.ਬੀ ਏ, ਬੀ.ਕਾਮ, ਪੀ.ਜੀ.ਡੀ.ਸੀ.ਏ, ਬੀ.ਸੀ.ਏ, ਬੀ.ਐਸ. ਸੀ (ਆਈ. ਟੀ), ਐਮ.ਐਸ.ਸੀ (ਆਈ.ਟੀ), ਬੀ.ਐਸ.ਸੀ (ਨਾਨ ਮੈਡੀਕਲ), ਐਮ.ਐਸ.ਸੀ (ਮੈਥ) ਆਦਿ ਕੋਰਸ ਸਫ਼ਲਤਾ ਪੂਰਵਕ ਚੱਲ ਰਹੇ ਹਨ। ਇਸਦੇ ਨਾਲ-ਨਾਲ ਕਾਲਜ ਵਿੱਚ ਈ.ਟੀ.ਟੀ ਕੋਰਸ ਵੀ ਬਹੁਤ ਵਧੀਆ ਢੰਗ ਨਾਲ ਚਲਾਇਆ ਜਾ ਰਿਹਾ ਹੈ। ਕਾਲਜ ਵਿੱਚ ਨਵੇਂ ਕੋਰਸਾਂ ਨੂੰ ਪ੍ਰਵਾਨਗੀ ਮਿਲਣ 'ਤੇ ਕਾਲਜ ਦੇ ਸੀ.ਈ.ਓ ਰਾਜੇਸ਼ ਗਰਗ ਅਤੇ ਐਡਮਿਸ਼ਨ ਡਾਇਰੈਕਟਰ ਮੋਹਿਤ ਜੈਨ ਅਤੇ ਪ੍ਰਿੰਸੀਪਲ ਡਾ. ਗੀਤੇਸ਼ ਗੋਗਾ ਅਤੇ ਡੀਨ ਰੋਹਿਤ ਸ਼ਰਮਾ ਨੇ ਵਿਦਿਆਰਥੀਆਂ ਅਤੇ ਸਟਾਫ਼ ਨੂੰ ਵਧਾਈ ਦਿੱਤੀ।

# 'ਏਕ ਭਾਰਤ ਸ੍ਰੇਸ਼ਟ ਭਾਰਤ' ਤਹਿਤ ਪੀ ਟੀ ਤੇ ਯੋਗ ਆਸਣ ਕਰਾਏ





**ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ, ਕੁਲਦੀਪ ਅੱਤਰੀ)**

14 ਪੰਜਾਬ ਬਟਾ. ਐਨ.ਸੀ.ਸੀ. ਨਾਭਾ ਦੇ ਕਮਾਡਿੰਗ ਅਫਸਰ ਕਰਨਲ ਅਰਵਿੰਦ ਕੁਮਾਰ ਸੂਦ ਦੀ ਅਗਵਾਈ ਹੇਠ ਸਰਵ ਹਿਤਕਾਰੀ ਵਿਦਿਆ ਮੰਦਿਰ ਮਲੇਰਕੋਟਲਾ ਵਿਖੇ ਚੱਲ ਰਹੇ 'ਏਕ ਭਾਰਤ ਸ੍ਰੇਸ਼ਟ ਭਾਰਤ' ਦੇ ਕੌਮੀ ਪੱਧਰੀ ਐਨ.ਸੀ.ਸੀ ਕੈਂਪ ਦੇ ਤੀਜੇ ਦਿਨ ਸਵੇਰੇ ਪੀ.ਟੀ. ਅਤੇ ਯੋਗ ਆਸਣ ਕਰਾਏ ਗਏ। ਵੱਖ-ਵੱਖ ਕੰਪਨੀਆਂ ਦੇ ਵਾਲੀਬਾਲ, ਰੱਸਾਕਸ਼ੀ ਤੇ ਖੋ-ਖੋ ਦੇ ਮੁਕਾਬਲੇ ਕਰਾਏ ਗਏ। ਇਸ ਉਪਰੰਤ ਏਡਜ਼ ਜਾਗਰੂਕਤਾ ਸਬੰਧੀ ਹਸਪਤਾਲ ਮਾਲੇਰਕੋਟਲਾ ਦੀ ਟੀਮ ਵਲੋਂ ਲੈਕਚਰ ਦਿੱਤਾ ਗਿਆ। ਇਸ ਉਪਰੰਤ ਸੈਨਾ ਭਰਤੀ ਦਫ਼ਤਰ ਪਟਿਆਲਾ ਦੀ ਟੀਮ ਵੱਲੋਂ ਕੈਡਿਟਾਂ ਨੂੰ ਫੌਜ ਵਿੱਚ ਭਰਤੀ ਹੋਣ ਸਬੰਧੀ ਵਿਸਥਾਰ ਸਹਿਤ ਜਾਣਕਾਰੀ ਦਿੱਤੀ ਗਈ। ਦੁਪਹਿਰ ਤੋਂ ਬਾਅਦ ਬਠਿੰਡਾ ਤੋਂ ਪਹੁੰਚੀ 07 ਏਂ. ਡੀ. ਆਰ. ਐੱਫ. ਕੰਪਨੀ ਵੱਲੋਂ ਕੁਦਰਤੀ ਆਫਤਾਂ ਸਮੇਂ ਕੀਤੇ ਜਾਣ ਵਾਲੇ ਬਚਾਅ ਕਾਰਜਾਂ ਬਾਰੇ ਵਿਸਥਾਰ ਸਹਿਤ ਦੱਸਿਆ ਗਿਆ ਅਤੇ ਆਪਣੇ ਸਮਾਨ ਦੀ ਪ੍ਰਦਰਸ਼ਨੀ ਲਾਈ ਗਈ। ਸ਼ਾਮ ਨੂੰ ਫਿਰ ਖੇਡਾਂ ਦੇ ਮੁਕਾਬਲੇ ਕਰਾਏ ਗਏ। ਆਂਧਰਾ ਪ੍ਰਦੇਸ਼ ਤੇ ਤੇਲੰਗਾਨਾ ਦੇ ਕੈਡਿਟਾਂ ਨੂੰ ਸ਼ਹੀਦ ਊਧਮ ਸਿੰਘ ਸਮਾਰਕ ਸੁਨਾਮ, ਜਲ ਬਿਜਲੀ ਘਰ ਧੂਰੀ, ਵੱਡਾ ਘੱਲੂਘਾਰਾ ਕੁੱਪ ਕਲਾਂ ਤੇ ਨਾਮਧਾਰੀ ਸ਼ਹੀਦੀ ਸਮਾਰਕ ਮਲੇਰਕੋਟਲਾ ਦੀ ਯਾਤਰਾ ਕਰਾਈ ਗਈ। ਡਿਪਟੀ ਕੈਂਪ ਕਮਾਂਡੈਂਟ ਕਰਨਲ ਹਰਬਿੰਦ ਪਰਮਾਰ ਨੇ ਦੱਸਿਆ ਕਿ ਇਸ ਕੈਂਪ ਵਿੱਚ ਐਨ. ਸੀ.ਸੀ. ਅਫਸਰ ਕੈਪਟਨ ਓਮ ਪ੍ਰਕਾਸ਼ ਸੇਤੀਆ (ਐਡਜੂਟੈਂਟ), ਲੈਫਟੀਨੈਂਟ ਗੁਰਪ੍ਰੀਤ ਕੌਰ (ਸਹਾਇਕ ਐਡਜੂਟੇਂਟ) ਸੈਕਿੰਡ ਅਫ਼ਸਰ ਗੁਰਪ੍ਰੀਤ ਸਿੰਘ (ਕੈਂਪ ਕੁਆਟਰ ਮਾਸਟਰ), ਸੂਬੇਦਾਰ ਮੇਜਰ ਬਰਜਵੀਰ ਸਿੰਘ, ਸੂਬੇਦਾਰ ਸਤਨਾਮ ਸਿੰਘ, ਫਸਟ ਅਫ਼ਸਰ ਜੈਯੰਤੀ, ਲੈਫ. ਅਮਿਤ ਕੁਮਾਰ ਸ਼ਰਮਾ, ਲੈਫ. ਬਾਬੂ ਰਾਵ, ਸੈਕਿੰਡ ਅਫ਼ਸਰ ਨੀਤਾ ਚੌਹਾਨ, ਥਰਡ ਅਫ਼ਸਰ ਰਮਨਦੀਪ ਸ਼ਰਮਾ, ਬਲਵਿੰਦਰ ਸਿੰਘ, ਸਚਿਨ ਦੀਵਾਨ ਤੇ ਪੀ. ਆਈ. ਸਟਾਫ਼ ਵੱਲੋਂ ਉੱਚ ਪੱਧਰ ਦੀ ਟ੍ਰੇਨਿੰਗ ਦਿੱਤੀ ਜਾ ਰਹੀ ਹੈ।

ਪਟਿਆਲਾ ਗਰੁੱਪ ਦੇ ਗਰੁੱਪ ਕਮਾਂਡਰ ਬ੍ਰਿਗੇਡੀਅਰ ਰਾਜੀਵ ਸ਼ਰਮਾ ਕੈਂਪ ਦਾ ਨਿਰੀਖਣ ਕਰਨ ਲਈ ਵਿਸ਼ੇਸ਼ ਰੂਪ ਵਿੱਚ ਪਹੁੰਚ ਰਹੇ ਹਨ।

# ਆਪਣਾ ਨਾਂਅ ਚਮਕਾਇਆ, ਅੰਬੇਡਕਰ ਦਾ ਨਾਂਅ ਭੁਲਾਇਆ

**ਸ੍ਰੀ ਮੁਕਤਸਰ ਸਾਹਿਬ, (ਸ਼ਮਿੰਦਰਪਾਲ, ਪੂਜਾ)**-ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਕੋਲ ਨਗਰ ਕੌਂਸਲ ਦੀ ਹਦੂਦ ਅੰਦਰ ਡਾ. ਅੰਬੇਡਕਰ ਪਾਰਕ ਦੀ ਸੇਵਾ ਸੰਭਾਲ ਤੇ ਦੇਖ ਰੇਖ ਦਾ ਜ਼ਿੰਮਾ ਦੇਸ਼ ਭਗਤ ਯੂਨੀਵਰਸਿਟੀ ਨੇ ਆਪਣੀ ਮਰਜ਼ੀ ਨਾਲ ਲਿਆ ਸੀ। ਪਾਰਕ ਵਿਚ ਬਕਾਇਦਾ ਤੌਰ 'ਤੇ ਰੈਗੂਲਰ ਸਾਫ਼ ਸਫ਼ਾਈ ਕਰਾਉਣ, ਚੌਂਕੀਦਾਰ ਅਤੇ ਮਾਲੀ ਆਦਿ ਦਾ ਪ੍ਰਬੰਧ ਕਰਨ ਲਈ ਜ਼ਿੰਮੇਦਾਰੀ ਸੰਭਾਲੀ ਸੀ। ਸਮਾਜ ਦੇ ਭਲੇ ਤੇ ਵਿਕਾਸ ਨੂੰ ਸਮਰਪਿਤ ਪ੍ਰਮੁੱਖ ਗੈਰ ਸਰਕਾਰੀ ਸਮਾਜ ਸੇਵੀ ਸੰਸਥਾ ਮੁਕਤਸਰ ਵਿਕਾਸ ਮਿਸ਼ਨ ਦੇ ਉੱਚ ਪੱਧਰੀ ਵਫ਼ਦ ਨੇ ਆਪਣੇ ਪ੍ਰਧਾਨ ਪ੍ਰਸਿੱਧ ਸਮਾਜ ਸੇਵਕ ਜਗਦੀਸ਼ ਰਾਏ ਢੋਸੀਵਾਲ ਦੀ ਅਗਵਾਈ ਹੇਠ ਡਾ. ਅੰਬੇਡਕਰ ਪਾਰਕ ਦਾ ਦੌਰਾ ਕੀਤਾ। ਵਫ਼ਦ ਵਿਚ ਮਿਸ਼ਨ ਦੇ ਚੇਅਰਮੈਨ ਇੰਜ. ਅਸ਼ੋਕ ਕੁਮਾਰ ਭਾਰਤੀ, ਸੈਕਿੰਡ ਸੀਨੀਅਰ ਮੀਤ ਪ੍ਰਧਾਨ ਪ੍ਰਦੀਪ ਧੂੜੀਆ, ਸਲਾਹਕਾਰ ਜਗਦੀਸ਼ ਚੰਦਰ ਧਵਾਲ ਤੇ ਕੈਸ਼ੀਅਰ ਡਾ. ਸੰਜੀਵ ਮਿੱਡਾ ਸਮੇਤ ਵਿਜੇ ਸਿਡਾਨਾ, ਸ਼ਾਮ ਲਾਲ ਗੋਇਲ, ਰਾਜਿੰਦਰ ਖੁਰਾਣਾ, ਮਨੋਹਰ ਲਾਲ, ਚੌ. ਬਲਬੀਰ ਸਿੰਘ ਤੇ ਓ.ਪੀ. ਖਿੱਚੀ ਆਦਿ ਸ਼ਾਮਲ ਸਨ। ਦੁਖੀ ਮਨ ਨਾਲ ਪ੍ਰਧਾਨ ਢੋਸੀਵਾਲ ਨੇ ਦੱਸਿਆ ਕਿ ਪਾਰਕ ਵਿੱਚ ਥਾਂ-ਥਾਂ 'ਤੇ ਗੰਦਗੀ ਤੇ ਕੂੜਾ ਖਿਲਰਿਆ ਪਿਆ ਹੈ। ਜੰਗਲੀ ਘਾਹ ਫੂਸ ਤੇ ਬੂਟਿਆਂ ਦੀ ਭਰਮਾਰ ਨਾਲ ਪਾਰਕ ਅੰਦਰ ਮਿੰਨੀ ਜੰਗਲ ਨਜ਼ਰ ਆਉਂਦਾ ਹੈ। ਪਾਰਕ ਦੀ ਜ਼ਿੰਮੇਵਾਰੀ ਲੈਣ ਵਾਲੀ ਯੂਨੀਵਰਸਿਟੀ ਵੱਲੋਂ ਪਾਰਕ ਦੀ ਠੀਕ ਤਰ੍ਹਾਂ ਸੇਵਾ ਸੰਭਾਲ ਨਹੀਂ ਕੀਤੀ ਜਾ ਰਹੀ ਹੈ। ਪਾਰਕ ਦੇ ਨਾਂਅ ਨੂੰ ਦਰਸਾਉਂਦਾ ਕੋਈ ਵੀ ਡਿਸਪਲੇਅ ਬੋਰਡ ਨਹੀਂ ਲਾਇਆ ਗਿਆ, ਜਦੋਂ ਕਿ ਯੂਨੀਵਰਸਿਟੀ ਨੇ ਆਪਣੇ ਨਾਂਅ ਦੇ ਤਿੰਨ ਡਿਸਪਲੇਅ ਬੋਰਡ ਲਾਏ ਹੋਏ ਹਨ। ਢੋਸੀਵਾਲ ਨੇ ਕਿਹਾ ਹੈ ਕਿ ਯੂਨੀਵਰਸਿਟੀ ਨੇ ਅਜਿਹਾ ਕਰਕੇ 'ਆਪਣਾ ਨਾਂਅ ਚਮਕਾਇਆ, ਅੰਬੇਡਕਰ ਦਾ ਨਾਂਅ ਭੁਲਾਇਆ' ਵਾਲੀ ਕਹਾਵਤ ਸਹੀ ਸਾਬਤ ਕਰ ਦਿੱਤੀ ਹੈ।

## ਅੰਬੇਡਕਰ ਪਾਰਕ ਦਾ ਬੁਰਾ ਹਾਲ



ਢੋਸੀਵਾਲ ਨੇ ਡਿਪਟੀ ਕਮਿਸ਼ਨਰ ਅਤੇ ਸਥਾਨਕ ਨਗਰ ਕੌਂਸਲ ਤੋਂ ਮੰਗ ਕੀਤੀ ਹੈ ਕਿ ਉਕਤ ਪਾਰਕ ਦੇ ਨਾਂਅ ਦਾ ਡਿਸਪਲੇਅ ਬੋਰਡ ਤੁਰੰਤ ਲਵਾਇਆ ਜਾਵੇ ਅਤੇ ਪਾਰਕ ਦੀ ਦਸ਼ਾ ਨੂੰ ਸੁਧਾਰਿਆ ਜਾਵੇ।

# 50 ਲੋੜਵੰਦ ਪਰਵਾਰਾਂ ਨੂੰ ਦਿੱਤੇ ਆਰਥਕ ਸਹਾਇਤਾ ਦੇ ਮਹੀਨਾਵਾਰ ਚੈੱਕ

**ਮੱਖੂ (ਰਛਪਾਲ ਸਿੰਘ ਸੰਧੂ)**



ਉਘੇ ਕਾਰੋਬਾਰੀ ਡਾ. ਸੁਰਿੰਦਰਪਾਲ ਸਿੰਘ ਓਬਰਾਏ ਵੱਲੋਂ ਚਲਾਈ ਜਾ ਰਹੀ ਸਮਾਜਸੇਵੀ ਸੰਸਥਾ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਗੁਰਦੁਆਰਾ ਬਾਬਾ ਬਾਠਾਂ ਵਾਲਾ ਸਾਹਿਬ ਵਿਖੇ ਕਰਾਏ ਗਏ ਇੱਕ ਸਾਦੇ ਸਮਾਗਮ ਦੌਰਾਨ ਇਲਾਕੇ ਨਾਲ ਸਬੰਧਤ 50 ਜ਼ਰੂਰਤਮੰਦ, ਵਿਧਵਾਵਾਂ ਅਤੇ ਅੰਗਹੀਣ ਪਰਵਾਰਾਂ ਨੂੰ ਆਰਥਿਕ ਸਹਾਇਤਾ ਰਾਸ਼ੀ ਦੇ ਚੈੱਕ ਵੰਡੇ ਗਏ। ਇਹ ਚੈੱਕ ਸੰਸਥਾ ਦੇ ਜਿਲ੍ਹਾ ਪ੍ਰਧਾਨ ਹਰਜਿੰਦਰ ਸਿੰਘ ਕਤਨਾ, ਜ਼ਿਲ੍ਹਾ ਪ੍ਰਧਾਨ ਇਸਤਰੀ ਵਿੰਗ ਮੈਡਮ ਅਮਰਜੀਤ ਕੌਰ ਛਾਬੜਾ, ਬਲਾਕ ਪ੍ਰਧਾਨ ਬਹਾਦਰ ਸਿੰਘ ਭੁੱਲਰ ਤੇ ਦਵਿੰਦਰ ਸਿੰਘ ਛਾਬੜਾ ਪ੍ਰਧਾਨ ਮਖੂ ਸਮੇਤ ਹੋਰ ਮੈਂਬਰਾਂ ਵੱਲੋਂ ਵੰਡੇ ਗਏ ਅਤੇ ਨਵੇਂ ਫਾਰਮ ਭਰੇ ਗਏ। ਇਸ ਮੌਕੇ ਸੰਸਥਾ ਦੀ ਇਸਤਰੀ ਵਿੰਗ ਜ਼ਿਲ੍ਹਾ ਪ੍ਰਧਾਨ ਮੈਡਮ ਅਮਰਜੀਤ ਕੌਰ ਛਾਬੜਾ ਅਤੇ ਮਖੂ ਪ੍ਰਧਾਨ ਦਵਿੰਦਰ ਸਿੰਘ ਛਾਬੜਾ ਨੇ ਦੱਸਿਆ ਕਿ ਸੰਸਥਾ ਦੇ ਬਾਨੀ ਡਾ. ਓਬਰਾਏ ਵੱਲੋਂ ਬਿਨਾਂ ਕਿਸੇ ਹੋਰ ਤੋਂ ਮਾਲੀ ਮੱਦਦ ਲਏ ਬਗੈਰ ਆਪਣੇ ਕੋਲੋਂ ਹੀ ਲਗਾਤਾਰ ਆਰਥਿਕ ਸਹਾਇਤਾ ਕੀਤੀ ਜਾ ਰਹੀ ਹੈ, ਜਿਨ੍ਹਾਂ ਵਿੱਚ ਲੋੜਵੰਦਾਂ, ਅੰਗਹੀਣਾਂ ਤੇ ਵਿਧਵਾਵਾਂ ਨੂੰ ਮਹੀਨਾਵਾਰ ਪੈਨਸ਼ਨਾਂ, ਹੁਸ਼ਿਆਰ ਅਤੇ ਲੋੜਵੰਦ ਵਿਦਿਆਰਥੀਆਂ ਦੀਆਂ ਫ਼ੀਸਾਂ, ਮੈਡੀਕਲ ਸਹਾਇਤਾ, ਕਈ ਤਰਾਂ ਦੇ ਹੱਥੀਂ ਹੁਨਰ ਵਾਲੇ ਸਿਖਲਾਈ ਕੋਰਸ ਸਕੂਲਾਂ ਅਤੇ ਜਨਤਕ ਸਥਾਨਾਂ 'ਤੇ ਸਾਫ਼ ਪਾਣੀ ਵਾਲੇ ਆਰ.ਓ ਲਾਏ ਜਾਂਦੇ ਹਨ। ਉਨ੍ਹਾਂ ਦੱਸਿਆ ਕਿ ਫ਼ਿਰੋਜ਼ਪੁਰ ਜ਼ਿਲ੍ਹੇ ਅੰਦਰ ਟਰੱਸਟ ਵੱਲੋਂ ਬਹੁਤ ਹੀ ਘੱਟ ਰੇਟਾਂ 'ਤੇ ਚਾਰ ਲੈਬੋਰਟਰੀਆਂ ਖੋਲ੍ਹੀਆਂ ਜਾ ਚੁੱਕੀਆਂ ਹਨ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਹਰਜਿੰਦਰ ਸਿੰਘ ਕਤਨਾ, ਮਖੂ ਪ੍ਰਧਾਨ ਦਵਿੰਦਰ ਸਿੰਘ ਛਾਬੜਾ, ਬਹਾਦਰ ਸਿੰਘ ਭੁੱਲਰ ਬਲਾਕ ਪ੍ਰਧਾਨ, ਕਿਰਨ ਪੇਂਟਰ, ਰਣਜੀਤ ਸਿੰਘ ਰਾਏ ਪ੍ਰਧਾਨ ਜੀਰਾ, ਮਨਪ੍ਰੀਤ ਸਿੰਘ ਕੰਪਿਊਟਰ ਟੀਚਰ ਅਤੇ ਹੋਰ ਪਤਵੰਤੇ ਵੀ ਮੌਜੂਦ ਸਨ।

## ਸੋਨੇ ਦੇ ਗਹਿਣੇ ਚੋਰੀ ਕਰਨ ਦੇ ਦੋਸ਼ ਹੇਠ ਦੋ ਕਾਬੂ

**ਮਲੋਟ (ਗੁਰਮੀਤ ਸਿੰਘ ਮੱਕੜ)**

ਥਾਣਾ ਸਦਰ ਪੁਲਿਸ ਨੇ ਸੋਨੇ ਦੇ ਗਹਿਣੇ ਚੋਰੀ ਕਰਨ ਦੇ ਦੋਸ਼ ਹੇਠ ਦੋ ਵਿਅਕਤੀਆਂ ਨੂੰ ਕਾਬੂ ਕੀਤਾ ਹੈ। ਪੁਲਸ ਨੂੰ ਦਿੱਤੇ ਆਪਣੇ ਬਿਆਨ ਵਿਚ ਕੁਲਬੀਰ ਸਿੰਘ ਵਾਸੀ ਪਿੰਡ ਮਲੋਟ ਨੇ ਦੱਸਿਆ ਕਿ ਉਹ ਆਪਣੇ ਪਰਵਾਰ ਸਮੇਤ ਰਿਸ਼ਤੇਦਾਰੀ ਵਿੱਚ ਗਏ ਹੋਏ ਸੀ, ਜਦੋਂ ਉਹ ਵਾਪਸ ਆਏ ਤਾਂ ਉਨ੍ਹਾਂ ਦੀ ਰਿਹਾਇਸ਼ੀ ਕਮਰੇ ਦੇ ਦਰਵਾਜ਼ੇ ਦਾ ਤਾਲਾ ਟੁੱਟਿਆ ਹੋਇਆ ਸੀ ਅਤੇ ਕਮਰੇ ਅੰਦਰ ਪਈ ਲੋਹੇ ਦੀ ਅਲਮਾਰੀ ਵਿਚੋਂ 4 ਸੋਨੇ ਦੀਆਂ ਮੁੰਦਰੀਆਂ ਜੈਂਟਸ, 2 ਮੁੰਦਰੀਆਂ ਲੇਡੀਜ਼, ਇੱਕ ਜੋੜੀ ਰਿੰਗ, ਇੱਕ ਜੋੜੀ ਵਾਲੀਆ, ਇੱਕ ਜੋੜੀ ਟੌਪਸ ਚੋਰੀ ਹੋ ਗਿਆ, ਜਿਸਦੀ ਕੁੱਲ ਮਲਕੀਤੀ ਕਰੀਬ ਇੱਕ ਲੱਖ ਰੁਪਏ ਬਣਦੀ ਹੈ, ਜਿਸ ਦੀ ਉਨ੍ਹਾਂ ਵੱਲੋਂ ਆਪਣੇ ਤੌਰ 'ਤੇ ਪੜਤਾਲ ਕਰਨ 'ਤੇ ਪਤਾ ਲੱਗਾ ਕਿ ਉਨ੍ਹਾਂ ਦੇ ਘਰ ਵਿਚੋਂ ਚੋਰੀ ਕਾਲਾ ਸਿੰਘ ਵਾਸੀ ਤਰਖਾਣਵਾਲਾ ਅਤੇ ਸੂਰਜ ਸਿੰਘ ਵਾਸੀ ਪਟੇਲ ਨਗਰ ਮਲੋਟ ਨੇ ਕੀਤੀ ਹੈ। ਪੁਲਸ ਨੇ ਮੁਕੱਦਮਾ ਨੰ.57 ਧਾਰਾ 454,380 ਤਹਿਤ ਦਰਜ ਕਰਕੇ ਉਕਤ ਵਿਅਕਤੀਆਂ ਨੂੰ ਕਾਬੂ ਕਰ ਲਿਆ।

# ਬਜਰੰਗ ਦਲ ਹਿੰਦੁਸਤਾਨ ਵੱਲੋਂ 'ਆਦਿਪੁਰਸ਼' ਫ਼ਿਲਮ ਨੂੰ ਬੈਨ ਕਰਨ ਦੀ ਮੰਗ



**ਮਲੋਟ, (ਗੁਰਮੀਤ ਸਿੰਘ ਮੱਕੜ)**

ਨਵੀਂ ਰਿਲੀਜ਼ ਹੋਈ 'ਆਦਿਪੁਰਸ਼' ਫ਼ਿਲਮ ਵਿਚ ਮਰਿਆਦਾ ਪੁਰਸ਼ੋਤਮ ਪ੍ਰਭੂ ਸ਼੍ਰੀ ਰਾਮਜੀ, ਮਾਤਾ ਸੀਤਾ ਅਤੇ ਸ਼੍ਰੀ ਹਨੂੰਮਾਨ ਜੀ ਦੇ ਸਬੰਧ ਵਿਚ ਦਿਖਾਏ ਗਏ ਗ਼ਲਤ ਸੀਨ ਅਤੇ ਬੋਲੇ ਗਏ ਡਾਇਲਾਗ ਦੇ ਵਿਰੋਧ ਵਿੱਚ ਬਜਰੰਗ ਦਲ ਹਿੰਦੁਸਤਾਨ ਦੇ ਰਾਸ਼ਟਰੀ ਪ੍ਰਧਾਨ ਪ੍ਰਵੀਨ ਮਦਾਨ ਦੀ ਅਗਵਾਈ 'ਚ ਡੀ.ਐਸ.ਪੀ. ਨੂੰ ਮੰਗ ਪੱਤਰ ਦਿੱਤਾ। ਰਾਸ਼ਟਰੀ ਪ੍ਰਧਾਨ ਪ੍ਰਵੀਨ ਮਦਾਨ ਨੇ ਦੱਸਿਆ ਕਿ ਕੁੱਝ ਲੋਕਾਂ ਵਲੋਂ ਹਿੰਦੂ ਦੇਵੀ ਦੇਵਤਿਆਂ ਦੇ ਚਰਿੱਤਰ ਨੂੰ ਖਰਾਬ ਕਰਨ ਦਾ ਯਤਨ ਕੀਤਾ ਜਾ ਰਿਹਾ ਹੈ, ਪ੍ਰੰਤੂ ਦੇਸ਼ ਦੇ ਹਿੰਦੂ ਇਹ ਬਰਦਾਸ਼ਤ ਨਹੀਂ ਕਰਨਗੇ। ਉਨ੍ਹਾਂ ਦੱਸਿਆ ਕਿ ਹੁਣ ਆਦਿਪੁਰਸ਼ ਫ਼ਿਲਮ ਵਿਚ ਮਰਿਆਦਾ ਪੁਰਸ਼ੋਤਮ ਪ੍ਰਭੂ ਸ਼੍ਰੀ ਰਾਮ ਜੀ, ਮਾਤਾ ਸੀਤਾ ਤੇ ਸ਼੍ਰੀ ਹਨੂੰਮਾਨ ਜੀ ਸਬੰਧੀ ਫ਼ਿਲਮ ਵਿਚ ਬੋਲੇ ਗਏ ਡਾਇਲਾਗ ਚਰਿੱਤਰ ਖਰਾਬ ਕਰਨ ਦਾ ਯਤਨ ਕੀਤਾ ਹੈ। ਉਨ੍ਹਾਂ ਦੱਸਿਆ ਕਿ ਇਸ ਫ਼ਿਲਮ ਨੂੰ ਤੁਰੰਤ ਬੈਨ ਕਰਦੇ ਹੋਏ ਬੰਦ ਕੀਤਾ ਜਾਵੇ। ਉਨ੍ਹਾਂ ਕਿਹਾ ਉਨ੍ਹਾਂ ਇਸ ਫ਼ਿਲਮ ਦੇ ਸਬੰਧ ਵਿਚ ਰੋਸ ਪ੍ਰਦਰਸ਼ਨ ਕਰਨਾ ਸੀ, ਪ੍ਰੰਤੂ ਡੀ.ਐਸ.ਪੀ. ਬਲਕਾਰ ਸਿੰਘ ਵਲੋਂ ਵਿਸ਼ਵਾਸ ਦਿਵਾਇਆ ਗਿਆ ਹੈ ਕਿ ਜੇਕਰ ਪੰਜਾਬ ਵਿੱਚ ਕਿਤੇ ਬੰਦ ਹੋਵੇਗੀ ਤਾਂ ਸਭ ਤੋਂ ਪਹਿਲਾਂ ਮਲੋਟ ਵਿੱਚ ਇਹ ਫ਼ਿਲਮ ਬੰਦ ਹੋਵੇਗੀ। ਇਸ ਮੌਕੇ 'ਤੇ ਵਿੱਕੀ ਪਰਾਸ਼ਰ ਮੰਡਲ ਪ੍ਰਧਾਨ ਮਲੋਟ, ਡਾ. ਰਜਿੰਦਰ ਬਾਂਸਲ ਸੈਕਟਰੀ ਪੰਜਾਬ, ਸ਼ੁਭਾਸ਼ ਗੂੰਬਰ, ਰਾਮਕ੍ਰਿਸ਼ਨ ਸ਼ਰਮਾ, ਸੰਦੀਪ ਵਰਮਾ, ਅਸ਼ੋਕ ਕੁਮਾਰ ਆਦਿ ਹਾਜ਼ਰ ਸਨ।

# ਲਾਡੀ ਢੋਸ ਨੂੰ ਯੂਥ ਵਿੰਗ ਦੀ ਜ਼ਿੰਮੇਵਾਰੀ ਦੇ ਕੇ ਵੱਡੀ ਸ਼ਕਤੀ ਦਿੱਤੀ : ਡਾ. ਅਮਨਦੀਪ ਕੌਰ ਅਰੋੜਾ



ਆਮ ਆਦਮੀ ਪਾਰਟੀ ਯੂਥ ਵਿੰਗ ਦੇ ਸੂਬਾ ਪ੍ਰਧਾਨ ਦਾ ਸਵਾਗਤ ਕਰਦੀ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ, ਸੀਨੀਅਰ ਡਿਪਟੀ ਮੇਅਰ ਪ੍ਰਵੀਨ ਸ਼ਰਮਾ, ਡਿਪਟੀ ਮੇਅਰ ਅਸ਼ੋਕ ਧਮੀਜਾ, ਪਿਆਰਾ ਸਿੰਘ ਬੱਧਨੀ, ਕੌਂਸਲਰ, ਵਲੰਟੀਅਰ ਤੇ ਅਹੁਦੇਦਾਰ।

**ਮੋਗਾ (ਅਮਰਜੀਤ ਸਿੰਘ ਬੱਬਰੀ)**

ਭਗਵੰਤ ਮਾਨ ਨੇ ਵਿਧਾਇਕ ਦਵਿੰਦਰਜੀਤ ਸਿੰਘ ਲਾਡੀ ਢੋਸ ਨੂੰ ਯੂਥ ਵਿੰਗ ਪੰਜਾਬ ਦੀ ਜ਼ਿੰਮੇਵਾਰੀ ਦੇ ਕੇ ਵੱਡੀ ਸ਼ਕਤੀ ਦਿੱਤੀ ਹੈ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਹਲਕਾ ਧਰਮਕੋਟ ਦੇ ਲੋਕਾਂ ਦੇ ਹੌਸਲੇ ਨੂੰ ਵਧਾਇਆ ਹੈ ਤੇ ਯੂਥ ਵਿਚ ਵਿਧਾਇਕ ਲਾਡੀ ਢੋਸ ਦੇ ਸੂਬੇ ਦੇ ਯੂਥ ਵਿੰਗ ਦੇ ਪ੍ਰਧਾਨ ਬਣਨ ਨਾਲ ਨੌਜਵਾਨਾਂ ਵਿਚ ਭਾਰੀ ਜੋਸ਼ ਤੇ ਉਤਸਾਹ ਹੈ। ਇਹ ਵਿਚਾਰ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਨੇ ਆਮ ਆਦਮੀ ਪਾਰਟੀ ਵੱਲੋਂ ਵਿਧਾਇਕ ਦਵਿੰਦਰਜੀਤ ਸਿੰਘ ਲਾਡੀ ਢੋਸ ਦੇ ਸੂਬਾ ਯੂਥ ਵਿੰਗ ਦੇ ਪ੍ਰਧਾਨ ਬਣਨ 'ਤੇ ਉਨ੍ਹਾਂ ਦਾ ਸਨਮਾਨ ਕਰਨ ਦੇ ਮੌਕੇ 'ਤੇ ਪ੍ਰਗਟ ਕੀਤੇ। ਇਸ ਮੌਕੇ ਜ਼ਿਲ੍ਹਾ ਯੋਜਨਾ ਬੋਰਡ ਦੇ ਚੇਅਰਮੈਨ ਤੇ ਆਮ ਆਦਮੀ ਪਾਰਟੀ ਦੇ ਪ੍ਰਧਾਨ ਹਰਮਨ ਬਰਾੜ ਦੀਦਾਰੇਵਾਲਾ, ਨਗਰ ਨਿਗਮ ਦੇ ਸੀਨੀਅ ਡਿਪਟੀ ਮੇਅਰ ਪ੍ਰਵੀਨ ਸ਼ਰਮਾ, ਡਿਪਟੀ ਮੇਅ ਅਸ਼ੋਕ ਧਮੀਜਾ, 'ਆਪ' ਦੇ ਐਸ.ਸੀ.ਵਿੰਗ ਦੇ ਸੀਨੀਅਰ ਆਗੂ ਪਿਆਰਾ ਸਿੰਘ ਬੱਧਨੀ ਤੋਂ ਇਲਾਵਾ ਨਗਰ ਨਿਗਮ ਮੋਗਾ ਦੇ ਕੌਂਸਲਰ, ਪਿੰਡਾਂ ਦੇ ਪੰਚ, ਸਰਪੰਚ ਤੇ ਵਲੰਟੀਅਰ ਹਾਜ਼ਰ ਸਨ।

ਇਸ ਮੌਕੇ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਨੇ ਕਿਹਾ ਕਿ ਵਿਧਾਇਕ ਲਾਡੀ ਢੋਸ ਦੇ ਪੰਜਾਬ ਯੂਥ ਪ੍ਰਧਾਨ ਬਣਨ ਨਾਲ ਨੌਜਵਾਨਾਂ ਵਰਗ ਵਿੱਚ ਭਾਰੀ ਜੋਸ਼ ਪਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਵਿਧਾਇਕ ਲਾਡੀ ਢੋਸ ਨਿਧੜਕ ਤੇ ਇਮਾਨਦਾਰ ਆਗੂ ਹਨ, ਜਿਨ੍ਹਾਂ ਵੱਲੋਂ ਪਾਰਟੀ ਦੀ ਪਿਛਲੇ ਲੰਬੇ ਸਮੇਂ ਤੋਂ ਸੇਵਾ ਕੀਤੀ ਜਾ ਰਹੀ ਹੈ ਤੇ ਉਨ੍ਹਾਂ ਦੀ ਮਿਹਨਤ ਦੇ ਕਾਰਨ ਹਲਕਾ ਧਰਮਕੋਟ ਦੇ ਲੋਕਾਂ ਨੇ ਉਨ੍ਹਾਂ ਨੂੰ ਵੱਡਾ ਮਾਣ-ਸਨਮਾਨ ਦਿੱਤਾ ਹੈ।

# ਭਾਰਤੀਯ ਯੋਗ ਸੰਸਥਾਨ ਵੱਲੋਂ ਮਨਾਇਆ ਜਾਵੇਗਾ ਯੋਗ ਦਿਵਸ



**ਧੂਰੀ (ਸੁਖਦੇਵ ਧੂਰੀ)**

21 ਜੂਨ ਨੂੰ ਸ਼ਾਂਤੀ ਨਿਕੇਤਨ ਪਾਰਕ ਰਾਮ ਬਾਗ ਵਿਖੇ ਸਮਾਂ 5:00 ਤੋਂ 6:30 ਤੱਕ ਸਵੇਰੇ 9ਵਾਂ ਅੰਤਰਰਾਸ਼ਟਰੀ ਯੋਗ ਦਿਵਸ ਭਾਰਤੀ ਯੋਗ ਸੰਸਥਾਨ (ਰਜਿ:) ਧੂਰੀ ਵੱਲੋਂ ਮਨਾਇਆ ਜਾਵੇਗਾ। ਸੰਸਥਾਨ ਦੇ ਜ਼ਿਲ੍ਹਾ ਪ੍ਰਧਾਨ ਮਦਨ ਲਾਲ ਬਾਂਸਲ ਅਤੇ ਸਰਪ੍ਰਸਤ ਹੰਸ ਰਾਜ ਗਰਗ ਦੀ ਯੋਗ ਅਗਵਾਈ ਵਿੱਚ ਮੀਟਿੰਗ ਕੀਤੀ ਗਈ, ਜਿਸ ਵਿੱਚ ਜ਼ੋਨ ਪ੍ਰਧਾਨ ਸਤੀਸ਼ ਗੋਇਲ, ਕੇਂਦਰ ਪ੍ਰਮੁੱਖ ਗੋਪਾਲ ਕ੍ਰਿਸ਼ਨ, ਗੁਰਦਿਆਲ ਨਿਰਮਾਣ, ਨਿਰੰਜਣ ਸਿੰਘ, ਬਲਜਿੰਦਰ ਸਿੰਘ, ਮੈਡਮ ਨਿਸ਼ੀ ਗੋਇਲ, ਮੈਡਮ ਸਰੋਜ ਗਰਗ, ਮਹਿੰਦਰ ਕੁਮਾਰ ਗਰਗ ਆਦਿ ਯੋਗਾ ਟੀਚਰ ਹਾਜ਼ਰ ਸਨ। ਮੀਟਿੰਗ ਵਿੱਚ 21 ਜੂਨ ਦੇ ਯੋਗਾ ਦਿਵਸ ਨੂੰ ਸਫ਼ਲ ਬਣਾਉਣ ਲਈ ਚਰਚਾ ਕੀਤੀ ਗਈ।

# ਸ਼ਿਵ ਸੈਨਾ ਸ਼ਿੰਦੇ ਗਰੁੱਪ ਵੱਲੋਂ ਫਿਲਮ 'ਆਦਿਪੁਰਸ਼' ਦਾ ਵਿਰੋਧ

**ਫਾਜ਼ਿਲਕਾ (ਕ੍ਰਿਸ਼ਨ ਸਿੰਘ)**

ਸ਼ਿਵ ਸੈਨਾ ਬਾਲ ਠਾਕਰੇ ਸ਼ਿੰਦੇ ਗਰੁੱਪ ਵੱਲੋਂ ਫਾਜ਼ਿਲਕਾ ਵਿੱਚ ਫਿਲਮ ਆਦਿਪੁਰਸ਼ ਦਾ ਵਿਰੋਧ ਕੀਤਾ ਗਿਆ। ਇਸ ਦੌਰਾਨ ਫਿਲਮ ਦੇ ਪੋਸਟਰ ਹਟਵਾ ਦਿੱਤੇ ਗਏ ਤੇ ਫਿਲਮ ਨੂੰ ਸਿਨੇਮਾ ਘਰ 'ਚ ਬੰਦ ਕਰਵਾ ਦਿੱਤਾ ਗਿਆ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਉਮੇਸ਼ ਕੁਮਾਰ ਨੇ ਦੱਸਿਆ ਕਿ ਸ਼ਿਵ ਸੈਨਾ ਬਾਲ ਠਾਕਰੇ ਸ਼ਿੰਦੇ ਗਰੁੱਪ ਦੇ ਪੰਜਾਬ ਪ੍ਰਧਾਨ ਹਰੀਸ਼ ਸਿੰਗਲਾ ਦੇ ਨਿਰਦੇਸ਼ਾਂ 'ਤੇ ਉਨ੍ਹਾਂ ਵੱਲੋਂ ਇਸ ਫਿਲਮ ਦਾ ਵਿਰੋਧ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇਹ ਫਿਲਮ ਸ੍ਰੀ ਰਾਮਾਇਣ ਵਿੱਚ ਦਰਸਾਏ ਅਨੁਸਾਰ ਬਿਲਕੁਲ ਵੀ ਨਹੀਂ ਬਣੀ ਹੈ। ਇਸ ਫਿਲਮ ਵਿੱਚ ਮਾੜੀ ਭਾਸ਼ਾ ਦੀ ਬਹੁਤ ਵਰਤੋਂ ਕੀਤੀ ਗਈ ਹੈ, ਜਿਸ ਵਿੱਚ ਸ੍ਰੀ ਹਨੂੰਮਾਨ ਜੀ ਕਹਿੰਦੇ ਹਨ ਕਿ ਤੁਹਾਡੇ ਪਿਤਾ ਦਾ ਕੱਪੜਾ, ਤੁਹਾਡੇ ਪਿਤਾ ਦਾ ਤੇਲ ਤੇ ਤੁਹਾਡੇ ਪਿਤਾ ਦੀ ਲੰਕਾ ਵੀ ਸੜ ਜਾਵੇਗੀ। ਇਸ ਤੋਂ ਇਲਾਵਾ ਇਸ ਫਿਲਮ 'ਚ ਕਈ ਅਜਿਹੇ ਸ਼ਬਦ ਕਹੇ ਗਏ ਹਨ, ਜੋ ਅਸੀਂ ਆਪਣੇ ਬੱਚਿਆਂ ਨੂੰ ਵੀ ਨਹੀਂ ਦਿਖਾ ਸਕਦੇ। ਉਨ੍ਹਾਂ ਕਿਹਾ ਕਿ ਇਸ ਫਿਲਮ ਦਾ ਬੱਚਿਆਂ ਦੇ ਮਨਾਂ 'ਤੇ ਬਹੁਤ ਬੁਰਾ ਪ੍ਰਭਾਵ ਪਵੇਗਾ, ਜਿਸ ਕਾਰਨ ਜ਼ਿਲ੍ਹਾ ਫਾਜ਼ਿਲਕਾ ਵਿੱਚ ਸਿਨੇਮਾਘਰਾਂ ਵਿੱਚ ਜਾ ਕੇ ਉਨ੍ਹਾਂ ਵੱਲੋਂ ਨਾਅਰੇਬਾਜ਼ੀ ਕੀਤੀ ਗਈ ਤੇ ਫਿਲਮ ਨੂੰ ਬੰਦ ਕਰਵਾ ਦਿੱਤਾ ਗਿਆ। ਇਸ ਦੇ ਨਾਲ ਹੀ ਫਿਲਮ ਦੇ ਪੋਸਟਰ ਵੀ ਹਟਾ ਦਿੱਤੇ ਗਏ ਹਨ ਤੇ ਇਸ ਦਾ ਸਖਤ ਵਿਰੋਧ ਕੀਤਾ ਗਿਆ ਹੈ। ਉਨ੍ਹਾਂ ਮੰਗ ਕੀਤੀ ਕਿ ਇਸ ਤਸਵੀਰ 'ਤੇ ਭਾਰਤ ਸਮੇਤ ਪੂਰੀ ਦੁਨੀਆ 'ਚ ਜਲਦ ਤੋਂ ਜਲਦ ਪਾਬੰਦੀ ਲਗਾਈ ਜਾਵੇ ਤਾਂ ਜੋ ਸਾਡੇ ਸਨਾਤਨ ਧਰਮ ਦਾ ਗਲਤ ਪ੍ਰਚਾਰ ਨਾ ਹੋ ਸਕੇ। ਉਨ੍ਹਾਂ ਸਮੂਹ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਬੱਚਿਆਂ ਤੇ ਪਰਿਵਾਰ ਨੂੰ ਫਿਲਮ ਨਾ ਦਿਖਾ ਕੇ ਇਸ ਦਾ ਬਾਈਕਾਟ ਕਰਨ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਭਰਤ ਖੁਰਾਣਾ, ਜਨਰਲ ਸਕੱਤਰ ਚੇਤਨ ਖੁਰਾਣਾ, ਜ਼ਿਲ੍ਹਾ ਪ੍ਰੈੱਸ ਸਕੱਤਰ ਰੁਪੇਸ਼ ਬਾਂਸਲ, ਜ਼ਿਲ੍ਹਾ ਬੁਲਾਰੇ ਜਸਵੰਤ ਪ੍ਰਜਾਪਤੀ ਤੇ ਹੋਰ ਮੈਂਬਰਾਂ ਨੇ ਫਿਲਮ ਦਾ ਵਿਰੋਧ ਕੀਤਾ।

## ਫਿਲਮ ਦੇ ਪੋਸਟਰ ਹਟਵਾਏ ਤੇ ਸ਼ੋਅ ਕਰਵਾਇਆ ਬੰਦ



## ਪੰਜਾਬ ਦੇ ਮੁੱਖ ਮੰਤਰੀ ਆਪਣੇ ਸਿਆਸੀ ਹਿੱਤਾਂ ਦੀ ਪੂਰਤੀ ਲਈ ਕਰ ਰਹੇ ਹਨ ਸਿੱਖ ਮਾਮਲਿਆਂ 'ਚ ਦਖ਼ਲਅੰਦਾਜ਼ੀ: ਧਾਮੀ



ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਬੀਤੇ ਕੱਲ੍ਹ ਸਿੱਖ ਗੁਰਦੁਆਰਾ ਐਕਟ 1925 ਵਿਚ ਨਵੀਂ ਧਾਰਾ ਜੋੜਨ ਬਾਰੇ ਕੀਤੇ ਐਲਾਨ ਦੀ ਸਖ਼ਤ ਸ਼ਬਦਾਂ ਵਿਚ ਨਿੰਦਾ ਕੀਤੀ ਹੈ। ਸ਼੍ਰੋਮਣੀ ਕਮੇਟੀ ਦਫ਼ਤਰ ਵਿਖੇ ਮੀਡੀਆ ਨਾਲ ਗੱਲਬਾਤ ਕਰਦਿਆਂ ਐਡਵੋਕੇਟ ਧਾਮੀ ਨੇ ਮੁੱਖ ਮੰਤਰੀ ਨੂੰ ਸਪੱਸ਼ਟ ਕੀਤਾ ਕਿ ਸਿੱਖ ਗੁਰਦੁਆਰਾ ਐਕਟ 1925 ਵਿਚ ਕੋਈ ਵੀ ਸੋਧ ਸ਼੍ਰੋਮਣੀ ਕਮੇਟੀ ਦੇ ਜਨਰਲ ਹਾਊਸ ਦੀਆਂ ਸਿਫ਼ਾਰਸ਼ਾਂ ਅਨੁਸਾਰ ਕੇਵਲ ਭਾਰਤ ਸਰਕਾਰ ਦੇਸ਼ ਦੀ ਸੰਸਦ ਜ਼ਰੀਏ ਹੀ ਕਰ ਸਕਦੀ ਹੈ। ਮੁੱਖ ਮੰਤਰੀ ਦੀ ਅਜਿਹੀ ਸੋਚ ਸਿੱਖ ਸੰਸਥਾ ਉੱਤੇ ਵੱਡਾ ਹਮਲਾ ਹੈ।

ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਤੋਂ ਗੁਰਬਾਣੀ ਪ੍ਰਸਾਰਣ ਬਾਰੇ ਸਪੱਸ਼ਟ ਕਰਦਿਆਂ ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਗੁਰਬਾਣੀ ਦਾ ਪ੍ਰਸਾਰਣ ਪਹਿਲਾਂ ਹੀ ਵਿਸ਼ਵ ਪੱਧਰ 'ਤੇ ਚੱਲ ਰਿਹਾ ਹੈ, ਜਿਸ ਤੋਂ ਦੇਸ਼-ਵਿਦੇਸ਼ ਦੀ ਸੰਗਤ ਸੰਤੁਸ਼ਟ ਹੈ ਅਤੇ ਸੰਗਤ ਪਾਸੋਂ ਇਸ ਦੇ ਕੋਈ ਪੈਸੇ ਵੀ ਨਹੀਂ ਲਏ ਜਾਂਦੇ। ਉਨ੍ਹਾਂ ਇਹ ਵੀ ਦੱਸਿਆ ਕਿ ਗੁਰਬਾਣੀ ਪ੍ਰਸਾਰਣ ਦੇ ਅਧਿਕਾਰ ਇਸੇ ਸਾਲ ਜੁਲਾਈ ਮਹੀਨੇ ਵਿਚ ਪੀਟੀਸੀ ਚੈਨਲ ਪਾਸੋਂ ਖ਼ਤਮ ਹੋਣ ਉਪਰੰਤ ਅਗਲੇ ਪ੍ਰਬੰਧ ਲਈ ਸ਼੍ਰੋਮਣੀ ਕਮੇਟੀ ਵੱਲੋਂ ਨਿਰਧਾਰਤ ਸਬ-ਕਮੇਟੀ ਇਸ ਸਬੰਧੀ ਕਾਰਜ ਕਰ ਰਹੀ ਹੈ, ਜਿਸ ਦੇ ਜਲਦ ਹੀ ਸਾਰਥਕ ਨਤੀਜੇ ਵੀ ਸਾਹਮਣੇ ਆਉਣਗੇ।

ਐਡਵੋਕੇਟ ਧਾਮੀ ਨੇ ਪੰਜਾਬ ਦੇ ਮੁੱਖ ਮੰਤਰੀ ਨੂੰ ਸਵਾਲ ਕੀਤਾ ਕਿ ਉਹ ਦੱਸਣ ਕਿ ਉਨ੍ਹਾਂ ਦਾ ਸਿੱਖ ਗੁਰਦੁਆਰਾ ਐਕਟ 1925 ਵਿਚ ਸੋਧ ਕਰਨ ਦਾ ਐਲਾਨ ਕੀ ਸਿੱਖਾਂ ਦੇ ਧਾਰਮਿਕ ਮਾਮਲਿਆਂ ਵਿਚ ਸਿੱਧੀ ਦਖ਼ਲਅੰਦਾਜ਼ੀ ਨਹੀਂ ਹੈ? ਉਨ੍ਹਾਂ ਪੰਜਾਬ ਦੇ ਮੁੱਖ ਮੰਤਰੀ ਨੂੰ ਕਿਹਾ ਕਿ ਉਹ ਗੁਰਬਾਣੀ ਪ੍ਰਸਾਰਣ ਦੇ ਮਾਮਲੇ ਵਿਚ ਸੰਗਤ ਨੂੰ ਗੁੰਮਰਾਹ ਕਰਨ ਦੀ ਥਾਂ ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਦੇ ਆਉਂਦੇ ਰਸਤਿਆਂ ਅਤੇ ਚੌਗਿਰਦੇ ਦੀ ਸਾਂਭ-ਸੰਭਾਲ ਤੇ ਸੰਗਤਾਂ ਦੀ ਸਹੂਲਤ ਵਧਾਉਣ ਵੱਲ ਧਿਆਨ ਦੇਣ, ਜੋ ਸਰਕਾਰ ਦੇ ਕਰਨ ਵਾਲਾ ਕਾਰਜ ਹੈ। ਉਨ੍ਹਾਂ ਕਿਹਾ ਕਿ ਗੁਰਬਾਣੀ ਪ੍ਰਸਾਰਣ ਦੇ ਮਾਮਲੇ ਸਬੰਧੀ ਪਹਿਲਾਂ ਵੀ ਗੁਰੂ ਨਾਨਕ ਦੇਵ ਯੂਨੀਵਰਸਲ ਬ੍ਰਦਰਹੁੱਡ ਸੁਸਾਇਟੀ ਨਾਂ ਦੀ ਸੰਸਥਾ ਵੱਲੋਂ ਸ਼੍ਰੋਮਣੀ ਕਮੇਟੀ ਵਿਰੁੱਧ ਪੰਜਾਬ ਹਰਿਆਣਾ ਹਾਈਕੋਰਟ ਵਿਖੇ ਇਕ ਪਟੀਸ਼ਨ ਦਾਇਰ ਕੀਤੀ ਗਈ ਸੀ, ਜਿਸ ਨੂੰ ਮਾਣਯੋਗ ਕੋਰਟ ਵੱਲੋਂ ਸ਼੍ਰੋਮਣੀ ਕਮੇਟੀ ਨੂੰ ਸਮਰੱਥ ਸੰਸਥਾ ਮੰਨਦਿਆਂ ਖਾਰਜ ਕਰ ਦਿੱਤਾ ਗਿਆ ਸੀ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਸੰਸਥਾ ਦੇ 103 ਸਾਲਾ ਇਤਿਹਾਸ ਵਿਚ ਕਈ ਸਰਕਾਰਾਂ ਆਈਆਂ ਤੇ ਗਈਆਂ, ਜਿਨ੍ਹਾਂ ਨੇ ਵੀ ਸੰਸਥਾ ਦੇ ਕੰਮਾਂ ਵਿਚ ਦਖ਼ਲਅੰਦਾਜ਼ੀ ਕੀਤੀ ਉਨ੍ਹਾਂ ਨੂੰ ਮੂੰਹ ਦੀ ਖਾਣੀ ਪਈ।

ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਭਗਵੰਤ ਸਿੰਘ ਮਾਨ ਦੀ ਇਸ ਸੋਚ ਵਿਰੁੱਧ ਪਾਰਟੀਬਾਜ਼ੀ ਤੋਂ ਉੱਪਰ ਉਠ ਕੇ ਆਵਾਜ਼ ਚੁੱਕਣ ਵਾਲੇ ਆਗੂਆਂ ਦਾ ਧੰਨਵਾਦ ਵੀ ਕੀਤਾ।

ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਮੈਂਬਰ ਭਾਈ ਰਾਜਿੰਦਰ ਸਿੰਘ ਮਹਿਤਾ, ਭਾਈ ਰਾਮ ਸਿੰਘ, ਐਡਵੋਕੇਟ ਭਗਵੰਤ ਸਿੰਘ ਸਿਆਲਕਾ, ਸੁਰਜੀਤ ਸਿੰਘ ਭਿੱਟੇਵੱਡ, ਹਰਜਾਪ ਸਿੰਘ ਸੁਲਤਾਨਵਿੰਡ, ਅਮਰਜੀਤ ਸਿੰਘ ਬੰਡਾਲਾ, ਭੁਪਿੰਦਰ ਸਿੰਘ ਭਲਵਾਨ, ਤੇਜਾ ਸਿੰਘ ਕਮਾਲਪੁਰ, ਗੁਰਲਾਲ ਸਿੰਘ, ਸ਼੍ਰੋਮਣੀ ਕਮੇਟੀ ਦੇ ਸਕੱਤਰ ਪ੍ਰਤਾਪ ਸਿੰਘ, ਵਧੀਕ ਸਕੱਤਰ ਸੁਖਮਿੰਦਰ ਸਿੰਘ, ਮੈਨੇਜਰ ਸਤਨਾਮ ਸਿੰਘ ਮਾਂਗਾਸਰਾਏ, ਮੀਤ ਸਕੱਤਰ ਸ਼ਾਹਬਾਜ਼ ਸਿੰਘ, ਮੈਨੇਜਰ ਸੁਖਰਾਜ ਸਿੰਘ, ਸੁਪਰਡੰਟ ਮਲਕੀਤ ਸਿੰਘ ਬਹਿੜਵਾਲ ਆਦਿ ਮੌਜੂਦ ਸਨ।

## ਕਿਸਾਨ ਮੱਕੀ ਦੀ ਫਸਲ ਅਧੀਨ ਰਕਬਾ ਵਧਾਉਣ : ਮੁੱਖ ਖੇਤੀਬਾੜੀ ਅਫਸਰ



ਪਠਾਨਕੋਟ (ਦਵਿੰਦਰ ਸਿੰਘ)-ਖੇਤੀ ਵਿੱਚ ਫਸਲੀ ਵਿਭਿੰਨਤਾ ਲਿਆਉਣ ਅਤੇ ਭੂਮੀ ਹੇਠਲੇ ਪਾਣੀ ਨੂੰ ਬਚਾਉਣ ਲਈ ਝੋਨੇ ਹੇਠੋਂ ਰਕਬਾ ਘਟਾਉਣ ਲਈ ਮੱਕੀ, ਬਾਸਮਤੀ, ਤਿੱਲ, ਅਰਹਰ ਅਤੇ ਝੋਨੇ ਦੀ ਸਿੱਧੀ ਬਿਜਾਈ ਨੂੰ ਤਰਜੀਹ ਦੇਣੀ ਚਾਹੀਦੀ ਹੈ। ਇਹ ਪ੍ਰਗਟਾਵਾ ਖੇਤੀਬਾੜੀ ਅਫਸਰ, ਪਠਾਨਕੋਟ ਡਾ: ਰਾਜਿੰਦਰ ਕੁਮਾਰ ਵੱਲੋਂ ਕੀਤਾ ਗਿਆ। ਉਨ੍ਹਾਂ ਕਿਸਾਨਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਫਸਲੀ ਵਿਭਿੰਨਤਾ ਨੂੰ ਉਤਸ਼ਾਹਿਤ ਕਰਨ ਲਈ ਆਰ. ਕੇ. ਵੀ. ਵਾਈ. ਸਕੀਮ ਅਧੀਨ ਪਨਸੀਡ ਵੱਲੋਂ ਮੱਕੀ ਦੇ ਪ੍ਰਚਲਿਤ ਹਾਈਬ੍ਰਿਡ ਬੀਜ 9144 ਦੀ ਸਪਲਾਈ ਜ਼ਿਲ੍ਹੇ ਅਧੀਨ ਕੀਤੀ ਗਈ ਹੈ। ਮੱਕੀ ਦੇ ਬੀਜ ਤੇ 100 ਰੁਪਏ ਪ੍ਰਤੀ ਕਿਲੋ ਸਬਸਿਡੀ ਦਿੱਤੀ ਜਾ ਰਹੀ ਹੈ। ਬੀਜ ਦਾ ਰੇਟ 305/ਰੁਪਏ ਪ੍ਰਤੀ ਕਿਲੋ ਹੈ। ਬੀਜ ਦਾ ਵਿਕਰੀ ਮੁੱਲ 205/ਰੁਪਏ ਪ੍ਰਤੀ ਕਿਲੋ ਹੈ। ਚਾਹਵਾਨ ਕਿਸਾਨ ਮੱਕੀ ਦਾ ਬੀਜ ਵਿਭਾਗ ਦੇ ਅਧੀਨ ਦਫਤਰਾਂ ਵਿੱਚੋਂ ਸਰਕਾਰ ਵੱਲੋਂ ਜਾਰੀ ਕੀਤੀਆਂ ਗਈਆਂ ਗਾਈਡਲਾਈਨਜ਼ ਅਨੁਸਾਰ ਖਰੀਦ ਸਕਦੇ ਹਨ। ਮੁੱਖ ਖੇਤੀਬਾੜੀ ਅਫਸਰ, ਪਠਾਨਕੋਟ ਡਾ: ਰਾਜਿੰਦਰ ਕੁਮਾਰ ਵੱਲੋਂ ਇਹ ਵੀ ਅਪੀਲ ਕੀਤੀ ਗਈ ਕਿ ਪਾਣੀ ਅਤੇ ਬਿਜਲੀ ਦੀ ਬੱਚਤ ਲਈ ਕੱਦੂ ਵਾਲੇ ਝੋਨੇ ਹੇਠੋਂ ਰਕਬਾ ਘਟਾ ਕੇ ਮੱਕੀ, ਬਾਸਮਤੀ ਅਤੇ ਝੋਨੇ ਦੀ ਸਿੱਧੀ ਬਿਜਾਈ ਹੇਠ ਲਿਆਂਦਾ ਜਾਵੇ ਤਾਂ ਜੋ ਜ਼ਮੀਨਦੋਜ਼ ਪਾਣੀ ਨੂੰ ਬਚਾਇਆ ਜਾ ਸਕੇ।

## ਟਰੇਡ ਯੂਨੀਅਨਾਂ ਦੇ ਸਾਂਝੇ ਮੋਰਚੇ ਦੇ ਸੱਦੇ 'ਤੇ 14 ਜੁਲਾਈ ਨੂੰ ਮੁਹਾਲੀ ਵਿਖੇ ਰੋਸ ਰੈਲੀ ਦਾ ਐਲਾਨ



ਪਠਾਨਕੋਟ (ਦਵਿੰਦਰ ਸਿੰਘ)-ਪੰਜਾਬ ਦੀਆਂ ਪਰਮੁੱਖ ਟਰੇਡ ਯੂਨੀਅਨਾਂ ਦੇ ਸਾਂਝੇ ਮੋਰਚੇ ਦੇ ਸੱਦੇ ਉੱਤੇ 14 ਜੁਲਾਈ ਨੂੰ ਲੇਬਰ ਕਮਿਸ਼ਨਰ ਪੰਜਾਬ ਦੇ ਮੁੱਖ ਦਫਤਰ ਮੁਹਾਲੀ ਵਿਖੇ ਵਿਸ਼ਾਲ ਰੋਸ ਰੈਲੀ ਅਤੇ ਪ੍ਰਦਰਸ਼ਨ ਦਾ ਫੈਸਲਾ ਕੀਤਾ ਹੈ। ਪੰਜਾਬ ਸਰਕਾਰ ਵਲੋਂ ਪਿਛਲੀਆਂ ਸਰਕਾਰਾਂ ਵਾਂਗ ਮਜ਼ਦੂਰਾਂ ਦੀਆਂ ਮੰਗਾਂ ਨੂੰ ਅਣਗੌਲਿਆਂ ਕੀਤਾ ਜਾ ਰਿਹਾ ਹੈ। ਰੈਲੀ ਦੀ ਤਿਆਰੀ ਦੇ ਸਬੰਧ ਵਿੱਚ ਅੱਜ ਪੰਜਾਬ ਨਿਰਮਾਣ ਮਜ਼ਦੂਰ ਯੂਨੀਅਨ ਜ਼ਿਲ੍ਹਾ ਪਠਾਨਕੋਟ ਦੇ ਆਗੂਆਂ ਦੀ ਵਿਸ਼ੇਸ਼ ਮੀਟਿੰਗ ਯੂਨੀਅਨ ਦੇ ਸਿਟੀ ਪ੍ਰਧਾਨ ਸਾਥੀ ਰਾਮ ਬਿਲਾਸ ਠਾਕੁਰ ਅਤੇ ਦਿਹਾਤੀ ਪ੍ਰਧਾਨ ਸਾਥੀ ਤਿਲਕ ਰਾਜ ਜਿਆਣੀ ਦੀ ਸਾਂਝੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿੱਚ ਲਏ ਫੈਸਲੇ ਵਿੱਚ ਸੈਂਕੜੇ ਸਾਥੀ ਦਸ ਬੱਸਾਂ ਦੇ ਕਾਫਲੇ ਰਾਹੀਂ ਮੋਹਾਲੀ ਰੈਲੀ ਵਿੱਚ ਸੀਟੀਯੂ ਪੰਜਾਬ ਦੀ ਅਗਵਾਈ ਹੇਠ ਸ਼ਮੂਲੀਅਤ ਕਰਨਗੇ।

ਪੰਜਾਬ ਨਿਰਮਾਣ ਮਜ਼ਦੂਰ ਯੂਨੀਅਨ ਦੇ ਸੂਬਾਈ ਜਨਰਲ ਸਕੱਤਰ ਕਾਮਰੇਡ ਹਰਿੰਦਰ ਸਿੰਘ ਰੰਧਾਵਾ ਨੇ ਮਜ਼ਦੂਰਾਂ ਦੀਆਂ ਮੁੱਖ ਮੰਗਾਂ ਅਤੇ ਪੇਸ਼ ਆ ਰਹੀਆਂ ਮੁਸ਼ਕਲਾਂ ਦੀ ਵਿਆਖਿਆ ਕਰਦਿਆਂ ਦੱਸਿਆ ਕਿ ਪਿਛਲੇ ਗਿਆਰਾਂ ਸਾਲਾਂ ਤੋਂ ਕਿਸੇ ਵੀ ਸਰਕਾਰ ਨੇ ਮਿਨੀਮਮ ਵੇਜ ਵਿੱਚ ਸੋਧ ਸੋਧ ਨਹੀਂ ਕੀਤੀ ਜਦੋਂਕਿ ਹੁਣ ਤੱਕ ਕਾਨੂੰਨੀ ਤੌਰ 'ਤੇ ਘੱਟੋ-ਘੱਟ ਉਜਰਤਾਂ ਦੋ ਵਾਰ ਹੋ ਜਾਣੀਆਂ ਚਾਹੀਦੀਆਂ ਸੀ, ਸਰਕਾਰ ਦੀਆਂ ਬੇਲੋੜੀਆਂ ਸ਼ਰਤਾਂ ਕਾਰਨ ਨਿਰਮਾਣ ਮਜ਼ਦੂਰਾਂ ਨੂੰ ਨਵੀਂ ਰਜਿਸਟ੍ਰੇਸ਼ਨ, ਰਿਨਿਊਲ ਅਤੇ ਲਾਭਕਾਰੀ ਸਕੀਮਾਂ ਨੂੰ ਪ੍ਰਾਪਤ ਕਰਨ ਸੁਵਿਧਾ ਕੇਂਦਰਾਂ ਵਿੱਚ ਲਗਾਤਾਰ ਖੱਜਲ ਖੁਆਰ ਹੋਣਾ ਪੈ ਰਿਹਾ। ਮੀਟਿੰਗ ਨੂੰ ਸੰਬੋਧਨ ਕਰਦਿਆਂ ਸੀਟੀਯੂ ਪੰਜਾਬ ਦੇ ਜਨਰਲ ਸਕੱਤਰ ਕਾਮਰੇਡ ਨੱਥਾ ਸਿੰਘ ਢਡਵਾਲ ਨੇ ਕਿਹਾ ਕਿ ਵਧੀ ਹੋਈ ਮਹਿੰਗਾਈ ਅਨੁਸਾਰ ਘੱਟੋ-ਘੱਟ ਉਜਰਤ 26000 ਰੁਪਏ ਪ੍ਰਤੀ ਮਹੀਨਾ ਤਨਖਾਹ ਨਿਸਚਿਤ ਕਰਨ ਦੀ ਮੰਗ ਦਾ ਮੁੱਦਾ ਜ਼ੋਰਦਾਰ ਢੰਗ ਨਾਲ ਉਠਾਇਆ ਜਾਵੇਗਾ, ਕਿਰਤ ਕਾਨੂੰਨਾਂ ਨੂੰ ਸਖ਼ਤੀ ਨਾਲ ਲਾਗੂ ਕੀਤਾ ਜਾਵੇ ਅਤੇ ਉਨਾਂ ਦੋਸ਼ ਲਾਇਆ ਕਿ ਰਣਜੀਤ ਸਾਗਰ ਡੈਮ ਸ਼ਾਹਪੁਰ ਕੰਡੀ ਮੈਨੇਜਮੈਂਟ ਮਾਨਯੋਗ ਸੁਪਰੀਮ ਕੋਰਟ ਦੇ ਫੈਸਲੇ ਨੂੰ ਲਾਗੂ ਨਹੀਂ ਕਰ ਰਹੀ ਅਤੇ ਪੰਜਾਬ ਸਰਕਾਰ ਵੀ ਚੁੱਪ ਹੈ। ਆਗੂਆਂ ਨੇ ਮਜ਼ਦੂਰਾਂ ਨੂੰ ਆਪਣਾ ਏਕਾ ਹੋਰ ਵਿਸ਼ਾਲ ਕਰਨ ਅਤੇ ਸੰਘਰਸ਼ ਨੂੰ ਹੋਰ ਤਿੱਖਾ ਦੀ ਅਪੀਲ ਕੀਤੀ।

ਮੀਟਿੰਗ ਨੂੰ ਮਾਸਟਰ ਸੁਭਾਸ਼ ਸ਼ਰਮਾ ਅਤੇ ਕਾਮਰੇਡ ਸ਼ਿਵ ਕੁਮਾਰ ਤੋਂ ਇਲਾਵਾ ਸੋਹਨ ਲਾਲ, ਪਰਸ਼ੋਤਮ ਕੁਮਾਰ, ਰਘਬੀਰ ਸਿੰਘ, ਯਸ਼ਪਾਲ, ਕੁਲਦੀਪ ਰਾਜ ਮੁੱਦੇ, ਕਰਨੈਲ ਚੰਦ, ਬਲਕਾਰ ਚੰਦ ਭਰਿਆਲ ਲਾਹੜੀ, ਬਲਕਾਰ ਚੰਦ, ਭਰਿਆਲ ਲਾਹੜੀ, ਨਰੇਸ਼ ਕੁਮਾਰ, ਸਵਰਨ ਸਿੰਘ, ਸ਼ਮਸ਼ੇਰ ਸਿੰਘ ਅਤੇ ਹੋਰ ਸਾਥੀਆਂ ਨੇ ਆਪਣੇ ਵਿਚਾਰ ਸਾਂਝੇ ਕੀਤੇ।

## ਸੰਭਾਵਿਤ ਹੜ੍ਹਾਂ ਨਾਲ ਨਿਪਟਣ ਲਈ ਜ਼ਿਲਾ ਪਠਾਨਕੋਟ 'ਚ ਕੰਟਰੋਲ ਰੂਮ ਸਥਾਪਿਤ



ਪਠਾਨਕੋਟ ( ਦਵਿੰਦਰ ਸਿੰਘ)-ਜ਼ਿਲ੍ਹਾ ਪਠਾਨਕੋਟ ਵਿੱਚ ਸੰਭਾਵਿਤ ਹੜ੍ਹਾਂ ਨੂੰ ਲੈ ਕੇ ਕੀਤੇ ਗਏ ਅਗੇਤੇ ਪ੍ਰਬੰਧਾਂ ਦਾ ਜਾਇਜ਼ਾ ਲੈਣ ਸਬੰਧੀ ਹਰਬੀਰ ਸਿੰਘ ਡਿਪਟੀ ਕਮਿਸ਼ਨਰ ਪਠਾਨਕੋਟ ਵੱਲੋਂ ਸਬੰਧਤ ਵੱਖ-ਵੱਖ ਵਿਭਾਗਾਂ ਦੇ ਜ਼ਿਲ੍ਹਾ ਅਧਿਕਾਰੀਆਂ ਨਾਲ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਮਲਿਕਪੁਰ ਪਠਾਨਕੋਟ ਵਿਖੇ ਇੱਕ ਵਿਸ਼ੇਸ਼ ਰੀਵਿਊ ਮੀਟਿੰਗ ਆਯੋਜਿਤ ਕੀਤੀ ਗਈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਕਾਲਾ ਰਾਮ ਕਾਂਸਲ ਐਸਡੀਐਮ ਪਠਾਨਕੋਟ, ਤੇਜਦੀਪ ਸਿੰਘ ਸੈਣੀ ਐਸਡੀਐਮ ਧਾਰਕਲਾਂ, ਯੁੱਧਵੀਰ ਸਿੰਘ ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫਸਰ ਪਠਾਨਕੋਟ, ਲਛਮਣ ਸਿੰਘ ਤਹਿਸੀਲਦਾਰ ਪਠਾਨਕੋਟ, ਰਾਮ ਲੁਭਾਇਆ ਜ਼ਿਲ੍ਹਾ ਲੋਕ ਸੰਪਰਕ ਅਫਸਰ ਪਠਾਨਕੋਟ, ਡਾ. ਰਜਿੰਦਰ ਕੁਮਾਰ ਮੁੱਖ ਖੇਤੀ ਬਾੜੀ ਅਫਸਰ ਪਠਾਨਕੋਟ, ਮਹੇਸ਼ ਕੁਮਾਰ ਐਕਸੀਅਨ ਵਾਟਰ ਸਪਲਾਈ ਸੈਨੀਟੇਸ਼ਨ ਵਿਭਾਗ ਪਠਾਨਕੋਟ ਅਤੇ ਸਬੰਧਤ ਵਿਭਾਗੀ ਅਧਿਕਾਰੀ ਹਾਜ਼ਰ ਸਨ।

ਹਰਬੀਰ ਸਿੰਘ ਡਿਪਟੀ ਕਮਿਸ਼ਨਰ ਪਠਾਨਕੋਟ ਨੇ ਵਿਭਾਗੀ ਅਧਿਕਾਰੀਆਂ ਨੂੰ ਹਦਾਇਤ ਕਰਦਿਆਂ ਕਿਹਾ ਕਿ ਕਿਸੇ ਵੀ ਮੌਸਮ ਨਾਲ ਸਬੰਧਤ ਹਰ ਸਥਿਤੀ ਨਾਲ ਨਿਪਟਣ ਲਈ ਪੂਰੀ ਤਰ੍ਹਾਂ ਤਿਆਰ ਰਿਹਾ ਜਾਵੇ। ਉਨ੍ਹਾਂ ਕਿਹਾ ਕਿ ਸੰਭਾਵਿਤ ਹੜ੍ਹਾਂ ਨੂੰ ਲੈ ਕੇ ਹਰੇਕ ਅਧਿਕਾਰੀ ਸੁਚੇਤ ਰਹੇਗਾ ਤਾਂ ਜੋ ਲੋੜ ਪੈਣ ਤੇ ਉਹ ਅਪਣੇ ਕਾਰਜ ਨੂੰ ਪੂਰੀ ਇਮਾਨਦਾਰੀ ਅਤੇ ਜ਼ਿੰਮੇਵਾਰੀ ਨਾਲ ਪੂਰਾ ਕਰ ਸਕੇ।

ਉਨ੍ਹਾਂ ਜਾਣਕਾਰੀ ਦਿੰਦਿਆਂ ਦੱਸਿਆ ਕਿ ਸੰਭਾਵਿਤ ਹੜ੍ਹਾਂ ਨਾਲ ਨਿਪਟਣ ਦੇ ਲਈ ਸਾਰੇ ਯੋਗ ਪ੍ਰਬੰਧ ਕਰ ਲਏ ਗਏ ਹਨ । ਜ਼ਿਲ੍ਹੇ ਅੰਦਰ ਜੋ ਵੀ ਸਮਾਨ ਜਿਵੇਂ ਵੋਟਸ, ਇੰਜਨ, ਲਾਈਫ ਜੈਕੇਟ ਆਦਿ ਸਾਮਾਨ ਨੂੰ ਤਿਆਰ ਕਰ ਲਿਆ ਗਿਆ ਹੈ ਤਾਂ ਜੋ ਲੋੜ ਪੈਣ 'ਤੇ ਜ਼ਰੂਰਤ ਨੂੰ ਪੂਰਾ ਕੀਤਾ ਜਾ ਸਕੇ। ਉਨ੍ਹਾਂ ਅਧਿਕਾਰੀਆਂ ਨੂੰ ਹਦਾਇਤ ਕਰਦਿਆਂ ਕਿਹਾ ਕਿ ਉੱਜ ਦਰਿਆ ਦੇ ਨਜ਼ਦੀਕ ਲਗਦੇ ਪਿੰਡਾਂ ਅਤੇ ਬਲਾਕ ਬਮਿਆਲ ਅਧੀਨ ਸੰਭਾਵਿਤ ਹੜ੍ਹਾਂ ਦੀ ਮਾਰ ਹੇਠ ਆਉਣ ਵਾਲੇ ਪਿੰਡਾਂ ਨੂੰ ਲੈ ਕੇ ਪੂਰੀ ਤਰ੍ਹਾਂ ਨਾਲ ਤਿਆਰ ਰਿਹਾ ਜਾਵੇ। ਉਨ੍ਹਾਂ ਦੱਸਿਆ ਕਿ ਸਿਹਤ ਵਿਭਾਗ ਵੱਲੋਂ ਵੀ ਪਹਿਲਾਂ ਤੋਂ ਹੀ ਦਵਾਈਆਂ ਦਾ ਸਟਾਕ ਅਤੇ ਮੈਡੀਕਲ ਟੀਮਾਂ ਬਣਾ ਕੇ ਤਿਆਰ ਕਰ ਲਈਆਂ ਗਈਆਂ ਹਨ।

ਉਨ੍ਹਾਂ ਜਾਣਕਾਰੀ ਦਿੰਦਿਆਂ ਦੱਸਿਆ ਕਿ ਜ਼ਿਲ੍ਹੇ ਅੰਦਰ ਕੰਟਰੋਲ ਰੂਮ ਵੀ ਸਥਾਪਤ ਕਰ ਲਏ ਗਏ ਹਨ ਅਤੇ ਅਧਿਕਾਰੀਆਂ ਦੀ ਵੀ ਡਿਊਟੀ ਲਗਾ ਦਿੱਤੀ ਗਈ ਹੈ। ਉਨ੍ਹਾਂ ਪਸ਼ੂ ਪਾਲਣ ਵਿਭਾਗ ਨੂੰ ਵੀ ਹਦਾਇਤ ਕਰਦਿਆਂ ਕਿਹਾ ਕਿ ਸੰਭਾਵਿਤ ਹੜ੍ਹਾਂ ਦੌਰਾਨ ਪਸ਼ੂਆਂ ਦੇ ਲਈ ਚਾਰੇ ਸਬੰਧੀ ਅਗੇਤੇ ਪਬੰਧ ਵੀ ਕੀਤੇ ਜਾਣ ਤਾਂ ਜੋ ਲੋੜ ਪੈਣ 'ਤੇ ਪਸ਼ੂਆਂ ਨੂੰ ਚਾਰਾ ਦਿੱਤਾ ਜਾ ਸਕੇ।

## ਬਲਦੀਪ ਕੌਰ ਤਰਨ ਤਾਰਨ ਦੇ ਨਵੇਂ ਡਿਪਟੀ ਕਮਿਸ਼ਨਰ



ਤਰਨ ਤਾਰਨ (ਪ੍ਰਿਤਪਾਲ ਸਿੰਘ)-ਬਲਦੀਪ ਕੌਰ ਆਈਏਐੱਸ ਨੇ ਡਿਪਟੀ ਕਮਿਸ਼ਨਰ ਤਰਨ ਤਾਰਨ ਵਜੋਂ ਅਹੁਦਾ ਸੰਭਾਲ ਲਿਆ ਹੈ। 2012 ਬੈਚ ਦੇ ਆਈ. ਏ. ਐੱਸ. ਅਧਿਕਾਰੀ ਬਲਦੀਪ ਕੌਰ ਇਸ ਤੋਂ ਪਹਿਲਾ ਡਿਪਟੀ ਕਮਿਸ਼ਨਰ ਮਾਨਸਾ ਵਜੋਂ ਆਪਣੀਆਂ ਸੇਵਾਵਾਂ ਨਿਭਾਅ ਰਹੇ ਸਨ। ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਤਰਨ ਤਾਰਨ ਵਿਖੇ ਪਹੁੰਚਣ 'ਤੇ ਐੱਸ. ਡੀ. ਐੱਮ. ਤਰਨ ਤਾਰਨ ਰਜਨੀਸ਼ ਅਰੋੜਾ, ਐੱਸਡੀਐੱਮ ਖਡੂਰ ਸਾਹਿਬ ਦੀਪਕ ਭਾਟੀਆ, ਜ਼ਿਲ੍ਹਾ ਮਾਲ ਅਫ਼ਸਰ ਅਦਿਤਿਆ ਗੁਪਤਾ ਅਤੇ ਤਹਿਸੀਲਦਾਰ ਰਾਕੇਸ਼ ਗਰਗ ਤੋਂ ਇਲਾਵਾ ਹੋਰ ਅਧਿਕਾਰੀਆਂ ਤੇ ਕਰਮਚਾਰੀਆਂ ਵੱਲੋਂ ਉਨ੍ਹਾਂ ਦਾ ਸਵਾਗਤ ਕੀਤਾ ਗਿਆ ਅਤੇ ਉਨ੍ਹਾਂ ਪੰਜਾਬ ਪੁਲਸ ਦੀ ਟੁਕੜੀ ਤੋਂ ਸਲਾਮੀ ਵੀ ਲਈ।

ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਤਰਨ ਤਾਰਨ ਵਿਖੇ ਅਹੁਦਾ ਸੰਭਾਲਣ ਉਪਰੰਤ ਬਲਦੀਪ ਕੌਰ ਵੱਲੋਂ ਜ਼ਿਲ੍ਹੇ ਦੇ ਉੱਚ ਅਧਿਕਾਰੀਆਂ ਨਾਲ ਵਿਸ਼ੇਸ਼ ਮੀਟਿੰਗ ਕੀਤੀ ਗਈ ਅਤੇ ਜ਼ਿਲ੍ਹਾ ਤਰਨ ਤਾਰਨ ਵਿੱਚ ਚੱਲ ਰਹੇ ਵਿਕਾਸ ਕਾਰਜਾਂ ਅਤੇ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਯੋਜਨਾਵਾਂ ਅਤੇ ਭਲਾਈ ਸਕੀਮਾਂ ਸਬੰਧੀ ਵਿਸਥਾਰਪੂਰਵਕ ਜਾਣਕਾਰੀ ਹਾਸਿਲ ਕੀਤੀ। ਉਨਾਂ ਕਿਹਾ ਕਿ ਜ਼ਿਲ੍ਹੇ ਵਿੱਚ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਸਕੀਮਾਂ ਦਾ ਲਾਭ ਵੱਧ ਤੋਂ ਵੱਧ ਲੋਕਾਂ ਤੱਕ ਪਹੁੰਚਾਉਣਾ ਯਕੀਨੀ ਬਣਾਇਆ ਜਾਵੇ। ਉਨ੍ਹਾਂ ਸਮੂਹ ਅਧਿਕਾਰੀਆਂ ਨੂੰ ਹਦਾਇਤ ਕਰਦਿਆਂ ਕਿਹਾ ਕਿ ਜ਼ਿਲ੍ਹੇ ਵਿੱਚ ਚੱਲ ਰਹੇ ਵਿਕਾਸ ਕੰਮਾਂ ਵਿੱਚ ਤੇਜ਼ੀ ਲਿਆਂਦੀ ਜਾਵੇ ਅਤੇ ਕੰਮ ਦੀ ਗੁਣਵੱਤਾ ਦਾ ਵਿਸ਼ੇਸ ਧਿਆਨ ਰੱਖਿਆ ਜਾਵੇ।

ਉਨ੍ਹਾਂ ਕਿਹਾ ਕਿ ਜ਼ਿਲ੍ਹੇ ਦੇ ਸਮੂਹ ਸਰਕਾਰੀ ਦਫ਼ਤਰਾਂ ਵਿੱਚ ਆਉਣ ਵਾਲੇ ਲੋਕਾਂ ਨੂੰ ਕੋਈ ਮੁਸ਼ਕਿਲ ਨਹੀਂ ਆਉਣ ਦਿੱਤੀ ਜਾਵੇਗੀ ਅਤੇ ਲੋਕਾਂ ਦੀਆਂ ਸ਼ਿਕਾਇਤਾਂ ਤੇ ਸਮੱਸਿਆਵਾਂ ਦਾ ਪਹਿਲ ਦੇ ਆਧਾਰ 'ਤੇ ਨਿਪਟਾਰਾ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਤਰਨ ਤਾਰਨ ਸਰਹੱਦੀ ਜ਼ਿਲ੍ਹਾ ਹੋਣ ਕਰਕੇ ਬਾਰਡਰ ਸਕਿਓਰਿਟੀ ਫੋਰਸ ਨਾਲ ਬਿਹਤਰ ਤਾਲਮੇਲ ਬਣਾ ਕੇ ਸਰਹੱਦੀ ਇਲਾਕੇ ਦੇ ਲੋਕਾਂ ਦੀਆਂ ਮੁਸ਼ਕਿਲਾਂ ਨੂੰ ਦੂਰ ਕੀਤਾ ਜਾਵੇਗਾ।

## ਨਗਰ ਕੀਰਤਨ ਲੈ ਕੇ ਪੁੱਜੇ ਸੰਤ ਬਾਬਾ ਸੁੱਖਾ ਸਿੰਘ ਦਾ ਪਰਦੀਪ ਢਿੱਲੋਂ ਵੱਲੋਂ ਮਾਣ-ਸਨਮਾਨ



ਸਰਹਾਲੀ ਕਲਾਂ (ਹਰਪ੍ਰੀਤ ਸਿੰਘ ਚੰਬਾ)-ਪਿੰਡ ਭੈਣੀ ਤੋਂ ਬਣੇ ਇਤਿਹਾਸਿਕ ਨਗਰ ਚੋਹਲਾ ਸਾਹਿਬ ਦੇ ਨਾਮਕਰਨ ਦਿਵਸ 4 ਹਾੜ ਦੇ ਪਵਿੱਤਰ ਮੌਕੇ 'ਤੇ ਸ਼ਹੀਦਾ ਦੇ ਸਿਰਤਾਜ ਪੰਚਮ ਪਾਤਿਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਇਸ ਦਿਨ ਸਰਹਾਲੀ ਕਲਾਂ ਤੋਂ ਚੋਹਲਾ ਸਾਹਿਬ ਆਏ ਸਨ। ਉਨ੍ਹਾਂ ਦੇ 4 ਹਾੜ੍ਹ ਵਾਲੇ ਦਿਨ ਚਰਨ ਪਾਉਣ 'ਤੇ ਇਸ ਨਗਰ ਅਤੇ ਇਲਾਕੇ ਦੀਆਂ ਨਾਨਕ ਲੇਵਾ ਸੰਗਤਾਂ ਬੜੇ ਹੀ ਪ੍ਰੇਮ ਸਤਿਕਾਰ ਅਤੇ ਸ਼ਰਧਾ ਨਾਲ ਮਨਾਉਂਦੀਆਂ ਹਨ।

ਇਸੇ ਦਿਨ ਸੰਤ ਬਾਬਾ ਸੁੱਖਾ ਸਿੰਘ ਕਾਰ ਸੇਵਾ ਸਰਹਾਲੀ ਸਾਹਿਬ ਵਾਲੇ ਅੱਤ ਦੀ ਗਰਮੀ ਵਿੱਚ ਹਜ਼ਾਰਾਂ ਦੀ ਤਦਾਦ 'ਚ ਸੰਗਤਾਂ ਨਾਲ ਨੰਗੇ ਪੈਰੀਂ ਪੈਦਲ ਚੱਲ ਕੇ ਪੰਜ ਪਿਆਰੇ ਸਾਹਿਬਾਨ ਦੀ ਅਗਵਾਈ ਵਿੱਚ ਤੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਵਿਸ਼ਾਲ ਨਗਰ ਕੀਰਤਨ ਲੈ ਕੇ ਚੋਹਲਾ ਸਾਹਿਬ ਦੇ ਪਵਿੱਤਰ ਗੁਰਧਾਮਾਂ ਵਿੱਚ ਨਤਮਸਤਕ ਹੁੰਦੀਆਂ ਹਨ। ਸਰਹਾਲੀ ਤੋਂ ਚੋਹਲਾ ਸਾਹਿਬ ਤੱਕ ਸੰਗਤਾਂ ਥਾਂ ਥਾਂ ਠੰਡੇ-ਮਿੱਠੇ ਜਲ ਦੀਆਂ ਛਬੀਲਾਂ ਤੇ ਭਾਂਤ-ਭਾਂਤ ਦੇ ਪਦਾਰਥਾਂ ਨਾਲ ਤਿਆਰ ਗੁਰੂ ਕੇ ਲੰਗਰਾਂ ਦੀ ਸੇਵਾ 'ਚ ਸੈਂਕੜੇ ਸੇਵਾਦਾਰਾਂ ਵੱਲੋਂ ਸੇਵਾਵਾ ਨਿਭਾ ਕੇ ਸੰਗਤਾਂ ਦੀ ਸੇਵਾ ਕੀਤੀ ਜਾਂਦੀ ਹੈ।

ਬਾਬਾ ਜੀ ਜਦੋਂ ਨਗਰ ਕੀਰਤਨ ਲੈ ਕੇ ਸਥਾਨਕ ਘੋੜੇ ਵਾਲਾ ਚੌਕ ਵਿੱਚ ਪੁੱਜੇ ਤਾਂ ਇਲਾਕੇ ਦੇ ਉੱਘੇ ਨੌਜਵਾਨ ਕਾਰੋਬਾਰੀ ਤੇ ਸੰਪਰਦਾਏ ਸਰਹਾਲੀ ਸਾਹਿਬ ਨਾਲ ਨੇੜਤਾ ਰੱਖਣ ਵਾਲੇ ਪਰਦੀਪ ਢਿੱਲੋਂ ਖੇਤੀ ਸਟੋਰ ਸਰਹਾਲੀ ਵਾਲਿਆਂ ਨੇ ਬਾਬਾ ਜੀ ਦੇ ਚਰਨਾਂ ਨੂੰ ਨਤਮਸਤਕ ਹੋਣ 'ਤੇ ਬਾਅਦ ਸ੍ਰੀ ਦਰਬਾਰ ਸਾਹਿਬ ਦੀ ਵੱਡੀ ਫੋਟੋ ਦੇ ਕੇ ਸਨਮਾਨਿਤ ਕੀਤਾ। ਇਸ ਮੌਕੇ ਉਨ੍ਹਾਂ ਨਾਲ ਅਜੀਤ ਸਿੰਘ ਪ੍ਰਧਾਨ, ਗੁਰਲਾਲ ਸਿੰਘ, ਕੇਵਲ ਨਈਅਰ, ਭਾਈ ਪ੍ਰਿਤਪਾਲ ਸਿੰਘ ਜਥੇਦਾਰ ਆਦਿ ਪ੍ਰਮੁੱਖ ਸ਼ਖਸੀਅਤਾਂ ਹਾਜ਼ਰ ਸਨ।

## ਮੇਰੀ ਮਾਂ ਵਾਂਗ ਇਲਾਜ ਤੋਂ ਬਿਨਾਂ ਕੋਈ ਦੁਨੀਆ ਤੋਂ ਨਾ ਜਾਵੇ: ਦਲਜਿੰਦਰ ਖਹਿਰਾ



ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)-ਕਾਦੀਆਂ ਨਜ਼ਦੀਕ ਪਿੰਡ ਧੰਦੋਈ ਵਿਖੇ ਲੋਕ ਸਹੂਲਤਾਂ ਲਈ ਨਾਰਵੇ ਤੋਂ ਆ ਕੇ ਆਪਣੀ ਜ਼ਮੀਨ ਵਿੱਚ ਆਪਣੇ ਹੀ ਪੈਸਿਆ ਨਾਲ ਇੱਕ ਆਧੁਨਿਕ ਤਕਨੀਕ ਵਾਲੇ ਹਸਪਤਾਲ ਦਾ ਨਿਰਮਾਣ ਕਰਵਾ ਰਿਹਾ ਹੈ ਬਲਜਿੰਦਰ ਸਿੰਘ ਖਹਿਰਾ। ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਭਾਵੁਕ ਹੋ ਕੇ ਬਲਜਿੰਦਰ ਖਹਿਰਾ ਦੱਸਦਾ ਹੈ ਕਿ ਉਸਦੀ ਉਮਰ ਢਾਈ ਸਾਲ ਦੀ ਸੀ ਜਦੋਂ ਘਰ ਵਿੱਚ ਗਰੀਬੀ ਕਾਰਨ ਇਲਾਜ ਨਾ ਹੋਣ ਕਰਕੇ ਉਸਦੀ ਮਾਤਾ ਜਸਬੀਰ ਕੌਰ ਚਲ ਵਸੀ। ਬਲਜਿੰਦਰ ਸਿੰਘ ਨੇ ਦੱਸਿਆ ਕਿ ਜਦ ਉਸਦੀ ਮਾਂ ਨੇ ਪ੍ਰਲੋਕ ਗਮਨ ਕੀਤਾ ਤਾਂ ਉਹ ਉਸਦੀ ਛਾਤੀ 'ਤੇ ਲੇਟਿਆ ਹੋਇਆ ਸੀ। ਇਲਾਜ ਨਾ ਹੋਣ ਕਰਕੇ ਮਾਤਾ ਦਾ ਦੁਨੀਆ ਨੂੰ ਛੱਡ ਜਾਣਾ ਮੇਰੀ ਜ਼ਿੰਦਗੀ ਦਾ ਇਕ ਅਹਿਮ ਮੋੜ ਸੀ। ਮੈਂ ਡਾਕਟਰ ਬਣ ਕੇ ਲੋਕਾਂ ਦੀ ਸੇਵਾ ਕਰਨ ਦਾ ਮਨ ਬਣਾ ਕੇ ਪੜ੍ਹਾਈ ਕੀਤੀ ਪਰ ਡਾਕਟਰ ਨਾ ਬਣ ਸਕਿਆ। ਨਾਰਵੇ ਜਾ ਕੇ ਕਾਫੀ ਸਖਤ ਮਿਹਨਤ ਕਰਕੇ ਕਾਰੋਬਾਰ ਸਥਾਪਿਤ ਕਰਕੇ ਖੂਬ ਪੈਸਾ ਕਮਾਇਆ ਤੇ ਪੰਜਾਬ ਅੰਦਰ ਗਰੀਬ ਪਰਿਵਾਰ ਦੀਆਂ ਬੱਚੀਆ ਦੇ ਵਿਆਹ ਕੀਤੇ ਤੇ ਲੋੜਵੰਦਾਂ ਦੀ ਮਦਦ ਕੀਤੀ। ਬਲਜਿੰਦਰ ਸਿੰਘ ਨੇ ਦੱਸਿਆ ਕਿ ਹੁਣ ਉਸਨੇ ਪਿੰਡ ਧੰਦੋਈ ਵਿਖੇ ਆਪਣੀ ਜ਼ਮੀਨ ਵਿੱਚ ਲੋਕ ਸੇਵਾ ਦੇ ਟੀਚੇ ਨੂੰ ਲੈ ਕੇ ਆਧੁਨਿਕ ਹਸਪਤਾਲ ਦਾ ਨਿਰਮਾਣ ਸ਼ੁਰੂ ਕੀਤਾ ਹੈ ਜਿਸ ਵਿੱਚ 24 ਘੰਟੇ ਐਮਰਜੈਂਸੀ ਸੇਵਾਵਾਂ ਜਾਰੀ ਰਹਿਣਗੀਆਂ ਤੇ ਤਜਰਬੇਕਾਰ ਡਾਕਟਰਾਂ ਤੇ ਤਜਰਬੇਕਾਰ ਹਸਪਤਾਲ ਦੇ ਸਟਾਫ਼ ਵਲੋਂ ਮਰੀਜ਼ਾ ਦੀ ਜਾਂਚ ਕਰਕੇ ਇਲਾਜ ਕੀਤਾ ਜਾਵੇਗਾ। ਖਰਚੇ ਅਤੇ ਦਵਾਈਆ ਵਿੱਚ 50 ਪ੍ਰਤੀਸ਼ਤ ਛੋਟ ਹੋਵੇਗੀ। ਉਨ੍ਹਾਂ ਦੱਸਿਆ ਕਿ ਨਾਰਵੇ ਵਿੱਚ ਉਸਦਾ ਬੇਟਾ ਡਾ. ਰਮਨਦੀਪ ਸਿੰਘ ਅਤੇ ਉਸਦੀ ਨੂੰਹ ਡਾ. ਪਵਨਦੀਪ ਕੌਰ ਪ੍ਰਮਾਣਿਤ ਡਾਕਟਰ ਹਨ ਤੇ ਉਹ ਵੀ ਨਾਰਵੇ ਤੋਂ ਆ ਕੇ ਪਿੰਡ ਧੰਦੋਈ ਵਿਖੇ ਬਣ ਰਹੇ ਮਾਤਾ ਜਸਬੀਰ ਕੌਰ ਚੈਰੀਟੇਬਲ ਹਸਪਤਾਲ ਵਿਖੇ ਆਪਣੀਆਂ ਡਾਕਟਰੀ ਸੇਵਾਵਾਂ ਨਿਭਾਉਣਗੇ। ਕਰੀਬ ਤਿੰਨ ਮਹੀਨੇ ਅੰਦਰ ਹਸਪਤਾਲ ਦੀ ਉਸਾਰੀ ਕਰ ਦਿੱਤੀ ਜਾਵਗੀ। ਇਸ ਮੌਕੇ ਮਾਤਾ ਸੁਮਿੱਤਰ ਕੌਰ, ਪ੍ਰਕਾਸ਼ ਕੌਰ, ਮਲਕੀਤ ਸਿੰਘ, ਗੁਰਮੀਤ ਕੌਰ, ਸਰਪੰਚ ਰਾਣਾ ਸਿੰਘ, ਮੋਹਣ ਸਿੰਘ, ਕੁਲਦਵੰਦਰ ਕੌਰ, ਜਗੀਰ ਸਿੰਘ. ਕਸ਼ਮੀਰ ਸਿੰਘ, ਚੰਨਣ ਸਿੰਘ, ਕੁਲਵੰਤ ਸਿੰਘ, ਹਰਿੰਦਰ ਸਿੰਘ, ਹਰਵਿੰਦਰ ਸਿੰਘ, ਜਰਨੈਲ ਸਿੰਘ, ਨਿਰਮਲ ਸਿੰਘ, ਚਰਨ ਸਿੰਘ, ਕੁਲਵੰਤ ਸਿੰਘ, ਪਲਵਿੰਦਰ ਸਿੰਘ, ਸਰਬਜੀਤ ਸਿੰਘ ਅਤੇ ਪ੍ਰਧਾਨ ਕੁੰਨਣ ਸਿੰਘ ਆਦਿ ਹਾਜ਼ਰ ਸਨ।

## ਨੌਜਵਾਨਾਂ ਠੰਡੇ-ਮਿੱਠੇ ਜਲ ਦੀ ਛਬੀਲ ਲਗਾਈ



ਚੋਹਲਾ ਸਾਹਿਬ (ਰਮਨ ਚੱਢਾ)-ਹਰ ਸਾਲ ਦੀ ਤਰਾਂ ਇਸ ਸਾਲ ਵੀ ਮੇਨ ਬਾਜ਼ਾਰ ਚੋਹਲਾ ਸਾਹਿਬ ਵਿਖੇ ਸ਼ਹੀਦਾਂ ਦੇ ਸਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਪਰਪਿਤ ਠੰਡੇ ਮਿੱਠੇ ਜਲ ਦੀ ਛਬੀਲ ਲਗਾਈ ਗਈ।

ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਅਰਸ਼ ਸਤਿਗੁਰ ਕੰਪਿਊਟਰ ਸੈਂਟਰ ਵਾਲਿਆਂ ਦੱਸਿਆ ਕਿ ਉਨਾਂ ਵੱਲੋਂ ਨੌਜਵਾਨਾਂ, ਦੁਕਾਨਦਾਰਾਂ ਅਤੇ ਇਲਾਕਾ ਨਿਵਾਸੀ ਸੰਗਤਾਂ ਦੇ ਸਹਿਯੋਗ ਨਾਲ ਮੇਨ ਬਾਜ਼ਾਰ ਚੋਹਲਾ ਸਾਹਿਬ ਵਿਖੇ ਠੰਡੇ ਮਿੱਠੇ ਜਲ ਦੀ ਛਬੀਲ ਲਗਾਈ ਗਈ ਹੈ ਅਤੇ ਸਾਰਾ ਦਿਨ ਸੰਗਤਾਂ ਨੇ ਜਲ ਛਕਿਆ।

ਇਸ ਸਮੇਂ ਅਮਨ ਕੈਨੇਡਾ, ਹਰਪ੍ਰੀਤ ਸਿੰਘ, ਨਵਦੀਪ ਸਿੰਘ ਨਵ, ਪ੍ਰਿਆਸ਼ੂ ਨਈਅਰ, ਸਾਹਿਲ, ਯੁਵਰਾਜ ਸਿੰਘ, ਵਿੱਕੀ ਡੁਬਈ, ਬਲਦੇਵ ਸਿੰਘ, ਅਮਰਜੀਤ ਸਿੰਘ ਬਾਜਵਾ, ਮਾਨ, ਰਾਕੇਸ਼ ਨਈਅਰ ਲਿਖਾਰੀ, ਸੀਏ ਜਜਮੀਤ ਸਿੰਘ, ਮਨਜਿੰਦਰ ਸਿੰਘ, ਨੈਤਿਕ ਨਈਅਰ, ਜਸਗੋਬਿੰਦ ਸਿੰਘ ਟੋਨੀ ਅਤੇ ਮਨੀ ਆਦਿ ਹਾਜ਼ਰ ਸਨ। ਇਸ ਮੌਕੇ ਭਾਰੀ ਗਿਣਤੀ ਵਿੱਚ ਰਾਹਗੀਰਾਂ ਨੇ ਛਬੀਲ ਪੀਤੀ।

## ਬਿਕਰਮਜੀਤ ਸਿੰਘ ਨੇ ਜੇਈਈ ਐਡਵਾਂਸ 'ਚ 124ਵਾਂ ਰੈਂਕ ਹਾਸਲ ਕੀਤਾ



ਧਾਰੀਵਾਲ (ਮਨਦੀਪ ਸਿੰਘ ਵਿੱਕੀ)-ਦੋਆਬਾ ਪਬਲਿਕ ਸਕੂਲ ਕੋਟ ਸੰਤੋਖ ਰਾਏ ਦੇ ਵਿਦਿਆਰਥੀ ਬਿਕਰਮਜੀਤ ਸਿੰਘ ਨੇ ਜੇਈਈ ਐਡਵਾਂਸ ਵਿੱਚ ਇੰਡਿਆਂ ਪੱਧਰ ਤੇ 124ਵਾਂ ਰੈਂਕ ਪ੍ਰਾਪਤ ਕਰਕੇ ਅਤੇ ਪੰਜਾਬ ਪੱਧਰ ਤੇ ਪਹਿਲੇ ਤਿੰਨ ਸਥਾਨਾਂ ਵਿੱਚ ਆਪਣਾ ਨਾਮ ਦਰਜ ਕਰਕੇ ਆਪਣੇ ਸਕੂਲ, ਮਾਤਾ ਪਿਤਾ ਅਤੇ ਇਲਾਕਾ ਧਾਰੀਵਾਲ/ਜ਼ਿਲ੍ਹਾ ਗੁਰਦਾਸਪੁਰ ਦਾ ਨਾਂ ਰੌਸ਼ਨ ਕੀਤਾ ਹੈ। ਇਸ ਸਬੰਧੀ ਖੁਸ਼ੀ ਪ੍ਰਗਟ ਕਰਦਿਆਂ ਸਕੂਲ ਪ੍ਰਬੰਧਕ ਕਮੇਟੀ ਦੇ ਚੇਅਰਮੈਨ ਬਰਿੰਦਰ ਸਿੰਘ ਛੋਟੇਪੁਰ ਅਤੇ ਪ੍ਰਿੰਸੀਪਲ ਬਰਿੰਦਰ ਕੌਰ ਨੇ ਦੱਸਿਆ ਕਿ ਬਿਕਰਮਜੀਤ ਸਿੰਘ ਨੇ ਨਰਸਰੀ ਤੋਂ ਲੈ ਕੇ ਬਾਰ੍ਹਵੀਂ ਜਮਾਤ ਦੀ ਪੜ੍ਹਾਈ ਦੋਆਬਾ ਪਬਲਿਕ ਸਕੂਲ ਤੋਂ ਕੀਤੀ ਹੈ। ਇਹ ਵਿਦਿਆਰਥੀ ਸ਼ੁਰੂ ਤੋਂ ਹੀ ਬਹੁਤ ਮਿਹਨਤੀ ਤੇ ਦ੍ਰਿੜ ਇਰਾਦੇ ਵਾਲਾ ਰਿਹਾ ਹੈ। ਇਹ ਜਮਾਤ ਬਾਰ੍ਹਵੀਂ (ਸਾਇੰਸ) ਵਿੱਚੋਂ ਵੀ ਜ਼ਿਲ੍ਹਾ ਗੁਰਦਾਸਪੁਰ ਵਿੱਚੋਂ ਪਹਿਲਾ ਸਥਾਨ ਪ੍ਰਾਪਤ ਕਰਕੇ ਜ਼ਿਲ੍ਹੇ 'ਚੋਂ ਮੋਹਰੀ/ਅੱਵਲ ਰਿਹਾ ਸੀ। ਬਿਕਰਮਜੀਤ ਸਿੰਘ ਹੁਣ ਭਾਰਤ ਦੀਆਂ ਮੋਹਰਲੀਆਂ ਆਈਆਈਟੀ ਯੂਨੀਵਰਸਿਟੀਆਂ ਵਿੱਚੋਂ ਕਿਸੇ ਵੀ ਯੂਨੀਵਰਸਿਟੀ ਵਿੱਚ ਆਪਣੀ ਮਰਜ਼ੀ ਨਾਲ ਦਾਖਲਾ ਲੈ ਸਕੇਗਾ। ਇਸ ਮੌਕੇ ਹੋਣਹਾਰ ਵਿਦਿਆਰਥੀ ਬਿਕਰਮਜੀਤ ਸਿੰਘ ਅਤੇ ਉਸਦੇ ਮਾਤਾ ਕਿਰਨਦੀਪ ਕੌਰ, ਪਿਤਾ ਜਸਪਾਲ ਸਿੰਘ ਦਾ ਸਕੂਲ ਪਹੁੰਚਣ ਤੇ ਸਵਾਗਤ ਕੀਤਾ ਅਤੇ ਪ੍ਰਿੰਸੀਪਲ ਬਰਿੰਦਰ ਕੌਰ ਨੇ ਹੋਣਹਾਰ ਵਿਦਿਆਰਥੀ ਬਿਕਰਮਜੀਤ ਸਿੰਘ ਦਾ ਮੂੰਹ ਮਿੱਠਾ ਕਰਵਾਇਆ ਅਤੇ ਵਿਸ਼ੇਸ਼ ਸਨਮਾਨ ਕੀਤਾ। ਸਕੂਲ ਦੇ ਚੇਅਰਮੈਨ ਬਰਿੰਦਰ ਸਿੰਘ ਛੋਟੇਪੁਰ ਅਤੇ ਪ੍ਰਿੰਸੀਪਲ ਬਰਿੰਦਰ ਕੌਰ ਨੇ ਕਿਹਾ ਵਿਦਿਆਰਥੀ ਬਿਕਰਮਜੀਤ ਸਿੰਘ ਦੀ ਇਸ ਸਫ਼ਲਤਾ ਦਾ ਸਿਹਰਾ ਵਿਦਿਆਰਥੀ ਬਿਕਰਮਜੀਤ ਸਿੰਘ ਤੇ ਉਸਦੇ ਮਾਪਿਆਂ ਅਤੇ ਮਿਹਨਤੀ ਸਟਾਫ ਨੂੰ ਜਾਂਦਾ ਹੈ। ਉਨ੍ਹਾਂ ਨੇ ਵਿਦਿਆਰਥੀ ਦੇ ਸਮੁੱਚੇ ਪਰਿਵਾਰ, ਸਮੂਹ ਸਕੂਲ ਸਟਾਫ ਅਤੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ

## ਤਪ ਅਸਥਾਨ ਪੂਹਲਾ ਸਾਹਿਬ ਦੇ ਦੀਵਾਨ ਹਾਲ ਦਾ ਰੱਖਿਆ ਨੀਂਹ ਪੱਥਰ



ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਗੁਰਦੁਆਰਾ ਸ਼ਹੀਦ ਭਾਈ ਤਾਰੂ ਸਿੰਘ ਜੀ ਦੇ ਤਪ ਅਸਥਾਨ ਪੂਹਲਾ ਸਾਹਿਬ ਵਿਖੇ ਬੀਬੀ ਕੌਲਾਂ ਜੀ ਭਲਾਈ ਕੇਂਦਰ ਟਰੱਸਟ ਵੱਲੋਂ ਸੰਗਤਾਂ ਦੇ ਸਹਿਯੋਗ ਨਾਲ ਵੱਡਾ ਦੀਵਾਨ ਹਾਲ ਬਣਾਇਆ ਜਾ ਰਿਹਾ ਹੈ ਜਿਸ ਦਾ ਬੀਤੇ ਦਿਨੀਂ ਹੈੱਡ ਗ੍ਰੰਥੀ ਸਿੰਘ ਸਾਹਿਬ ਗਿਆਨੀ ਜਗਤਾਰ ਸਿੰਘ ਸ੍ਰੀ ਦਰਬਾਰ ਸਾਹਿਬ, ਅਰਦਾਸੀਏ ਭਾਈ ਪ੍ਰੇਮ ਸਿੰਘ, ਬਾਬਾ ਅਵਤਾਰ ਸਿੰਘ ਸੁਰਸਿੰਘ ਵਾਲੇ, ਭਾਈ ਗੁਰਇਕਬਾਲ ਸਿੰਘ ਅਤੇ ਪ੍ਰਮੁੱਖ ਸਖਸ਼ੀਅਤਾਂ ਵੱਲੋਂ ਨੀਂਹ ਪੱਥਰ ਰੱਖਿਆ ਗਿਆ। ਇਸ ਮੌਕੇ ਭਾਈ ਗੁਰਇਕਬਾਲ ਸਿੰਘ ਨੇ ਕੀਰਤਨ ਦੀਆਂ ਹਾਜ਼ਰੀਆਂ ਭਰਦੇ ਹੋਏ ਦਸਿਆ ਕਿ ਸ਼ਹੀਦ ਭਾਈ ਤਾਰੂ ਸਿੰਘ ਦੇ ਪਵਿੱਤਰ ਅਸਥਾਨ ਤੇ ਸੰਗਤਾਂ ਦੇ ਸਹਿਯੋਗ ਨਾਲ ਜਿਥੇ ਹੋਰ ਅਨੇਕਾਂ ਸੇਵਾਵਾਂ ਟਰੱਸਟ ਵੱਲੋਂ ਚਲ ਰਹੀਆਂ ਹਨ ਉਥੇ ਹੁਣ ਤਕਰੀਬਨ 15 ਹਜ਼ਾਰ ਸੰਗਤਾਂ ਦੇ ਬੈਠਣ ਲਈ ਵੱਡਾ ਦੀਵਾਨ ਤਿਆਰ ਕੀਤਾ ਜਾ ਰਿਹਾ ਹੈ। ਭਾਈ ਸਾਹਿਬ ਨੇ ਦੱਸਿਆ ਕਿ ਸੰਗਤਾਂ ਦੀ ਆਮਦ ਚ ਵਾਧਾ ਹੋਣ ਕਰਕੇ ਇਹ ਦੀਵਾਨ ਹਾਲ ਬਹੁਤ ਜਲਦੀ ਤਿਆਰ ਕੀਤਾ ਜਾਵੇਗਾ। ਇਹ ਸਾਰੀ ਸੇਵਾਵਾਂ ਦੀ ਦੇਖ-ਰੇਖ ਟਰੱਸਟ ਵੱਲੋਂ ਭਾਈ ਹਰਮਿੰਦਰ ਸਿੰਘ ਬਾਬਾ ਕਾਰ ਸੇਵਾ ਵਾਲਿਆਂ ਨੂੰ ਸੌਂਪੀ ਗਈ ਹੈ।

ਇਸ ਮੌਕੇ ਵਿਸ਼ੇਸ਼ ਤੌਰ 'ਤੇ ਰਸੀਵਰ ਜਸਪਾਲ ਸਿੰਘ, ਜਥੇਦਾਰ ਗੁਰਸੇਵਕ ਸਿੰਘ, ਮੈਨੇਜਰ ਜਗੀਰ ਸਿੰਘ, ਸਰਪੰਚ ਸੁਖਵੰਤ ਸਿੰਘ, ਲਖਵਿੰਦਰ ਸਿੰਘ, ਪ੍ਰਧਾਨ ਪਿਆਰਾ ਸਿੰਘ, ਸ਼ਮਸ਼ੇਰ ਸਿੰਘ, ਕੈਪਟਨ ਬਲਵਿੰਦਰ ਸਿੰਘ ਪਹੂਵਿੰਡ ਸਾਹਿਬ, ਬਲਜੀਤ ਸਿੰਘ ਭਿੱਖੀਵਿੰਡ ਜੁਗਿੰਦਰ ਸਿੰਘ ਹਾਜ਼ਰ ਸਨ।

## ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਸੱਦੇ 'ਤੇ ਵਿਧਾਇਕ ਸੋਹਲ ਨੂੰ ਦਿੱਤਾ ਮੰਗ ਪੱਤਰ



ਤਰਨ ਤਾਰਨ (ਪ੍ਰਿਤਪਾਲ ਸਿੰਘ)-ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਸੱਦੇ 'ਤੇ ਪੰਜਾਬ ਦੀ ਮਾਨ ਸਰਕਾਰ ਦੇ ਮੰਤਰੀਆਂ, ਐਮਐਲਏ ਦੇ ਘਿਰਾਓ ਦੇ ਸਬੰਧ ਵਿੱਚ ਹਲਕਾ ਤਰਨਤਾਰਨ ਦੇ ਵਿਧਾਇਕ ਕਸ਼ਮੀਰ ਸਿੰਘ ਸੋਹਲ ਦੇ ਘਰ ਮੂਹਰੇ ਸੂਬਾ ਆਗੂ ਹਰਪ੍ਰੀਤ ਸਿੰਘ ਸਿੱਧਵਾਂ, ਜਰਨੈਲ ਸਿੰਘ ਨੂਰਦੀ ਦੀ ਅਗਵਾਈ ਹੇਠ ਧਰਨਾ ਲਗਾ ਕੇ ਮੰਗ ਪੱਤਰ ਦਿੱਤਾ ਗਿਆ। ਇਸ ਮੌਕੇ ਸਲਵਿੰਦਰ ਸਿੰਘ ਜੀਉਬਾਲਾ, ਕੁਲਵਿੰਦਰ ਸਿੰਘ ਕੈਰੋਵਾਲ, ਮਨਜਿੰਦਰ ਸਿੰਘ ਗੋਹਲਵੜ ਨੇ ਕਿਹਾ ਕਿ ਪੰਜਾਬ ਦੀ ਮਾਨ ਸਰਕਾਰ ਸੈਂਟਰ ਦੀ ਮੋਦੀ ਸਰਕਾਰ ਦੇ ਕਹੇ ਕਥਨਾਂ ਨੂੰ ਪੂਰੇ ਕਰਨ ਦੀ ਪੂਰੀ ਵਾਹ ਲਾ ਰਹੀ ਹੈ। ਜਿਵੇਂ ਕਿ ਭਾਰਤ ਮਾਲਾਂ ਪਰੋਜੈਕਟ ਅਧੀਨ ਪੰਜਾਬ ਦੀ ਜ਼ਮੀਨ ਜੋ ਸਰਕਾਰ ਵੱਲੋਂ ਐਕਵਾਇਰ ਕੀਤੀ ਜਾ ਰਹੀ ਹੈ, ਜਿਸ ਦਾ ਸਾਰਥਿਕ ਮੁੱਲ ਦਿੱਤੇ ਬਗੈਰ ਕਬਜ਼ਾ ਕਰਨ ਲਈ ਪੂਰੀ ਅਫਸਰਸ਼ਾਹੀ ਦੀ ਮਦਦ ਨਾਲ ਧੱਕੇ ਨਾਲ ਕਬਜ਼ਾ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਧਰਨੇ ਵਿੱਚ ਬੋਲਦਿਆਂ ਵੱਖ ਵੱਖ ਪਿੰਡਾਂ ਅਤੇ ਜ਼ੋਨਾਂ ਤੋਂ ਆਏ ਆਗੂਆਂ ਨੇ ਕਿਹਾ ਕਿ ਪਿੰਡਾਂ ਵਿੱਚ ਚਿੱਪ ਵਾਲੇ ਮੀਟਰ ਕਿਸੇ ਵੀ ਹਾਲਿਤ ਵਿੱਚ ਨਹੀਂ ਲੱਗਣ ਦਿੱਤੇ ਜਾਣਗੇ। ਉਨਾਂ ਕਿਹਾ ਕਿ ਨਹਿਰੀ ਵਿਭਾਗ ਵੱਲੋਂ ਵੱਡੇ ਵੱਡੇ ਦਾਅਵੇ ਕੀਤੇ ਸਨ ਕਿ ਨਹਿਰੀ ਪਾਣੀ ਹਰ ਖੇਤ ਤੱਕ ਪੁੱਜਦਾ ਕੀਤਾ ਜਾਵੇਗਾ, ਉਸ ਵਿੱਚ ਵੀ ਵਿਭਾਗ ਦੇ ਦਾਅਵੇ ਖੋਖਲੇ ਸਾਬਿਤ ਹੋਏ ਹਨ। ਸੋ ਇਸੇ ਲਈ ਅੱਜ ਪੰਜਾਬ ਦੇ ਮੰਤਰੀਆਂ ਅਤੇ ਐਮਐਲਏ ਨੂੰ ਮੰਗ ਪੱਤਰ ਸੌਂਪੇ ਗਏ ਅਤੇ ਮੰਗ ਕੀਤੀ ਕਿ ਪੰਜਾਬ ਵਿੱਚ ਬੀਜੀਆਂ ਜਾਣ ਵਾਲੀਆਂ ਸਾਰੀਆਂ ਫਸਲਾਂ ਦੀ ਖਰੀਦ ਦਾ ਗਾਰੰਟੀ ਕਾਨੂੰਨ ਬਣਾਇਆ ਜਾਵੇ, ਸਾਰੀਆਂ ਫਸਲਾਂ ਦੀ ਦਿੱਤੀ ਜਾਵੇ। ਭਾਰਤ ਮਾਲਾ ਪਰੋਜੈਕਟ ਅਧੀਨ ਆਈ ਸਾਰੀ ਜ਼ਮੀਨ ਦਾ ਇੱਕ ਸਾਰ ਮੁੱਲ ਦਿੱਤਾ ਜਾਵੇ, ਉਸ ਤੋਂ ਪਹਿਲਾਂ ਕਿਸੇ ਵੀ ਜ਼ਮੀਨ 'ਤੇ ਸਰਕਾਰ ਕਬਜ਼ਾ ਨਾ ਕਰੇ। ਪੰਜਾਬ ਦੀ ਵਾਹੀਯੋਗ ਜ਼ਮੀਨ ਨੂੰ ਨਹਿਰੀ ਪਾਣੀ ਟੇਲਾਂ ਤੱਕ ਪੁਜਦਾ ਕੀਤਾ ਜਾਵੇ, ਪ੍ਰੀਪੇਡ ਸਮਾਰਟ ਮੀਟਰਾਂ ਦਾ ਫੈਸਲਾ ਰੱਦ ਕਰਨ ਸਮੇਤ ਸਾਰੀਆਂ ਬਿਜਲੀ ਸਬੰਧਤ ਮੰਗਾਂ ਪਹਿਲ ਦੇ ਆਧਾਰ 'ਤੇ ਮੰਨੀਆਂ ਜਾਣ। ਬਾਬਾ ਬੰਦਾ ਸਿੰਘ ਬਹਾਦਰ ਦੇ ਨਾਮ 'ਤੇ ਕਾਨੂੰਨ ਬਣਾ ਕੇ ਅਬਾਦਕਾਰਾਂ ਨੂੰ ਜ਼ਮੀਨਾਂ ਦੇ ਪੱਕੇ ਮਾਲਕੀ ਹੱਕ ਦਿੱਤੇ ਜਾਣ। ਕਿਸਾਨ ਆਗੂਆਂ ਨੇ ਕਿਹਾ ਕਿ ਹੁਸ਼ਿਆਰਪੁਰ ਦੇ ਟਾਂਡਾ ਦੇ ਐਮਐਲਏ ਨੂੰ ਮੰਗ ਪੱਤਰ ਦੇਣ ਜਾਂ ਰਹੇ ਕਿਸਾਨਾਂ 'ਤੇ ਉਥੋਂ ਦੇ ਐਮਐਲਏ ਦੇ ਕਹਿਣ 'ਤੇ ਜੋ ਲਾਠੀਚਾਰਜ ਕੀਤਾ ਹੈ ਉਹ ਨਿੰਦਣਯੋਗ ਹੈ। ਇਸ ਮੌਕੇ ਬੀਬੀ ਕੁਲਵੰਤ ਕੌਰ ਭੋਜੀਆਂ, ਬਲਜੀਤ ਸਿੰਘ ਰਾਟੋਲ, ਬਲਜੀਤ ਸਿੰਘ ਝਬਾਲ, ਮੁਖਤਾਰ ਸਿੰਘ ਬਾਕੀਪੁਰ, ਅੰਗਰੇਜ਼ ਸਿੰਘ ਦਬੁਰਜੀ, ਵੀਰ ਸਿੰਘ ਕੋਟ, ਨਿੰਦਰ ਸਿੰਘ ਮੂਸੇ ਆਦਿ ਆਗੂ ਹਾਜ਼ਰ ਸਨ ।

## ਰੋਟਰੀ ਕਲੱਬ ਆਸਥਾ ਵੱਲੋਂ ਦੇਸ਼ ਤੇ ਸਮਾਜ ਭਲਾਈ ਕੰਮਾਂ ਦਾ ਸਾਲਾਨਾ ਬੁਲੇਟਨ ਜਾਰੀ



ਅੰਮ੍ਰਿਤਸਰ (ਅਰੋੜਾ): ਵਿਸ਼ਵ ਭਰ ਦੀ ਰੋਟਰੀ ਕਲੱਬ ਵੱਲੋਂ ਨਿਰਧਾਰਿਤ ਨਿਯਮਾਂ ਦੇ ਚਲਦੇ ਰੋਟਰੀ ਇੰਟਰਨੈਸ਼ਨਲ ਵੱਲੋਂ ਜਾਰੀ ਕੀਤੀਆਂ ਗਈਆਂ ਹਦਾਇਤਾਂ ਦੇ ਅਨੁਸਾਰ ਰੋਟਰੀ ਕਲੱਬ ਦੇ ਪ੍ਰਧਾਨ ਅਸ਼ਵਨੀ ਅਵਸਥੀ ਸਕੱਤਰ ਅਮਨ ਸ਼ਰਮਾ ਅਤੇ ਪ੍ਰੋਜੈਕਟ ਚੇਅਰਮੈਨ ਪਰਮਜੀਤ ਸਿੰਘ ਕੋਆਰਡੀਨੇਟਰ ਇੰਜੀਨੀਅਰ ਅਸ਼ੋਕ ਸ਼ਰਮਾ ਦੀ ਦੇਖ ਰੇਖ ਵਿੱਚ ਸਾਲ 2022-23 ਦੇ ਦੌਰਾਨ ਕੀਤੇ ਗਏ ਦੇਸ਼ ਅਤੇ ਸਮਾਜ ਭਲਾਈ ਦੇ ਕੰਮਾਂ ਦੇ ਸੰਬੰਧ ਵਿੱਚ ਰੋਟਰੀ ਮੈਂਬਰਾਂ ਨੂੰ ਜਾਣਕਾਰੀ ਦੇਣ ਲਈ ਬੁਲੇਟਨ ਜਾਰੀ ਕੀਤਾ ਗਿਆ। ਇਸ ਸੰਬੰਧ ਵਿੱਚ ਰਾਮ ਬਾਗ ਸਥਿਤ ਸਰਵਿਸ ਕਲੱਬ ਵਿੱਚ ਇੱਕ ਸਮਾਗਮ ਦਾ ਆਯੋਜਨ ਵੀ ਕੀਤਾ ਗਿਆ।

ਰੋਟਰੀ 3070 ਦੇ ਆਉਣ ਵਾਲੇ ਗਵਰਨਰ ਰੋਹਿਤ ਓਬਰੋਏ ਮੁੱਖ ਮਹਿਮਾਨ ਵੱਜੋਂ ਸ਼ਾਮਿਲ ਹੋਏ। ਉਨ੍ਹਾਂ ਨੇ ਆਪਣੇ ਸ਼ੁੱਭ ਹੱਥਾਂ ਨਾਲ ਸੁਚਿੱਤਰ ਬੁਲੇਟਨ ਜਾਰੀ ਕਰਨ ਦੀ ਰਸਮ ਨਿਭਾਈ । ਉਨ੍ਹਾਂ ਨੇ ਰੋਟਰੀ ਆਸਥਾ ਵੱਲੋਂ ਕੀਤੇ ਜਾਣ ਵਾਲੇ ਦੇਸ਼ ਅਤੇ ਸਮਾਜ ਭਲਾਈ ਦੇ ਕੰਮਾਂ ਦੀ ਭਰਪੂਰ ਸ਼ਲਾਘਾ ਕੀਤੀ ਅਤੇ ਕਲੱਬ ਨੂੰ ਹਰ ਤਰ੍ਹਾਂ ਦੀ ਸਹਾਇਤਾ ਦੇਣ ਦਾ ਭਰੋਸਾ ਵੀ ਦਿੱਤਾ।

ਇਸ ਮੌਕੇ ਕਲੱਬ ਦੇ ਚਾਟਰਡ ਪ੍ਰਧਾਨ ਐਚ.ਐਸ. ਜੋਗੀ, ਸਾਬਕਾ ਗਵਰਨਰ ਐਮ.ਐਮ. ਜੈਰਥ, ਸਾਬਕਾ ਪ੍ਰਧਾਨ ਜਤਿੰਦਰ ਪੱਪੂ, ਡਾ. ਗਗਨਦੀਪ ਸਿੰਘ, ਸਰਬਜੀਤ ਸਿੰਘ, ਅੰਦੇਸ਼ ਭੱਲਾ, ਪ੍ਰਮੋਦ ਸੋਢੀ, ਹਰਜਾਪ ਸਿੰਘ ਬਲ, ਰਜਿੰਦਰ ਸਿੰਘ ਕੋਚਰ, ਰਾਹੁਲ ਤਲਵਾਰ, ਗੁਰਮਿੰਦਰ ਸਿੰਘ ਥਿੰਦ, ਕੰਵਲਜੀਤ ਸਿੰਘ, ਹਰਦੇਸ਼ ਸ਼ਰਮਾ, ਮਨਿੰਦਰ ਸਿਮਰਨ, ਮਨਮੋਹਨ ਸਿੰਘ, ਅਤੇ ਰੋਟਰੀ ਕਲੱਬ ਆਸਥਾ ਦੇ ਸਮੂਹ ਮੈਂਬਰ ਮੌਜੂਦ ਸਨ।

## ਕੁੰਵਰ ਵਿਜੇ ਪ੍ਰਤਾਪ ਸਿੰਘ ਵੱਲੋਂ ਦੁੱਖ ਦਾ ਪ੍ਰਗਟਾਵਾ



**ਟਾਂਗਰਾ (ਲਾਡੀ ਮੱਲ੍ਹੀ)-ਸਰਦਾਰਨੀ ਲਖਬੀਰ ਕੌਰ 11 ਜੂਨ ਨੂੰ ਅਕਾਲ ਚਲਾਣਾ ਕਰ ਗਏ ਸਨ। ਡਾ. ਕੁੰਵਰ ਵਿਜੇ ਪ੍ਰਤਾਪ ਸਿੰਘ ਐਮਐਲਏ (ਉੱਤਰੀ) ਅੰਮ੍ਰਿਤਸਰ ਵੱਲੋਂ ਮਾਤਾ ਦੇ ਗ੍ਰਹਿ ਡਾਇਮੰਡ ਐਵਨਿਊ, ਮਜੀਠਾ ਰੋਡ, ਅੰਮ੍ਰਿਤਸਰ ਵਿਖੇ ਪਹੁੰਚ ਕੇ ਉਨ੍ਹਾਂ ਦੇ ਪੁੱਤਰ ਕੁਲਦੀਪ ਸਿੰਘ, ਡਾ. ਕਸ਼ਮੀਰ ਸਿੰਘ ਅਤੇ ਉਨ੍ਹਾਂ ਦੇ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ ਗਿਆ। ਇਸ ਮੌਕੇ ਇੰਸਪੈਕਟਰ ਪਵਨ ਕੁਮਾਰ, ਰਾਕੇਸ਼ ਕੁਮਾਰ, ਇੰਸਪੈਕਟਰ ਪ੍ਰਭਦਿਆਲ ਸਿੰਘ, ਇੰਸਪੈਕਟਰ ਧਰਮਜੀਤ ਸਿੰਘ, ਸੰਦੀਪ ਕੁਮਾਰ, ਕਸ਼ਮੀਰ ਸਿੰਘ, ਵੀ. ਐਨ. ਸ਼ਰਮਾ ਹਾਜ਼ਰ ਸਨ।**

*ਝਬਾਲ-ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਅੱਡਾ ਝਬਾਲ ਤਰਨ ਤਾਰਨ ਰੋਡ ਘੋਨਾ ਮਾਰਕੀਟ ਦੇ ਸਮੂਹ ਦੁਕਾਨਦਾਰਾਂ ਵੱਲੋਂ ਠੰਡੇ-ਮਿੱਠੇ ਜਲ ਦੀ ਛਬੀਲ ਲਗਾਈ ਗਈ। ਇਸ ਮੌਕੇ ਛਬੀਲ ਦੀ ਸੇਵਾ ਕਰਦੇ ਹੋਏ ਸੇਵਾਦਾਰ ਨਰਿੰਦਰ ਸਿੰਘ ਘੋਨਾ, ਸੁਰਿੰਦਰ ਸਿੰਘ ਧੁੰਨਾ, ਬਲਜਿੰਦਰ ਸਿੰਘ ਸੋਨੂੰ, ਸਿਮਰਨ ਸਿੰਘ ਧੁੰਨਾ, ਲਵ ਕੈਫੇ, ਐਸ ਐਮ ਮੋਬਾਈਲ ਰਿਪੇਅਰ, ਸਾਜਨ, ਸੁਰਜੀਤ ਸਿੰਘ ਸੋਹਲ, ਜੱਗੂ ਨੂਰਦੀ, ਮਨਦੀਪ ਸਿੰਘ, ਰਿੰਕਾ ਅੱਡਾ ਝਬਾਲ, ਲੱਖਾ ਸਿੰਘ ਮੱਝੂਪੁਰ, ਅਮਨ ਅਰੋੜਾ, ਜੈ ਟੇਲਰ, ਅਮਰ ਕੇਵਲ ਵਾਲਾ, ਸਿਮਰਨਜੀਤ ਸਿੰਘ ਚੀਮਾ, ਗੁਰਜੇਵਕ ਸਿੰਘ, ਰਾਜਨ ਮਸੀਹ ਅਤੇ ਹੋਰ ਸੇਵਾਦਾਰ ਹਾਜ਼ਰ ਸਨ। (ਫੋਟੋ ਕੈਪਸ਼ਨ ਤੇ ਵੇਰਵਾ: ਹਰਜਿੰਦਰ ਸਿੰਘ ਸੋਨੀ/ਰੌਬਿਨ ਸਿੰਘ ਸੋਨੀ)*



## ਪੰਜਾਬ ਸਰਕਾਰ ਨੂੰ ਗੁਰਦੁਆਰਾ ਐਕਟ 'ਚ ਸੋਧ ਕਰਨ ਦਾ ਕੋਈ ਅਧਿਕਾਰ ਨਹੀਂ : ਜਥੇਦਾਰ ਗੋਰਾ

### ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਤੋਂ ਗੁਰਬਾਣੀ ਦਾ ਪ੍ਰਸਾਰਣ ਪਹਿਲਾਂ ਹੀ ਬਿਲਕੁੱਲ ਮੁਫਤ ਕੀਤਾ ਜਾਂਦੈ



ਧਾਰੀਵਾਲ (ਮਨਦੀਪ ਸਿੰਘ ਵਿੱਕੀ)-ਸ਼੍ਰੋਮਣੀ ਕਮੇਟੀ ਹਲਕਾ ਬਟਾਲਾ ਤੋਂ ਧਾਰਮਿਕ ਨੁਮਾਇੰਦਗੀ ਕਰ ਰਹੇ ਧਾਰਮਿਕ ਆਗੂ ਜਥੇਦਾਰ ਗੁਰਿੰਦਰਪਾਲ ਸਿੰਘ ਗੋਰਾ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਵੱਲੋਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ ਤੋਂ ਗੁਰਬਾਣੀ ਦਾ ਪ੍ਰਸਾਰਣ ਮੁਫਤ ਕਰਨ ਲਈ ਸਿੱਖ ਗੁਰਦੁਆਰਾ ਐਕਟ 1925 ਵਿੱਚ ਨਵੀਂ ਸੋਧ ਕਰਨ ਲਈ ਦਿੱਤੇ ਬਿਆਨ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕਰਦਿਆਂ ਕਿਹਾ ਕਿ ਸਿੱਖਾਂ ਦੇ ਧਾਰਮਿਕ ਖੇਤਰ 'ਤੇ ਕੰਟਰੋਲ ਕਰਨ ਦੀ ਕੋਸ਼ਿਸ਼ ਨੂੰ ਸਿੱਖ ਕੌਮ ਕਦੇ ਪ੍ਰਵਾਨ ਨਹੀਂ ਕਰੇਗਾ। ਉਨ੍ਹਾਂ ਕਿਹਾ ਕਿ ਗੁਰਦੁਆਰਾ ਐਕਟ ਕੇਂਦਰ ਸਰਕਾਰ ਦੇ ਅਧੀਨ ਹੈ, ਇਸ ਵਿੱਚ ਸੋਧ ਕਰਨ ਲਈ ਪੰਜਾਬ ਸਰਕਾਰ ਕੋਲ ਕੋਈ ਅਧਿਕਾਰ ਨਹੀਂ ਹੈ। ਐਕਟ ਵਿੱਚ ਕੋਈ ਵੀ ਨਵੀਂ ਸੋਧ ਕਰਨੀ ਹੋਵੇ ਤਾਂ ਪਹਿਲਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਹਾਊਸ 'ਚ ਮਤਾ ਪਾਸ ਕਰਕੇ ਕੇਂਦਰ ਸਰਕਾਰ ਨੂੰ ਭੇਜਿਆ ਜਾਵੇਗਾ ਤਾਂ ਹੀ ਕੇਂਦਰ ਸਰਕਾਰ ਵੀ ਗੁਰਦੁਆਰਾ ਐਕਟ ਵਿੱਚ ਨਵੀਂ ਸੋਧ ਕਰ ਸਕਦੀ ਹੈ। ਉਨ੍ਹਾਂ ਕਿਹਾ ਕਿ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ ਤੋਂ ਰੋਜ਼ਾਨਾ ਸਵੇਰੇ ਸ਼ਾਮ ਹੋ ਰਿਹਾ ਗੁਰਬਾਣੀ ਪ੍ਰਸਾਰਣ ਪਹਿਲਾਂ ਤੋਂ ਹੀ ਬਿਲਕੁੱਲ ਮੁਫਤ ਕੀਤਾ ਜਾ ਰਿਹਾ ਹੈ। ਜਥੇਦਾਰ ਗੋਰਾ ਨੇ ਕਿਹਾ ਕਿ ਗੁਰਬਾਣੀ ਪ੍ਰਸਾਰਣ ਦਾ ਕਿਸੇ ਕੋਲੋਂ ਕੋਈ ਵਾਧੂ ਪੈਸਾ ਨਹੀਂ ਲਿਆ ਜਾਂਦਾ। ਕੋਈ ਇੱਕ ਵਿਅਕਤੀ ਵੀ ਦੱਸੇ ਕਿ ਗੁਰਬਾਣੀ ਪ੍ਰਸਾਰਣ ਦੇਖਣ ਲਈ ਉਸਨੂੰ ਕੋਈ ਵਾਧੂ ਪੈਸਾ ਦੇਣਾ ਪੈਂਦਾ ਹੈ। ਜਥੇਦਾਰ ਗੋਰਾ ਨੇ ਪੰਜਾਬ ਦੇ ਮੁੱਖ ਮੰਤਰੀ ਨੂੰ ਸਵਾਲ ਕੀਤਾ ਕਿ ਉਹ ਪੰਜਾਬ ਦੀ ਜਨਤਾ ਨੂੰ ਜਵਾਬ ਦੇਣ ਕਿ ਕੀ ਪਹਿਲਾਂ ਗੁਰਬਾਣੀ ਦਾ ਪ੍ਰਸਾਰਣ ਮੁਫਤ ਹੋ ਰਿਹਾ ਹੈ ਕਿ ਨਹੀਂ। ਜਥੇਦਾਰ ਗੋਰਾ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਸਮੇਂ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ ਨਜ਼ਦੀਕ ਹੈਰੀਟੇਜ ਤਿਆਰ ਕਰਕੇ ਵੱਡੀਆਂ ਵੱਡੀਆਂ ਸਕਰੀਨਾਂ ਲਗਾਈਆਂ ਗਈਆਂ ਸਨ, ਜਿਨ੍ਹਾਂ 'ਤੇ ਗੁਰਬਾਣੀ ਦਾ ਪ੍ਰਸਾਰਣ ਹੁੰਦਾ ਸੀ ਪਰ ਪੰਜਾਬ ਦੇ ਮੁੱਖ ਮੰਤਰੀ ਮਾਨ ਨੇ ਸਕਰੀਨਾਂ 'ਤੇ ਗੁਰਬਾਣੀ ਪ੍ਰਸਾਰਣ ਬੰਦ ਕਰਕੇ ਆਪਣੀਆਂ ਤਸਵੀਰਾਂ ਲਗਾ ਕੇ ਆਪਣੀਆਂ ਮਸ਼ਹੂਰੀਆਂ ਦੇਣੀਆਂ ਸ਼ੁਰੂ ਕਰ ਦਿੱਤੀਆਂ। ਜਥੇਦਾਰ ਗੋਰਾ ਨੇ ਕਿਹਾ ਜੇਕਰ ਪੰਜਾਬ ਸਰਕਾਰ ਨੇ ਸੋਧ ਹੀ ਕਰਨੀ ਹੈ ਤਾਂ ਪਹਿਲਾਂ ਹੈਰੀਟੇਜ ਵਿੱਚ ਲੱਗੀਆਂ ਸਕਰੀਨਾਂ 'ਤੇ ਆਪਣੀਆਂ ਮਸ਼ਹੂਰੀਆਂ ਦੇਣੀਆਂ ਬੰਦ ਕਰਕੇ ਸਕਰੀਨਾਂ 'ਤੇ ਗੁਰਬਾਣੀ ਚਲਾਉਣ ਦਾ ਮਤਾ ਪੇਸ਼ ਕਰਨ ਦੀ ਸੋਧ ਕਰਨ। ਜਥੇਦਾਰ ਗੋਰਾ ਨੇ ਕਿਹਾ ਕਿ ਭਗਵੰਤ ਮਾਨ ਗੁਰੂ ਘਰਾਂ ਵਿੱਚ ਦਖਲ ਦੇਣਾ ਬੰਦ ਕਰਨ ਅਤੇ ਆਪਣੀ ਸਰਕਾਰ ਦੇ ਕੰਮ ਕਰਨ। ਉਨ੍ਹਾਂ ਕਿਹਾ ਕਿ ਭਗਵੰਤ ਮਾਨ ਨੂੰ ਗੁਰੂ ਘਰ ਦੇ ਪ੍ਰਬੰਧ ਚਲਾਉਣ ਦਾ ਕੋਈ ਅਧਿਕਾਰ ਨਹੀਂ ਹੈ। ਗੁਰੂ ਘਰਾਂ ਦੇ ਪ੍ਰਬੰਧ ਚਲਾਉਣ ਤੇ ਫੈਸਲਾ ਕਰਨ ਦਾ ਅਧਿਕਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪਾਸ ਹੈ। ਸ਼੍ਰੋਮਣੀ ਕਮੇਟੀ ਆਪਣੇ ਗੁਰੂ ਘਰਾਂ ਦੇ ਪ੍ਰਬੰਧ ਚਲਾਉਣ ਲਈ ਤੇ ਫੈਸਲੇ ਕਰਨ ਲਈ ਸਮਰੱਥ ਹੈ। ਗੁਰਧਾਮਾਂ ਦੇ ਫੈਸਲੇ ਸ਼੍ਰੋਮਣੀ ਕਮੇਟੀ ਕਰੇਗੀ। ਉਨ੍ਹਾਂ ਕਿਹਾ ਕਿ ਸਰਕਾਰ ਗੁਰੂ ਘਰਾਂ ਵਿੱਚੋਂ ਦਖਲਅੰਦਾਜ਼ੀ ਦੇਣਾ ਬੰਦ ਕਰੇ।

## ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਅਗਨ ਭੇਟ ਹੋਣ 'ਤੇ ਧਾਮੀ ਨੇ ਦੁੱਖ ਪ੍ਰਗਟਾਇਆ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਗੁਰਦਾਸਪੁਰ ਜ਼ਿਲ੍ਹੇ ਨਾਲ ਸਬੰਧਤ ਕਸਬਾ ਘੁਮਾਣ ਦੇ ਪਿੰਡ ਸੱਖੋਵਾਲ ਦੇ ਗੁਰਦੁਆਰਾ ਸਾਹਿਬ ਵਿਖੇ ਬਿਜਲੀ ਦਾ ਸ਼ਾਰਟ ਸਰਕਟ ਹੋਣ ਕਾਰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਤਿੰਨ ਪਾਵਨ ਸਰੂਪ ਅਗਨ ਭੇਟ ਹੋਣ 'ਤੇ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਦੁੱਖ ਪ੍ਰਗਟਾਇਆ ਹੈ। ਘਟਨਾ ਦਾ ਪਤਾ ਲੱਗਣ 'ਤੇ ਸ਼੍ਰੋਮਣੀ ਕਮੇਟੀ ਵੱਲੋਂ ਅੰਤ੍ਰਿੰਗ ਮੈਂਬਰ ਸੁਰਜੀਤ ਸਿੰਘ ਤੁਗਲਵਾਲ ਦੀ ਅਗਵਾਈ ਹੇਠ ਪ੍ਰਚਾਰਕ ਭਾਈ ਗੁਰਭੇਜ ਸਿੰਘ, ਭਾਈ ਲਵਲਪ੍ਰੀਤ ਸਿੰਘ ਤੇ ਭਾਈ ਕੁਲਵੰਤ ਸਿੰਘ ਮੌਕੇ 'ਤੇ ਪੁੱਜੇ, ਜਿਨ੍ਹਾਂ ਨੇ ਵਾਪਰੀ ਘਟਨਾ ਦੀ ਮੁਕੰਮਲ ਜਾਣਕਾਰੀ ਹਾਸਲ ਕੀਤੀ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਬਹੁਤ ਵਾਰੀ ਸੰਗਤਾਂ ਨੂੰ ਅਪੀਲ ਕੀਤੀ ਗਈ ਹੈ ਕਿ ਸੇਵਾਦਾਰਾਂ ਦੀ ਗੈਰਹਾਜ਼ਰੀ ਵਿਚ ਬਿਜਲੀ ਉਪਕਰਣਾਂ ਨੂੰ ਚਾਲੂ ਨਾ ਰੱਖਿਆ ਜਾਵੇ ਪਰ ਦੁੱਖ ਦੀ ਗੱਲ ਹੈ ਕਿ ਪ੍ਰਬੰਧਕ ਕਮੇਟੀਆਂ ਇਸ 'ਤੇ ਧਿਆਨ ਨਹੀਂ ਦਿੰਦੀਆਂ। ਉਨ੍ਹਾਂ ਕਿਹਾ ਕਿ ਤਾਜ਼ਾ ਘਟਨਾ ਵੀ ਬਿਜਲੀ ਦੇ ਪੱਖੇ ਦਾ ਸਰਕਟ ਸ਼ਾਰਟ ਹੋਣ ਕਰਕੇ ਵਾਪਰੀ ਹੈ। ਉਨ੍ਹਾਂ ਕਿਹਾ ਕਿ ਗੁਰਦੁਆਰਾ ਕਮੇਟੀਆਂ ਦੀ ਇਹ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਅਜਿਹੇ ਹਾਦਸਿਆਂ ਨੂੰ ਰੋਕਣ ਲਈ ਸੰਜੀਦਾ ਹੋਣ ਅਤੇ ਗੁਰਦੁਆਰਾ ਸਾਹਿਬਾਨ ਅੰਦਰ ਬਿਜਲੀ ਦੀਆਂ ਤਾਰਾਂ ਅਤੇ ਉਪਕਰਣਾਂ ਦਾ ਸਮੇਂ-ਸਮੇਂ ਨਿਰੀਖਣ ਕਰਦੇ ਰਹਿਣ।

ਉਨ੍ਹਾਂ ਕਿਹਾ ਕਿ ਗੁਰਦੁਆਰਾ ਸਾਹਿਬ ਅੰਦਰ ਹਰ ਸਮੇਂ ਇੱਕ ਸੇਵਾਦਾਰ ਦਾ ਰਹਿਣਾ ਵੀ ਲਾਜ਼ਮੀ ਬਣਾਇਆ ਜਾਵੇ ਤਾਂ ਜੋ ਅਜਿਹੀਆਂ ਮੰਦਭਾਗੀਆਂ ਘਟਨਾਵਾਂ ਨੂੰ ਰੋਕਿਆ ਜਾ ਸਕੇ। ਉਨ੍ਹਾਂ ਸੰਗਤਾਂ ਨੂੰ ਵੀ ਅਪੀਲ ਕੀਤੀ ਕਿ ਉਹ ਵੀ ਸਮੇਂ-ਸਮੇਂ ਗੁਰਦੁਆਰਾ ਸਾਹਿਬਾਨ ਦੀਆਂ ਕਮੇਟੀਆਂ ਨੂੰ ਸੁਚੇਤ ਕਰਦੇ ਰਹਿਣ।

20-June-Page-12.qxd 6/19/2023 10:35 PM Page 1



# ਕੋ. ਆਪ੍ਰੇਟਿਵ ਸੁਸਾਇਟੀ ਦੇ ਖਾਤਾ ਧਾਰਕ ਠੱਗੇ ਮਹਿਸੂਸ ਕਰਨ ਲਗੇ

## ਕਰੋੜਾਂ ਰੁਪਏ ਜਮ੍ਹਾਂ ਹੋਣ ਦੇ ਬਾਵਜੂਦ ਲੋਕ ਤੰਗੀਆਂ ਕੱਟਣ ਲਈ ਮਜ਼ਬੂਰ





**ਅੱਪਰਾ (ਨਿਰਮਲ ਗੁੜ੍ਹਾ)**-ਪੰਜਾਬ ਕਿਹਨਾਂ ਹਾਲਾਤਾਂ 'ਚੋਂ ਗੁਜਰ ਰਿਹਾ ਹੈ, ਇਹ ਗੱਲ ਕਿਸੇ ਤੋਂ ਛੁਪੀ ਹੋਈ ਨਹੀਂ ਹੈ, ਗਹਿਣੇ ਪਾ ਕਿ ਜਾਂ ਜੇਬ ਵਿੱਚ ਪੈਸੇ ਪਾ ਕਿ ਤੁਰਨਾ ਖਤਰੇ ਤੋਂ ਖਾਲੀ ਨਹੀਂ ਹੈ, ਲੁਟੇਰੇ ਕਦੋਂ ਧੌਣ 'ਤੇ ਦਾਤਰ ਰੱਖ ਕਿ ਘਟਨਾ ਨੂੰ ਅੰਜਾਮ ਦੇ ਦੇਣ, ਇਹ ਸਭ ਰੋਜ਼ਾਨਾ ਹੋ ਰਹੀਆਂ ਘਟਨਾਵਾਂ ਤੋਂ ਅੰਦਾਜਾ ਲਗਾਇਆ ਜਾ ਸਕਦਾ ਹੈ। ਇਨਸਾਨ ਕੋਲ ਇਕੋ ਇਕ ਰਸਤਾ ਬਚਦਾ ਹੈ ਬੈਂਕ, ਜਿਥੇ ਇਨਸਾਨ ਆਪਣੀ ਮਿਹਨਤ ਦੀ ਕਮਾਈ ਰੱਖ ਕਿ ਸੁੱਖ ਦੀ ਨੀਂਦ ਸੌਂ ਸਕਦਾ ਹੈ, ਤਾਂ ਕਿ ਔਖੇ ਵੇਲੇ ਕੰਮ ਆ ਸਕੇ, ਪਰ ਜੇ ਬੈਂਕ ਵਿਚ ਰੱਖੇ ਪੈਸੇ, ਲੋੜ ਪੈਣ 'ਤੇ ਨਾ ਮਿਲਣ 'ਤੇ ਇਨਸਾਨ ਆਪਣੇ ਆਪ ਨੂੰ ਠੱਗਿਆ ਹੋਇਆ ਮਹਿਸੂਸ ਕਰੇ ਤਾਂ ਭਰੋਸਾ ਕਿਸ 'ਤੇ ਕੀਤਾ ਜਾਵੇ। ਕੁਝ ਇਸੇ ਤਰ੍ਹਾਂ ਦਾ ਮਾਮਲਾ ਸਾਹਮਣੇ ਆਇਆ ਹੈ ਹਲਕਾ ਫਿਲੌਰ ਦੇ ਪਿੰਡ ਪੱਦੀ ਜਗੀਰ ਦਾ, ਜਿਥੇ ਲੋਕਾਂ ਨੇ ਬੈਂਕ ਵਿੱਚ ਪੈਸੇ ਤਾਂ ਜਮ੍ਹਾ ਕਰਵਾਏ, ਪਰ ਬੈਂਕ ਵੱਲੋਂ ਪੈਸੇ ਨਾ ਦੇਣ ਕਰਕੇ ਲੋਕਾਂ ਨੂੰ ਖਜਲ ਖੁਆਰ ਹੋਣਾ ਪੈ ਰਿਹਾ ਹੈ। ਪੀੜਤ ਅਮਰੀਕ ਸਿੰਘ ਪੁੱਤਰ ਜਗਤ ਸਿੰਘ ਵਾਸੀ ਪਿੰਡ ਪੱਦੀ ਜਗੀਰ ਨੇ ਭੁੱਬਾਂ ਮਾਰ ਕਿ ਦੱਸਿਆ ਕਿ ਉਸ ਨੇ ਦੱਸਿਆ ਕਿ ਕੋ. ਆਪ੍ਰੇਟਿਵ ਸੁਸਾਇਟੀ ਪੱਦੀ ਜਗੀਰ ਵਿੱਚ ਕਰੀਬ ਢਾਈ ਸਾਲ ਪਹਿਲਾਂ ਚਾਰ ਲੱਖ ਰੁਪਏ ਜਮਾ ਕਰਵਾਏ ਸਨ ਤਾਂ ਕਿ ਔਖੇ ਵੇਲੇ ਕੰਮ ਆ ਸਕਣ, ਪਰ ਇਸ ਬੈਂਕ ਵੱਲੋਂ ਜਮ੍ਹਾ ਕੀਤੀ ਹੋਈ ਰਕਮ ਨਹੀਂ ਦਿੱਤੀ ਜਾ ਰਹੀ, ਜਦਕਿ ਅਮਰੀਕ ਸਿੰਘ ਨੇ ਦੱਸਿਆ ਕਿ ਸਖਤ ਬਿਮਾਰ ਹੋ ਕਿ ਉਸ ਦੀ ਪਤਨੀ ਬੀਤੇ ਦਿਨੀ ਮੌਤ ਦੇ ਮੂੰਹ ਵਿੱਚ ਚਲੀ ਗਈ। ਅਮਰੀਕ ਸਿੰਘ ਨੇ ਦੱਸਿਆ ਕਿ ਉਹ ਵੀ ਬਿਮਾਰ ਹਨ ਇਲਾਜ ਵਾਸਤੇ ਪੈਸਿਆਂ ਦੀ ਸਖਤ ਜ਼ਰੂਰਤ ਹੈ, ਪਰ ਸੁਸਾਇਟੀ ਵਲੋਂ ਪੈਸੇ ਨਾ ਦੇਣ ਕਾਰਨ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸੇ ਤਰ੍ਹਾਂ ਸਤਨਾਮ ਸਿੰਘ ਪੁੱਤਰ ਸ਼ੰਕਰ ਸਿੰਘ ਵਾਸੀ ਪਿੰਡ ਪੱਦੀ ਜਗੀਰ ਨੇ ਦੱਸਿਆ ਕਿ ਉਸ ਦੇ ਇਸ ਬੈਂਕ ਵਿਚ ਪੰਜ ਲੱਖ ਰੁਪਏ ਹਨ ਅਤੇ ਉਸ ਦੀ ਭੈਣ ਦੇ 16 ਲੱਖ ਰੁਪਏ ਹਨ, ਜੋ ਕਾਫੀ ਸਮੇ ਤੋਂ ਜਮ੍ਹਾ ਕਰਵਾਏ ਹੋਏ ਹਨ , ਸਖਤ ਜਰੂਰਤ ਦੇ ਬਾਵਜੂਦ ਵੀ ਸੋਸਾਇਟੀ ਵਲੋਂ ਉਹਨਾਂ ਨੂੰ ਨਹੀਂ ਦਿਤੇ ਜਾ ਰਹੇ। ਸਤਨਾਮ ਸਿੰਘ ਨੇ ਦੱਸਿਆ ਕਿ ਇਸੇ ਤਰ੍ਹਾਂ ਲੋਕਾਂ ਦੀ ਇੱਕ ਕਰੋੜ ਤੋਂ ਜਿਆਦਾ ਰਕਮ ਇਸ ਬੈਂਕ ਵਿਚ ਜਮਾ ਹੈ, ਪਰ ਬੈਂਕ ਵਲੋਂ ਦਿਤੇ ਨਹੀਂ ਜਾ ਰਹੇ । ਉਹਨਾਂ ਅਗੇ ਦੱਸਿਆ ਕਿ ਸੋਸਾਇਟੀ ਦਾ ਪ੍ਰਧਾਨ ਵਿਦੇਸ਼ ਜਾ ਚੁੱਕਾ ਅਤੇ ਸਕੱਤਰ ਵੀ ਕਾਫੀ ਸਮੇ ਤੋਂ ਬੈਂਕ ਨਹੀਂ ਆ ਰਿਹਾ, ਪੀੜਤ ਲੋਕਾਂ ਨੇ ਸਰਕਾਰ ਅਤੇ ਪ੍ਰਸ਼ਾਸ਼ਨ ਪਾਸੋਂ ਮੰਗ ਕੀਤੀ ਕਿ ਉਨ੍ਹਾਂ ਦੀ ਸਮੱਸਿਆ ਦਾ ਹਲ ਕੀਤਾ ਜਾਵੇ।

ਇਸ ਮਾਮਲੇ ਸੰਬੰਧੀ ਜਦੋਂ ਸੋਸਾਇਟੀ ਦੇ ਸੇਲਜ਼ ਮੈਨ ਸਨੀ ਨੂੰ ਪੁੱਛਿਆ ਤਾਂ ਉਹਨਾਂ ਕਿਹਾ ਕਿ ਜਦੋਂ ਇਹ ਪੈਸੇ ਜਮ੍ਹਾ ਕਰਵਾਏ ਗਏ ਸਨ, ਉਦੋਂ ਇਸ ਬੈਂਕ ਵਿਚ ਜਸਪਾਲ ਸਿੰਘ ਸਕੱਤਰ ਸਨ, ਗੁਰਦੀਪ ਸਿੰਘ ਪ੍ਰਧਾਨ ਸਨ ਅਤੇ ਹੁਣ ਮੌਜੂਦਾ ਪ੍ਰਧਾਨ ਹਰਜਿੰਦਰ ਸਿੰਘ ਜਿੰਦੂ ਹਨ, ਮੈਂ ਤਾਂ ਉਦੋਂ ਵੀ ਇਥੇ ਸੇਲਜ਼ ਮੈਨ ਕੰਮ ਕਰਦਾ ਸੀ ਅਤੇ ਹੁਣ ਵੀ ਸੇਲਜ਼ ਮੈਨ ਕੰਮ ਕਰਦਾ ਹਾਂ। ਉਹਨਾਂ ਅੱਗੇ ਕਿਹਾ ਕਿ ਬੈਂਕ ਦੀ ਰਿਕਵਰੀ ਕਾਫੀ ਰੁਕੀ ਹੋਣ ਕਰਕੇ ਅਮਾਨਤਾਂ ਦੇਣ ਵਿੱਚ ਦੇਰ ਹੋ ਰਹੀ ਹੈ।

## ਹਰਮਿਲਨ ਕੌਰ ਬੈਂਸ 1500 ਮੀਟਰ ਦੌੜ ਲਈ ਏਸ਼ੀਅਨ ਖੇਡਾਂ 'ਚ ਜਾਵੇਗੀ

**ਮਾਹਿਲਪੁਰ (ਨਿਰਮਲ ਸਿੰਘ ਮੁੱਗੋਵਾਲ)**- ਭੁਵਨੇਸ਼ਵਰ ਦੇ ਕਲਿੰਗਾ ਸਟੇਡੀਅਮ ਵਿਚ ਇੰਟਰ ਸਟੇਟ ਚੈਂਪੀਅਨਸ਼ਿਪ ਦੌਰਾਨ ਮਾਹਿਲਪੁਰ ਦੀ ਹਰਮਿਲਨ ਬੈਂਸ ਨੇ ਰਿਕਾਰਡ ਸਮਾਂ ਕੱਢ ਕੇ ਚੀਨ ਵਿਚ ਹੋਣ ਵਾਲੀਆਂ ਏਸ਼ੀਅਨ ਖੇਡਾਂ ਵਿੱਚ ਜਾਣ ਲਈ ਆਪਣੀ ਥਾਂ ਪੱਕੀ ਕਰ ਲਈ ਹੈ। ਕੁਝ ਸਮਾਂ ਪਹਿਲਾਂ ਉਸ ਦੇ ਗੋਡੇ ਦੀ ਸਰਜਰੀ ਹੋਈ ਸੀ। ਇਸਦੇ ਬਾਵਜੂਦ ਉਸ ਨੇ ਮਿਹਨਤ ਨਾਲ ਇਹ ਥਾਂ ਪ੍ਰਾਪਤ ਕੀਤੀ ਹੈ। ਮਾਨਚੈਸਟਰ ਵਿੱਚ ਡਾਕਟਰਾਂ ਅਤੇ ਕੋਚਾਂ ਦੀ ਅਗਵਾਈ ਹੇਠ ਅਭਿਆਸ ਕਰਦਿਆਂ ਉਹ ਅੱਗੇ ਤੋਂ ਅਗੇਰੇ ਵਧੀ। ਉਸ ਨੇ ਪੰਦਰਾਂ ਸੌ ਮੀਟਰ ਦੌੜ ਵਿਚ ਚਾਰ ਮਿੰਟ 08.50 ਸਕਿੰਟ ਦਾ ਸਮਾਂ ਲਿਆ। ਇਸ ਚੈਂਪੀਅਨਸ਼ਿਪ ਵਿੱਚ ਸਿਲਵਰ ਮੈਡਲ ਜਿੱਤਣ ਤੋਂ ਬਾਅਦ ਉਹ ਪਹਿਲੀ ਪੰਜਾਬਣ ਬਣ ਗਈ ਹੈ, ਜੋ ਏਸ਼ੀਅਨ ਖੇਡਾਂ ਲਈ ਚੁਣੀ ਗਈ ਹੈ। ਉਹ ਅੰਤਰਰਾਸ਼ਟਰੀ ਅਥਲੀਟ ਸੁਨੀਤਾ ਦਾ ਰਿਕਾਰਡ ਅਤੇ ਕੌਮੀ ਰਿਕਾਰਡ ਤੋੜ ਚੁੱਕੀ ਹੈ। ਉਸ ਦਾ ਕਹਿਣਾ ਹੈ ਕਿ ਉਹ ਹਮੇਸ਼ ਆਪਣੇ ਨਿਸ਼ਾਨੇ ਵੱਲ ਹੀ ਧਿਆਨ ਰੱਖਦੀ ਹੈ। ਗੋਡੇ ਦੇ ਦਰਦ ਨੇ ਉਸ ਨੂੰ ਕੁਝ ਸਮਾਂ ਅੱਗੇ ਵਧਣ ਤੋਂ ਰੋਕਿਆ ਹੈ। ਉਸ ਦੀ ਮਾਤਾ ਮਾਧੁਰੀ ਏ. ਸਿੰਘ. ਅਰਜਨ ਐਵਾਰਡੀ, ਬਿਜਲੀ ਬੋਰਡ ਵਿਚ ਸੰਯੁਕਤ ਸਕੱਤਰ ਹੈ ਤੇ ਪਿਤਾ ਅਮਨਦੀਪ ਸਿੰਘ ਅੰਤਰਰਾਸ਼ਟਰੀ ਅਥਲੀਟ ਰਹੇ ਹਨ। ਦਾਦੀ ਗੁਰਮੀਤ ਕੌਰ ਬੈਂਸ ਨਗਰ ਕੌਂਸਲ ਦੇ ਸਾਬਕਾ ਪ੍ਰਧਾਨ ਅਤੇ ਮੌਜੂਦਾ ਕੌਂਸਲਰ ਹਨ। ਉਨ੍ਹਾਂ ਸਭ ਦੀ ਪ੍ਰੇਰਨਾ ਅਤੇ ਹੌਸਲਾ ਅਫਜ਼ਾਈ ਸਦਕਾ ਉਹ ਅੱਗੇ ਤੋਂ ਅਗੇਰੇ ਵਧੀ ਜਾ ਰਹੀ ਹੈ। ਇਸ ਪ੍ਰਾਪਤੀ ਵਾਸਤੇ ਉਨ੍ਹਾ ਨੂੰ ਵਧਾਈਆਂ ਦੇਣ ਵਾਲਿਆਂ ਵਿੱਚ ਕੁਲਵੰਤ ਸਿੰਘ ਸੰਘਾ ਪ੍ਰਧਾਨ ਪ੍ਰਿੰਸੀਪਲ ਹਰਭਜਨ ਸਿੰਘ ਸਪੋਰਟਿੰਗ ਕਲੱਬ, ਬਲਜਿੰਦਰ ਮਾਨ ਸੰਪਾਦਕ ਨਿੱਕੀਆਂ ਕਰੂੰਬਲਾਂ, ਕ੍ਰਿਸ਼ਨਜੀਤ ਰਾਓ ਕੈਂਡੋਵਾਲ ਜ਼ਿਲ੍ਹਾ ਪ੍ਰਧਾਨ , ਬੱਗਾ ਸਿੰਘ ਆਰਟਿਸਟ, ਤਲਵਿੰਦਰ ਸਿੰਘ ਹੀਰ, ਪ੍ਰਿੰਸੀਪਲ ਜਸਪਾਲ ਸਿੰਘ, ਪ੍ਰੋਫੈਸਰ ਅਪਿੰਦਰ ਸਿੰਘ ਜਨਰਲ ਸਕੱਤਰ ਸਿੱਖ ਵਿੱਦਿਅਕ ਕੌਂਸਲ ਸਮੇਤ ਖੇਡ ਪ੍ਰਮੋਟਰ ਅਤੇ ਖੇਡ ਪ੍ਰੇਮੀ ਸ਼ਾਮਲ ਹਨ।

## ਠੱਕਰਵਾਲ ਵਿਖੇ ਦੋਆਬਾ ਫੁੱਟਬਾਲ ਵੈੱਲਫੇਅਰ ਕਲੱਬ ਵੱਲੋਂ ਸਾਲਾਨਾ 21ਵੀਂ ਸਮਰ ਲੀਗ ਕਰਵਾਈ



**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)** ਪਿੰਡ ਠੱਕਰਵਾਲ ਵਿਖੇ ਦੋਆਬਾ ਫੁੱਟਬਾਲ ਵੈਲਫੇਅਰ ਕਲੱਬ ਬੱਡੋ ਵੱਲੋਂ ਸਾਲਾਨਾ 21ਵੀਂ ਸਮਰ ਲੀਗ ਕਰਵਾਈ ਗਈ। ਇਸ ਮੌਕੇ ਕਲੱਬ ਪ੍ਰਧਾਨ ਪ੍ਰਧਾਨ ਕਿਸਨ ਚੰਦ ਭਨੋਟ ਪਟਵਾਰੀ ਠੱਕਰਵਾਲ ਦੱਸਿਆ ਕਿ ਸਾਲਾਨਾ ਸਮਰ ਲੀਗ ਦੇ ਮੈਚ ਸ਼ਹੀਦ ਭਗਤ ਸਿੰਘ ਸਟੇਡੀਅਮ ਠੱਕਰਵਾਲ ਵਿਖੇ ਫਾਈਨਲ ਮੈਚ ਕਰਵਾਏ ਗਏ। ਉਨ੍ਹਾਂ ਦੱਸਿਆਂ ਕਿ ਫਾਈਨਲ ਮੈਚ ਭਾਮ ਅਤੇ ਰਹੱਲੀ ਵਿਚਕਾਰ ਕਰਵਾਇਆ ਗਿਆ। ਜਿਸ ਵਿਚ ਪਿੰਡ ਰਹੱਲੀ ਦੀ ਟੀਮ ਜੇਤੂ ਰਹੀ। ਇਸ ਮੌਕੇ ਪ੍ਰਬੰਧਕਾਂ ਨੇ ਦੱਸਿਆ ਕਿ ਇਹ ਸਮਰ ਲੀਗ ਦੌਰਾਨ ਵੱਖ ਵੱਖ ਪਿੰਡਾਂ ਵਿਚ ਮੈਚ ਕਰਵਾਏ ਗਏ। ਇਸ ਮੌਕੇ ਕਲੱਬ ਪ੍ਰਧਾਨ ਕ੍ਰਿਸਨ ਚੰਦ ਭਨੋਟ ਪਟਵਾਰੀ ਠੱਕਰਵਾਲ ਨੇ ਦੱਸਿਆ ਕਿ ਫਾਈਨਲ ਵਾਲੇ ਦਿਨ ਮੁੱਖ ਮਹਿਮਾਨ ਸੋਹਣ ਸਿੰਘ ਠੰਡਲ ਸਾਬਕਾ ਕੈਬਨਿਟ ਮੰਤਰੀ ਪੰਜਾਬ ਅਤੇ ਸੀਨੀਅਰ ਮੀਤ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਬਾਦਲ ਜੇਤੂ ਅਤੇ ਉਪ ਜੇਤੂ ਟੀਮਾਂ ਨੂੰ ਇਨਾਮਾਂ ਦੀ ਵੰਡ ਕੀਤੀ। ਇਸ ਮੌਕੇ ਕਲੱਬ ਪ੍ਰਧਾਨ ਕ੍ਰਿਸਨ ਚੰਦ ਭਨੋਟ ਠੱਕਰਵਾਲ, ਜਥੇਦਾਰ ਹਰੀ ਸਿੰਘ ਜਸਵਾਲ ਭਾਮ, ਜਥੇਦਾਰ ਇਕਬਾਲ ਸਿੰਘ ਖੇੜਾ, ਪ੍ਰਿੰਸੀਪਲ ਸੁਖਇੰਦਰ ਸਿੰਘ ਮਿਨਹਾਸ ਰਿੱਕੀ, ਪ੍ਰਿੰਸੀਪਲ ਰਛਪਾਲ ਸਿੰਘ ਜਲਵੇਹੜਾ, ਮਾਸਟਰ ਸਰਬਜੀਤ ਸਿੰਘ ਮੰਝ, ਜਥੇਦਾਰ ਜਰਨੈਲ ਸਿੰਘ ਖਾਲਸਾ ਬੱਡੋ, ਜਰਨੈਲ ਸਿੰਘ ਪਟਵਾਰੀ, ਦਲਜੀਤ ਸਿੰਘ ਠੱਕਰਵਾਲ, ਅਮਰੀਕ ਸਿੰਘ ਮੀਰਾਪੁਰ, ਮਾਸਟਰ ਹਰਭਜਨ ਸਿੰਘ ਅਜਨੋਹਾ, ਹਰਦੀਪ ਸਿੰਘ ਖਾਲਸਾ ਬੱਡੋ, ਨੰਬਰਦਾਰ ਅਮਰਜੀਤ ਸਿੰਘ ਭਾਮ, ਰਾਜੇਸ ਕੁਮਾਰ ਰਾਜਾ, ਮਾਸਟਰ ਜਗਜੀਤ ਸਿੰਘ, ਪਰਮਜੀਤ ਸਿੰਘ ਰਾਜੂ, ਦਲਜੀਤ ਸਿੰਘ ਠੱਕਰਵਾਲ, ਚਰਨ ਸਿੰਘ ਮੰਝ, ਰਾਜਬਲਵੀਰ ਸਿੰਘ ਭਾਮ, ਜਰਨੈਲ ਸਿੰਘ ਪਟਵਾਰੀ, ਅਮਰੀਕ ਸਿੰਘ, ਕੈਪਟਨ ਅਮਨਚੈਨ ਸਿੰਘ, ਜੋਗਿੰਦਰ ਪਾਲ ਸਿੰਘ, ਸਰੋਵਰ, ਪ੍ਰਿੰਸ, ਬਿੰਦਾ, ਕੈਪਟਨ ਚਰਨਜੀਤ ਸਿੰਘ, ਸਰਪੰਚ ਪਲਵਿੰਦਰ ਸਿੰਘ ਭਾਮ, ਤਰਸੇਮ ਸਿੰਘ ਸਾਬਕਾ ਸਰਪੰਚ ਡਾਡੀਆਂ, ਮਾਸਟਰ ਜਸਵਿੰਦਰ ਸਿੰਘ ਜਸਵਾਲ ਭਾਮ, ਸਰਪੰਚ ਹਰਜੀਤ ਸਿੰਘ ਪਾਸਟਾਂ, ਮਾਸਟਰ ਸਤਵਿੰਦਰ ਸਿੰਘ, ਗੁਰਦੀਪ ਸਿੰਘ ਕੋਚ ਭਾਮ, ਹਰਕੀਅਤ ਸਿੰਘ ਗੋਰਖਾ ਅਜਨੋਹਾ, ਨੰਬਰਦਾਰ ਅਮਰਜੀਤ ਸਿੰਘ ਭਾਮ, ਟੇਕ ਚੰਦ ਸਸੋਲੀ, ਲਾਲਾਂ, ਇਕਬਾਲ ਸਿੰਘ, ਸੁਰਜੀਤ ਸਿੰਘ ਗੁੜ ਆਦਿ ਹਾਜ਼ਰ ਸਨ।

## ਪੰਜਾਬ ਗੌਰਮਿੰਟ ਟਰਾਂਸਪੋਰਟ ਵਰਕਰ ਯੂਨੀਅਨ ਏਟਕ ਦੀ ਮੀਟਿੰਗ



**ਬਹਿਰਾਮ (ਅਵਤਾਰ ਕਲੇਰ)** ਪੰਜਾਬ ਗੌਰਮਿੰਟ ਟਰਾਂਸਪੋਰਟ ਵਰਕਰ ਯੂਨੀਅਨ (ਏਟਕ) ਨਵਾਂ ਸ਼ਹਿਰ ਦੀ ਮੀਟਿੰਗ ਬਲਵੀਰ ਸਿੰਘ ਦੀ ਪ੍ਰਧਾਨਗੀ ਹੇਠ ਸ਼ਹੀਦ ਮਲਕੀਤ ਚੰਦ ਮੇਹਲੀ ਭਵਨ ਬੰਗਾ ਰੋਡ ਨਵਾਂਸ਼ਹਿਰ ਵਿਖੇ ਕੀਤੀ ਗਈ। ਇਸ ਮੀਟਿੰਗ ਵਿੱਚ ਪੰਜਾਬ ਪੈਨਸ਼ਨਰਜ ਯੂਨੀਅਨ ਨਵਾਂ ਸ਼ਹਿਰ ਦੇ ਜਿਲ੍ਹਾ ਜਨਰਲ ਸਕੱਤਰ ਕਾਮਰੇਡ ਮੁਕੰਦ ਲਾਲ ਵਿਸੇਸ ਤੌਰ 'ਤੇ ਸ਼ਾਮਲ ਹੋਏ। ਇਸ ਮੀਟਿੰਗ ਵਿੱਚ ਜਥੇਬੰਦੀ ਨਾਲ ਸਬੰਧਤ ਹਾਜ਼ਰ ਮੈਂਬਰਾਂ ਨੇ ਮੈਨੇਜਮੈਂਟ ਵੱਲੋਂ ਉਨ੍ਹਾਂ ਨਾਲ ਡਿਊਟੀਆਂ ਵਿੱਚ ਕੀਤੇ ਵਿਤਕਰੇ ਸੰਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਦੂਜੀਆਂ ਜਥੇਬੰਦੀਆਂ ਦੇ ਆਗੂਆਂ ਦੇ ਕਹਿਣ ਅਨੁਸਾਰ ਉਨ੍ਹਾਂ ਨੂੰ ਤੰਗ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ। ਕੁਝ ਵਰਕਰਾਂ ਦੇ ਮੈਡੀਕਲ ਬਿੱਲਾਂ ਦੀ ਅਦਾਇਗੀ ਨਹੀਂ ਹੋ ਰਹੀ। ਬਾਕੀ ਪੰਜਾਬ ਸਰਕਾਰ ਨਾਲ ਸਬੰਧਤ ਮੰਗਾਂ 'ਤੇ ਵੀ ਵਿਚਾਰ-ਚਰਚਾ ਕੀਤੀ ਗਈ। ਜਥੇਬੰਦੀ ਦੇ ਜਨਰਲ ਸਕੱਤਰ ਬਿਕਰਮਜੀਤ ਸਿੰਘ ਨੇ ਹਾਜਰ ਸਾਥੀਆਂ ਨੂੰ ਵਿਸ਼ਵਾਸ ਦਵਾਇਆ ਕਿ ਕੱਲ੍ਹ ਪੰਜਾਬ ਰੋਡਵੇਜ਼ ਨਵਾਂਸ਼ਹਿਰ ਦੇ ਜਨਰਲ ਮੈਨੇਜਰ ਨਾਲ ਇਨ੍ਹਾਂ ਮਸਲਿਆਂ ਸੰਬੰਧੀ ਗੱਲ ਕਰਕੇ ਮਸਲਿਆਂ ਦਾ ਹੱਲ ਕੀਤਾ ਜਾਵੇਗਾ। ਉਨ੍ਹਾਂ ਸਰਕਾਰ ਤੋਂ ਮੰਗ ਕੀਤੀ ਹੈ ਕਿ ਆਊਟਸਓਰਸ ਪ੍ਰਣਾਲੀ ਬੰਦ ਕਰਕੇ ਪੱਕੀ ਭਰਤੀ ਕੀਤੀ ਜਾਵੇ। ਪੁਰਾਣੀ ਪੈਨਸ਼ਨ ਸਕੀਮ ਲਾਗੂ ਕੀਤੀ ਜਾਵੇ। ਪੰਜਾਬ ਰੋਡਵੇਜ਼ ਵਿੱਚ ਕਰਜਾ ਮੁਕਤ ਬੱਸਾਂ ਮਰਜ ਕੀਤੀਆਂ ਜਾਣ ਚੌਵੀ ਸੌ ਸਤ ਬੱਸਾਂ ਦਾ ਫਲੀਟ ਪੂਰਾਂ ਕੀਤਾ ਜਾਵੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਦਲੇਰ ਸਿੰਘ, ਦਸੌਂਧਾ ਸਿੰਘ, ਅੰਮ੍ਰਿਤਪਾਲ ਸਿੰਘ ਕੈਸ਼ੀਅਰ, ਬਲਵੀਰ ਸਿੰਘ ਮਹਿਤਪੁਰ, ਮਨੀਸ ਕੁਮਾਰ, ਗੁਰਜੀਤ ਸਿੰਘ, ਮਲਕੀਤ ਸਿੰਘ, ਜਰਨੈਲ ਰਾਮ, ਦਵਿੰਦਰ ਸਿੰਘ, ਰਾਮ ਜੀ ਦਾਸ, ਸੋਮ ਲਾਲ, ਅਰਵਿੰਦ ਆਦਿ ਹਾਜ਼ਰ ਸਨ।

## ਪੰਜਾਬ ਪੈਨਸ਼ਨ ਯੂਨੀਅਨ ਦੀ ਮਹੀਨਾਵਾਰ ਮੀਟਿੰਗ



**ਜਲੰਧਰ (ਰਾਜੇਸ਼ ਥਾਪਾ)** ਪੰਜਾਬ ਪੈਨਸ਼ਨ ਯੂਨੀਅਨ ਜਿਲ੍ਹਾ ਜਲੰਧਰ ਦੀ ਮਹੀਨਾਵਾਰ ਮੀਟਿੰਗ ਸਾਥੀ ਅਵਤਾਰ ਸਿੰਘ ਤਾਰੀ ਦੀ ਪ੍ਰਧਾਨਗੀ ਹੇਠ ਇਸ ਮੌਕੇ ਜਸਵੰਤ ਸਮਰਾ ਯਾਦਗਾਰ ਹਾਲ ਵਿਖੇ ਹੋਈ। ਇਸ ਮੌਕੇ ਪਿਛਲੇ ਦਿਨੀਂ ਉੜੀਸਾ ਵਿੱਚ ਹੋਏ ਰੇਲ ਹਾਦਸੇ ਦੌਰਾਨ ਹੋਏ ਜਾਨੀ ਤੇ ਮਾਲੀ ਹੋਏ ਨੁਕਸਨ 'ਤੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ ਤੇ ਵਿਛੜੇ ਯਾਤਰੀਆਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਇਸ ਮੌਕੇ ਪ੍ਰੈੱਸ ਨੂੰ ਜਾਣਕਾਰੀ ਦਿੰਦੇ ਹੋਏ ਸਾਥੀ ਜਗਤਾਰ ਸਿੰਘ ਭੁੰਗਰਨੀ ਨੇ ਦੱਸਿਆ ਕਿ ਭਗਵੰਤ ਮਾਨ ਸਰਕਾਰ ਵੀ ਪਿਛਲੀਆਂ ਸਰਕਾਰਾਂ ਦੇ ਪੂਰਨਿਆ 'ਤੇ ਚੱਲਦੀ ਹੋਈ ਵਰਕਰਾਂ ਅਤੇ ਪੈਨਸ਼ਨਰਾਂ ਦੀਆਂ ਹੱਕੀ ਮੰਗਾਂ ਨੂੰ ਲਾਗੂ ਕਰਨ ਲਈ ਟਾਲ ਮਟੋਲ ਦੀ ਨੀਤੀ ਅਪਨਾ ਰਹੀ ਹੈ, ਸਰਕਾਰੀ ਮੀਟਿੰਗਾਂ ਮਿਲਣ 'ਤੇ ਵੀ ਕੋਈ ਹੱਲ ਨਾ ਕਰਨ ਤੇ ਇਸ ਟਾਲ ਮਟੋਲ ਨੀਤੀ ਦੀ ਸਖਤ ਨਿੰਦਾ ਕੀਤੀ। ਇਸ ਮੌਕੇ ਇਹ ਵੀ ਕਿਹਾ ਕਿ ਪੈਨਸ਼ਨਰਾਂ ਦੇ ਏ ਜੀ ਦਫਤਰ ਦੇ ਕੰਮਾਂ ਵਿਚ ਆਈ ਖੜੋਤ ਦੂਰ ਕਰਨ, ਮੈਡੀਕਲ ਬਿੱਲਾਂ ਦਾ ਨਿਪਟਾਰਾ ਕਰਨਾ, ਡੀ.ਏ. ਦੀ 6% ਕਿਸ ਦੇ ਬਕਾਏ ਦਾ ਭੁਗਤਾਨ ਕੀਤਾ ਜਾਵੇ। ਮੀਟਿੰਗ ਵਿੱਚ ਚਲਾਈ ਪ੍ਰੰਪਰਾ ਮਤਾਬਿਕ ਮੀਤ ਪ੍ਰਧਾਨ ਗੁਰਮੁੱਖ ਸਿੰਘ ਨੂੰ 65ਸਾਲ ਉਮਰ ਹੋਣ 'ਤੇ ਲੋਈ ਅਤੇ ਮੋਮੈਂਟੋ ਦੇ ਕੇ ਸਨਮਾਨਿਤ ਕੀਤਾ ਗਿਆ । ਇਸ ਮੌਕੇ ਹੋਰਨਾਂ ਤੋਂ ਇਲਾਵਾ ਸਾਥੀ ਉੱਤਮ ਚੰਦ ਚੇਅਰ ਮੈਨ, ਹਰਿੰਦਰ ਸਿੰਘ ਸੀਨੀ.ਮੀਤ ਪ੍ਰਧਾਨ, ਜਨਰਲ ਸਕੱਤਰ ਵਿਜੇ ਕੁਮਾਰ ਸ਼ਰਮਾਂ, ਕੇਵਲ ਸਿੰਘ, ਸੰਤੋਖ ਸਿੰਘ ਕੈਸ਼ੀਅਰ, ਬਲਵਿੰਦਰ ਸਿੰਘ ਮੁਲਤਾਨੀ, ਜੋਗਿੰਦਰ ਸਿੰਘ, ਪ੍ਰਧਾਨ ਹਰਿੰਦਰ ਸਿੰਘ ਚੀਮਾਂ, ਮੀਤ ਪ੍ਰਧਾਨ ਸੰਦੀਪ ਕੁਮਾਰ, ਸਰਮੁੱਖ ਸਿੰਘ, ਭੁਪਿੰਦਰ ਸਿੰਘ ਆਦਿ ਹਾਜ਼ਰ ਸਨ।

## ਮੁੱਖ ਮੰਤਰੀ ਦੇ ਹਲਕੇ ਸੰਗਰੂਰ 'ਚ ਕਰਨਗੇ ਅੱਜ ਵੱਡੇ ਪੱਧਰ 'ਤੇ ਕੱਚੇ ਅਧਿਆਪਕ ਰੈਲੀ

**ਮਹਿਤਪੁਰ (ਰਾਜਾ)** ਲਗਭਗ 14-15 ਸਾਲਾਂ ਤੋਂ ਸਰਕਾਰੀ ਸਕੂਲਾਂ ਵਿੱਚ ਕੱਚੇ ਅਧਿਆਪਕਾਂ ਦੇ ਤੌਰ ਆਪਣੀਆਂ ਸੇਵਾਵਾਂ ਨਿਭਾਅ ਰਹੇ ਹਨ, ਪੰਜਾਬ ਸਰਕਾਰ (ਆਮ ਆਦਮੀ ਪਾਰਟੀ) ਨੇ ਨੇਸ਼ਨ ਬਿਲਡਰ ਟੀਚਰ ਪਾਲਿਸੀ 2022 ਅਨੁਸਾਰ 8736 ਕੱਚੇ ਅਧਿਆਪਕਾਂ ਨੂੰ ਬਿਆਨਬਾਜ਼ੀ ਵਿੱਚ ਹੀ ਪੱਕੇ ਕਰਨ ਦਾ ਬਹੁਤ ਢੰਡੋਰਾ ਪਿੱਟਿਆ ਜਾ ਰਿਹਾ ਹੈ। ਸਰਕਾਰ ਨੇ ਕੋਈ ਕੰਧ, ਦਰੱਖਤ ਅਤੇ ਸਾਂਝੀਆਂ ਥਾਵਾਂ ਨਹੀਂ ਛੱਡੀਆਂ ਜੋ ਰੋਡ ਤੋਂ ਦਿਸਦੀਆਂ ਹੋਣ ਸਭ ਥਾਵਾਂ 'ਤੇ 8736 ਕੱਚੇ ਮੁਲਾਜ਼ਮਾਂ ਨੂੰ ਪੱਕੇ ਕਰਨ ਦੇ ਫਲੈਕਸ ਬੋਰਡ ਲਗਾ ਦਿੱਤੇ। ਲਗਭਗ 1 ਸਾਲ ਬੀਤ ਜਾਣ 'ਤੇ ਵੀ ਕੱਚੇ ਅਧਿਆਪਕਾਂ ਨੂੰ ਰੈਗੂਲਰ ਆਰਡਰ ਨਹੀਂ ਮਿਲੇ। ਅਸੀਂ 8736 ਕੱਚੇ ਮੁਲਾਜਮ ਸਰਕਾਰ ਵੱਲੋਂ ਬਣਾਈ 10 ਸਾਲਾ ਪਾਲਸੀ ਤਹਿਤ ਪਰੋਬੇਸ਼ਨ ਪੀਰੀਅਡ, ਗ੍ਰੇਡ ਪੇਅ ਅਤੇ ਰੂਲਜ਼ ਦੇ ਤਹਿਤ ਰੈਗੂਲਰ ਆਰਡਰ ਲੈਣ ਲਈ ਪਿੰਡ ਖੁਰਾਣਾ ਨੇੜੇ ਮਿੰਨੀ ਪੀ ਜੀ ਆਈ ਘਾਬਦਾ ਪਟਿਆਲਾ ਰੋਡ ਸੰਗਰੂਰ ਵਿਖੇ ਪਾਣੀ ਵਾਲੀ ਟੈਂਕੀ ਤੇ ਪੱਕਾ ਧਰਨਾ ਲਗਾਇਆ ਹੋਇਆ ਹੈ ਅਤੇ 18 ਜੂਨ ਨੂੰ ਮੁੱਖ ਮੰਤਰੀ ਦੇ ਘਰ ਵੱਲ ਵਿਸ਼ਾਲ ਇਕੱਠ ਕਰਕੇ ਕੂਚ ਕਰਾਂਗੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸੁਖਰਾਜ ਖੁਤਨ, ਅਮਨ ਵਰਮਾ, ਨਿਰਮਲ ਸਿੰਘ, ਮਨੋਜ ਕੁਮਾਰ, ਕਰਨਵੀਰ ਮਾਹੂੰਵਾਲ, ਸਰਬਜੀਤ ਸਿੰਘ, ਪਰਮਿੰਦਰ ਅੱਟਾ, ਅਵਤਾਰ ਦਾਰਾਪੁਰ, ਤਰਲੋਚਨ ਸਿੰਘ ਅਤੇ ਸੰਦੀਪ ਕੁਮਾਰ ਹਾਜ਼ਰ ਸਨ। ਉਕਤ ਜਾਣਕਾਰੀ ਸਿੱਖਿਆ ਪ੍ਰੋਵਾਈਡਰ ਅਧਿਆਪਕ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਜਲੰਧਰ ਤਰਲੋਕ ਸਿੰਘ ਨੇ ਸਾਂਝੀ ਕੀਤੀ ।

## ਭਲਕੇ ਦੇ ਧਰਨੇ 'ਚ ਮਜ਼ਦੂਰ ਯੂਨੀਅਨ ਕਰੇਗੀ ਸ਼ਮੂਲੀਅਤ : ਲਾਲੀ , ਮਾਲੜੀ

**ਸ਼ਾਹਕੋਟ (ਗਿਆਨ ਸੈਦਪੁਰੀ)** ਪਿੰਡ ਮਲਸੀਆਂ ਦੀ ਪੱਤੀ ਆਕਲਪੁਰ ਦੇ ਮਜਦੂਰਾਂ ਨੂੰ ਸ਼ੰਕਰ ਚੌਕੀ ਦੇ ਇੰਚਾਰਜ ਵਲੋਂ ਚੌਕੀ 'ਚ ਬੁਲਾ ਕੇ ਗਾਲੀ-ਗਲੋਚ ਕਰਨ ਅਤੇ ਡਾਂਗ ਚੁੱਕ ਕੇ ਮਗਰ ਭੱਜਣ ਦੀ ਜਾਬਰ ਘਟਨਾ ਅਤੇ ਇਲਾਕੇ ਅੰਦਰ ਲੁਟੇਰਿਆਂ ਵਲੋਂ ਬੇਖੌਫ ਹੋ ਕੇ ਕੀਤੀਆਂ ਜਾ ਰਹੀਆਂ ਵਾਰਦਾਤਾਂ ਵਿਰੁੱਧ ਜਨਤਕ ਜਮਹੂਰੀ ਜਥੇਬੰਦੀਆਂ ਵੱਲੋਂ ਦਿੱਤੇ ਜਾ ਰਹੇ ਧਰਨੇ 'ਚ ਪੰਜਾਬ ਖੇਤ ਮਜਦੂਰ ਯੂਨੀਅਨ ਵੱਡੀ ਸ਼ਮੂਲੀਅਤ ਕਰੇਗੀ । ਇਹ ਐਲਾਨ ਆਕਲਪੁਰ ਵਿਖੇ ਮਜਦੂਰਾਂ ਦੀ ਮੀਟਿੰਗ ਨੂੰ ਸੰਬੋਧਨ ਕਰਦਿਆਂ ਜਥੇਬੰਦੀ ਦੇ ਸੂਬਾ ਵਿੱਤ ਸਕੱਤਰ ਹਰਮੇਸ਼ ਮਾਲੜੀ ਅਤੇ ਇਲਾਕਾ ਨਕੋਦਰ ਸ਼ਾਹਕੋਟ ਦੇ ਸਕੱਤਰ ਸੁਖਜਿੰਦਰ ਲਾਲੀ ਨੇ ਕੀਤਾ। ਮਜਦੂਰ ਆਗੂਆਂ ਨੇ ਕਿਹਾ ਕਿ ਲੁਟੇਰੇ ਬੇਖੌਫ ਹੋ ਕੇ ਵਾਰਦਾਤਾਂ ਕਰ ਰਹੇ ਹਨ ਤੇ ਪੁਲਸ ਰਾਤ ਦਿਨ ਸਰਕਾਰ ਦੀ ਸੇਵਾ ਵਿੱਚ ਗਲਤਾਨ ਹੈ ਉਸ ਨੂੰ ਲੋਕਾਂ ਦੇ ਜਾਨ-ਮਾਲ ਦੀ ਕੋਈ ਫਿਕਰ ਨਹੀਂ। ਉਹਨਾਂ ਦੱਸਿਆ ਕਿ ਕੁੱਝ ਮਹੀਨੇ ਪਹਿਲਾਂ ਆਕਲਪੁਰ ਦੇ ਮਜਦੂਰ , ਲੁਟੇਰਿਆਂ ਦੀ ਲੁੱਟ ਦਾ ਸ਼ਿਕਾਰ ਹੋਏ ਸਨ, ਜਿਨ੍ਹਾਂ ਦੇ ਮੋਬਾਇਲ ਫੋਨ 'ਤੇ ਨਕਦੀ ਲੁਟੇਰਿਆਂ ਨੇ ਲੁੱਟ ਲਈ ਸੀ, ਹੁਣ ਪੁਲਸ ਨੇ ਲੁੱਟ ਦਾ ਸ਼ਿਕਾਰ ਹੋਏ ਮਜਦੂਰਾਂ ਨੂੰ ਫੜੇ ਗਏ ਲੁਟੇਰਿਆਂ ਦੀ ਸ਼ਨਾਖਤ ਕਰਨ ਲਈ ਸ਼ੰਕਰ ਚੌਕੀ ਵਿਖੇ ਬੁਲਾਇਆ ਸੀ ਜਿੱਥੇ ਚੌਕੀ ਇੰਚਾਰਜ ਨੇ ਉਨ੍ਹਾਂ ਨਾਲ ਬਦਸਲੂਕੀ ਕੀਤੀ। ਮਜਦੂਰ ਆਗੂਆਂ ਨੇ ਕਿਹਾ ਕਿ ਅਸਲ ਵਿੱਚ ਇਹ ਘਟਨਾ ਪੁਲਸ ਦੀ ਮਜਦੂਰਾਂ ਪ੍ਰਤੀ ਦੂਸ਼ਿਤ ਮਾਨਸਿਕਤਾ ਦਾ ਪ੍ਰਗਟਾਵਾ ਹੈ ਜਿਸ ਨੂੰ ਸਹਿਣ ਨਹੀਂ ਕੀਤਾ ਜਾਵੇਗਾ।

## ਆਜ਼ਾਦੀ ਘੁਲਾਟੀਆਂ ਦੇ ਪਰਵਾਰਾਂ ਨੂੰ ਨਹੀਂ ਆਉਣ ਦਿੱਤੀ ਜਾਵੇਗੀ ਕੋਈ ਸਮੱਸਿਆ : ਭਾਰਦਵਾਜ

ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)-ਸਹਾਇਕ ਕਮਿਸ਼ਨਰ (ਜ) ਵਿਓਮ ਭਾਰਦਵਾਜ ਨੇ ਕਿਹਾ ਕਿ ਦੇਸ਼ ਦੀ ਆਜ਼ਾਦੀ ਵਿਚ ਆਪਣਾ ਯੋਗਦਾਨ ਦੇਣ ਵਾਲੇ ਆਜ਼ਾਦੀ ਘੁਲਾਟੀਆਂ ਦੇ ਪਰਵਾਰਾਂ ਨੂੰ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਕੋਈ ਸਮੱਸਿਆ ਨਹੀਂ ਆਉਂਣ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਸਰਕਾਰੀ ਦਫ਼ਤਰਾਂ ਵਿਚ ਬਣਦਾ ਮਾਣ-ਸਨਮਾਨ ਦਿੱਤਾ ਜਾਵੇਗਾ ਅਤੇ ਕਿਸੇ ਵੀ ਪਰਵਾਰਕ ਮੈਂਬਰ ਨੂੰ ਮੁਸ਼ਕਲ ਦਾ ਸਾਹਮਣਾ ਨਹੀਂ ਕਰਨ ਦਿੱਤਾ ਜਾਵੇਗਾ। ਉਹ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਚ ਕੀਤੀ ਗਈ ਮੀਟਿੰਗ ਦੌਰਾਨ ਆਜ਼ਾਦੀ ਘੁਲਾਟੀਆਂ ਦੇ ਪਰਵਾਰਾਂ ਦੀਆਂ ਮੁਸ਼ਕਲਾਂ ਸੁਣ ਰਹੇ ਸਨ। ਇਸ ਦੌਰਾਨ ਉਨ੍ਹਾਂ ਜਿਥੇ ਪਿਛਲੀ ਮੀਟਿੰਗ ਵਿਚ ਕੀਤੇ ਗਏ ਫੈਸਲਿਆਂ ਦੀ ਸਮੀਖਿਆ ਕੀਤੀ, ਉਥੇ ਸਬੰਧਤ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਉਹ ਆਜ਼ਾਦੀ ਘੁਲਾਟੀਆਂ ਦੇ ਪਰਵਾਰਕ ਮੈਂਬਰਾਂ ਦੀਆਂ ਸਮੱਸਿਆਵਾਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕਰਨ। ਇਸ ਮੌਕੇ ਆਜ਼ਾਦੀ ਘੁਲਾਟੀਆਂ ਦੇ ਪਰਵਾਰਾਂ ਵਿਚ ਪ੍ਰਧਾਨ ਅਵਤਾਰ ਸਿੰਘ, ਸਕੱਤਰ ਰਮੇਸ਼ ਚੰਦਰ, ਕੁਲਵੰਤ ਸਿੰਘ, ਹਰਦੀਪ ਸਿੰਘ, ਓਂਕਾਰ ਸਿੰਘ, ਮਨਦੀਪ ਸਿੰਘ, ਦਲਜੀਤ ਸਿੰਘ ਬਾਝ, ਜਸਲੀਨ ਸਿੰਘ, ਜਸਵੰਤ ਸਿੰਘ, ਜਰਨੈਲ ਸਿੰਘ, ਦਵਿੰਦਰ ਕੌਰ, ਜਸਪਾਲ ਸਿੰਘ ਵੀ ਮੌਜੂਦ ਸਨ।

## ਤਲਵਿੰਦਰ ਹੀਰ, ਪਰਵਾਰ ਤੇ ਗੁਰਦੇਵ ਸਿੰਘ ਦਾ ਸਨਮਾਨ



**ਜਲੰਧਰ (ਕੇਸਰ)** ਲੋਕ-ਪੱਖੀ, ਇਨਕਲਾਬੀ ਜਮਹੂਰੀ ਲਹਿਰ, ਸੰਯੁਕਤ ਕਿਸਾਨ ਮੋਰਚੇ 'ਚ ਮਾਹਿਲਪੁਰ ਕੇਂਦਰ ਅਤੇ ਦੇਸ਼ ਭਗਤ ਯਾਦਗਾਰ ਹਾਲ ਵਰਗੀਆਂ ਸੰਸਥਾਵਾਂ ਦੀਆਂ ਸਰਗਰਮੀਆਂ 'ਚ ਨਿਰੰਤਰ ਸੇਵਾਵਾਂ ਅਰਪਤ ਕਰਦੇ ਆ ਰਹੇ ਤਲਵਿੰਦਰ ਹੀਰ ਨੰਗਲ ਖਿਲਾੜੀਆਂ ਮਾਹਿਲਪੁਰ (ਹੁਸ਼ਿਆਰਪੁਰ) ਆਪਣੇ ਪਰਵਾਰ ਅਤੇ ਅਰਜਨ ਅਵਾਰਡੀ ਗੁਰਦੇਵ ਸਿੰਘ ਸਮੇਤ ਦੇਸ਼ ਭਗਤ ਯਾਦਗਾਰ ਹਾਲ ਮਿਊਜ਼ੀਅਮ ਅਤੇ ਲਾਇਬ੍ਰੇਰੀ ਦੇਖਣ ਪੁੱਜੇ। ਇਸ ਪਰਵਾਰਕ ਮਿਲਣੀ 'ਚ ਤਲਵਿੰਦਰ ਹੀਰ ਦੇ ਨਾਲ ਅਰਜਨ ਐਵਾਰਡੀ ਜੇਤੂ ਫੁੱਟਬਾਲਰ ਗੁਰਦੇਵ ਸਿੰਘ ਗਿੱਲ ਖੈਰੜ, ਤਲਵਿੰਦਰ ਹੀਰ ਦੇ ਮਾਤਾ ਸਿਮਰਜੀਤ ਕੌਰ ਹੀਰ (ਐਡਮਿੰਟਨ), ਭੈਣ ਰਾਣੀ ਬੈਂਸ (ਟੋਰੰਟੋ), ਹੀਰ ਦਾ ਭਾਣਜਾ ਹਰਪ੍ਰੀਤ ਸਿੰਘ ਢਿੱਲੋਂ ਅਤੇ ਭਤੀਜਾ ਜਸਮੀਤ ਸਿੰਘ ਹੀਰ ਵੀ ਸ਼ਾਮਲ ਸਨ। ਮਾਤਾ ਸਿਮਰਜੀਤ ਕੌਰ ਨੇ ਗ਼ਦਰੀ ਬਾਬਾ ਜਵਾਲਾ ਸਿੰਘ ਠੱਠੀਆਂ ਹਾਲ ਦੀ ਮੁਰੰਮਤ ਲਈ ਸਹਾਇਤਾ ਫੰਡ 'ਚ ਯੋਗਦਾਨ ਪਾਇਆ। ਦੇਸ਼ ਭਗਤ ਯਾਦਗਾਰ ਕਮੇਟੀ ਦੇ ਸਹਾਇਕ ਸਕੱਤਰ ਚਰੰਜੀ ਲਾਲ ਕੰਗਣੀਵਾਲ, ਸੀਨੀਅਰ ਟਰੱਸਟੀ ਸੁਰਿੰਦਰ ਕੁਮਾਰੀ ਕੋਛੜ, ਰਣਜੀਤ ਸਿੰਘ ਔਲਖ ਅਤੇ ਸੱਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਕਿਤਾਬਾਂ ਦਾ ਸੈੱਟ ਦੇ ਕੇ ਸਿਮਰਜੀਤ ਕੌਰ, ਭੈਣ ਰਾਣੀ ਬੈਂਸ ਅਤੇ ਅਰਜਨ ਅਵਾਰਡੀ ਗੁਰਦੇਵ ਸਿੰਘ ਦਾ ਦੇਸ਼ ਭਗਤ ਯਾਦਗਾਰ ਹਾਲ ਆਉਣ 'ਤੇ ਸਨਮਾਨ ਕੀਤਾ। ਸਭਨਾਂ ਨੇ ਦੇਸ਼ ਭਗਤ ਯਾਦਗਾਰ ਹਾਲ ਵੱਲੋਂ ਨਿਭਾਈਆਂ ਜਾ ਰਹੀਆਂ ਸੇਵਾਵਾਂ 'ਤੇ ਖੁਸ਼ੀ ਦਾ ਇਜ਼ਹਾਰ ਕੀਤਾ। ਕਮੇਟੀ ਨੇ ਮਾਣ ਮਹਿਸੂਸ ਕੀਤਾ ਕਿ ਪਰਿਵਾਰ ਆਪਣੇ ਘਰਾਂ, ਸਾਕ-ਸੰਬੰਧੀਆਂ ਵਾਂਗ ਹੀ ਦੇਸ਼ ਭਗਤ ਯਾਦਗਾਰ ਹਾਲ ਨੂੰ ਆਪਣਾ ਪਰਿਵਾਰ ਸਮਝਕੇ ਆ ਰਹੇ ਹਨ।

## 2 ਔਰਤਾ ਨਸ਼ੀਲੀਆ ਗੋਲੀਆ ਸਮੇਤ ਗ੍ਰਿਫਤਾਰ

**ਫਿਲੌਰ (ਨਿਰਮਲ)**- ਡੀ ਐਸ ਪੀ ਫਿਲੌਰ ਜਗਦੀਸ਼ ਰਾਜ ਦੀ ਅਗਵਾਹੀ ਹੇਠ ਸਬ- ਇਸਪੈਕਟਰ ਮਹਿੰਦਰਪਾਲ, ਮੁੱਖ ਅਫਸਰ ਥਾਣਾ ਬਿਲਗਾ ਦੀ ਪੁਲਸ ਪਾਰਟੀ ਵੱਲੋਂ 2 ਔਰਤਾਂ ਨੂੰ ਖੁੱਲੀਆਂ ਨਸ਼ੀਲੀਆ 310 ਗੋਲੀਆਂ ਸਮੇਤ ਗ੍ਰਿਫ਼ਤਾਰ ਕਰਨ 'ਚ ਵੱਡੀ ਸਫਲਤਾ ਹਾਸਲ ਕੀਤੀ। ਇਸ ਸੰਬੰਧੀ ਜਾਣਕਾਰੀ ਦਿੰਦੇ ਹੋਏ ਜਗਦੀਸ਼ ਰਾਜ ਨੇ ਦੱਸਿਆ ਕਿ 18-06-2023 ਨੂੰ ਥਾਣੇਦਾਰ ਸਤਪਾਲ ਸਮੇਤ ਪੁਲਸ ਪਾਰਟੀ ਗਸਤ ਬਾ ਚੈਕਿੰਗ ਭੈੜੇ ਪੁਰਸਾਂ ਸਬੰਧ ਵਿੱਚ ਥਾਣਾ ਬਿਲਗਾ ਤੋਂ ਖੋਖੇਵਾਲ ਤੋਂ ਹੁੰਦੇ ਹੋਏ ਪਿੰਡ ਕਾਦੀਆ, ਭੁੱਲਰਾਂ, ਸੰਗੋਵਾਲ ਆਦਿ ਪਿੰਡਾਂ ਨੂੰ ਜਾ ਰਹੇ ਸੀ। ਜਦ ਪੁਲਸ ਪਾਰਟੀ ਚੌਰਸਤਾ ਪਿੰਡ ਕਾਦੀਆ ਪਾਸ ਪੁੱਜੀ ਤਾਂ ਰਾਜਵਿੰਦਰ ਕੌਰ ਦੀ ਮੱਦਦ ਨਾਲ ਪਿੰਡ ਸੰਗੋਵਾਲ ਵੱਲੋਂ ਆ ਰਹੀਆਂ ਔਰਤਾਂ ਨੂੰ ਕਮਲਜੀਤ ਕੌਰ ਉਰਫ ਤੋਤੀ ਪਤਨੀ ਲੇਟ ਅਮਰੀਕ ਸਿੰਘ ਵਾਸੀ ਸੰਗੋਵਾਲ ਥਾਣਾ ਬਿਲਗਾ ਨੂੰ ਕਾਬੂ ਕਰਕੇ ਉਸ ਪਾਸੋਂ ਨਸ਼ੀਲੀਆ ਗੋਲੀਆਂ 190 ਅਤੇ ਮਲਕੀਤ ਕੌਰ ਉਰਫ ਪੱਪੀ ਪਤਨੀ ਲੇਟ ਦਲੀਪ ਸਿੰਘ ਵਾਸੀਆਨ ਪਿੰਡ ਸੰਗੋਵਾਲ ਥਾਣਾ ਬਿਲਗਾ ਨੂੰ ਕਾਬੂ ਕਰਕੇ ਉਸ ਪਾਸੋਂ ਨਸ਼ੀਲੀਆ ਗੋਲੀਆਂ 120 ਕੁੱਲ 310 ਖੁੱਲੀਆਂ ਨਸ਼ੀਲੀਆ ਗੋਲੀਆਂ ਬ੍ਰਾਮਦ ਕਰਕੇ ਉਨ੍ਹਾ ਖਿਲਾਫ ਮੁੱਕਦਮਾ ਦਰਜ ਕਰਕੇ ਤਫਤੀਸ਼ ਅਮਲ ਵਿੱਚ ਲਿਆਂਦੀ ਗਈ।

## ਭਲਕੇ ਅੰਤਰਰਾਸ਼ਟਰੀ ਯੋਗ ਦਿਵਸ ਮੌਕੇ ਸ੍ਰੀ ਅਨੰਦਪੁਰ ਸਾਹਿਬ 'ਚ ਹੋਵੇਗਾ ਯੋਗ ਸੈਸ਼ਨ

**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)** ਅੰਤਰਰਾਸ਼ਟਰੀ ਯੋਗ ਦਿਵਸ ਮੌਕੇ 21 ਜੂਨ ਨੂੰ ਸ੍ਰੀ ਅਨੰਦਪੁਰ ਸਾਹਿਬ ਵਿੱਚ ਯੋਗ ਸੈਸ਼ਨ ਕਰਵਾਇਆ ਜਾਵੇਗਾ। ਪੰਜ ਪਿਆਰਾ ਪਾਰਕ ਵਿੱਚ ਯੋਗ ਟ੍ਰੇਨਰ ਯੋਗ ਸੈਸ਼ਨ ਕਰਵਾਉਣਗੇ। ਇਹ ਜਾਣਕਾਰੀ ਮਨੀਸ਼ਾ ਰਾਣਾ ਆਈ.ਏ.ਐਸ ਉਪ ਮੰਡਲ ਮੈਜਿਸਟ੍ਰੇਟ ਸ੍ਰੀ ਅਨੰਦਪੁਰ ਸਾਹਿਬ ਨੇ ਇਥੇ ਦਿੱਤੀ। ਉਨ੍ਹਾਂ ਨੇ ਦੱਸਿਆ ਕਿ 21 ਜੂਨ ਨੂੰ ਅੰਤਰਰਾਸ਼ਟਰੀ ਯੋਗ ਦਿਵਸ ਮੌਕੇ ਵੱਖ-ਵੱਖ ਥਾਵਾਂ ਤੇ ਯੋਗ ਸੈਸ਼ਨ ਕਰਵਾਏ ਜਾ ਰਹੇ ਹਨ। ਸੈਰ-ਸਪਾਟਾ ਵਿਭਾਗ ਵੱਲੋਂ ਟੂਰਿਸ਼ਟ ਇੰਟਰਸ਼ਟ ਵਾਲੇ ਕੇਂਦਰਾਂ ਵਿੱਚ ਯੋਗ ਸੈਸ਼ਨ ਕਰਵਾਉਣ ਦਾ ਫੈਸਲਾ ਲਿਆ ਗਿਆ ਹੈ। ਸ੍ਰੀ ਅਨੰਦਪੁਰ ਸਾਹਿਬ ਦੇ ਵਿੱਚ ਸਥਿਤ ਪੰਜ ਪਿਆਰਾ ਪਾਰਕ ਦੀ ਚੋਣ ਯੋਗ ਸੈਸ਼ਨ ਕਰਵਾਉਣ ਲਈ ਕੀਤੀ ਗਈ ਹੈ। ਸਕੱਤਰ ਸੈਰ-ਸਪਾਟਾ ਸ੍ਰੀ ਗੁਰਕਿਰਤ ਕ੍ਰਿਪਾਲ ਸਿੰਘ, ਡਿਪਟੀ ਕਮਿਸ਼ਨਰ ਡਾ.ਪ੍ਰੀਤੀ ਯਾਦਵ ਅਤੇ ਨਿਰਦੇਸ਼ਕ ਸੈਰ ਸਪਾਟਾ ਅਮ੍ਰਿਤ ਸਿੰਘ ਵੱਲੋਂ ਪੰਜ ਪਿਆਰਾ ਪਾਰਕ ਵਿੱਚ ਯੋਗ ਸੈਸ਼ਨ ਕਰਵਾਉਣ ਲਈ ਤਿਆਰੀਆਂ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ। ਸੈਰ-ਸਪਾਟਾ ਵਿਭਾਗ ਦੇ ਨਿਗਰਾਨ ਇੰਜੀਨਿਅਰ ਬੀ ਐਸ ਚਾਨਾ ਨੇ ਦੱਸਿਆ ਕਿ ਵਿਭਾਗ ਵੱਲੋਂ ਪੰਜ ਪਿਆਰਾ ਪਾਰਕ ਵਿੱਚ ਯੋਗ ਸੈਸ਼ਨ 21 ਜੂਨ ਨੂੰ ਸਵੇਰੇ 7 ਵਜੇ ਹੋਵੇਗਾ, ਜਿਸ ਦੀਆਂ ਮੁੱਢਲੀਆਂ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਗਈਆਂ ਹਨ। ਵਿਭਾਗ ਦੇ ਅਧਿਕਾਰੀ ਰਾਜੇਸ਼ ਸ਼ਰਮਾ ਅਤੇ ਐਨ.ਸੀ.ਸੀ ਅਫਸਰ ਰਣਜੀਤ ਸਿੰਘ ਵੱਲੋਂ ਯੋਗ ਸੈਸ਼ਨ ਦੀਆਂ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ, ਇਸ ਸੈਸ਼ਨ ਵਿੱਚ ਨਗਰ ਦੇ ਪਤਵੰਤੇ, ਵੱਖ ਵੱਖ ਵਿਭਾਗਾ ਦੇ ਅਧਿਕਾਰੀ/ਕਰਮਚਾਰੀ ਅਤੇ ਸ੍ਰੀ ਗੁਰੂ ਤੇਗ ਬਹਾਦਰ ਖਾਲਸਾ ਕਾਲਜ, ਐਸ ਜੀ ਐਸ ਖਾਲਸਾ ਸੀਨੀ ਸੈਕੰ ਸਕੂਲ, ਸ੍ਰੀ ਦਸਮੇਸ਼ ਅਕੈਡਮੀ, ਭਾਈ ਨੰਦ ਲਾਲ ਪਬਲਿਕ ਸਕੂਲ, ਨੈਸ਼ਨਲ ਫਰਟੀਲਾਈਜਰ ਸੀਨੀ. ਸੈਕੰ ਸਕੂਲ ਨਯਾ ਨੰਗਲ, ਸਰਕਾਰੀ ਸੀਨੀ ਸੈਕੰ. ਸਕੂਲ ਲੜਕੇ ਨੂਰਪੁਰ ਬੇਦੀ ਦੇ ਵਿਦਿਆਰਥੀ, ਕੈਡਿਟ, ਅਧਿਆਪਕ ਤੇ ਸਟਾਫ ਸ਼ਮੂਲੀਅਤ ਕਰਨਗੇ।

## ਖੇਲੋ ਇੰਡੀਆ ਖੇਡਾਂ 'ਚ ਬੇਲਾ ਕਾਲਜ ਦੇ ਰੋਇੰਗ ਦੇ ਖਿਡਾਰੀਆਂ ਨੇ ਜਿੱਤਿਆ ਸਿਲਵਰ ਮੈਡਲ



**ਸ੍ਰੀ ਚਮਕੌਰ ਸਾਹਿਬ (ਗੁਰਵਿੰਦਰਪਾਲ ਸਿੰਘ ਬੋਬੀ)** ਅਮਰ ਸ਼ਹੀਦ ਬਾਬਾ ਅਜੀਤ ਸਿੰਘ ਜੁਝਾਰ ਸਿੰਘ ਮੈਮੋਰੀਅਲ ਕਾਲਜ, ਬੇਲਾ ਦੇ ਰੋਇੰਗ ਦੇ ਖਿਡਾਰੀਆਂ ਨੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਖੇਡਦੇ ਹੋਏ ਚਾਂਦੀ ਦੇ ਤਗਮੇ ਜਿੱਤ ਕੇ ਕਾਲਜ ਅਤੇ ਯੂਨੀਵਰਸਿਟੀ ਦਾ ਨਾਂਅ ਰੋਸ਼ਨ ਕੀਤਾ। ਇਸ ਵੱਡੀ ਜਿੱਤ ਤੇ ਮਾਣ ਕਰਦੇ ਹੋਏ ਕਾਲਜ ਦੇ ਪ੍ਰਿੰਸੀਪਲ ਡਾ. ਸਤਵੰਤ ਕੌਰ ਸ਼ਾਹੀ ਨੇ ਦੱਸਿਆ ਕਿ ਕਾਲਜ ਦੇ ਖਿਡਾਰੀਆਂ ਨੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਖੇਡਦੇ ਹੋਏ ਇਹਨਾਂ ਖੇਡਾਂ ਵਿੱਚ ਵੱਖ-ਵੱਖ ਈਵੈਂਟਾਂ ਵਿੱਚ ਚਾਂਦੀ ਦੇ ਤਗਮੇ ਪ੍ਰਾਪਤ ਕੀਤੇ। ਇਹ ਖੇਡਾਂ ਗੋਰਖਪੁਰ (ਉੱਤਰ ਪ੍ਰਦੇਸ਼) ਵਿਖੇ ਕਰਵਾਈਆਂ ਗਈਆਂ ਜਿਸ ਵਿੱਚ ਓਪਨ ਮੈਨ ਫਾਰ 500 ਮੀਟਰ ਵਿੱਚ ਕਾਲਜ ਦੇ ਖਿਡਾਰੀ ਜਸਕਰਨ ਧਾਲੀਵਲ, ਸੰਗਮ ਸਹਾਰਨ, ਗੁਰਸੇਵਕ ਸਿੰਘ, ਰਿਪਨਦੀਪ ਸਿੰਘ ਨੇ ਸਿਲਵਰ ਮੈਡਲ ਹਾਸਿਲ ਕੀਤਾ। ਲੜਕੀਆਂ ਦੇ ਮੁਕਾਬਲਿਆਂ ਵਿੱਚ ਸਿੰਗਲ ਸਕੱਲ 200 ਮੀਟਰ ਵਿੱਚ ਕਾਲਜ ਦੀ ਖਿਡਾਰਨ ਅਮਨਦੀਪ ਕੌਰ ਨੇ ਚਾਂਦੀ ਦਾ ਤਗਮਾ ਅਤੇ 500 ਮੀਟਰ ਵਿੱਚ ਕਾਂਸੀ ਦਾ ਤਗਮਾ ਪ੍ਰਾਪਤ ਕਰ ਕੇ ਕਾਲਜ ਅਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦਾ ਨਾਮ ਸੁਨਿਹਰੀ ਅੱਖਰਾਂ ਵਿੱਚ ਦਰਜ ਕਰਵਾਇਆ। ਖਿਡਾਰੀਆਂ ਦੇ ਕਾਲਜ ਪਹੁੰਚਣ ਤੇ ਕਾਲਜ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸੰਗਤ ਸਿੰਘ ਲੌਂਗੀਆ, ਸਕੱਤਰ ਜਗਵਿੰਦਰ ਸਿੰਘ, ਮੈਨੇਜਰ ਸੁਖਵਿੰਦਰ ਸਿੰਘ ਵਿਸਕੀ, ਪਿੰਸੀਪਲ ਡਾ. ਸਤਵੰਤ ਕੌਰ ਸ਼ਾਹੀ ਵੱਲੋਂ ਖਿਡਾਰੀਆਂ ਨੂੰ ਸਨਮਾਨਿਤ ਕੀਤਾ ਗਿਆ ਅਤੇ ਨਕਦ ਰਾਸ਼ੀ ਦਿੱਤੀ ਗਈ। ਉਹਨਾਂ ਸਰੀਰਕ ਸਿੱਖਿਆ ਵਿਭਾਗ ਦੇ ਸਹਾਇਕ ਪ੍ਰੋ. ਲੈਫਟੀਨੈਂਟ ਪ੍ਰਿਤਪਾਲ ਸਿੰਘ, ਸਹਾਇਕ ਪ੍ਰੋ. ਅਮਰਜੀਤ ਸਿੰਘ ਨੂੰ ਇਸ ਪ੍ਰਾਪਤੀ ਤੇ ਮੁਬਾਰਕਬਾਦ ਦਿੱਤੀ। ਇਸ ਮੌਕੇ ਡਾ.ਮਮਤਾ ਅਰੋੜਾ, ਸਹਾਇਕ ਪ੍ਰੋ. ਸੁਨੀਤਾ ਰਾਣੀ ਤੇ ਸਮੂਹ ਸਟਾਫ ਮੈਂਬਰ ਹਾਜ਼ਰ ਸਨ।

## ਅਮਰਨਾਥ ਯਾਤਰਾ ਲਈ ਲੋਹੀਆਂ ਤੋਂ ਸ਼ਾਹਕੋਟ ਲੰਗਰ ਸੇਵਾ ਸਮਿਤੀ ਨੂੰ ਭੇਜਿਆ ਰਾਸ਼ਨ



**ਲੋਹੀਆਂ ਖਾਸ, (ਰੀਨਾ ਸ਼ਰਮਾ, ਯੋਗੇਸਵਰ)** : ਬ੍ਰਹਮਲੀਨ ਮਹੰਤ ਸ੍ਰੀ ਸਾਂਤੀ ਗਿਰਿ ਮਹਾਰਾਜ ਬ੍ਰਹਮਲੀਨ ਮਹੰਤ ਰਵਿੰਦਰਾ ਗਿਰਿ ਮਹਾਰਾਜ ਦੀ ਕ੍ਰਿਪਾ ਨਾਲ ਅਤੇ ਮਹੰਤ ਸ਼ਿਪਰਾ ਗਿਰਿ ਦੇ ਆਸ਼ੀਰਵਾਦ ਤੇ ਅਗਵਾਈ ਨਾਲ ਪ੍ਰਾਚੀਨ ਸ਼ਿਵ ਮੰਦਰ ਲੋਹੀਆ ਖਾਸ ਤੋਂ ਸ੍ਰੀ ਅਮਰਨਾਥ ਯਾਤਰਾ 'ਤੇ ਲੰਗਰ ਵਾਸਤੇ ਰਾਸ਼ਨ ਸੇਵਾ ਸੰਮਤੀ ਸਾਹਕੋਟ ਨੂੰ ਭੇਜਿਆ ਗਿਆ।

ਇਸ ਮੌਕੇ ਹਾਜ਼ਰ ਸ਼ਿਵ ਭਗਤ ਪੰਡਤ ਵਿਸਨੂੰ, ਵਿਸ਼ਾਲ ਸੱਦੀ ਸਾਲੂ, ਵਿਨੋਦ ਕੁਮਾਰ ਬੱਬੂ, ਮੁਨਿਤ ਗਾਂਧੀ, ਰਾਹੁਲ ਸ਼ਰਮਾ, ਰਿੰਕੂ ਕੰਡਾ, ਪ੍ਰਸ਼ੋਤਮ ਗੁਪਤਾ, ਪਿਆਰੇ ਲਾਲ ਵਰਮਾ, ਵਿਪਨ ਸ਼ਰਮਾ, ਪ੍ਰਮੋਦ ਗੁਪਤਾ, ਲੱਖਣ ਵਰਮਾ, ਮਾਨੂ, ਪ੍ਰਿੰਸ, ਅੰਕੁਸ਼ ਕੰਡਾ, ਵਿੱਕੀ, ਸਮੀਰ, ਮੁਨੀਸ ਸ਼ਰਮਾ, ਦਲਜੀਤ ਸਿੰਘ, ਰਜਤ ਕੰਡਾ, ਰਾਕੇਸ਼ ਕੰਡਾ, ਨਵੀਨ ਅਤੇ ਰੁਪੇਸ਼ ਕੁਮਾਰ ਸੱਦੀ ਹਾਜ਼ਰ ਹੋਏ ਤੇ ਲੋਹੀਆਂ ਦੇ ਸ਼ਿਵ ਭਗਤਾ ਵੱਲੋ ਲੰਗਰ ਵਾਸਤੇ ਦਿੱਤੇ ਸਹਿਯੋਗ ਦਾ ਵਿਸ਼ਾਲ ਸੱਦੀ ਸਾਲੂ ਵੱਲੋਂ ਧੰਨਵਾਦ ਕੀਤਾ। ਲੋਹੀਆਂ ਖਾਸ ਵੱਲੋ 27ਵੀਂ ਯਾਤਰਾ 30 ਜੂਨ ਨੂੰ ਸਵੇਰੇ 9 ਵਜੇ ਪ੍ਰਚੀਨ ਸ਼ਿਵ ਮੰਦਰ ਲੋਹੀਆਂ ਖਾਸ ਤੋਂ ਰਵਾਨਾ ਕੀਤੀ ਜਾਵੇਗੀ।

## ਫੁਗਲਾਣਾ ਵਿਖੇ ਸਾਲਾਨਾ ਭੰਡਾਰਾ, ਜਾਗਰਣ ਤੇ ਧਾਰਮਿਕ ਸਮਾਗਮ ਭਲਕੇ



**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)** ਪਿੰਡ ਫੁਗਲਾਣਾ ਵਿਖੇ ਡੇਰਾ ਸ਼ਿਵ ਯੋਗੀ ਬਾਬਾ ਬਾਲਕ ਨਾਥ ਦੇ ਅਸਥਾਨ 'ਤੇ ਸਮੂਹ ਨਗਰ ਨਿਵਾਸੀਆਂ, ਗ੍ਰਾਮ ਪੰਚਾਇਤ, ਪ੍ਰਵਾਸੀ ਭਾਰਤੀਆ ਅਤੇ ਇਲਾਕੇ ਦੇ ਸਹਿਯੋਗ ਨਾਲ ਮੰਦਰ ਵੱਲੋਂ ਸਾਲਾਨਾ ਭੰਡਾਰਾ, ਜਾਗਰਣ ਅਤੇ ਧਾਰਮਿਕ ਸਮਾਗਮ 20-21 ਜੂਨ ਨੂੰ ਡੇਰੇ ਦੇ ਮੁੱਖ ਸੇਵਾਦਾਰ ਮਹੰਤ ਬਾਵਾ ਸਾਬੀ ਫੁਗਲਾਣਾ ਦੀ ਅਗਵਾਈ ਹੇਠ ਕਰਵਾਏ ਜਾ ਰਹੇ ਹਨ। ਇਸ ਮੌਕੇ ਮੰਦਰ ਦੇ ਮੁੱਖ ਸੇਵਾਦਾਰ ਮਹੰਤ ਬਾਵਾ ਸਾਬੀ ਫੁਗਲਾਣਾ ਨੇ ਦੱਸਿਆ ਕਿ 20 ਜੂਨ ਨੂੰ ਸ਼ਾਮ 7 ਵਜੇ ਲੰਗਰ ਲਗਾਇਆ ਜਾਵੇਗਾ ਅਤੇ ਰਾਤ 9 ਵਜੇ ਸਾਲਾਨਾ ਬਾਬਾ ਦਾ ਜਾਗਰਣ ਕਰਵਾਇਆ ਜਾ ਰਿਹਾ ਹੈ। ਇਸ ਮੌਕੇ ਪ੍ਰਬੰਧਕਾਂ ਨੇ ਦੱਸਿਆ ਜੋੜ ਮੇਲੇ ਮੌਕੇ 21 ਜੂਨ ਨੂੰ 12 ਵਜੇ ਨਿਸ਼ਾਨ ਸਾਹਿਬ ਚੜਾਇਆ ਜਾਵੇਗਾ ਅਤੇ 01 ਸਾਲਾਨਾ ਲੰਗਰ ਭੰਡਾਰਾ ਲਗਾਇਆ ਜਾਵੇਗਾ। ਇਸ ਮੌਕੇ ਮਹੰਤ ਬਾਵਾ ਸਾਬੀ ਫੁਗਲਾਣਾ ਨੇ ਦੱਸਿਆ ਕਿ 20-21 ਜੂਨ ਨੂੰ ਇਲਾਕੇ ਦੀਆਂ ਸਮੂਹ ਸੰਗਤਾਂ ਨੂੰ ਸਮਾਗਮ ਵਿੱਚ ਪੁਹੰਚਣ ਦੀ ਅਪੀਲ ਕੀਤੀ।

## ਰੱਤੂ ਜਠੇਰਿਆਂ ਦਾ ਸਾਲਾਨਾ ਜੋੜ ਮੇਲਾ ਸ਼ਾਨੋ-ਸ਼ੌਕਤ ਨਾਲ ਸਮਾਪਤ



**ਬਹਿਰਾਮ (ਅਵਤਾਰ ਕਲੇਰ)** ਧੰਨ-ਧੰਨ ਬਾਬਾ ਡੋਗਰ ਪੀਰ, ਬਾਬਾ ਜਾਹਰ ਪੀਰ, ਬਾਬਾ ਸੇਲਬਰਾਹ ਦੇ ਅਸਥਾਨ ਰੱਤੂ ਜਠੇਰੇ ਪਿੰਡ ਝੰਡੇਰਾਂ ਵਿਖੇ ਸਾਲਾਨਾ ਜੋੜ ਮੇਲਾ ਸਮੂਹ ਸੰਗਤਾਂ, ਰੱਤੂ ਜਠੇਰੇ ਪ੍ਰਬੰਧਕ ਕਮੇਟੀ, ਸਮੂਹ ਪੰਚਾਇਤਾ ਦੇ ਸਹਿਯੋਗ ਨਾਲ ਮਨਾਇਆ ਗਿਆ। ਅਸਥਾਨ ਦੀਆਂ ਸਾਰੀਆ ਧਾਰਮਿਕ ਰਸਮਾਂ ਕਰਨ ਉਪਰੰਤ ਸਟੇਜ ਸਜਾਈ ਗਈ ਜਿਸ 'ਚ ਕਲਾਕਾਰ ਬਲਰਾਜ ਬਿਲਗਾ ਅਤੇ ਹੋਰ ਕਲਾਕਾਰਾਂ ਨੇ ਆਪਣੇ ਗੀਤਾਂ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਅਤੇ ਹਲਕਾ ਇੰਚਾਰਜ ਕੁਲਜੀਤ ਸਿੰਘ ਸਰਹਾਲ ਨੇ ਸੰਗਤਾਂ ਨੂੰ ਮੁਬਾਰਕਬਾਦ ਦਿੱਤੀ। ਪ੍ਰਧਾਨ ਮੇਜਰ ਰਾਮ ਰੱਤੂ ਅਤੇ ਸਾਬਕਾ ਸੰਮਤੀ ਮੈਂਬਰ ਇਰਵਨ ਕੁਮਾਰ ਰੱਤੂ ਨੇ ਆਈਆਂ ਹੋਈਆ ਸੰਗਤਾਂ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਸਾਨੂੰ ਵੱਡੇ ਵਡੇਰਿਆ ਦੀ ਯਾਦ ਵਿੱਚ ਸਾਲਾਨਾ ਜੋੜ ਮੇਲੇ ਉਤਸ਼ਾਹ ਨਾਲ ਮਨਾਉਣੇ ਚਾਹੀਦੇ ਹਨ ਤਾਂ ਜੋ ਸਾਡੀ ਆਉਣ ਵਾਲੀ ਪੀੜ੍ਹੀ ਨੂੰ ਬਜੁਰਗਾ ਬਾਰੇ ਜਾਣਕਾਰੀ ਮਿਲ ਸਕੇ। ਉਨ੍ਹਾ ਕਿਹਾ ਕਿ ਸਾਲਾਨਾ ਜੋੜ ਮੇਲੇ ਭਾਈਚਾਰਕ ਸਾਂਝ ਵਧਾਉਂਦੇ ਹਨ। ਉਪਰੰਤ ਪ੍ਰਮੁੱਖ ਸ਼ਖਸ਼ੀਅਤਾ ਅਤੇ ਕਲਾਕਾਰਾ ਦਾ ਸਿਰੋਪਾਓ ਨਾਲ ਸਨਮਾਨ ਕੀਤਾ। ਇਸ ਮੌਕੇ ਹਲਕਾ ਇੰਚਾਰਜ ਕੁਲਜੀਤ ਸਿੰਘ ਸਰਹਾਲ, ਬਲਵੀਰ ਕਰਨਾਣਾ ਚੇਅਰਮੈਨ ਮਾਰਕੀਟ ਕਮੇਟੀ ਬੰਗਾ, ਪ੍ਰਧਾਨ ਮੇਜਰ ਰਾਮ ਰੱਤੂ, ਸਾਬਕਾ ਸੰਮਤੀ ਮੈਂਬਰ ਇਰਵਨ ਕੁਮਾਰ, ਸਤਨਾਮ ਸਿੰਘ, ਕੁਲਦੀਪ ਰਾਮ, ਰਾਮ ਕ੍ਰਿਸ਼ਨ, ਸਰਪੰਚ ਪ੍ਰੋਮਿਲਾ ਦੇਵੀ, ਡਾ.ਸੁਰਿੰਦਰ ਝੰਡੇਰ, ਆਤਮਾ ਸਿੰਘ, ਅਜਮੇਰ ਸਿੰਘ, ਮਦਨ ਲਾਲ ਰੱਤੂ, ਪਲਵਿੰਦਰ ਰਾਮ, ਜੀਤ ਸਿੰਘ, ਬੀਬੀ ਜਗਜੀਤ ਕੌਰ, ਬੀਬੀ ਸੁਖਦੀਪ ਕੌਰ, ਬਬਲੀ, ਬੀਬੀ ਆਸ਼ਾ ਰਾਣੀ, ਪਰਗਣ ਸਿੰਘ, ਜੋਗ ਰਾਜ ਸਿੰਘ, ਸਤਵਿੰਦਰ ਸਿੰਘ, ਡਾ.ਸਤਨਾਮ ਰੁਪੋਵਾਲ, ਸੇਵਾ ਸਿੰਘ ਉਦੇਸੀਆ, ਗਿਆਨ ਚੰਦ ਬੰਗਾ, ਮਨਪ੍ਰੀਤ ਸਿੰਘ, ਬੀਬੀ ਜਗੀਰ ਕੌਰ ਪੰਚ, ਗਿਆਨ ਚੰਦ ਪੰਚ, ਜਸਵਿੰਦਰ ਸਿੰਘ, ਮਹਿੰਦਰ ਸਿੰਘ, ਅਵਤਾਰ ਰਾਮ, ਰਤਨ ਰਾਮ ਨੰਗਲ ਫਤਿਹ ਖਾਂ ਆਦਿ ਹਾਜ਼ਰ ਸਨ।

## ਸੀ ਟੀ ਗਰੁੱਪ ਆਫ ਇੰਸਟੀਚਿਊਸ਼ਨ ਵਿਖੇ 19ਵਾਂ ਲੋਕ ਨਾਚ ਸਿਖਲਾਈ ਕੈਂਪ ਸੰਪੰਨ



**ਜਲੰਧਰ (ਸ਼ੈਲੀ ਐਲਬਰਟ)** - ਸੀਟੀ ਗਰੁੱਪ ਆਫ ਇੰਸਟੀਚਿਊਸ਼ਨ ਦੇ ਮਨਜੀਤ ਕੌਰ ਆਡੀਟੋਰੀਅਮ ਵਿਖੇ ਸੁਰਤਾਲ ਸੱਭਿਆਚਾਰਕ ਸੱਥ ਵੱਲੋਂ ਕਰਵਾਏ ਗਏ 12 ਦਿਨੀਂ ਲੋਕ ਨਾਚ ਸਿਖਲਾਈ ਕੈਂਪ ਵਿੱਚ 300 ਦੇ ਕਰੀਬ ਲੜਕੇ-ਲੜਕੀਆਂ ਨੇ ਭਾਗ ਲਿਆ। ਜਿਨ੍ਹਾਂ ਵਿੱਚ ਬੱਚਿਆਂ ਤੋਂ ਲੈ ਕੇ ਅਤੇ 50 ਸਾਲ ਤੱਕ ਦੀ ਉਮਰ ਲੋਕ ਸ਼ਾਮਲ ਸਨ।

ਕੈਂਪ ਦੌਰਾਨ ਵੱਖ-ਵੱਖ ਸਖਸ਼ੀਅਤਾਂ ਨੇ ਆਪਣੇ-ਆਪਣੇ ਹੁਨਰਾਂ ਦੀ ਸਿੱਖਿਆਰਥੀਆਂ ਨੂੰ ਜਾਣਕਾਰੀ ਦਿੱਤੀ। ਇਹ ਕੈਂਪ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸਾਬਕਾ ਰਜਿਸਟਰਾਰ ਸਵਰਗੀ ਡਾ. ਇੰਦਰਜੀਤ ਸਿੰਘ ਦੀ ਯਾਦ 'ਚ ਕਰਵਾਇਆ ਗਿਆ। ਇਸ 19ਵੇਂ ਲੋਕ ਨਾਚ ਸਿਖਲਾਈ ਕੈਂਪ ਦੇ ਸਮਾਪਤੀ ਸਮਾਰੋਹ ਵਿੱਚ ਵਿਕਾਸ ਹੀ ਰਾਪੀ ਸੀ.ਐੱਸ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ।

ਇਸ ਮੌਕੇ ਪ੍ਰਸਿੱਧ ਲੋਕ ਗਾਇਕ ਪੰਮੀ ਬਾਈ ਨੇ ਵਿਸ਼ੇਸ਼ ਤੌਰ 'ਤੇ ਸਿਰਕਤ ਕੀਤੀ।ਮੁੱਖ ਸੂਰਤਧਾਰ ਅਤੇ ਪ੍ਰੈਜ਼ੀਡੈਂਟ ਨੀਤੀਰਾਜਬੀ ਸਿੰਘ ਸ਼ੇਰਗਿੱਲ ਨੇ ਆਏ ਸਾਰੇ ਪ੍ਰਤੀ ਭਾਗੀਆਂ ਦਾ ਧੰਨਵਾਦ ਕੀਤਾ। ਇਸ ਤੋਂ ਇਲਾਵਾ ਪ੍ਰਸਿੱਧ ਢੋਲ ਵਾਦਕ ਰਮੇਸ਼ ਕੁਮਾਰ ਨੂੰ ਲਾਈਫ ਟਾਈਮ ਅਚੀਵਮੈਂਟ ਅਵਾਰਡ ਨਾਲ ਸਨਮਾਨਿਤ ਕੀਤਾ ਗਿਆ।ਇਸ ਮੌਕੇ ਸੀ ਟੀ ਯੂਨੀਵਰਸਿਟੀ ਦੇ ਸਟੂਡੈਂਟ ਵੈਲਫੇਅਰ ਵਿਭਾਗ ਦੇ ਡਿਪਟੀ ਡਰੈਕਟਰ ਦਵਿੰਦਰ ਸਿੰਘ ਮਾਨ ਨੇ ਮਹਿਮਾਨਾਂ ਤੇ ਸੀਟੀ ਗਰੁੱਪ ਦੇ ਮੈਨੇਜਿੰਗ ਡਾਇਰੈਕਟਰ ਡਾ. ਮਨਬੀਰ ਸਿੰਘ ਤੇ ਪ੍ਰਬੰਧਕਾ ਦਾ ਧੰਨਵਾਦ ਕੀਤਾ। ਇਸ ਮੌਕੇ ਸਟੇਜ ਦਾ ਸੰਚਾਲਨ ਵਿਕਾਸ ਮੋਂਗੀਆ ਨੇ ਖੂਬ ਹਾਸਰੱਸ ਦੇ ਟੋਟਕਿਆ ਨਾਲ ਦਰਸ਼ਕਾ ਦਾ ਮਨੋਰੰਜਨ ਕੀਤਾ ਤੇ ਵਾਹ-ਵਾਹ ਖੱਟੀ।ਸੀਟੀ ਗਰੁੱਪ ਦੇ ਮੈਨੇਜਿੰਗ ਡਾਇਰੈਕਟਰ ਡਾ.ਮਨਬੀਰ ਸਿੰਘ ਨੇ ਸੁਰਤਾਲ ਸੱਭਿਆਚਾਰਕ ਸੱਥ ਜਲੰਧਰ ਵੱਲੋਂ ਕਰਵਾਏ ਗਏ ਇਸ ਲੋਕ ਨਾਚ ਕੈਂਪ ਦੀ ਸ਼ਲਾਘਾ ਕੀਤੀ ਅਤੇ ਕਿਹਾ ਕਿ ਅਜਿਹੇ ਸਮਾਗਮ ਸਿਖਲਾਈ ਦੇ ਨਾਲ ਨਾਲ ਲੋਕਾਂ ਨੂੰ ਤੰਦਰੁਸਤ ਵੀ ਰੱਖਦੇ ਹਨ।


**MIRABELLE AGRO MANUFACTURING PVT. LTD.**

The Company wishes to market its 100% Water Soluble Mixture of Fertilizers in the State of Punjab as per the following details.

| Sr. No | Generic Name | Contents of the Products |
|---|---|---|
| 1. | Mirabelle 100% Water Soluble Mixture of Fertilizer NPK 20:20:20 | • Total Nitrogen : 20.0%<br>• Water soluble Phosphate as $P_2O_5$ : 20.0%<br>• Water soluble potassium as $K_2O$ : 20.0%<br>• Solubility : 100.0% |
| 2. | Mirabelle 100% Water Soluble Mixture of Fertilizer NPK 00:16:16 | • Water soluble potassium as $K_2O$ : 16.0%<br>• Water soluble phosphorus as $P_2O_5$ : 16.0%<br>• Magnesium (Chelated form) : 2.0%<br>• Calcium (Chelated form) : 2.0%<br>• Boron as 'B' : 0.50%<br>• Sulphur as 'S' : 2.0% |
| 3. | Mirabelle 100% Water Soluble Mixture of Fertilizer for Wheat Special NPK 00:15:15 | • Phosphorus as $P_2O_5$ : 15.0%<br>• Potassium as $K_2O$ : 15.0%<br>• Manganese as Mn : 15.0%<br>• Zinc as Zn : 2.5%<br>• Sulphur as S : 12.0%<br>• Solubility : 100.0% |
| 4. | Mirabelle 100% Water Soluble Mixture of Fertilizer for Boropaddy Special NPK 00:20:13 | • Phosphorus as $P_2O_5$ : 20.0%<br>• Potassium as $K_2O$ : 13.0%<br>• Zinc as Zn : 10.0%<br>• Magnesium as Mg : 2.0%<br>• Boron as B : 0.5%<br>• Sulphur as S : 8.0%<br>• Solubility : 100.0% |
| 5. | Mirabelle 100% Water Soluble Mixture of Fertilizers for Cotton Special NPK 00:12:18 | • Water soluble phosphates as $P_2O_5$ : 12.0%<br>• Water Soluble Potassium as $K_2O$ : 18.0%<br>• Chelated calcium as Ca-EDTA : 2.0%<br>• Magnesium as Mg : 2.0%<br>• Boron as B : 0.2%<br>• Copper as Cu : 1.0%<br>• Manganese as Mn : 1.0%<br>• Zinc as Zn : 2.5%<br>• Sulphate Sulphur as S : 8.0% |
| 6. | Mirabelle 100% Water Soluble Mixture of Fertilizers for Maize Special NPK 00:14:18 | • Water soluble phosphates as $P_2O_5$ : 14.0%<br>• Water Soluble Potassium as $K_2O$ : 18.0%<br>• Boron as B : 1.0%<br>• Copper as Cu : 1.0%<br>• Manganese as Mn : 2.0%<br>• Zinc as Zn : 2.5%<br>• Chelated Iron as Fe-EDTA : 2.5%<br>• Sulphate Sulphur as S : 5.0% |
| 7. | Mirabelle 100% Water Soluble Mixture of Fertilizer for Chilli Special NPK 00:16:16 | • Water Soluble Potassium as $K_2O$ : 16.0%<br>• Water soluble phosphates as $P_2O_5$ : 16.0%<br>• Magnesium (Chelated form) : 2.00%<br>• Calcium (Chelated form) : 2.00%<br>• Zinc as Zn : 1.00%<br>• Boron as 'B' : 0.10%<br>• Sulphur as 'S' : 2.50% |
| 8. | Mirabelle 100% Water Soluble Mixture of Fertilizers for Groundnut Special NPK 00:10:21 | • Water soluble phosphates as $P_2O_5$ : 10.0%<br>• Water Soluble Potassium as $K_2O$ : 21.0%<br>• Boron as B : 0.3%<br>• Copper as Cu : 1.0%<br>• Manganese as Mn : 4.0%<br>• Chelated Zinc as Zn-EDTA : 3.5%<br>• Chelated Iron as Fe-EDTA : 1.0%<br>• Molybdenum as Mo : 0.001%<br>• Sulphate Sulphur as S : 7.0% |
| 9. | Mirabelle 100% Water Soluble Mixture of Fertilizers NPK 13:40:13 | • Water soluble phosphates as $P_2O_5$ : 40.0%<br>• Water Soluble potassium as $K_2O$ : 13.0%<br>• Total Nitrogen as N : 13.0% |

The aforementioned 100% Water Soluble Mixture of Fertilizers are strictly in accordance with the Notification No. S.O.2900 (E) dated 24.10.2015, duly amended vide Notification No. S.O.4120 (E) dated 30.12.2017, issued by Ministry of Agriculture and Farmer's Welfare, New Delhi (India).

Date : 20.06.2023

Marketed By:
M/s. MIRABELLE AGRO MANUFACTURING PVT LTD
No.8, K.C. Complex, Siwian Road, Bathinda 151002 (Punjab)